*Published in Punjabi & English*
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 14, ਅੰਕ-8, ਅਗਸਤ 2024 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਅਮਰੀਕੀ ਚੋਣਾਂ : ਦੁਨੀਆ ਅਤੇ ਕੈਨੇਡਾ ਦੀ ਨਜ਼ਰ ’ਚ

ਦੁਨੀਆਂ ਦਾ ਸਭ ਤੋਂ ਵੱਡਾ ਬੇਤਾਜ ਬਾਦਸ਼ਾਹ ਜੋ ਹਰੇਕ ਮੁਲਕ ਨੂੰ ਦਹਾਕਿਆਂ ਤੋਂ ਜਮਹੂਰੀਅਤ ਦੇ ਸਬਕ ਪੜ੍ਹਾਉਂਦਾ ਆ ਰਿਹਾ ਹੈ। ਜਮਹੂਰੀਅਤ ਦੇ ਨਾਂ ’ਤੇ ਕਈ ਮੁਲਕਾਂ ਦੀਆਂ ਸੱਤਾ ਨੂੰ ਉਖੇੜ ਕੇ ਆਪਣੇ ਪਿੱਠੂ ਬਿਠਾਉਣ ਵਿਚ ਹੀ ਜਮਹੂਰੀਅਤ ਦਾ ਸਭ ਤੋਂ ਵੱਡਾ ਝੰਡਾਬਰਦਾਰ ਆਪਣੇ ਆਪ ਨੂੰ ਐਲਾਨਦਾ ਰਿਹਾ ਹੈ। ਜਿਸ ਕਿਸਮ ਦੀ ਅਮਰੀਕਨ ਚੋਣਾਂ ਦੀ ਤੋਰ ਟਰੰਪ ਤੇ ਬਾਈਡਨ ਰਾਹੀਂ ਸ਼ੁਰੂ ਹੋਈ ਸੀ ਉਹ ਪਹਿਲੇ ਹੀ ਕਦਮ ’ਤੇ ਇਕ ਪਾਸੇ ਡੋਨਲਡ ਟਰੰਪ ਉਪਰ ਹੋਏ ਕਾਤਲਾਨਾ ਹਮਲੇ ਅਤੇ ਉਸ ਤੋਂ ਬਾਅਦ ਬਾਈਡਨ ਵਲੋਂ ਨਾਂ ਵਾਪਸ ਲੈਣ ਉਪਰੰਤ ਕਮਲਾ ਹੈਰਿਸ ਚੋਣ ਮੈਦਾਨ ਵਿਚ ਕੁੱਦੀ ਹੈ। ਜਿਸ ਕਿਸਮ ਦਾ ਪ੍ਰਬਚਨ ਡੋਨਲਡ ਟਰੰਪ ਨੇ ਵੱਖ ਵੱਖ ਮੁਲਕਾਂ ਦੇ ਪਰਵਾਸੀਆਂ ਪ੍ਰਤੀ ਸੇਧਿਤ ਕੀਤਾ ਹੋਇਆ ਸੀ। ਕਮਲਾ ਹੈਰਿਸ ਦੇ ਚੋਣ ਵਿਚ ਆਉਣ ਨਾਲ ਉਸ ਨੂੰ ਕੁਝ ਹੱਦ ਤੱਕ ਠੱਲ੍ਹ ਪਈ ਹੈ। ਕਿਉਂਕਿ ਇਹ ਇਕ ਇਤਿਹਾਸਕ ਹਕੀਕਤ ਹੈ ਕਿ ਦੁਨੀਆ ਦੇ ਪੰਜ ਮੁਲਕ ਜਿਨ੍ਹਾਂ ਵਿਚ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਇਥੋਂ ਤੱਕ ਕਿ ਅਰਜਨਟੀਨਾ ਵੀ ਦਹਾਕਿਆਂ ਤੋਂ ਦੁਨੀਆ ਭਰ ਦੇ ਵਿਗਿਆਨੀਆਂ, ਇੰਜੀਨੀਅਰਾਂ, ਡਾਕਟਰਾਂ ਅਤੇ ਮਜ਼ਦੂਰਾਂ ਨੇ ਆਪਣੀ ਮਨੁੱਖੀ ਸ਼ਕਤੀ ਰਾਹੀਂ ਬਣਾਏ ਹਨ। ਇਸ ਕਰਕੇ ਇਨ੍ਹਾਂ ਮੁਲਕਾਂ ਨੂੰ ਆਪਣੇ ਕਾਇਦੇ-ਕਾਨੂੰਨਾਂ ਵਿਚ ਬਹੁ-ਸਭਿਆਚਾਰੀ ਸ਼ਬਦ ਦਰਜ ਕਰਨੇ ਪਏ ਹਨ।

ਹੁਣ ਜਦੋਂ ਵੱਖ ਵੱਖ ਪੱਛਮੀ ਅਤੇ ਨਾਰਥ ਅਮਰੀਕਾ ਦੇ ਮੁਲਕ 2008 ਤੋਂ ਬਾਅਦ ਲਗਾਤਾਰ ਆਰਥਿਕ ਮੰਦਵਾੜੇ ਵਿਚ ਫਸੇ ਹੋਏ ਹਨ। ਇਨ੍ਹਾਂ ਮੁਲਕਾਂ ਵਿਚ ਪਹਿਲਾਂ ਵੱਖ-ਵੱਖ ਮੁਲਕਾਂ ਵਿਚ ਉਜੜ ਕੇ ਆਏ ਲੋਕ ਜਿਨ੍ਹਾਂ ਵਿਚ ਗੋਰਿਆਂ ਦੀ ਵੱਧ ਗਿਣਤੀ ਸੀ ਉਹ ਹੁਣ ਆਪਣੇ ਆਪ ਨੂੰ ਇਨ੍ਹਾਂ ਮੁਲਕਾਂ ਦੇ ਵਾਰਿਸ ਸਮਝ ਰਹੇ ਹਨ। ਹਾਲਾਂਕਿ ਦੁਨੀਆ ਦੇ ਪੈਮਾਨੇ ’ਤੇ ਧਰਮ ਆਧਾਰਿਤ ਰਾਜਨੀਤੀ ਅਤੇ ਸੱਜੇਖੱਬੀ ਨੇਤਾ ਚਾਹੇ ਭਾਰਤ ਵਿਚ ਹੋਵੇ, ਚਾਹੇ ਤੁਰਕੀ ਵਿਚ ਹੋਵੇ, ਚਾਹੇ ਹੰਗਰੀ ਵਿਚ ਹੋਵੇ, ਉਹ ਵੀ ਨਸਲ ਆਧਾਰਤ ਅਤੇ ਧਰਮ ਆਧਾਰਤ ਮੁਲਕਾਂ ਵਿਚ ਵੰਡੀਆਂ ਪਾ ਕੇ ਸੱਤਾ ’ਚ ਕਾਬਜ਼ ਹੋ ਚੁੱਕੇ ਹਨ। ਫਰਾਂਸ, ਜਰਮਨੀ ਅਤੇ ਇਥੋਂ ਇਟਲੀ ਦੀ ਇਨ੍ਹਾਂ ਸਿਲਸਿਲਿਆਂ ਵਿਚ ਅਗਾਂਹ ਵਧ ਰਿਹਾ ਹੈ। ਹਾਲਾਂਕਿ ਇੰਗਲੈਂਡ ਵਿਚ ਹੋਈਆਂ ਤਾਜ਼ਾ ਚੋਣਾਂ ਨੇ ਜਿਸ ਕਿਸਮ ਨਾਲ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਜੋ ਪਰਵਾਸੀਆਂ ਨੂੰ ਬਾਹਰ ਕੱਢਣ ਦੀ ਵਕਾਲਤ ਕਰਦਾ ਸੀ। ਉਥੋਂ ਦੀ ਮਜ਼ਦੂਰ ਜਮਾਤ ਅਤੇ ਪਰਵਾਸੀਆਂ ਨੇ ਲੇਬਰ ਪਾਰਟੀ ਨੂੰ ਸੱਤਾ ਸੰਭਾਲ ਦਿੱਤੀ। ਇਹ ਵਰਤਾਰੇ ਅਮਰੀਕਾ ਨੂੰ ਵੀ ਪ੍ਰਭਾਵਤ ਕਰ ਰਹੇ ਹਨ। ਹਾਲਾਂਕਿ ਡੋਨਲਡ ਟਰੰਪ ਦੀ ਪਾਰਟੀ ਪੂਰਾ ਤਾਣ ਲਗਾ ਕੇ ਸੱਤਾ ਵਿਚ ਆਉਣ ਲਈ ਹਰ ਕਿਸਮ ਦਾ ਪੈਂਤੜਾ ਲੈ ਸਕਦਾ ਹੈ ਪਰ ਜਿਸ ਕਿਸਮ ਨਾਲ ਕਮਲਾ ਹੈਰਿਸ ਨੇ ਚੋਣਾਂ ਵਿਚ ਕੁੱਦ ਕੇ ਅਤੇ ਬੈਂਨੀ ਸੈਂਡਰਸ ਵਰਗਿਆਂ ਨੇ ਉਸ ਦੀ ਮਦਦ ਕਰਨ ਦਾ ਐਲਾਨ ਕੀਤਾ ਹੈ। ਪਹਿਲਾਂ ਹੀ ਵੱਡੇ ਪੱਧਰ ’ਤੇ ਫਲਸਤੀਨ ਅਤੇ ਇਜ਼ਰਾਇਲ ਦੀ ਲੜਾਈ ਵਿਚ ਹਜ਼ਾਰਾਂ ਵਿਦਿਆਰਥੀ ਅਤੇ ਯੂਨੀਵਰਸਿਟੀਆਂ ਦੇ ਪ੍ਰੋਫੈਸਰ ਅਤੇ ਜਮਹੂਰੀ ਹੱਕਾਂ ਦੇ ਰਖਵਾਲੇ ਜੰਗ ਅਤੇ ਨਸਲਵਾਦ ਦੇ ਵਿਰੋਧ ਵਿਚ ਹਨ। ਇਸ ਸਮੇਂ ਦੁਨੀਆ ਦਾ ਸਭ ਤੋਂ ਤਾਕਤਵਾਰ ਸਾਮਰਾਜੀ ਮੁਲਕ ਜਿਸ ਵਲੋਂ ਦੁਨੀਆ ਦੇ ਹਰੇਕ ਕੋਨੇ ’ਤੇ 800 ਤੋਂ ਵੱਧ ਥਾਵਾਂ ’ਤੇ ਜੰਗੀ ਅਤੇ ਜੰਗੀ ਬੇੜੇ ਹਮੇਸ਼ਾ ਨਜ਼ਰ ਰੱਖ ਰਹੇ ਹਨ ਕਿ ਕਿਸਮ ਕਿਸਮ ਨਾਲ ਇਸ ਮੁਲਕ ਨੂੰ ਆਪਣੇ ਦਬਾਅ ਹੇਠ ਰੱਖਣਾ ਹੈ ਅਤੇ ਤਾਕਤ ਨਾਲ ਦਬਾਉਣਾ ਹੈ। ਭਲਾ ਹੀ ਕਮਲਾ ਹੈਰਿਸ ਦੀ ਵਿਦੇਸ਼ ਨੀਤੀ ਅਤੇ ਨੀਤੀਆਂ ਪਹਿਲਾਂ ਵਾਲੀਆਂ ਹੀ ਰਹਿਣ ਪਰ ਜਿਸ ਕਿਸਮ ਨਾਲ ਪਰਵਾਸੀਆਂ ਦਾ ਸਵਾਲ ਅਮਰੀਕਾ ਵਿਚ ਖੜ੍ਹਾ ਹੋ ਗਿਆ ਹੈ ਉਸ ਕਰਕੇ ਕਮਲਾ ਹੈਰਿਸ ਲਗਾਤਾਰ ਚੋਣ ਮੁਕਾਬਲੇ ਵਿਚ ਡੋਨਰਲ ਟਰੰਪ ਦੇ ਸਮਾਨਅੰਤਰ ਵਧੀ ਹੈ। ਆਉਣ ਵਾਲੇ ਤਿੰਨ ਮਹੀਨੇ ਅਮਰੀਕਾ ਦੀ ਰਾਜਨੀਤੀ ਅਤੇ ਪ੍ਰਭਾਵਤ ਹੋਣ ਵਾਲੀ ਦੁਨੀਆ ਇਸ ਨੂੰ ਨੀਝ ਲਗਾ ਕੇ ਵੇਖੇਗੀ।



ਅਮਰੀਕਾ ਦਾ ਸਭ ਤੋਂ ਵੱਡੀ ਜੋਟੀਦਾਰ ਕੈਨੇਡਾ ਜੋ ਕਿ ਪੂਰੀ ਤਰ੍ਹਾਂ ਪਰਵਾਸੀਆਂ ਨੇ ਉਸਾਰਿਆ ਹੈ ਉਸ ਉਪਰ ਇਨ੍ਹਾਂ ਚੋਣਾਂ ਦਾ ਵੱਡਾ ਪ੍ਰਭਾਵ ਪਵੇਗਾ। ਕਿਉਂਕਿ ਇਸ ਮੁਲਕ ਅੰਦਰ ਵੀ ਵੱਖ ਵੱਖ ਦੇਸ਼ਾਂ ਵਿਚੋਂ ਆ ਕੇ ਵਸੇ ਇਕ ਹਿੱਸੇ ਵਿਚੋਂ ਸੱਜੇਪੱਖੀ ਰਾਜਨੀਤੀ ਦੀ ਵਕਾਲਤ ਕਰਦਾ ਹੈ। ਕਿਸੇ ਨਾ ਕਿਸੇ ਰੂਪ ਵਿਚ ਟਰੂਡੋ ਦੇ ਡਿੱਗੇ ਹੋਏ ਗ੍ਰਾਫ ਦੇ ਸਮਾਨੰਤਰ ਕੰਜਰਵੇਟਿਵ ਪਾਰਟੀ ਵੀ ਪੈਰ ਅਜਮਾਉਂਦੀ ਆ ਰਹੀ ਹੈ। ਇਸ ਕਰਕੇ ਹਰ ਇਕ ਦੀ ਜ਼ੁਬਾਨ ਉਪਰ ਅਮਰੀਕੀ ਚੋਣਾਂ ਇਉਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ ਜਿਵੇਂ ਉਨ੍ਹਾਂ ਦੇ ਮੁਲਕ ਵਿਚ ਹੀ ਚੋਣਾਂ ਹੋ ਰਹੀਆਂ ਹੋਣ।

ਮਜ਼ਦੂਰਾਂ ਅਤੇ ਪਰਵਾਸੀਆਂ ਦੇ ਹਿੱਤਾਂ ਦੀ ਰਾਖੀ ਅਤੇ ਉਨ੍ਹਾਂ ਦੀ ਇਨ੍ਹਾਂ ਪ੍ਰਬੰਧਾਂ ਵਿਚ ਭਾਗੀਦਾਰੀ ਲਈ ਪੰਜਾਬੀ ਭਾਈਚਾਰੇ ਨੂੰ ਵੀ ਬੜੀ ਸੰਜੀਦਗੀ ਨਾਲ ਸੋਚ ਵਿਚਾਰ ਕੇ ਆਪਣੇ ਵਿਚਾਰ ਬਣਾਉਣੇ ਅਤੇ ਉਨ੍ਹਾਂ ਲੀਹਾਂ ’ਤੇ ਕਾਰਜ ਕਰਨਾ ਚਾਹੀਦਾ ਹੈ। ਜਿਨ੍ਹਾਂ ਦਾ ਇਨ੍ਹਾਂ ਮੁਲਕਾਂ ਦੀ ਉਸਾਰੀ ਵਿਚ 100 ਸਾਲ ਤੋਂ ਵੱਧ ਦਾ ਇਤਿਹਾਸ ਹੈ। ਜਿਸ ਕਿਸਮ ਨਾਲ ਪੰਜਾਬ ਉਖੜਿਆ ਪਿਆ ਹੈ। ਪੰਜਾਬੀ ਨੌਜਵਾਨ ਆਪਣਾ ਭਵਿੱਖ ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਵਿਚੋਂ ਲੱਭ ਰਹੇ ਹਨ। ਉਨ੍ਹਾਂ ਅੱਗੇ ਵੀ ਕਈ ਕਿਸਮ ਦੀਆਂ ਨਵੀਆਂ ਚੁਣੌਤੀਆਂ ਇਨ੍ਹਾਂ ਚੋਣਾਂ ਦੀ ਜਿੱਤ ਹਾਰ ਤੋਂ ਬਾਅਦ ਵੱਡੇ ਰੂਪ ਵਿਚ ਸਾਹਮਣੇ ਆਉਣਗੀਆਂ। ਸੋ ਹਰੇਕ ਕਿਰਤ ਕਰਨ ਵਾਲੀ ਆਵਾਜ਼, ਕਲਮ ਅਤੇ ਸੋਚ ਨੂੰ ਸੰਜੀਦਗੀ ਨਾਲ ਕੈਨੇਡੀਅਨ ਸਮਾਜ ਵਿਚ ਲੋਕਪੱਖੀ ਦ੍ਰਿਸ਼ਟੀਕੋਣ ਪ੍ਰਚਾਰਨਾ ਅਤੇ ਪ੍ਰਸਾਰਨਾ ਚਾਹੀਦਾ ਹੈ।

**- ਸੰਪਾਦਕੀ ਬੋਰਡ**

CALL NOW
FOR HOUSE BUYING & SELLING NEEDS.
RE/MAX
EACH OFFICE INDEPENDENTLY OWNED AND OPERATED
BALJINDER SANGHA REALTOR®
(Certified Condominium Specialist)
403.680.3212
BSANGHA.REALTOR@GMAIL.COM
RE/MAX REAL ESTATE (CENTRAL)

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty
BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

## ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵਲੋਂ

# ਤੀਜਾ ਪੁਸਤਕ ਮੇਲਾ

## 18 ਅਗਸਤ ਦਿਨ ਐਤਵਾਰ ਨੂੰ

(ਦੇਖੋ ਸਫ਼ਾ 22 'ਤੇ)

14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada
Phone : 403-605-6300 Fax : 403-536-4057 Email : calgary@careinc.ca





urban Real Estate Services Ltd.

Hardeep Dhaliwal
REALTOR
DIRECT : 403-629-6257
403-827-6257



Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN



Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca





Harpinder Sidhu INSURANCE EXPERT

Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


















**Reliance /Legal Group LLP**
**FORMERLY KNOWN AS SINGH & PARTNERS LAW OFFICE**

Commonwealth Centre
Unit 1101, 3961-52nd Ave.N.E.
Calgary, AB T3J 0J7

**Barristers, Solicitors and Notary Public**
**Our law group practices in**

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# 'ਬਸਤੀਵਾਦੀ ਵਿਰਾਸਤ' ਨੂੰ ਤਿਆਗ ਕੇ ਭਾਜਪਾ ਸਰਕਾਰ ਨੇ ਕੀਤੀ ਕਾਨੂੰਨੀ ਰੱਦੋ-ਬਦਲ




ਬੂਟਾ ਸਿੰਘ
ਮਹਿਮੂਦਪੁਰ
94634-74342






***ਬਦਲਾਖ਼ੋਰ ਸਟੇਟ ਨੇ ਉਸ ਨੂੰ ਮੁੜ ਜੇਲ੍ਹ ਵਿਚ ਡੱਕਣ ਲਈ ਨਵਾਂ ਕੇਸ ਬਣਾ ਕੇ ਰਿਹਾਈ ਤੋਂ 14 ਦਿਨਾਂ ਦੇ ਅੰਦਰ ਅਤੇ ਘਰ ਪਹੁੰਚਣ ਤੋਂ ਕੁਝ ਘੰਟੇ ਬਾਅਦ ਹੀ, ਮੁੜ ਫੜ ਲਿਆ। 16 ਮਈ 2024 ਨੂੰ ਉਸ ਨੂੰ ਜੇਲ੍ਹ ਵਿਚ ਦੰਗਾ ਹੋਣ ਦੇ ਕੇਸ 'ਚ ਗਿ ?ਰ.ਫਤਾਰ ਕਰ ਲਿਆ ਗਿਆ। ਉਸ ਵੱਲੋਂ ਰੈਣਾਵਾੜੀ ਥਾਣੇ ਅਤੇ ਕੇਂਦਰੀ ਜੇਲ੍ਹ ਸ੍ਰੀਨਗਰ ਵਿਚ ਗੁਜ਼ਾਰੇ 49 ਦਿਨ ਸ਼ਾਮਲ ਕਰਕੇ ਫਰਵਰੀ 2019 ਤੋਂ ਲੈ ਕੇ ਜੇਲ੍ਹ ਵਿਚ ਗੁਜ਼ਾਰੇ ਉਸ ਦੇ ਦਿਨਾਂ ਦੀ ਗਿਣਤੀ 1160 ਹੋ ਗਈ ਹੈ। – ਸੰਪਾਦਕ***

ਪਹਿਲੀ ਜੁਲਾਈ ਨੂੰ ਫ਼ੌਜਦਾਰੀ ਨਿਆਂ ਪ੍ਰਕਿਰਿਆ ਢਾਂਚੇ ਨੂੰ ਨਵੇਂ ਨਾਵਾਂ ਹੇਠ ਹੋਰ ਵੀ ਕਰੂਰ ਰੂਪ ਦਿੱਤੇ ਜਾਣ ਪ੍ਰਤੀ ਜਾਗਰੂਕ ਹਲਕਿਆਂ ਵੱਲੋਂ ਦਿਖਾਈ ਫ਼ਿਕਰਮੰਦੀ ਬੇਬੁਨਿਆਦ ਨਹੀਂ ਹੈ। 'ਬਸਤੀਵਾਦੀ ਵਿਰਾਸਤ' ਨੂੰ ਤਿਆਗਣ ਦੇ ਨਾਂ ਹੇਠ ਆਰਐੱਸਐੱਸ-ਭਾਜਪਾ ਸਰਕਾਰ ਵੱਲੋਂ ਕੀਤੀ ਇਸ ਕਾਨੂੰਨੀ ਰੱਦੋਬਦਲ ਨੇ ਬਸਤੀਵਾਦੀ ਵਿਰਾਸਤ ਨੂੰ ਸਿਰਫ਼ ਬਰਕਰਾਰ ਹੀ ਨਹੀਂ ਰੱਖਿਆ ਸਗੋਂ ਹੋਰ ਵੀ ਜ਼ਾਲਮ ਰੂਪ ਦੇ ਦਿੱਤਾ ਹੈ। ਬਸਤੀਵਾਦੀ ਗ਼ਲਬਾ ਬਣਾਈ ਰੱਖਣ ਲਈ ਈਜ਼ਾਦ ਕੀਤੇ ਇਸ ਕਾਨੂੰਨੀ ਢਾਂਚੇ ਹੇਠ ਪਹਿਲਾਂ ਭਾਰਤੀ ਲੋਕ ਬਸਤੀਵਾਦੀ ਰਾਜ ਅਧੀਨ ਪਿਸਦੇ ਰਹੇ। ਫਿਰ ਉਸੇ ਕਾਨੂੰਨੀ ਢਾਂਚੇ ਨੂੰ ਆਜ਼ਾਦ ਭਾਰਤ ਦੇ 'ਸੰਵਿਧਾਨ' ਦੀ ਆੜ ਹੇਠ ਦੇਸੀ ਹੁਕਮਰਾਨ ਜਮਾਤ ਨੇ ਜਾਰੀ ਵੀ ਰੱਖਿਆ ਅਤੇ ਉਸ ਨੂੰ ਹੋਰ ਵੀ ਬੇਕਿਰਕ ਬਣਾਉਣ ਲਈ ਨਵੇਂ-ਨਵੇਂ ਕਾਨੂੰਨ ਵੀ ਬਣਾਉਂਦੇ/ਸੋਧਦੇ ਆ ਰਹੇ ਹਨ।

ਕਾਲੇ ਕਾਨੂੰਨਾਂ ਦੇ ਵਿਰੋਧ ਦੇ ਮਹੱਤਵ ਨੂੰ ਸਮਝਣ ਲਈ ਰਾਜ ਮਸ਼ੀਨਰੀ ਵੱਲੋਂ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕੀਤੇ ਜਾਣ ਦੇ ਵਿਹਾਰਕ ਪੱਖ ਨੂੰ ਦੇਖਣਾ ਪਰਖਣਾ ਜ਼ਰੂਰੀ ਹੈ। ਪਿਛਲੇ ਸਾਢੇ ਸੱਤ ਦਹਾਕਿਆਂ 'ਚ ਅਜਿਹੇ ਵੱਖ-ਵੱਖ ਕਾਨੂੰਨਾਂ ਵੱਲੋਂ ਮਚਾਏ ਕਹਿਰ ਦੀ ਭਿਆਨਕਤਾ ਕੰਨਿਆ ਕੁਮਾਰੀ ਤੋਂ ਲੈ ਕੇ ਕਸ਼ਮੀਰ ਦੀ ਸਰਜ਼ਮੀਨ ਤੱਕ ਦੇਖੀ ਜਾ ਸਕਦੀ ਹੈ। "ਕੌਮੀ ਸੁਰੱਖਿਆ", "ਪਬਲਿਕ ਸੇਫਟੀ" ਦੇ ਨਾਂ ਹੇਠ ਬਣਾਏ ਕਾਨੂੰਨ ਸਭ ਤੋਂ ਵੱਡਾ ਖ਼ਤਰਾ ਪਬਲਿਕ ਦੀ ਸੁਰੱਖਿਆ ਲਈ ਬਣੇ ਹੋਏ ਹਨ।

ਇਨ੍ਹਾਂ ਵਿੱਚੋਂ ਇਕ ਕਾਨੂੰਨ ਕੌਮੀ ਸੁਰੱਖਿਆ ਐਕਟ 1980 (ਐੱਨਐੱਸਏ) ਹੈ ਜੋ ਹਕੂਮਤ ਦੇ ਹੱਥ ਵਿਚ ਰਾਜਨੀਤਕ ਵਿਰੋਧੀਆਂ ਨੂੰ ਦਬਾਉਣ ਦਾ ਇਕ ਵੱਡਾ ਹਥਿਆਰ ਹੈ। ਜੰਮੂ-ਕਸ਼ਮੀਰ ਦੇ ਉਸ ਸਮੇਂ 'ਵਿਸ਼ੇਸ਼ ਦਰਜੇ' ਤਹਿਤ ਬਣਾਇਆ ਅਜਿਹਾ ਹੀ ਕਾਨੂੰਨ 'ਪਬਲਿਕ ਸੇਫਟੀ ਐਕਟ 1978' ਹੈ ਜੋ ਕੌਮੀ ਸੁਰੱਖਿਆ ਐਕਟ ਨਾਲ ਮਿਲਦਾ-ਜੁਲਦਾ ਹੈ। ਪੀਐੱਸਏ ਤਹਿਤ ਕਿਸੇ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ ਦੋ ਸਾਲ ਤੱਕ ਜੇਲ੍ਹ ਵਿਚ ਨਜ਼ਰਬੰਦ ਰੱਖੇ ਜਾਣ ਦੀ ਵਿਵਸਥਾ ਹੈ। ਇਸ ਕਾਨੂੰਨ ਦੀ ਵਰਤੋਂ ਦੀ ਇਕ ਵੱਡੀ ਮਿਸਾਲ ਐਡਵੋਕੇਟ ਜ਼ਾਹਿਦ ਅਲੀ ਦਾ ਕੇਸ ਹੈ ਜਿਸਦੀ ਨਜ਼ਰਬੰਦੀ ਨੂੰ ਜੰਮੂ ਐਂਡ ਕਸ਼ਮੀਰ ਹਾਈ ਕੋਰਟ ਨੇ ਗ਼ੈਰਕਾਨੂੰਨੀ ਕਰਾਰ ਹੀ ਨਹੀਂ ਦਿੱਤਾ ਸਗੋਂ ਸਟੇਟ ਨੂੰ ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦਾ ਆਦੇਸ਼ ਵੀ ਦਿੱਤਾ ਹੈ। ਇਸ ਸਖ਼ਤ ਆਦੇਸ਼ ਦਾ ਕਾਰਨ ਉਸ ਦੀ ਵਾਰ-ਵਾਰ ਨਜ਼ਰਬੰਦੀ ਹੈ। ਹਾਈਕੋਰਟ ਉਸ ਦੀ ਨਜ਼ਰਬੰਦੀ ਖ਼ਤਮ ਕਰ ਦਿੰਦੀ ਅਤੇ ਪੁਲਿਸ ਉਸ ਨੂੰ ਮੁੜ ਗ੍ਰਿਫ਼ਤਾਰ ਕਰਕੇ ਨਵੀਂ ਨਜ਼ਰਬੰਦੀ ਥੋਪ ਦਿੰਦੀ। ਫਰਵਰੀ 2019 ਤੋਂ ਲੈ ਕੇ ਮਾਰਚ 2024 ਤੱਕ ਜ਼ਾਹਿਦ ਅਲੀ ਨੂੰ ਕੁਲ ਮਿਲਾ ਕੇ 1080 ਦਿਨ ਤੋਂ ਵੱਧ ਸਮਾਂ ਇਹਤਿਹਾਤੀ ਨਜ਼ਰਬੰਦੀ 'ਚ ਗੁਜ਼ਾਰਨਾ ਪਿਆ। ਇਸ ਨੂੰ ਦੇਖਦਿਆਂ ਹੀ ਜੰਮੂ-ਕਸ਼ਮੀਰ ਹਾਈਕੋਰਟ ਨੇ ਟਿੱਪਣੀ ਕੀਤੀ, "ਇਹ ਅਦਾਲਤ ਇਹ ਮੰਨੇ ਬਿਨਾਂ ਨਹੀਂ ਰਹਿ ਸਕਦੀ ਕਿ ਪਟੀਸ਼ਨਕਰਤਾ ਦੀ ਇਹਤਿਹਾਤੀ ਨਜ਼ਰਬੰਦੀ ਬਦਨੀਅਤ ਨਾਲ ਅਤੇ ਗ਼ੈਰਕਾਨੂੰਨੀ ਹੈ, ਮੁੱਢੋਂ ਹੀ ਅਤੇ ਅੰਦਰੋਂ ਵੀ।"

ਐਡਵੋਕੇਟ ਜ਼ਾਹਿਦ ਅਲੀ (67) ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ ਦਾ ਸਾਬਕਾ ਬੁਲਾਰਾ ਹੈ। ਇਸ ਜਥੇਬੰਦੀ ਉੱਪਰ ਪਹਿਲੀ ਵਾਰ ਪਾਬੰਦੀ ਇੰਦਰਾ ਗਾਂਧੀ ਦੀ ਸਰਕਾਰ ਨੇ 1975 'ਚ ਐਮਰਜੈਂਸੀ ਸਮੇਂ ਲਗਾਈ ਸੀ। ਦੂਜੀ ਵਾਰ ਪਾਬੰਦੀ ਜੰਮੂ-ਕਸ਼ਮੀਰ ਦੇ ਤੱਤਕਾਲੀ ਗਵਰਨਰ, ਭਾਜਪਾ ਪੱਖੀ ਜਗਮੋਹਨ ਮਲਹੋਤਰਾ ਨੇ 1990 'ਚ ਲਗਾਈ ਜੋ 1995 ਤੱਕ ਜਾਰੀ ਰਹੀ। ਤੀਜੀ ਵਾਰ ਪਾਬੰਦੀ ਆਰਐੱਸਐੱਸ-ਭਾਜਪਾ ਸਰਕਾਰ ਵੱਲੋਂ "ਮੋਦੀ ਜੀ ਦੀ ਦਹਿਸ਼ਤਵਾਦ ਅਤੇ ਵੱਖਵਾਦ ਵਿਰੁੱਧ ਜ਼ੀਰੋ ਸ਼ਹਿਣਸ਼ੀਲਤਾ ਦੀ ਨੀਤੀ ਤਹਿਤ" ਫਰਵਰੀ 2019 'ਚ ਇਹ ਕਹਿਕੇ ਲਗਾਈ ਗਈ ਕਿ ਜਮਾਤ-ਏ-ਇਸਲਾਮੀ ਦਾ "ਦਹਿਸ਼ਤਵਾਦੀ ਜਥੇਬੰਦੀਆਂ ਨਾਲ ਨੇੜਲਾ ਸੰਪਰਕ ਹੈ ਅਤੇ ਇਹ ਜੰਮੂ-ਕਸ਼ਮੀਰ ਅਤੇ ਹੋਰ ਥਾਵਾਂ ਉੱਪਰ ਅੱਤਵਾਦ ਅਤੇ ਖਾੜਕੂਵਾਦ ਦੀ ਲਗਾਤਾਰ ਹਮਾਇਤ ਕਰ ਰਹੀ ਹੈ।" ਮਿਆਦ ਖ਼ਤਮ ਹੋਣ 'ਤੇ ਫਰਵਰੀ 2024 'ਚ ਅਗਲੇ ਪੰਜ ਸਾਲ ਲਈ ਪਾਬੰਦੀ ਇਹ ਕਹਿਕੇ ਮੁੜ ਲਗਾ ਦਿੱਤੀ ਗਈ ਕਿ ਇਹ ਜਥੇਬੰਦੀ "ਰਾਸ਼ਟਰ ਦੀ ਸੁਰੱਖਿਆ, ਅਖੰਡਤਾ ਅਤੇ ਪ੍ਰਭੂਸੱਤਾ ਵਿਰੁੱਧ ਸਰਗਰਮੀਆਂ ਜਾਰੀ ਰੱਖ ਰਹੀ ਹੈ।" ਤਾਨਾਸ਼ਾਹ ਹਕੂਮਤ ਦੇ ਬੋਲ ਹੀ ਕਾਨੂੰਨ ਹਨ, ਉਨ੍ਹਾਂ ਲਈ ਪਾਬੰਦੀ ਦੀ ਵਾਜਬੀਅਤ ਨੂੰ ਸਾਬਤ ਕਰਨ ਦੀ ਕੋਈ ਜਵਾਬਦੇਹੀ ਨਹੀਂ ਹੈ। ਗ਼ੈਰਕਾਨੂੰਨੀ ਕਰਾਰ ਦੇ ਕੇ ਪਾਬੰਦੀ ਲਗਾਉਣ ਦੀ ਨੀਤੀ ਇਕ ਅਜਿਹਾ ਤਾਨਾਸ਼ਾਹ ਤਰੀਕਾ ਹੈ ਜੋ ਕਿਸੇ ਵੀ ਵਿਅਕਤੀ ਦੀ ਪੂਰੀ ਤਰ੍ਹਾਂ ਝੂਠੇ ਤੇ ਮਨਘੜਤ ਕੇਸ 'ਚ ਗਿ ?ਰ.ਫਤਾਰੀ ਅਤੇ ਜੇਲ੍ਹਬੰਦੀ ਨੂੰ ਵਾਜਬ ਦਰਸਾਉਣ ਦਾ ਕਾਰਗਰ ਹਥਿਆਰ ਹੈ। ਜਿਸ ਦੀਆਂ ਦਰਜਨਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਵਿਦਿਆਰਥੀ ਜੀਵਨ 'ਚ ਜ਼ਾਹਿਦ ਅਲੀ ਜਮਾਤ-ਏ-ਇਸਲਾਮੀ ਦੇ ਵਿਦਿਆਰਥੀ ਵਿੰਗ ਦੇ ਪ੍ਰਧਾਨ ਰਹੇ ਅਤੇ ਬਾਅਦ 'ਚ ਇਸ ਦਾ ਬੁਲਾਰਾ ਬਣਿਆ। 1987 'ਚ ਉਸ ਨੇ ਪੁਲਵਾਮਾ ਦੇ ਪੰਪੋਰ ਵਿਧਾਨਸਭਾ ਹਲਕੇ ਤੋਂ ਮੁਸਲਿਮ ਯੂਨਾਈਟਿਡ ਫਰੰਟ ਦੇ ਉਮੀਦਵਾਰ ਵਜੋਂ ਚੋਣ ਲੜੀ ਅਤੇ 6803 ਵੋਟਾਂ ਦੇ ਫ਼ਰਕ ਨਾਲ ਚੋਣ ਹਾਰ ਗਏ। ਦੋਸ਼ ਇਹ ਲੱਗੇ ਕਿ ਨੈਸ਼ਨਲ ਕਾਨਫਰੰਸ ਨੇ ਹੇਰਾਫੇਰੀ ਨਾਲ ਚੋਣ ਜਿੱਤੀ ਹੈ।

ਭਾਰਤੀ ਸਟੇਟ ਦੀ ਕਸ਼ਮੀਰ ਮਸਲੇ ਪ੍ਰਤੀ ਨੀਤੀ ਉੱਪਰ ਸਵਾਲ ਕਰਨ ਅਤੇ ਫ਼ੌਜੀ ਰਾਜ ਦਾ ਵਿਰੋਧ ਕਰਨ ਵਾਲਾ ਹਰ ਵਿਅਕਤੀ ਸਥਾਪਤੀ ਅਨੁਸਾਰ ਰਾਸ਼ਟਰ ਦੀ 'ਪ੍ਰਭੂਸੱਤਾ ਲਈ ਖ਼ਤਰਾ' ਹੈ। ਇਸ ਮੱਤ ਅਨੁਸਾਰ, ਪੁਲਿਸਤੰਤਰ ਦੀਆਂ ਨਜ਼ਰਾਂ 'ਚ ਜ਼ਾਹਿਦ ਅਲੀ ਟਕਰਾਅਗ੍ਰਸਤ ਘਾਟੀ ਵਿਚ ਗੜਬੜ ਅਤੇ ਅਸਥਿਰਤਾ ਫੈਲਾਉਣ ਦੀ ਤਾਕ 'ਚ ਰਹਿਣ ਵਾਲਾ ਆਦਮੀ ਹੈ। ਖਾੜਕੂਵਾਦ ਦੇ ਉਭਾਰ ਦੇ ਦਹਾਕੇ 'ਚ ਉਸ ਨੂੰ ਗ੍ਰਿਫ਼ਤਾਰ ਕਰਕੇ 1990 ਤੋਂ ਲੈ ਕੇ 1992 ਤੱਕ ਅਤੇ ਫਿਰ 1995 ਤੋਂ ਲੈ ਕੇ 1996 ਤੱਕ ਜੇਲ੍ਹ ਵਿਚ ਰੱਖਿਆ ਗਿਆ। 2016 'ਚ ਦੰਦ-ਕਥਾ ਬਣੇ ਖਾੜਕੂ ਬੁਰਹਾਨ ਵਾਨੀ ਦੇ ਕਤਲ ਵਿਰੁੱਧ ਉੱਠੀ ਵਿਆਪਕ ਜਨਤਕ ਵਿਰੋਧ ਲਹਿਰ – ਜਿਸ ਵਿਚ ਮਨੁੱਖੀ ਅਧਿਕਾਰ ਸੰਸਥਾ 'ਜੰਮੂ ਕਸ਼ਮੀਰ ਕੁਲੀਸ਼ਨ ਆਫ਼ ਸਿਵਲ ਸੁਸਾਇਟੀ' ਅਨੁਸਾਰ 145 ਨਾਗਰਿਕਾਂ, 138 ਖਾੜਕੂਆਂ ਸਮੇਤ 386 ਲੋਕ ਮਾਰੇ ਗਏ – ਸਮੇਂ ਅਲੀ ਨੂੰ ਨਜ਼ਰਬੰਦ ਕੀਤਾ ਗਿਆ। 4 ਅਗਸਤ 2017 ਨੂੰ ਉਸ ਨੂੰ ਰਣਬੀਰ ਪੀਨਲ ਕੋਡ ਤਹਿਤ ਦੰਗਾ ਭੜਕਾਉਣ ਅਤੇ ਯੂਏਪੀਏ ਤਹਿਤ ਗ਼ੈਰਕਾਨੂੰਨੀ ਸਰਗਰਮੀਆਂ ਲਈ ਗ੍ਰਿਫ਼ਤਾਰ ਕਰ ਲਿਆ ਗਿਆ। ਫਰਵਰੀ 2019 'ਚ ਜਮਾਤ-ਏ-ਇਸਲਾਮੀ ਉੱਪਰ ਪਾਬੰਦੀ ਲਗਾਏ ਜਾਣ ਤੋਂ ਛੇ ਦਿਨ ਪਹਿਲਾਂ ਹੋਰ ਮੈਂਬਰਾਂ ਸਮੇਤ ਉਸ ਨੂੰ 22 ਫਰਵਰੀ ਦੀ ਰਾਤ ਨੂੰ ਇਹਤਿਹਾਤੀ ਹਿਰਾਸਤ 'ਚ ਲੈ ਲਿਆ ਗਿਆ। ਜੇਲ੍ਹ 'ਚ ਹੋਣ ਸਮੇਂ 5 ਮਾਰਚ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਗਾਂਦਰਬਲ ਵੱਲੋਂ ਉਸ ਨੂੰ ਪੀਐੱਸਏ ਤਹਿਤ ਨਜ਼ਰਬੰਦ ਕਰਨ ਦੇ ਹੁਕਮ ਦੇ ਦਿੱਤੇ ਗਏ ਕਿ ਉਸ ਦੀਆਂ ਸਰਗਰਮੀਆਂ ਰਾਜ ਦੀ ਸੁਰੱਖਿਆ ਲਈ ਹਾਨੀਕਾਰਕ ਹਨ ਜਿਨ੍ਹਾਂ ਨੂੰ ਰੋਕਣਾ ਜ਼ਰੂਰੀ ਹੈ।

11 ਜੂਨ 2019 ਨੂੰ ਜੰਮੂ-ਕਸ਼ਮੀਰ ਹਾਈ ਕੋਰਟ ਦੇ ਜਸਟਿਸ ਰਾਸ਼ਿਦ ਅਲੀ ਡਾਰ ਨੇ ਨਜ਼ਰਬੰਦੀ ਨੂੰ ਰੱਦ ਕਰਦਿਆਂ ਆਪਣੇ ਫ਼ੈਸਲੇ 'ਚ ਲਿਖਿਆ, "ਜ਼ਿਲ੍ਹਾ ਮੈਜਿਸਟ੍ਰੇਟ ਆਪਣਾ ਦਿਮਾਗ ਵਰਤਣ 'ਚ ਅਸਫ਼ਲ ਰਿਹਾ ਹੈ ਦਰਅਸਲ ਇਹ ਹੁਕਮ ਸਪਾਂਸਰਿੰਗ ਏਜੰਸੀ ਦੀਆਂ ਹਦਾਇਤਾਂ 'ਤੇ ਪਾਸ ਕੀਤਾ ਗਿਆ ਹੈ। ਜਾਪਦਾ ਹੈ ਕਿ ਇਸ ਦਾ ਆਧਾਰ ਪੁਲਿਸ ਡੋਜ਼ੀਅਰ ਦਾ ਟੈਂਪਲੇਟ ਹੈ।... ਵਿਵਾਦਪੂਰਨ ਹੁਕਮ ਮਸ਼ੀਨੀ ਤਰੀਕੇ ਨਾਲ ਅਤੇ ਬਿਨਾਂ ਦਿਮਾਗ ਵਰਤੇ ਪਾਸ ਕੀਤਾ ਗਿਆ ਹੈ, ਇਸ ਲਈ ਇਹ ਰੱਦ ਕਰਨ ਯੋਗ ਹੈ।"

ਫਿਰ ਵੀ ਉਸ ਨੂੰ ਰਿਹਾਅ ਨਹੀਂ ਕੀਤਾ ਗਿਆ ਅਤੇ ਰਿਹਾਈ ਦੇ ਹੁਕਮ ਤੋਂ ਅੱਠ ਦਿਨ ਬਾਅਦ ਪੁਲਵਾਮਾ ਜ਼ਿਲ੍ਹਾ ਮੈਜਿਸਟ੍ਰੇਟ ਨੇ 19 ਜੁਲਾਈ 2019 ਨੂੰ ਉਸ ਵਿਰੁੱਧ ਇਹਤਿਹਾਤੀ ਨਜ਼ਰਬੰਦੀ ਦਾ ਅਗਲਾ ਹੁਕਮ ਜਾਰੀ ਕਰ ਦਿੱਤਾ। ਜੰਮੂ-ਕਸ਼ਮੀਰ ਹਾਈਕੋਰਟ ਨੇ 3 ਮਾਰਚ 2020 ਨੂੰ ਇਹ ਨਜ਼ਰਬੰਦੀ ਰੱਦ ਕਰ ਦਿੱਤੀ ਕਿ ਪਿਛਲੀ ਨਜ਼ਰਬੰਦੀ ਦੇ ਹੁਕਮ ਵਾਲੇ ਤੱਥ ਅਤੇ ਸਰਗਰਮੀਆਂ ਨੂੰ ਹੀ ਆਧਾਰ ਬਣਾਇਆ ਗਿਆ ਹੈ, ਉਸ ਦੀ ਕੋਈ ਨਵੀਂ ਸਰਗਰਮੀ ਨਹੀਂ ਦਰਸਾਈ ਗਈ। ਜਸਟਿਸ ਤਾਸ਼ੀ ਰਾਬਸਟਨ ਨੇ ਕਿਹਾ, "ਪ੍ਰਕਿਰਿਆ ਦੀਆਂ ਸ਼ਰਤਾਂ, ਜੋ ਕਿ ਬੰਦੀ ਲਈ ਉਪਲਬਧ ਇੱਕੋਇਕ ਸੁਰੱਖਿਆ ਉਪਾਅ ਹੈ, ਦਾ ਉਤਰਦਾਈ ਧਿਰ ਨੇ ਹੂਬਹੂ ਪਾਲਣ ਨਹੀਂ ਕੀਤਾ ਹੈ।"

ਉਹ ਤਿੰਨ ਮਹੀਨੇ ਹੀ ਜੇਲ੍ਹ ਤੋਂ ਬਾਹਰ ਰਿਹਾ ਸੀ ਜਦੋਂ 29 ਜੂਨ 2020 ਨੂੰ ਪੁਲਵਾਮਾ ਜ਼ਿਲ੍ਹਾ ਮੈਜਿਸਟ੍ਰੇਟ ਨੇ ਇਕ ਵਾਰ ਫਿਰ ਉਸ ਵਿਰੁੱਧ ਨਜ਼ਰਬੰਦੀ ਦੇ ਹੁਕਮ ਦੇ ਦਿੱਤੇ। ਇਹ 16 ਮਹੀਨੇ 'ਚ ਤੀਜਾ ਹੁਕਮ ਸੀ। ਉਹ ਹਾਈ ਕੋਰਟ ਵੱਲੋਂ ਉਸ ਦੀ ਨਜ਼ਰਬੰਦੀ ਦੇ ਹੁਕਮ ਰੱਦ ਕਰਨ ਤੱਕ ਕੋਟ ਭਲਵਾਲ ਜੇਲ੍ਹ ਵਿਚ ਅੱਠ ਮਹੀਨੇ ਨਜ਼ਰਬੰਦ ਰਿਹਾ। 24 ਫਰਵਰੀ 2021 ਨੂੰ ਅਦਾਲਤ ਨੇ ਨਜ਼ਰਬੰਦੀ ਇਸ ਆਧਾਰ 'ਤੇ ਰੱਦ ਕਰ ਦਿੱਤੀ ਕਿ "ਬੰਦੀ ਦੇ ਵੱਲੋਂ ਕੋਈ ਨਵੀਂ ਸਰਗਰਮੀ ਨਹੀਂ ਹੈ ਜਿਸ ਦੇ ਲਈ ਨਜ਼ਰਬੰਦੀ ਦਾ ਹੁਕਮ ਦੇਣਾ ਜ਼ਰੂਰੀ ਹੋਵੇ।" ਜਸਟਿਸ ਸੰਜੀਵ ਕੁਮਾਰ ਨੇ ਅੱਗੇ ਕਿਹਾ ਕਿ ਜਮਾਤ-ਏ-ਇਸਲਾਮੀ ਉੱਪਰ ਪਾਬੰਦੀ, ਜਿਸ ਨਾਲ ਬੰਦੀ ਕਥਿਤ ਰੂਪ 'ਚ ਸੰਬੰਧਤ ਹੈ, ਨਵੀਂ ਨਜ਼ਰਬੰਦੀ ਨੂੰ ਵਾਜਬ ਨਹੀਂ ਬਣਾ ਦਿੰਦੀ, ਨਾ ਹੀ ਬਤੌਰ ਵਕੀਲ ਖਾੜਕੂਆਂ ਦੇ ਕੇਸਾਂ ਦੀ ਪੈਰਵੀ ਕਰਨ ਸਮੇਤ ਅਲੀ ਦੀਆਂ ਸਰਗਰਮੀਆਂ ਨਜ਼ਰਬੰਦੀ ਲਈ ਆਧਾਰ ਵਜੋਂ ਪੇਸ਼ ਕੀਤੀਆਂ ਗਈਆਂ ਸਨ। ਜੱਜ ਨੇ ਲਿਖਿਆ, "ਇਕ ਵਕੀਲ ਵੱਲੋਂ ਪੇਸ਼ੇਵਰ ਫਰਜ਼ ਨਿਭਾਏ ਜਾਣਾ ਇਕ ਵਿਅਕਤੀ ਨੂੰ ਇਹਤਿਹਾਤੀ ਹਿਰਾਸਤ 'ਚ ਰੱਖਣ ਲਈ ਆਧਾਰ ਨਹੀਂ ਹੋ ਸਕਦਾ।"

ਅਲੀ 18 ਮਹੀਨੇ ਜੇਲ੍ਹ ਤੋਂ ਬਾਹਰ ਰਿਹਾ, ਫਿਰ ਸਤੰਬਰ 2022 'ਚ ਉਸ ਨੂੰ ਪੁਲਵਾਮਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਦੇ ਨਜ਼ਰਬੰਦੀ ਹੁਕਮਾਂ ਤਹਿਤ ਚੌਥੀ ਵਾਰ ਫੜਕੇ ਮੁੜ ਨਜ਼ਰਬੰਦ ਕਰ ਦਿੱਤਾ ਗਿਆ। ਇਸ ਵਾਰ ਉਹ 3 ਅਪ੍ਰੈਲ 2024 ਨੂੰ ਨਜ਼ਰਬੰਦੀ ਦਾ ਹੁਕਮ ਰੱਦ ਕੀਤੇ ਜਾਣ ਤੱਕ ਕਠੂਆ ਜੇਲ੍ਹ (ਜੰਮੂ) ਵਿਚ ਬੰਦ ਰਿਹਾ ਅਤੇ ਉਸ ਨੂੰ 2 ਮਈ 2024 ਨੂੰ ਰਿਹਾਅ ਕੀਤਾ ਗਿਆ।

"ਇਹ ਤੱਥ ਕਿ ਡੋਜ਼ੀਅਰ ਅਤੇ ਨਜ਼ਰਬੰਦੀ ਦੇ ਆਦੇਸ਼ ਇੱਕੋ ਤਰੀਕ, ਯਾਨੀ 14/09/2022 ਦੇ ਹਨ, ਇਸ ਤੱਥ ਦਾ ਸਬੂਤ ਹੈ ਕਿ ਪਟੀਸ਼ਨਕਰਤਾ ਦੀ ਇਹਤਿਹਾਤੀ ਨਜ਼ਰਬੰਦੀ ਇਕ ਪਹਿਲਾਂ ਹੀ ਮਨ 'ਚ ਧਾਰੀ ਮਾਨਸਿਕਤਾ ਦਾ ਨਤੀਜਾ ਸੀ ਅਤੇ ਉਹ ਸੀ ਕਿ ਕਿਸੇ ਵੀ ਤਰ੍ਹਾਂ ਪਟੀਸ਼ਨਕਰਤਾ ਨੂੰ ਫ਼ੌਜਦਾਰੀ ਮਾਮਲਿਆਂ 'ਚ ਦੋਸ਼ੀ ਠਹਿਰਾਏ ਬਿਨਾਂ ਹੀ ਜੇਲ੍ਹ ਦੀਆਂ ਸੀਖ਼ਾਂ ਨਾਲ ਬੰਨ੍ਹ ਕੇ ਰੱਖਣਾ ਹੀ ਹੈ।" ਇਹ ਟਿੱਪਣੀ ਜਸਟਿਸ ਰਾਹੁਲ ਭਾਰਤੀ ਨੇ ਜੰਮੂ-ਕਸ਼ਮੀਰ ਸਰਕਾਰ ਅਤੇ ਪੁਲਵਾਮਾ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਪੰਜ ਲੱਖ ਰੁਪਏ ਜੁਰਮਾਨਾ ਕਰਦਿਆਂ ਕੀਤੀ। (2 ਅਪ੍ਰੈਲ ਨੂੰ ਇਸੇ ਜੱਜ ਨੇ 22 ਸਾਲ ਦੇ ਵਿਦਿਆਰਥੀ ਆਫਤਾਬ ਹੁਸੈਨ ਦੀ ਨਜ਼ਰਬੰਦੀ ਨੂੰ "ਗ਼ੈਰਕਾਨੂੰਨੀ ਅਤੇ ਗ਼ੈਰਸੰਵਿਧਾਨਕ" ਕਰਾਰ ਦਿੰਦਿਆਂ ਸਟੇਟ ਨੂੰ ਪੀੜਤ ਨੂੰ ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ।)

ਬਦਲਾਖ਼ੋਰ ਸਟੇਟ ਨੇ ਉਸ ਨੂੰ ਮੁੜ ਜੇਲ੍ਹ ਵਿਚ ਡੱਕਣ ਲਈ ਨਵਾਂ ਕੇਸ ਬਣਾ ਕੇ ਰਿਹਾਈ ਤੋਂ 14 ਦਿਨਾਂ ਦੇ ਅੰਦਰ ਅਤੇ ਘਰ ਪਹੁੰਚਣ ਤੋਂ ਕੁਝ ਘੰਟੇ ਬਾਅਦ ਹੀ, ਮੁੜ ਫੜ ਲਿਆ। 16 ਮਈ 2024 ਨੂੰ ਉਸ ਨੂੰ ਜੇਲ੍ਹ ਵਿਚ ਦੰਗਾ ਹੋਣ ਦੇ ਕੇਸ 'ਚ ਗਿ ?ਰ.ਫਤਾਰ ਕਰ ਲਿਆ ਗਿਆ। ਉਸ ਵੱਲੋਂ ਰੈਣਾਵਾੜੀ ਥਾਣੇ ਅਤੇ ਕੇਂਦਰੀ ਜੇਲ੍ਹ ਸ੍ਰੀਨਗਰ ਵਿਚ ਗੁਜ਼ਾਰੇ 49 ਦਿਨ ਸ਼ਾਮਲ ਕਰਕੇ ਫਰਵਰੀ 2019 ਤੋਂ ਲੈ ਕੇ ਜੇਲ੍ਹ ਵਿਚ ਗੁਜ਼ਾਰੇ ਉਸ ਦੇ ਦਿਨਾਂ ਦੀ ਗਿਣਤੀ 1160 ਹੋ ਗਈ ਹੈ।

ਇਸ ਸੰਬੰਧੀ 19 ਮਈ ਨੂੰ ਇਕ ਬਿਆਨ 'ਚ ਪੁਲਿਸ ਨੇ ਕਿਹਾ ਕਿ ਜ਼ਾਹਿਦ ਅਲੀ ਰੈਣਾਵਾੜੀ ਥਾਣੇ ਦੀ ਐੱਫਆਈਆਰ ਨੰ. 19/2019 ਵਿਚ ਯੂਏਪੀਏ ਅਤੇ ਆਰਪੀਸੀ (ਰਣਬੀਰ ਪੀਨਲ ਕੋਡ) ਦੀਆਂ ਗਿਆਰਾਂ ਧਾਰਾਵਾਂ, ਜਿਨ੍ਹਾਂ ਵਿਚ ਦੰਗਾ ਕਰਨਾ, ਮਨੁੱਖੀ ਜ਼ਿੰਦਗੀ ਅਤੇ ਦੂਜਿਆਂ ਦੀ ਵਿਅਕਤੀਗਤ ਸੁਰੱਖਿਆ ਨੂੰ ਖ਼ਤਰੇ 'ਚ ਪਾਉਣਾ, ਇਰਾਦਾ ਕਤਲ ਅਤੇ ਫ਼ੌਜਦਾਰੀ ਸਾਜ਼ਿਸ਼ ਸ਼ਾਮਲ ਹਨ, ਤਹਿਤ ਦੋਸ਼ੀ ਸੀ। "ਇਹ ਦੋਸ਼ੀ 2019 'ਚ ਸ੍ਰੀਨਗਰ ਕੇਂਦਰੀ ਜੇਲ੍ਹ ਵਿਚ ਅੱਗਜ਼ਨੀ, ਦੰਗਾ, ਜੇਲ੍ਹ ਤੋੜਨ ਦਾ ਯਤਨ, ਦੇਸ਼ ਵਿਰੋਧੀ ਨਾਅਰੇ ਲਾਉਣ ਅਤੇ ਪਥਰਾਓ ਕਰਨ ਨਾਲ ਜੁੜੇ ਅਪਰਾਧਾਂ ਦੀ ਸਾਜ਼ਿਸ਼ ਅਤੇ ਇਨ੍ਹਾਂ ਨੂੰ ਅੰਜਾਮ ਦੇਣ 'ਚ ਸ਼ਾਮਲ ਸੀ।"

ਇਸ ਬਾਰੇ ਆਪਣਾ ਪੱਖ ਪੇਸ਼ ਕਰਦਿਆਂ ਅਲੀ ਨੇ ਫੇਸਬੁੱਕ ਪੋਸਟ ਵਿਚ ਕਿਹਾ, "ਹਾਲਾਂਕਿ ਇਨ੍ਹਾਂ ਪੰਜ ਸਾਲਾਂ ਦੌਰਾਨ (2019 ਤੋਂ 2024 ਤੱਕ) ਹਾਈ ਕੋਰਟ ਵੱਲੋਂ ਮੈਨੂੰ ਤਿੰਨ ਵਾਰ ਰਿਹਾਅ ਕੀਤਾ ਗਿਆ ਹੈ, ਪੁਲਿਸ ਨੇ ਮੈਨੂੰ ਜਾਂ ਮੇਰੇ ਪਰਿਵਾਰ ਨੂੰ ਇਸ ਖ਼ਾਸ ਕੇਸ 'ਚ ਮੇਰੀ ਸ਼ਮੂਲੀਅਤ ਬਾਰੇ ਕਦੇ ਸੂਚਿਤ ਨਹੀਂ ਕੀਤਾ, ਜੋ ਕਿ ਪੂਰੀ ਤਰ੍ਹਾਂ ਫਰਜ਼ੀ ਹੈ ਕਿਉਂਕਿ ਮੇਰੀ ਇਸ ਘਟਨਾ ਵਿਚ ਕੋਈ ਭੂਮਿਕਾ ਨਹੀਂ ਸੀ। ਮੈਂ ਜੇਲ੍ਹ ਵਿਚ ਆਪਣੀ ਬੈਰਕ ਤੋਂ ਬਾਹਰ ਵੀ ਨਹੀਂ ਨਿਕਲਿਆ ਸੀ ਅਤੇ ਨਾ ਹੀ ਮੇਰਾ ਉਸ ਘਟਨਾ ਨਾਲ ਕੋਈ ਸਰੋਕਾਰ ਸੀ। ਮੈਂ ਪੂਰੀ ਤਰ੍ਹਾਂ ਬੇਕਸੂਰ ਹਾਂ ਅਤੇ ਮੇਰੀ ਨਜ਼ਰਬੰਦੀ ਨੂੰ ਲੰਮੇ ਸਮੇਂ ਤੱਕ ਲਮਕਾਉਣ ਲਈ ਜਾਣ-ਬੁੱਝ ਕੇ ਇਸ ਕੇਸ 'ਚ ਫਸਾਇਆ ਗਿਆ ਹੈ।"

ਅਲੀ ਵੱਲੋਂ 17 ਮਈ 2024 ਨੂੰ ਸ੍ਰੀਨਗਰ ਜ਼ਿਲ੍ਹਾ ਅਦਾਲਤ ਵਿਚ ਜ਼ਮਾਨਤ ਲਈ ਅਰਜ਼ੀ ਦਿੱਤੀ ਗਈ, ਜਿਸ ਦੀਆਂ ਚਾਰ ਸੁਣਵਾਈਆਂ ਹੋ ਚੁੱਕੀਆਂ ਹਨ, ਅਗਲੀ ਸੁਣਵਾਈ 13 ਜੁਲਾਈ ਨੂੰ ਹੋਣੀ ਹੈ। ਇਹ ਦੇਖਣਾ ਬਾਕੀ ਹੈ ਕਿ ਇਸ ਤੋਂ ਅੱਗੇ ਕੀ ਵਾਪਰਦਾ ਹੈ।

ਵਾਰ-ਵਾਰ ਗ੍ਰਿਫ਼ਤਾਰੀ ਅਤੇ ਜੇਲ੍ਹਬੰਦੀ ਕਾਰਨ ਮੁਸੀਬਤਾਂ ਝੱਲ ਰਹੇ ਪਰਿਵਾਰ ਦੇ ਮਾਨਸਿਕ, ਆਰਥਕ ਅਤੇ ਹੋਰ ਸੰਤਾਪ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਉਸ ਦੀ ਬਿਰਧ ਮਾਂ, ਉਸ ਦੇ ਬੱਚਿਆਂ ਸਮੇਤ ਪਰਿਵਾਰ ਦੇ ਜੀਅ ਇਕ ਤਰ੍ਹਾਂ ਨਾਲ ਸਾਰੇ ਘੋਰ ਪ੍ਰੇਸ਼ਾਨੀ ਅਤੇ ਸੰਕਟ ਵਿੱਚੋਂ ਗੁਜ਼ਰ ਰਹੇ ਹਨ। ਪਹਿਲੀ ਜੇਲ੍ਹਬੰਦੀ ਸਮੇਂ ਹੀ ਉਸ ਨੂੰ ਮਿਲਣ ਲਈ ਤਰਸਦਿਆਂ ਅਲੀ ਦੇ ਬੁੱਢੇ ਬਾਪ ਨੇ ਪ੍ਰਾਣ ਤਿਆਗ ਦਿੱਤੇ ਸਨ।

ਇਹ ਇਕੱਲੀ ਅਲੀ ਦੀ ਕਹਾਣੀ ਨਾ ਹੋ ਕੇ ਕਸ਼ਮੀਰ ਘਾਟੀ ਦੇ ਬੇਸ਼ੁਮਾਰ ਪਰਿਵਾਰਾਂ ਦੀ ਕਹਾਣੀ ਹੈ। ਇਸ ਕਹਾਣੀ ਵਿੱਚੋਂ ਭਾਰਤ ਦੇ ਬੇਸ਼ੁਮਾਰ ਲੋਕਾਂ ਦੀਆਂ ਕਹਾਣੀਆਂ ਦੇ ਨਕਸ਼ ਵੀ ਸਹਿਜੇ ਹੀ ਪਛਾਣੇ ਜਾ ਸਕਦੇ ਹਨ। 2015 'ਚ ਇਕ ਆਰਟੀਆਈ ਦੇ ਜਵਾਬ 'ਚ ਪਤਾ ਲੱਗਿਆ ਸੀ ਕਿ 1988 ਤੋਂ ਲੈ ਕੇ ਨਜ਼ਰਬੰਦੀ ਕਾਨੂੰਨ ਤਹਿਤ 16329 ਵਿਅਕਤੀਆਂ ਨੂੰ ਨਜ਼ਰਬੰਦ ਕੀਤਾ ਗਿਆ ਸੀ ਜਿਨ੍ਹਾਂ ਵਿੱਚੋਂ 95% ਦੇ ਕਰੀਬ ਕਸ਼ਮੀਰੀ ਸਨ। 'ਜੇਐਂਡਕੇ ਆਰਟੀਆਰ ਮੂਵਮੈਂਟ' ਵੱਲੋਂ ਪਿਛਲੇ ਸਾਲ ਪਾਈ ਇਕ ਹੋਰ ਆਰਟੀਆਈ ਨਾਲ ਇਹ ਸਾਹਮਣੇ ਆਇਆ ਸੀ ਕਿ ਅਗਸਤ 2019 ਅਤੇ ਜੁਲਾਈ 2023 ਦੇ ਅਰਸੇ ਦਰਮਿਆਨ ਪੀਐੱਸਏ ਤਹਿਤ ਨਜ਼ਰਬੰਦੀ ਦੇ ਹੁਕਮਾਂ ਵਿਰੁੱਧ 1570 ਪਟੀਸ਼ਨਾਂ ਪਾਈਆਂ ਗਈਆਂ ਸਨ ਜਿਨ੍ਹਾਂ ਵਿੱਚੋਂ 900 ਹੁਕਮ ਹਾਈਕੋਰਟ ਵੱਲੋਂ ਰੱਦ ਕਰ ਦਿੱਤੇ ਗਏ। (ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਅਨੁਸਾਰ ਅਗਸਤ

2019 'ਚ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਤੋਂ ਬਾਅਦ ਉੱਥੇ ਯੂਏਪੀਏ ਤਹਿਤ 2300 ਤੋਂ ਵੱਧ ਲੋਕ ਗ੍ਰਿਫ਼ਤਾਰ ਕੀਤੇ ਗਏ ਅਤੇ ਪੀਐੱਸਏ ਤਹਿਤ 1000 ਦੇ ਕਰੀਬ ਨੂੰ ਨਜ਼ਰਬੰਦ ਕੀਤਾ ਗਿਆ।

ਕਸ਼ਮੀਰ ਵਿਚ ਪਿਛਲੇ ਸਾਲਾਂ 'ਚ ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਦੀ ਦਹਿਸ਼ਤਵਾਦ ਦੇ ਇਲਜ਼ਾਮਾਂ ਤਹਿਤ ਸਾਲਾਂਬੱਧੀ ਜੇਲ੍ਹਬੰਦੀ ਤੋਂ ਦੁਨੀਆ ਬਖ਼ੂਬੀ ਜਾਣੂੰ ਹੈ। ਸੁਤੰਤਰ ਨਿਊਜ਼ ਪੋਰਟਲ 'ਦ ਕਸ਼ਮੀਰ ਵਾਲਾ' ਦੇ ਸੰਪਾਦਕ ਫਹਦ ਸ਼ਾਹ ਨੂੰ ਚਾਰ ਕੇਸਾਂ 'ਚ ਜੇਲ੍ਹਬੰਦੀ ਅਤੇ ਫ਼ੋਟੋ ਜਰਨਲਿਸਟ ਸਜਾਦ ਗੁੱਲ ਦੀ ਪੀਐੱਸਏ ਤਹਿਤ ਨਜ਼ਰਬੰਦੀ ਇਸ ਦੀਆਂ ਮਿਸਾਲਾਂ ਹਨ। ਹੋਰ ਵੀ ਕਰੂਰ ਕੇਸ ਕਸ਼ਮੀਰੀ ਪੱਤਰਕਾਰ ਆਸਿਫ਼ ਸੁਲਤਾਨ ਦਾ ਹੈ ਜਿਸ ਨੂੰ ਦਹਿਸ਼ਤਵਾਦ ਦੇ ਝੂਠੇ ਇਲਜ਼ਾਮਾਂ ਅਤੇ ਨਜਾਇਜ਼ ਨਜ਼ਰਬੰਦੀ ਤਹਿਤ ਸਾਢੇ ਪੰਜ ਸਾਲ ਜੇਲ੍ਹ ਵਿਚ ਗੁਜ਼ਾਰਨੇ ਪਏ। ਉਸਦਾ ਗੁਨਾਹ ਇਹ ਸੀ ਕਿ ਉਸਨੇ ਬੁਰਹਾਨ ਵਾਨੀ ਬਾਰੇ ਕਸ਼ਮੀਰ ਨੈਰੇਟਰ ਵਿਚ ਇਕ ਲੇਖ ਲਿਖਿਆ ਸੀ ਅਤੇ ਭਾਰਤੀ ਸਟੇਟ ਨੂੰ ਕਸ਼ਮੀਰ ਦੀ ਜ਼ਮੀਨੀਂ ਹਕੀਕਤ ਬਿਆਨ ਕਰਦੇ ਲੇਖ ਗਵਾਰਾ ਨਹੀਂ। ਉਸ ਨੂੰ "ਦਹਿਸ਼ਤਗਰਦੀ ਦੀ ਲਾਜਿਸਟਿਕ ਮੱਦਦ ਕਰਨ" ਦੇ ਦੋਸ਼ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਜਦੋਂ ਉਹ ਜੰਮੂ-ਕਸ਼ਮੀਰ ਅਤੇ ਉੱਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਸੰਤਾਪ ਝੱਲ ਕੇ 29 ਫਰਵਰੀ 2024 ਨੂੰ 2010 ਦਿਨ ਬਾਅਦ ਪਹਿਲੀ ਵਾਰ ਘਰ ਪਹੁੰਚਿਆ ਹੀ ਸੀ ਕਿ ਪੁਲਿਸ ਨੇ ਉਸ ਨੂੰ ਯੂਏਪੀਏ ਦੇ "ਪੰਜ ਸਾਲ ਪੁਰਾਣੇ" ਇਕ ਹੋਰ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। "ਅੱਬਾ ਕਿੱਥੇ ਹੈ," ਇਹ ਪੁੱਛੇ ਜਾਣ 'ਤੇ ਉਸ ਦੀ ਮਾਸੂਮ ਬੱਚੀ ਨੂੰ ਕਿਹਾ ਗਿਆ ਕਿ ਉਹ 'ਕੁਰਆਨ ਪੜ੍ਹਨ ਗਿਆ ਹੈ।'

ਅਜਿਹੀ ਲਾਕਾਨੂੰਨੀ ਨਜ਼ਰਬੰਦੀ ਅਤੇ ਜੇਲ੍ਹਬੰਦੀ ਨੂੰ ਲਮਕਾ ਕੇ ਹੋਰ ਕਰੂਰ ਬਣਾਉਣ ਦਾ ਇਕ ਹੋਰ ਪਾਸਾਰ ਕਸ਼ਮੀਰੀ ਬੰਦੀਆਂ ਨੂੰ ਮੁਲਕ ਦੀਆਂ ਹੋਰ ਜੇਲ੍ਹਾਂ 'ਚ ਲਿਜਾ ਕੇ ਡੱਕ ਦੇਣਾ ਹੈ। ਜ਼ਿਆਦਾਤਰ ਪਰਿਵਾਰਾਂ ਲਈ ਦੂਰ-ਦਰਾਜ਼ ਸੂਬਿਆਂ 'ਚ ਜਾ ਕੇ ਕਾਨੂੰਨੀ ਪੈਰਵੀ ਕਰਨੀ ਵੀ ਸੰਭਵ ਨਹੀਂ ਹੁੰਦੀ। ਅਗਸਤ 2018 'ਚ ਜੰਮੂ-ਕਸ਼ਮੀਰ ਨੇ ਪੀਐੱਸਏ ਵਿਚ ਸੋਧ ਕਰਕੇ ਨਜ਼ਰਬੰਦਾਂ ਨੂੰ ਭਾਰਤ ਦੇ ਰਾਜਾਂ ਦੀਆਂ ਜੇਲ੍ਹਾਂ 'ਚ ਰੱਖਣ ਨੂੰ ਕਾਨੂੰਨੀ ਰੂਪ ਦੇ ਲਿਆ ਸੀ। 2019 'ਚ ਰਾਜ ਸਭਾ ਵਿਚ ਸਰਕਾਰ ਵੱਲੋਂ ਦਿੱਤੇ ਜਵਾਬ ਵਿਚ ਦੱਸਿਆ ਗਿਆ ਸੀ ਕਿ 234 ਕਸ਼ਮੀਰੀ ਯੂਪੀ ਦੀਆਂ ਜੇਲ੍ਹਾਂ ਵਿਚ ਅਤੇ 27 ਹਰਿਆਣਾ ਦੀਆਂ ਜੇਲ੍ਹਾਂ ਵਿਚ ਬੰਦ ਸਨ। ਨਤੀਜਾ ਹੈ ਕਿ ਉੱਚ ਅਦਾਲਤ ਵੱਲੋਂ ਨਜ਼ਰਬੰਦੀ ਰੱਦ ਕੀਤੇ ਜਾਣ ਤੋਂ ਬਾਅਦ ਵੀ ਜੰਮੂ-ਕਸ਼ਮੀਰ ਸਟੇਟ ਵੱਲੋਂ ਕਲੀਰੈਂਸ ਵਗੈਰਾ ਦੀਆਂ ਰਸਮਾਂ ਪੂਰੀਆਂ ਕਰਦਿਆਂ ਮਹੀਨੇ ਬੀਤ ਜਾਂਦੇ ਹਨ ਅਤੇ ਨਜ਼ਰਬੰਦੀ ਹੋਰ ਲੰਮੀ ਹੋ ਜਾਂਦੀ ਹੈ ਜਿਵੇਂ ਅਸੀਂ ਪਿੱਛੇ ਜਹੇ ਪੱਤਰਕਾਰ ਆਸਿਫ਼ ਸੁਲਤਾਨ ਦੇ ਕੇਸ ਵਿਚ ਦੇਖ ਚੁੱਕੇ ਹਾਂ। ਜੰਮੂ-ਕਸ਼ਮੀਰ ਹਾਈਕੋਰਟ ਦੇ ਵਕੀਲਾਂ ਅਨੁਸਾਰ ਅਦਾਲਤ ਦੇ ਹੁਕਮ ਤੋਂ ਬਾਅਦ ਵੀ ਪੀਐੱਸਏ ਦੇ ਨਜ਼ਰਬੰਦਾਂ ਨੂੰ ਜੇਲ੍ਹਾਂ ਵਿੱਚੋਂ ਬਾਹਰ ਆਉਣ 'ਤੇ 30 ਤੋਂ ਲੈ ਕੇ 90 ਦਿਨ ਲੱਗ ਜਾਂਦੇ ਹਨ।

ਖੋਜੀ ਪੱਤਰਕਾਰਾਂ ਅਤੇ ਹੋਰ ਆਲੋਚਕ ਆਵਾਜ਼ਾਂ 'ਚ ਖ਼ੌਫ਼ ਪੈਦਾ ਕਰਨ ਦੀ ਮਨਸ਼ਾ ਨਾਲ ਪਾਏ ਜਾ ਰਹੇ ਅਜਿਹੇ ਝੂਠੇ ਕੇਸਾਂ ਕਾਰਨ ਹੁਣ ਆਲਮ ਇਹ ਹੈ ਕਿ ਕਸ਼ਮੀਰੀ ਪੱਤਰਕਾਰ ਅਜਿਹੀਆਂ ਕਹਾਣੀਆਂ ਵੀ ਆਪਣਾ ਨਾਮ ਨਾ ਛਾਪੇ ਜਾਣ ਦੀ ਸ਼ਰਤ 'ਤੇ ਲਿਖਦੇ/ਬਿਆਨ ਕਰਦੇ ਹਨ। "ਰਿਪੋਰਟਰਜ਼ ਵਿਦਾਊਟ ਬਾਰਡਰਜ਼" ਦੀ ਆਲਮੀ ਪ੍ਰੈੱਸ ਫਰੀਡਮ ਸੂਚਕ-ਅੰਕ ਨਾਂ ਦੇ ਸਾਲਾਨਾ ਲੇਖੇ ਜੋਖੇ ਅਨੁਸਾਰ ਫ਼ੌਜੀ ਤਾਨਾਸ਼ਾਹੀ ਪਾਕਿਸਤਾਨ 152ਵੇਂ ਸਥਾਨ 'ਤੇ ਹੈ ਜਦਕਿ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ' ਭਾਰਤ ਉਸ ਤੋਂ ਵੀ ਸੱਤ ਸਥਾਨ ਥੱਲੇ 159ਵੇਂ ਸਥਾਨ 'ਤੇ ਹੈ। ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਹਾਲਤ ਵੀ ਇਸ ਤੋਂ ਵੱਖਰੀ ਨਹੀਂ ਹੈ। ਭਵਿੱਖ 'ਚ ਇਨ੍ਹਾਂ ਪੱਖਾਂ ਤੋਂ ਹਾਲਾਤ ਹੋਰ ਬਦਤਰ ਹੋਣ ਦੇ ਆਸਾਰ ਸਪਸ਼ਟ ਹਨ।

# ਪੰਜਾਬ ਦੇ ਸੰਕਟ ਦੀਆਂ ਕੁਝ ਪਰਤਾਂ



ਹਰੀਪਾਲ
403-714-4816



ਪੰਜਾਬ ਉਜੜ ਨਹੀਂ ਰਿਹਾ, ਪਰ ਬਹੁਤ ਤੇਜੀ ਨਾਲ਼ ਬਦਲ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਖਾਂਦੇ ਪੀਂਦੇ ਪੰਜਾਬੀ ਵੀ ਪੰਜਾਬ ਛੱਡ ਰਹੇ ਹਨ। ਇਸਦੇ ਬਹੁਤ ਕਾਰਨ ਹੋ ਸਕਦੇ ਹਨ। ਪਰ ਜਦ ਪੰਜਾਹ ਪੰਜਾਹ ਕਿੱਲਿਆਂ ਦੇ ਮਾਲਕ ਬਾਹਰ ਜਾਣ ਦੀ ਭੇਡ ਚਾਲ ਵਿੱਚ ਸ਼ਾਮਲ ਹੋ ਜਾਣ ਤਾਂ ਫਿਕਰ ਤਾਂ ਕਰਨਾ ਬਣਦਾ ਹੈ। ਪੰਜਾਬ ਦੇ ਕੁੱਝ ਖਾਂਦੇ ਪੀਂਦੇ ਲੋਕਾਂ ਨੂੰ ਪੰਜਾਬ ਵਿੱਚ ਆਪਦੇ ਬੱਚਿਆਂ ਦਾ ਭਵਿੱਖ ਨਹੀਂ ਦਿਸ ਰਿਹਾ। ਕੋਈ ਸਮਾਗਮ ਹੋਵੇ ਕੋਈ ਇਕੱਠ ਹੋਵੇ ਬੱਸ ਜੁਆਕਾਂ ਦੇ ਬਾਹਰ ਜਾਣ ਦੀ ਗੱਲ ਤੁਰਦੀ ਹੈ। ਕੋਈ ਸਮਾਂ ਸੀ ਕਿ ਜਦ ਘਰ ਦਾ ਪੁੱਤ ਧੀ ਬਾਹਰ ਨੂੰ ਜਾਂਦਾ ਸੀ ਤਾਂ ਮਾਂ ਬਾਪ ਓਹਲੇ ਹੋ ਕੇ ਡੁਸਕਦੇ ਸਨ, ਪਰ ਹੁਣ ਬਿੱਲਕੁਲ ਉਲਟ ਹੋ ਰਿਹਾ ਹੈ ਬੱਚਿਆਂ ਦੇ ਬਾਹਰ ਜਾਣ ਤੇ ਆਤਸ਼ਬਾਜ਼ੀ ਕੀਤੀ ਜਾਂਦੀ ਹੈ, ਸ਼ਰਾਬਾਂ ਪੀਤੀਆਂ ਜਾਂਦੀਆਂ ਹਨ ਕਈ ਵਾਰ ਬੱਚੇ ਦੇ ਬਾਹਰ ਪਹੁੰਚਣ ਤੋਂ ਬਾਅਦ ਸ਼ਰੀਕਾਂ ਨੂੰ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਬੱਚਿਆਂ ਨੂੰ ਬਾਹਰ ਭੇਜਣ ਲਈ ਸੁੱਖਾਂ ਸੁੱਖੀਆਂ ਜਾਂਦੀਆਂ ਹਨ, ਕਈ ਧਾਰਮਿਕ ਅਸਥਾਨਾਂ ਤੇ ਲੱਕੜ ਜਾਂ ਪਲਾਸਟਿਕ ਦੇ ਜਹਾਜ ਚੜ੍ਹਾਏ ਜਾਂਦੇ ਹਨ। ਜਿਹੜੇ ਮਰਜ਼ੀ ਪਿੰਡ ਦੀ ਗੱਲ ਕਰ ਲਵੋ ਹਰ ਹਫਤੇ ਦੋ ਚਾਰ ਬੱਚੇ ਬਾਹਰ ਨੂੰ ਤੁਰ ਰਹੇ ਹਨ। ਇਸਤਰਾਂ ਲੱਗਦਾ ਹੈ ਕਿ ਪੰਜਾਬ ਦਾ ਭਵਿੱਖ ਉਡ ਰਿਹਾ ਹੈ। ਖੈਰ ਕੁੱਝ ਵੀ ਹੋਵੇ ਪੰਜਾਬੀਆਂ ਦੀ ਇਹ ਹਿਜਰਤ ਪੰਜਾਬ ਨੂੰ ਬਿੱਲਕੁਲ ਬਦਲ ਦੇਵੇਗੀ। ਪੰਜਾਬ ਵਿੱਚ ਵਿਦੇਸ਼ ਵਸਣ ਵਾਲ਼ੇ ਲੋਕਾਂ ਨੇ ਵੱਡੀਆਂ ਵੱਡੀਆਂ ਕੋਠੀਆਂ ਪਾਈਆਂ ਹਨ ਜਿਨ੍ਹਾਂ ਵਿੱਚ ਕਬੂਤਰਾਂ ਦਾ ਰੈਣ ਬਸੇਰਾ ਹੈ। ਪੰਜਾਬ ਦੇ ਪਿੰਡਾਂ ਵਿੱਚ ਸੱਥਾਂ ਵਿੱਚ ਜਾਂ ਨਵੀਆਂ ਬਣੀਆਂ ਪਾਰਕਾਂ ਵਿੱਚ ਪੰਜਾਹ ਸੱਠ ਸਾਲ ਤੋਂ ਉਪਰ ਦੇ ਬੰਦੇ ਤਾਸ਼ ਖੇਡਦੇ ਦੇਖੇ ਜਾ ਸਕਦੇ ਹਨ। ਸੁੰਨੇ ਘਰਾਂ ਵਿੱਚ ਬੈਠੇ ਬਜ਼ੁਰਗ ਘਰ ਦੇ ਗੇਟ ਵੱਲ ਦੇਖਦੇ ਰਹਿੰਦੇ ਹਨ। ਪਿੰਡਾਂ ਦੀਆਂ ਗਲ਼ੀਆਂ ਸੁੰਨੀਆਂ ਪਈਆਂ ਹਨ। ਜਿਹਨਾਂ ਗਲ਼ੀਆਂ ਵਿੱਚ ਕਿਸੇ ਸਮੇਂ ਬੱਚੇ ਲੜਦੇ ਸਨ, ਜਨਾਨੀਆਂ ਪਾਣੀ ਡੋਲਣ ਪਿੱਛੇ ਲੜਦੀਆਂ ਸਨ ਚਾਹੇ ਜੋ ਵੀ ਸੀ ਪਰ ਪਿੰਡਾਂ ਵਿੱਚ ਜ਼ਿੰਦਗੀ ਧੜਕਦੀ ਸੀ, ਹੁਣ ਸਿਰਫ ਸੁੰਨ ਸਰਾਂ ਲੱਗਦੀਆਂ ਹਨ। ਪਿੰਡਾਂ ਵਿੱਚੋਂ ਮੰਡੀ ਹਰ ਗਾਇਬ ਹੈ। ਗਿਆਰਵੀਂ ਜਾਂ ਬਾਰਵੀਂ ਵਿੱਚ ਪੜ੍ਹਦੇ ਬੱਚਿਆ ਦਾ ਸਿਰਫ ਇੱਕੋ ਇੱਕ ਟਾਰਗਟ ਹੈ ਆਈ ਲੈਟਸ ਪਾਸ ਕਰਕੇ ਬਾਹਰ ਨੂੰ ਜਾਣਾ। ਕਿਉਂਕਿ ਪਰਵਾਸੀਆਂ ਦੀਆਂ ਪਾਈਆਂ ਕੋਠੀਆਂ ਉਹਨਾਂ ਨੂੰ ਪਰੇਰਦੀਆਂ ਹਨ ਕਿ ਉਹ ਵੀ ਘਰ ਦੀ ਜਗਾਹ ਕੋਠੀ ਖੜੀ ਕਰਨ। ਪੰਜਾਬ ਇੱਕ ਭੱਜ ਭਜਾਈ ਦੀ ਦੌੜ ਚੋਂ ਲੰਘ ਰਿਹਾ ਹੈ। ਮੰਡੀ ਹਰ ਨੂੰ ਸੁਪਨੇ ਖੇਤਾਂ ਫਸਲਾਂ ਦੇ ਨਹੀਂ ਆਉਂਦੇ ਬਲਕਿ ਪਰਦੇਸਾਂ ਦੀ ਅਯਾਸ਼ੀ ਦੇ ਆਂਉਂਦੇ ਹਨ। ਬੱਸ ਇੱਕ ਜਹਾਜ਼ ਦੇ ਸਫਰ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਹ ਸੁਪਨੇ ਸਿਰਫ ਇੱਕ ਮਿਰਗ ਤ੍ਰਿਸ਼ਨਾਂ ਹੀ ਸਨ, ਬੱਸ ਹੁਣ ਐਨੇ ਪੈਸੇ ਖਰਚ ਕੇ ਮੁੜਿਆ ਵੀ ਨਹੀਂ ਜਾਂਦਾ। ਇਕ ਗੱਲ ਜ਼ਰੂਰ ਚੇਤੇ ਰੱਖਣ ਵਾਲ਼ੀ ਹੈ ਕਿ ਬਾਹਰਲੇ ਮੁਲਕਾਂ ਜਾਣੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਜਾਂ ਨਿਊਜੀਲੈਂਡ ਵਗੈਰਾ ਨੂੰ ਪੂਰਬੀ ਮੁਲਕਾਂ ਦੇ ਲੋਕਾਂ ਦਾ ਹੇਜ ਕਿਵੇਂ ਜਾਗ ਪਿਆ। ਇਨ੍ਹਾਂ ਅਖੌਤੀ ਵਿਕਸਤ ਮੁਲਕਾਂ ਵਿੱਚ ਪਾਪੂਲੇਸ਼ਨ ਵਧ ਨਹੀਂ ਰਹੀ ਸਗੋਂ ਘਟ ਰਹੀ ਹੈ। ਇਹ ਵਿਕਸਤ ਮੁਲਕ ਟੋਟਲੀ ਕਾਰਪੋਰੇਸ਼ਨਾਂ ਦੇ ਸ਼ਿਕੰਜੇ ਵਿੱਚ ਜਕੜੇ ਗਏ ਹਨ। ਕਾਰਪੋਰੇਸ਼ਨਾਂ ਦੀ ਲਾਲਚ ਭਰੀ ਨੀਤੀ ਨੇ ਆਮ ਲੋਕਾਂ ਦਾ ਜਿਊਣਾ ਮੁਸ਼ਕਲ ਕਰ ਦਿੱਤਾ ਹੈ, ਲੋਕ ਵੀ ਹਰ ਵਰਤਾਰੇ ਨੂੰ ਨਫ਼ੇ ਨੁਕਸਾਨ ਦੀ ਤੱਕੜੀ ਵਿੱਚ ਤੋਲਣ ਲੱਗ ਪਏ ਹਨ। ਇਸ ਕਰਕੇ ਬਹੁਤ ਲੋਕ ਬੱਚੇ ਪੈਦਾ ਹੀ ਨਹੀਂ ਕਰਦੇ, ਬਹੁਤ ਲੋਕ ਵਿਆਹ ਵੀ ਨਹੀਂ ਕਰਾਂਉਦੇ, ਲੋਕ ਸਿਰਫ ਆਪਦੀ ਜ਼ਿੰਦਗੀ ਨੂੰ ਮਾਨਣਾ ਚਾਹੁੰਦੇ ਹਨ। ਬੱਚੇ ਪੈਦਾ ਕਰਨ ਦਾ ਰੁਝਾਨ ਉਦੋਂ ਹੁੰਦਾ ਹੈ ਜਦ ਮਾਪੇ ਸੋਚਦੇ ਹਨ ਕਿ ਬੱਚੇ ਉਹਨਾਂ ਦੇ ਬੁਢਾਪੇ ਦੀ ਡੰਗੋਰੀ ਬਣਨਗੇ। ਪਰ ਇਹਨਾਂ ਪੂੰਜੀਵਾਦੀ ਮੁਲਕਾਂ ਵਿੱਚ ਬੱਚੇ ਕੰਮ ਕਰਦੇ ਹਨ ਬਿੱਲ ਬੱਤੀਆਂ ਜਾਂ ਕਿਸ਼ਤਾਂ ਭਰਨ ਵਿੱਚ ਹੀ ਆਪਦੀ ਸਾਰੀ ਸ਼ਕਤੀ ਅਤੇ ਸਮਾਂ ਲਾ ਦਿੰਦੇ ਹਨ। ਇਹਨਾਂ ਮੁਲਕਾਂ ਵਿੱਚ ਸਮਾਜਿਕ ਜ਼ਿੰਦਗੀ ਲਈ ਸਮਾਂ ਕਿੱਥੇ ਬਚਦਾ ਹੈ, ਇਹੀ ਕਾਰਨ ਹੈ ਕਿ ਇਹਨਾਂ ਮੁਲਕਾਂ ਵਿੱਚ ਬਜ਼ੁਰਗਾਂ ਦੀ ਹਾਲਤ ਬਹੁਤ ਤਰਸਯੋਗ ਹੋ ਜਾਂਦੀ ਹੈ। ਬਿਰਧ ਆਸ਼ਰਮਾਂ ਵਿੱਚ ਬੈਠੇ ਬਜ਼ੁਰਗ ਪਛਤਾਵੇ ਦੀ ਧੂੰਈ ਸੇਕ ਰਹੇ ਹਨ, ਆਪਦੇ ਪਿੰਡਾਂ ਘਰਾਂ ਨੂੰ ਯਾਦ ਕਰਕੇ ਰੋ ਰਹੇ ਹਨ। ਇਹਨਾਂ ਮੁਲਕਾਂ ਵਿੱਚ ਜਿਸ ਤਰ੍ਹਾਂ ਮਹਿੰਗਾਈ ਵਧ ਰਹੀ ਹੈ ਅਤੇ ਜਿਸ ਰਫਤਾਰ ਨਾਲ਼ ਵਧ ਰਹੀ ਹੈ, ਹੋਰ ਥੋੜੇ ਸਮੇਂ ਤੱਕ ਚੁੱਲ੍ਹਾ ਤਪਦਾ ਰੱਖਣਾ ਵੀ ਔਖਾ ਹੋ ਜਾਣਾ ਹੈ ।

ਹੁਣ ਜੇ ਪੰਜਾਬ ਦੀ ਅੱਜ ਦੀ ਹਾਲਾਤ ਤੇ ਗੱਲ ਕਰੀਏ ਤਾਂ ਇਸ ਨਿੱਕੇ ਜਿਹੇ ਪੰਜਾਬ ਵਿੱਚ ਵੀ ਦੋ ਪੰਜਾਬ ਵਸਦੇ ਹਨ। ਇੱਕ ਉਹ ਪੰਜਾਬ ਹੈ ਜੋ ਪੰਜਾਬ ਵਿੱਚ ਬਣੇ ਮਕਡਾਨਲਡ, ਕੇ.ਐਫ.ਸੀ., ਟਿੰਮ ਹੌਰਟਨ ਜਾਂ ਬਰਗਰ ਕਿੰਗ ਵਗੈਰਾ ਤੇ ਦੇਖਿਆ ਜਾ ਸਕਦਾ ਹੈ। ਇਹ ਪੰਜਾਬ ਨਵੀਆਂ ਮਾਲਾਂ, ਵੱਡੀਆਂ ਗੱਡੀਆਂ ਜਾਂ ਬਰੈਂਡਡ ਕੱਪੜਿਆਂ ਦੀ ਦੁਕਾਨਾਂ ਤੇ ਦੇਖਿਆ ਜਾ ਸਕਦਾ ਹੈ। ਇੱਕ ਉਹ ਪੰਜਾਬ ਹੈ ਜੋ ਪਰਚੂਨ ਦੀਆਂ ਦੁਕਾਨਾਂ ਜਾਂ ਰੇੜ੍ਹੀਆਂ ਤੇ ਦਿਸਦਾ ਹੈ, ਜੋ ਬਰੈਂਡਡ ਨਹੀਂ ਆਮ ਦੁਕਾਨਾਂ ਤੋਂ ਕੱਪੜੇ ਖਰੀਦਦਾ ਹੈ ਜਾਂ ਪੰਜਾਬ ਵਿੱਚ ਨਵੇਂ ਖੁੱਲ ਰਹੇ ਸੈਕਿੰਡ ਹੈਂਡ ਸਟੋਰਾਂ ਤੋਂ ਖਰੀਦਦਾਰੀ ਕਰਦਾ ਹੈ। ਦੋਵਾਂ ਤਰ੍ਹਾਂ ਦੇ ਪੰਜਾਬੀਆਂ ਦੀਆਂ ਗੱਲਾਂ-ਬਾਤਾਂ ਜਾਂ ਰਹਿਣ ਸਹਿਣ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਇਹੀ ਉਹ ਪੰਜਾਬੀ ਹਨ ਜੋ ਸਿੱਧੂ ਮੂਸੇਵਾਲ਼ੇ ਨੂੰ ਸੱਜਦਾ ਕਰਨ ਤਾਂ ਜਾ ਸਕਦੇ ਹਨ ਪਰ ਖਟਕੜ੍ਹ ਕਲਾਂ ਜਾਣ ਦਾ ਖਿਆਲ ਇਹਨਾਂ ਨੂੰ ਨਹੀਂ ਆਉਂਦਾ। ਨਵੀਂ ਪੀੜੀ ਦੇ ਹੀਰੋ ਸਿੰਗਰ ਜਾਂ ਐਕਟਰ ਤਾਂ ਹਨ ਪਰ ਭਗਤ ਸਰਾਭੇ ਨਹੀਂ। ਇਸ ਕਰਕੇ ਜਦੋਂ ਵੀ ਗਦਰੀਆਂ ਜਾਂ ਸਰਾਭੇ ਹੋਰਾਂ ਦੇ ਇਕੱਠ ਹੁੰਦੇ ਹਨ ਤਾਂ ਪਹਿਲਾਂ ਜਿਹੀ ਰੌਣਕ ਨਹੀਂ ਦਿਸਦੀ। ਪਿੰਡਾਂ ਦੇ ਲੋਕ ਐਨੇ ਆਲ਼ਸੀ ਹੋ ਗਏ ਹਨ ਕਿ ਦੁਧਾਰੂ ਪਸ਼ੂ ਰੱਖਣ ਤੋਂ ਵੀ ਪਾਸਾ ਵੱਟ ਹਨ, ਕਹਿੰਦੇ ਹਨ ਜਿੰਨੀ ਜ਼ਮੀਨ ਦੁਧਾਰੂ ਪਸ਼ੂ ਲਈ ਰੱਖਾਂਗੇ ਓਨੀ ਜ਼ਮੀਨ ਦੇ ਮਾਮਲੇ ਦਾ ਦੁੱਧ ਨਹੀਂ ਮੁੱਕਦਾ, ਭੁੱਲ ਹੀ ਗਏ ਹਨ ਕਿ ਘਰ ਦੇ ਦੁੱਧ ਦਾ ਅਤੇ ਮੁੱਲ ਦੇ ਦੁੱਧ ਚ ਕਿੰਨਾਂ ਫਰਕ ਹੁੰਦਾ ਹੈ। ਇਸ ਕਰਕੇ ਦੁੱਧ ਵਾਲ਼ੀਆਂ ਡੇਅਰੀਆਂ ਤੇ ਦੁੱਧ ਪਾਉਣ ਵਾਲ਼ੇ ਲੋਕਾਂ ਨਾਲ਼ੋ ਦੁੱਧ ਖਰੀਦਣ ਵਾਲ਼ੇ ਲੋਕਾਂ ਦੀ ਕਤਾਰ ਲੰਮੀ ਹੁੰਦੀ ਹੈ। ਜੁਆਨੀ ਦਾ ਇਹ ਹਾਲ ਹੈ ਕਿ ਕਈ ਵਾਰੀ ਬੱਚੇ ਲੈਣ ਲਈ ਵੀ ਟੀਕੇ ਦਾ ਆਸਰਾ ਲੈਣਾ ਪੈ ਰਿਹਾ ਹੈ। ਬਾਕੀ ਸਰਕਾਰਾਂ ਜਾਂ ਕਾਰਪੋਰੇਟ ਸਿਆਸਤ ਤਾਂ ਲੋਕਾਂ ਨੂੰ ਮੰਗਤੇ ਬਣਾਉਣਾ ਚਾਹੁੰਦੀ ਹੈ, ਮੁਫਤ ਦੀ ਆਟਾ ਦਾਲ਼ ਸਕੀਮ ਨੇ ਲੋਕਾਂ ਵਿੱਚ ਕੰਮ ਕਰਕੇ ਖਾਣ ਦੀ ਆਦਤ ਦਾ ਬਹੁਤ ਨੁਕਸਾਨ ਕੀਤਾ ਹੈ। ਮੁਫਤ ਰਾਸ਼ਨ ਖਾਣ ਵਾਲ਼ੇ ਲੋਕਾਂ ਦੀ ਅਣਖ ਮਰ ਜਾਂਦੀ ਹੈ ਅਤੇ ਉਹ ਫਿਰ ਸਿਸਟਮ ਨੂੰ ਸਵਾਲ ਕਰਨ ਜੋਗੇ ਨਹੀਂ ਰਹਿੰਦੇ। ਇਹੀ ਸਭ ਕੁੱਝ ਇਹ ਕਾਰਪੋਰੇਟ ਸਰਕਾਰਾਂ ਚਾਹੁੰਦੀਆਂ ਹਨ

ਇਹ ਠੀਕ ਹੈ ਕਿ ਵਿਕਸਤ ਮੁਲਕ ਅਮੀਰ ਨੇ ਪਰ ਇਹਨਾਂ ਬਹੁਤਿਆਂ ਦੀ ਅਮੀਰੀ ਤਾਂ ਬਸਤੀਵਾਦੀ ਲੁੱਟ ਵੇਲ਼ੇ ਦੀ ਵਧੀ ਫੁਲੀ ਹੈ। ਪਰ ਅੱਜ ਜਿਸ ਤਰ੍ਹਾਂ ਪੂਰਬੀ ਮੁਲਕ ਜਾਗ ਰਹੇ ਹਨ, ਇਨ੍ਹਾਂ ਦੀ ਅਮੀਰੀ ਨੂੰ ਖਤਰਾ ਹੀ ਖਤਰਾ ਹੈ। ਰੂਸ, ਚੀਨ, ਇੰਡੀਆ, ਬ੍ਰਾਜੀਲ, ਸਾਊਥ ਅਫਰੀਕਾ ਨੇ ਹੱਥ ਮਿਲ਼ਾ ਲਏ ਹਨ, ਉਹਨਾਂ ਨੇ ਬਰਿੱਕਸ ਨਾਂ ਦੀ ਸੰਸਥਾ ਇਸ ਸਾਮਰਾਜੀ ਦੈਂਤ ਨੂੰ ਟੱਕਰ ਦੇਣ ਲਈ ਬਣਾ ਲਈ ਹੈ, ਬਰਿੱਕਸ ਨੇ ਅਮਰੀਕਾ ਦੀ ਰਾਤਾਂ ਦੀ ਨੀਂਦ ਉੜਾ ਦਿੱਤੀ ਹੈ। ਇਹੀ ਕਾਰਨ ਹੈ ਕਿ ਯੂਕਰੇਨ ਨੂੰ ਰੂਸ ਦਾ ਵੀਅਤਨਾਮ ਬਨਾਉਣ ਦੀ ਚਾਲ ਚੱਲੀ ਜਾ ਰਹੀ ਹੈ, ਚੀਨ ਅਤੇ ਭਾਰਤ ਵਿੱਚ ਸਰਹੱਦ ਦਾ ਰੌਲ਼ਾ ਪਵਾਉਣ ਦੀ ਕੋਸ਼ਿਸ਼ ਹੋ ਰਹੀ ਹੈ, ਬਿਨਾ ਮਤਲਬ ਇਰਾਨ ਨੂੰ ਇਜ਼ਰਾਈਲ ਫਲਸਤੀਨੀ ਯੁੱਧ ਵਿੱਚ ਘੜੀਸਿਆ ਜਾ ਰਿਹਾ ਹੈ। ਸਰਮਾਏਦਾਰ ਮੁਲਕਾਂ ਦਾ ਭਵਿੱਖ ਵੀ ਬਹੁਤਾ ਆਸਵੰਦ ਨਹੀਂ ਰਹਿਣਾ ਅਜਿਹੀ ਹਾਲਤ ਵਿੱਚ ਪਰਵਾਸੀ ਲੋਕਾਂ ਦਾ ਭਵਿੱਖ ਕੀ ਹੋ ਸਕਦਾ ਹੈ? ਕਿਉਂਕਿ ਜਦ ਵੀ ਸਰਮਾਏਦਾਰ ਸਟੇਟ ਨੂੰ ਆਰਥਿਕ ਮੰਦਵਾੜੇ ਦੀ ਮਾਰ ਪੈਂਦੀ ਹੈ ਤਾਂ ਇਹ ਨਸਲਵਾਦੀ ਸੱਪ ਕੱਢ ਲੈਂਦੀ ਹੈ। ਪੰਜਾਬੀਆਂ ਦੇ ਬਾਹਰ ਜਾਣ ਨਾਲ਼ ਜਿਹੜਾ ਖੱਪਾ ਪੈ ਰਿਹਾ ਹੈ ਇਸਨੂੰ ਯੂਪੀ ਬਿਹਾਰ ਦੇ ਲੋਕ ਭਰ ਰਹੇ ਹਨ, ਪੰਜਾਬ ਦੀ ਖੇਤੀਬਾੜੀ ਹੀ ਨਹੀਂ ਲੋਕਾਂ ਦੇ ਘਰਾਂ ਦਾ ਕੰਮ ਵੀ ਇਹਨਾਂ ਪਰਵਾਸੀਆਂ ਨੇ ਚੁੱਕਿਆ ਹੋਇਆ ਹੈ। ਪੰਜਾਬੀਆਂ ਨੂੰ ਰੀਸ ਜਾਂ ਫੁਕਰਪੰਥੀ ਤੋਂ ਹੀ ਵਿਹਲ ਨਹੀਂ ਮਿਲ਼ਦੀ ਅਤੇ ਪੰਜਾਬਣਾਂ ਇੱਕ ਮੱਝ ਦਾ ਗੋਹਾ ਕੂੜਾ ਵੀ ਨਹੀਂ ਕਰ ਸਕਦੀਆਂ, ਇੱਕ ਮੱਝ ਦੇ ਗੋਹੇ ਦੀਆਂ ਪਾਥੀਆਂ ਵੀ ਬਿਹਾਰਨਾ ਪੱਥ ਰਹੀਆਂ ਹਨ। ਪੰਜਾਬੀ ਹੁਣ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣਾ ਆਪਦੀ ਹੱਤਕ ਸਮਝਦੇ ਹਨ, ਬੱਚਿਆਂ ਨੂੰ ਪ੍ਰਾਈਵੇਟ ਦੁਕਾਨਨੁਮਾ ਸਕੂਲਾਂ ਵਿੱਚ ਭੇਜ ਕੇ ਆਪਦੀ ਟੌਹਰ ਸਮਝਦੇ ਹਨ। ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਜੇਕਰ ਬਚਾਇਆ ਹੈ ਤਾਂ ਬਿਹਾਰੀ ਜਾਂ ਦਲਿਤ ਬੱਚਿਆਂ ਨੇ ਕਿਉਂਕਿ ਬਹੁਤੇ ਸਰਕਾਰੀ ਸਕੂਲਾਂ ਦੇ ਮਾਸਟਰ ਵੀ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਭੇਜਦੇ ਹਨ। ਬਹੁਤੀਆਂ ਪੰਜਾਬਣਾਂ ਦੀਆਂ ਜੇਬਾਂ ਵਿੱਚ ਬਲੱਡ ਪ੍ਰੈਸ਼ਰ ਜਾਂ ਸ਼ੂਗਰ ਵਾਲ਼ੀਆਂ ਗੋਲ਼ੀਆਂ ਹੁੰਦੀਆਂ ਹਨ। ਵਿਆਹ ਸ਼ਾਦੀਆਂ ਤੇ ਇਹ ਪੰਜਾਬਣਾਂ ਪਕੌੜਿਆਂ ਦੀ ਪਲੇਟ ਖਾ ਕੇ ਮੱਲ ਕੁ ਦੇਣੇ ਗੋਲ਼ੀਆਂ ਵਾਲ਼ੀਆਂ ਪੁੜੀਆਂ ਖੋਲਦੀਆਂ ਹਨ, ਬੰਦਿਆਂ ਦਾ ਵੀ ਇਹੀ ਹਾਲ ਹੈ। ਜ਼ਮੀਨਾਂ ਤੇ ਲਿਮਟਾਂ ਕਰਾ ਕੇ ਲੋਕ ਪੱਚੀ ਪੱਚੀ ਲੱਖ ਰੁਪਿਆ ਵਿਆਹਾਂ ਪਾਰਟੀਆਂ ਤੇ ਉੜਾ ਰਹੇ ਹਨ, ਇਹ ਸੋਚਦੇ ਹੀ ਨਹੀਂ ਕਿ ਕਿਸੇ ਦਿਨ ਇਹ ਪੈਸੇ ਮੋੜਨੇ ਵੀ ਪੈਣੇ ਹਨ। ਪੰਜਾਬ ਵਿੱਚ ਕੁਆਰੇ ਛੜੇ ਮੁੰਡਿਆਂ ਦੀ ਭਰਮਾਰ ਹੈ। ਪੰਜ ਸੱਤ ਕਿੱਲਿਆਂ ਵਾਲ਼ੇ ਜਾਂ ਛੋਟੇ ਮੋਟੇ ਬਿਜਨਿਸਾਂ ਵਾਲ਼ੇ ਲੋਕਾਂ ਦੇ ਮੁੰਡੇ ਵਿਆਹੇ ਨਹੀਂ ਜਾ ਰਹੇ ਕਿਉਂਕਿ ਵੀਹ ਪੱਚੀ ਸਾਲ ਪਹਿਲਾਂ ਲੋਕ ਕੁੜੀਆਂ ਮਾਰੀ ਗਏ ਅਤੇ ਹੁਣ ਕੁੜੀਆਂ ਆਈਲੈਟਸ ਕਰਕੇ ਬਾਹਰ ਨੂੰ ਜਾ ਰਹੀਆਂ ਹਨ। ਉਸ ਤਰ੍ਹਾਂ ਵੀ ਜੇਕਰ ਪਹਿਲਾ ਬੱਚਾ ਕੁੜੀ ਹੋ ਗਈ ਤਾਂ ਠੀਕ ਹੈ, ਜੇਕਰ ਪਹਿਲਾ ਮੁੰਡਾ ਹੋ ਗਿਆ ਫਿਰ ਕੁੜੀ ਦੇ ਆਉਣ ਦੇ ਕੋਈ ਚਾਂਸ ਨਹੀਂ। ਬਹੁਤੇ ਘਰਾਂ ਵਿੱਚ ਸਿਰਫ ਇੱਕ ਹੀ ਮੁੰਡਾ ਹੈ। ਅਸਲ ਵਿੱਚ ਜਿਹੋ ਜਿਹਾ ਸਮਾਂ ਹੁੰਦਾ ਹੈ ਓਹੋ ਜਿਹੀਆਂ ਲੋਕ ਬੋਲੀਆਂ ਲੋਕ ਘੜ ਲੈਂਦੇ ਹਨ। ਜਿਸ ਤਰ੍ਹਾਂ ਅੰਗਰੇਜ਼ਾਂ ਦੇ ਰਾਜ ਵੇਲ਼ੇ ਲੋਕ ਬੋਲੀ ਹੁੰਦੀ ਸੀ, ਬਾਅਦ ਵਿੱਚ ਜਿਸਦਾ ਗੀਤ ਵੀ ਬਣ ਗਿਆ ਸੀ:-

**"ਕਾਲ਼ਾ ਸ਼ਾਹ ਕਾਲ਼ਾ ਮੇਰਾ ਕਾਲ਼ਾ ਹੈ ਸਰਦਾਰ
ਗੋਰਿਆਂ ਨੂੰ ਦਫਾ ਕਰੋ,
ਮੈਂ ਆਪ ਤਿੱਲੇ ਦੀ ਧਾਰ"**

ਫਿਰ ਭਾਰਤ ਪਾਕਿਸਤਾਨ ਦੀ ਵੰਡ ਵੇਲ਼ੇ, ਪੰਜਾਬੀ ਔਰਤਾਂ ਬੋਲੀ ਪਾਉਂਦੀਆਂ ਸਨ:-

**"ਕਿੱਥੇ ਲੁਕ ਗਿਆ ਜਿਨਾਹ ਹਿੰਦ ਛੋੜ ਕੇ
ਨੀ ਕਿੱਥੇ ਲੁਕ ਗਿਆ"**

ਅਜ਼ਾਦੀ ਤੋਂ ਬਾਦ ਜਦ ਨਸ਼ਿਆਂ ਦਾ ਦੌਰ ਚੱਲਿਆ, ਪੰਜਾਬੀ ਨਿਕੰਮੇ ਹੁੰਦੇ ਗਏ, ਪੰਜਾਬ ਵਿੱਚ ਭਈਆਂ ਦੀ ਆਮਦ ਹੋਈ, ਉਸ ਸਮੇਂ ਨੂੰ ਦਰਸਾਉਂਦੀ ਬੋਲੀ ਆਮ ਸੁਣੀ ਗਈ :-

**"ਭੁੱਕੀ ਖਾਕੇ ਹੋ ਗਿਆ ਮੇਜਰ ਜਿਉਂ ਖੇਤਾਂ ਦਾ ਡਰਨਾਂ , ਨੀ ਮੈਂ ਭਈਆ ਕਰਨਾ
ਹੁਣ ਭਈਏ ਬਿਨਾਂ ਨਹੀਂ ਸਰਨਾਂ ਨੀ ਮੈਂ ਭਈਆ ਕਰਨਾ"**

ਪਰ ਪਿਛਲੇ ਸਮੇਂ ਵਿੱਚ ਜਦ ਕੁੜੀਆਂ ਆਈ ਲੈਟਸ ਕਰ ਕਏ ਬਾਹਰ ਜਾ ਰਹੀਆਂ ਹਨ ਤਾਂ ਪੰਜਾਬ ਵਿੱਚ ਕੁੜੀਆਂ ਦੀ ਐਨੀ ਕਮੀ ਹੋ ਗਈ ਕਿ ਜਮੀਨਾਂ ਵਾਲ਼ੇ ਜਾਂ ਵਧੀਆ ਕੰਮ ਕਾਰ ਵਾਲ਼ੇ ਮੁੰਡਿਆਂ ਨੂੰ ਵੀ ਵਿਆਹ ਕਰਾਉਣ ਲਈ ਕੁੜੀਆਂ ਮਿਲਣੋ ਹਟ ਗਈਆਂ ਤਾਂ ਮੁੰਡੇ ਵਿਆਹ ਵਿੱਚ ਇੱਕ ਬੋਲੀ ਪਾਂਉਦੇ ਹਨ:-

**"ਆਓ ਯਾਰੋ ਕੱਠੇ ਹੋ ਕੇ
ਇੱਕ ਸਕੀਮ ਬਣਾਈਏ
ਪੈਸੇ ਕੱਠੇ ਕਰਕੇ,
ਭਈਆ ਰਾਣੀ ਲਿਆਈਏ
ਚੁੱਲ੍ਹਾ ਤਪਦਾ ਹੋਜੂਗਾ ਕਿਤੇ
ਭੁੱਖੇ ਹੀ ਨਾਂ ਮਰ ਜਾਈਏ"**

ਇਹੋ ਜਿਹੇ ਸਾਡਾ ਪੰਜਾਬ ਜਿਸ ਨੂੰ ਗੁਲਾਬ ਫੁੱਲ ਕਹਿੰਦੇ ਐਨੇ ਭੈੜੇ ਸਮੇਂ ਚੋਂ ਲੰਘ ਰਿਹਾ ਹੈ। ਬਾਕੀ ਪੰਜਾਬ ਦੀ ਖੇਤੀ ਯੋਗ ਜ਼ਮੀਨ ਵੱਡੇ ਵੱਡੇ ਹਾਈਵੇਅਜ ਵਗੈਰਾ ਨੇ ਖਾ ਜਾਣੀ ਹੈ। ਜੇਕਰ ਪੰਜਾਬ ਵਿੱਚੋਂ ਲੋਕਾਂ ਦਾ ਪਰਵਾਸ ਇਸਤਰਾਂ ਹੀ ਜਾਰੀ ਰਿਹਾ ਤਾਂ ਪੰਜਾਬ ਤਾਂ ਸਿਰਫ ਨਕਸ਼ਿਆਂ ਵਿੱਚੋਂ ਹੀ ਲੱਭਿਆ ਕਰੇਗਾ। ਅਜੇ ਵੀ ਕਈ ਲੋਕ ਫਿਕਰ ਕਰਦੇ ਹਨ ਕਿ ਇੱਕ ਦਿਨ ਪੰਜਾਬ ਦਾ ਮੁੱਖ ਮੰਤਰੀ ਭਈਆ ਬਣੂਗਾ, ਦੋਸਤੋ ਇੱਕ ਦਿਨ ਇਹ ਤਾਂ ਹੋਵੇਗਾ ਹੀ ਕਿਉਂਕਿ ਜੇਕਰ ਤੁਸੀਂ ਬਾਹਰ ਜਾ ਕੇ ਮੁੱਖ ਮੰਤਰੀ ਜਾਂ ਰੱਖਿਆ ਮੰਤਰੀ ਬਣ ਸਕਦੇ ਹੋ ਤਾਂ ਭਈਆ ਵੀ ਪੰਜਾਬ ਦਾ ਮੁੱਖ ਮੰਤਰੀ ਬਣੂਗਾ ਹੀ। ਸਾਡੀ ਤਰਾਸਦੀ ਇਹ ਹੈ ਕਿ ਅਸੀਂ ਪੰਜਾਬ ਵਿੱਚ ਰਹਿਣਾ ਨਹੀਂ ਚਾਹੁੰਦੇ ਪਰ ਬਾਹਰ ਬੈਠੇ ਪੰਜਾਬ ਦਾ ਫਿਕਰ ਕਰੀ ਜਾਨੇ।

## ਨਿੱਜੀਕਰਨ ਖਿਲਾਫ਼ ਅਤੇ ਉਜਰਤੀ ਮੰਗਾਂ ਲਈ

# ਐਲ.ਸੀ.ਬੀ.ਓ. ਵਰਕਰਾਂ ਦੀ ਜੇਤੂ ਹੜਤਾਲ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ




ਮੌਜੂਦਾ ਸਰਮਾਏਦਾਰੀ ਦੌਰ ਵਿੱਚ ਜਿਥੇ ਇੱਕ ਪਾਸੇ ਵਿਸ਼ਵ ਪੱਧਰ ਤੇ ਨਿੱਜੀਕਰਨ ਦਾ ਪ੍ਰੋਗਰਾਮ ਜ਼ੋਰਾਂ ’ਤੇ ਹੈ, ਉਥੇ ਕਾਮਿਆਂ ਦੇ ਸੰਘਰਸ਼ ਵੀ ਇਸ ਨੂੰ ਪੂਰੀ ਟੱਕਰ ਦੇ ਰਹੇ ਹਨ। ਸੰਸਾਰ ਦੀ ਹਰ ਪੂੰਜੀਵਾਦੀ ਸਰਕਾਰ ਅਗਾੜੀ-ਪਿਛਾੜੀ, ਸਰਕਾਰੀ ਸੇਵਾਵਾਂ ਤੋਂ ਪੱਲਾ ਝਾੜ ਕੇ ਨਿੱਜੀਕਰਨ ਲਈ ਉਤਾਵਲੀ ਹੈ ਅਤੇ ਕੈਨੇਡੀਅਨ ਹਾਕਮ ਵੀ ਇਸ ਕੰਮ ਲਈ ਕਿਸੇ ਤੋਂ ਪਿੱਛੇ ਨਹੀਂ ਹਨ। ਐਲ.ਸੀ.ਬੀ.ਓ. ਭਾਵ ਓਂਟਾਰੀਓ ਦਾ ਸ਼ਰਾਬ ਕੰਟਰੋਲ ਬੋਰਡ ਦਾ ਨਿੱਜੀਕਰਨ ਪਲੈਨ ਅਤੇ ਵਰਕਰਾਂ ਦਾ ਜ਼ੋਰਦਾਰ ਵਿਰੋਧ, ਇਸ ਦੀ ਤਾਜ਼ਾ ਉਦਾਹਰਣ ਹੈ। ਓਂਟਾਰੀਓ ਦੀ ਡੱਗ ਫੋਰਡ ਦੁਆਰਾ ਸ਼ਾਸਤ ਸਰਕਾਰ ਨੇ ਪਬਲਿਕ ‘ਲਿਕਰ ਕੰਟਰੋਲ ਬੋਰਡ ਆਫ ਓਂਟਾਰੀਓ’ (ਐਲ.ਸੀ.ਬੀ.ਓ) ਦਾ ਨਿੱਜੀਕਰਨ ਕਰਨ ਦਾ ਪਲੈਨ ਨਾਲ ਆਮ ਲੋਕਾਂ ਨੂੰ ਪਬਲਿਕ ਖੇਤਰ ਤੋਂ ਮਿਲ ਰਹੀਆਂ ਚੰਗੀਆਂ ਨੌਕਰੀਆਂ ਅਤੇ ਜਨਤਕ ਸੇਵਾਵਾਂ ਨੂੰ ਮਿਲਣ ਵਾਲੀ ਫੰਡਿੰਗ ਦੇ ਸਰੋਤ ਨੂੰ ਭਾਰੀ ਧੱਕਾ ਲਗੇਗਾ।ਯਾਦ ਰਹੇ ਕਿ ਪਿਛਲੇ ਸਾਲ ਹੀ, ਐਲ.ਸੀ.ਬੀ.ਓ. ਕਾਰਪੋਰੇਸ਼ਨ ਵੱਲੋਂ ਪ੍ਰਾਪਤ ਮੁਨਾਫੇ ਨੇ ਸਿੱਖਿਆ, ਸਿਹਤ ਸੰਭਾਲ ਅਤੇ ਹੋਰ ਜਨਤਕ ਸੇਵਾਵਾਂ ਲਈ $2.58 ਬਿਲੀਅਨ ਡਾਲਰ ਫੰਡ ਮੁਹੱਈਆ ਕਰਵਾਏ ਹਨ। ਪਰ ਜੇਕਰ ਅਲਕੋਹਲ ਦੀ ਵਿਕਰੀ ਦੇ ਨਿੱਜੀਕਰਨ ਲਈ ਫੋਰਡ ਸਰਕਾਰ ਦੀ ਯੋਜਨਾ ਪੂਰੀ ਹੋ ਜਾਂਦੀ ਹੈ, ਤਾਂ ਉਹ ਮੁਨਾਫੇ ਸਿੱਧੇ ਹੀ ਵੱਡੇ ਬਾਕਸ ਸਟੋਰਾਂ ਦੇ ਅਰਬਪਤੀਆਂ ਦੀਆਂ ਜੇਬਾਂ ਵਿੱਚ ਚਲੇ ਜਾਣਗੇ।

ਐਲ.ਸੀ.ਬੀ.ਓ ਦੀ ਕਰਮਚਾਰੀ ਯੂਨੀਅਨ ਨੇ ਇਸ ਦਾ ਗੰਭੀਰ ਨੋਟਿਸ ਲਿਆ ਹੈ ਅਤੇ ਇਸ ਦੇ 10,000 ਕਰਮਚਾਰੀਆਂ ਦੀ ਨੁਮਾਇੰਦਗੀ ਵਾਲੀ ਯੂਨੀਅਨ ਨੇ 5 ਜੁਲਾਈ ਨੂੰ ਹੜਤਾਲ ਅਰੰਭ ਕੀਤੀ ਜੋਕਿ ਦੋ ਹਫਤੇ ਰਹੀ ਹੈ। ਕਰਮਚਾਰੀਆਂ ਦੁਆਰਾ ਹੜਤਾਲ ਦੇ ਨਤੀਜੇ ਵਜੋਂ ਸੂਬੇ ਭਰ ਵਿੱਚ ਸੈਂਕੜੇ ਐਲ.ਸੀ.ਬੀ.ਓ ਰਿਟੇਲ ਸਟੋਰ ਬੰਦ ਹੋ ਗਏ। ਦੋ ਹਫ਼ਤਿਆਂ ਦੀ ਹੜਤਾਲ ਬਾਅਦ, ਵਰਕਰਾਂ ਦੀ ਯੂਨੀਅਨ ਇੱਕ ਅਸਥਾਈ ਸਮਝੌਤੇ ’ਤੇ ਪਹੁੰਚ ਗਈ ਅਤੇ ਤਿੰਨ ਸਾਲਾਂ ਦੇ ਨਵੇਂ ਇਕਰਾਰਨਾਮੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਓ.ਪੀ.ਐਸ.ਈ.ਯੂ ਜੱਥੇਬੰਦੀ ਨੇ ਮਾਮੂਲੀ ਉਜਰਤ ਵਾਧੇ ਨੂੰ ਸੁਰੱਖਿਅਤ ਕਰਦੇ ਹੋਏ ਯੂਨੀਅਨ ਮੈਂਬਰਾਂ ’ਤੇ ਸਰਕਾਰ ਦੀ ਨਿੱਜੀਕਰਨ ਯੋਜਨਾ ਦੇ ਸਭ ਤੋਂ ਮਾੜੇ ਪ੍ਰਭਾਵਾਂ ਨੂੰ ਰੋਕਣ ਦਾ ਪ੍ਰਬੰਧ ਕੀਤਾ ਹੈ। ਪਰ ਐਲ.ਸੀ.ਬੀ.ਓ. ਵਿਖੇ ਨੌਕਰੀਆਂ ਦਾ ਭਵਿੱਖ ਅਜੇ ਵੀ ਧੁੰਦਲਾ ਹੀ ਹੈ ਕਿਉਂਕਿ ਇੱਹ ਕ੍ਰਾਊਨ ਕਾਰਪੋਰੇਸ਼ਨ ਕਈ ਸਾਲਾਂ ਤੋਂ ਆਊਟਸੋਰਸਿੰਗ ਅਤੇ ਕਰਮਚਾਰੀਆਂ ਦੇ ਪੁਨਰਗਠਨ ਸਕੀਮ ਕਾਰਨ ਕਮਜ਼ੋਰ ਹੋ ਚੁੱਕੀ ਹੈ ।

ਲਿਕਰ ਕੰਟਰੋਲ ਬੋਰਡ ਆਫ ਓਂਟਾਰੀਓ (ਐਲਸੀਬੀਓ) ਇੱਕ ਕ੍ਰਾਊਨ ਏਜੰਸੀ ਹੈ ਜੋ ਕੈਨੇਡੀਅਨ ਸੂਬੇ ਓਨਟਾਰੀਓ ਵਿੱਚ ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਦੀ ਪ੍ਰਚੂਨ ਵਿਕਰੀ ਅਤੇ ਵੰਡ ਕਰਦੀ ਹੈ। ਇਸਦੀ ਸਥਾਪਨਾ 1927 ਵਿੱਚ ਪ੍ਰੀਮੀਅਰ ਜਾਰਜ ਹਾਵਰਡ ਫਰਗੂਸਨ ਦੀ ਸਰਕਾਰ ਦੁਆਰਾ ਸ਼ਰਾਬ, ਵਾਈਨ ਅਤੇ ਬੀਅਰ ਵੇਚਣ ਲਈ ਕੀਤੀ ਗਈ ਸੀ। ਇਹ ਵਿੱਤ-ਮੰਤਰਾਲੇ ਰਾਹੀਂ ਪਾਰਲੀਮੈਂਟ ਨੂੰ ਜਵਾਬਦੇਹ ਹੈ। ਐਲਸੀਬੀਓ ਨੇ ਓਂਟਾਰੀਓ ਵਿੱਚ ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਦੀ ਵਿਕਰੀ ਦੇ ਵਪਾਰ ਉੱਤੇ ਆਪਣੀ ਰਚਨਾ ਤੋਂ ਲਗਭਗ ਇੱਕ ਸਦੀ ਤੱਕ ਅਰਧ-ਅਜਾਰੇਦਾਰੀ ਬਣਾਈ ਰੱਖੀ, ਜ਼ਿਆਦਾਤਰ ਸਮੇਂ ਲਈ, ਬੀਅਰ ਦੇ ਅਪਵਾਦਾਂ ਦੇ ਨਾਲ, ਓਂਟਾਰੀਓ ਵਿੱਚ ਅਲਕੋਹਲ ਵੇਚਣ ਲਈ ਐਲ.ਸੀ.ਬੀ.ਓ ਸਟੋਰ ਹੀ ਲਾਇਸੰਸਸ਼ੁਦਾ ਪ੍ਰਚੂਨ ਦੁਕਾਨਾਂ ਸਨ। ਸ਼ਰਾਬ ਕੰਟਰੋਲ ਐਕਟ, 1927 ਨੇ ਐਲ.ਸੀ.ਬੀ.ਓ ਨੂੰ ਓਂਟਾਰੀਓ ਵਿੱਚ ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਦੀ “ਵਿਕਰੀ, ਆਵਾਜਾਈ ਅਤੇ ਡਿਲੀਵਰੀ ਨੂੰ ਕੰਟਰੋਲ ਕਰਨ” ਲਈ ਅਧਿਕਾਰਤ ਕੀਤਾ। ਬਰੂਅਰਜ਼ ਰਿਟੇਲ ਨੂੰ ਇੱਕ ਨਿਯੰਤਰਿਤ ਤਰੀਕੇ ਨਾਲ ਬੀਅਰ ਵੇਚਣ ਲਈ ਬਣਾਇਆ ਗਿਆ ਸੀ ਜਦੋਂ ਕਿ ਵਾਈਨ ਅਤੇ ਸਪਿਰਿਟ (ਨਾਲ ਹੀ ਬੀਅਰ) ਐਲ.ਸੀ.ਬੀ.ਓ ਆਊਟਲੇਟਾਂ ਵਿੱਚ ਵੇਚੇ ਜਾਂਦੇ ਸਨ। ਵਾਈਨਰੀਆਂ ਅਤੇ ਬਰੂਅਰੀਆਂ ਨੂੰ ਵੀ ਆਪਣੇ ਸਟੋਰਾਂ ਤੋਂ ਵੇਚਣ ਦੀ ਇਜਾਜ਼ਤ ਦਿੱਤੀ ਗਈ ਸੀ, ਜੋ ਕਿ ਗਿਣਤੀ ਵਿੱਚ ਸੀਮਤ ਸਨ। ਐਲ.ਸੀ.ਬੀ.ਓ ਨੇ 2019 ਵਿੱਚ ਪ੍ਰੋਵਿੰਸ਼ੀਅਲ ਸਰਕਾਰ ਨੂੰ $2.3 ਬਿਲੀਅਨ ਦਾ ਲਾਭਅੰਸ਼ ਟਰਾਂਸਫਰ ਕੀਤਾ। ਇਸ ਨੂੰ ਹਰ ਸਾਲ ਜਾਰੀ ਰੱਖਦੇ ਹੋਏ, ਪਿਛਲੇ ਸਾਲ, ਐਲ.ਸੀ.ਬੀ.ਓ ਨੇ ਸਿੱਖਿਆ, ਸਿਹਤ ਸੰਭਾਲ ਅਤੇ ਹੋਰ ਜਨਤਕ ਸੇਵਾਵਾਂ ਲਈ $2.58 ਬਿਲੀਅਨ ਡਾਲਰ ਫੰਡ ਮੁਹੱਈਆ ਕਰਵਾਏ। ਇਸ ਦੇ ਨਿੱਜੀਕਰਨ ਲਈ ਬਹੁਤ ਸਾਰੀਆਂ ਬਹਿਸਾਂ ਚਲੀਆਂ ਪਰ ਕੁਝ ਚਿੰਤਕਾਂ ਦੁਆਰਾ ਇਹ ਦਲੀਲ ਦਿੱਤੀ ਗਈ ਹੈ ਕਿ ਇਹ ਇਸ ਕਾਰਪੋਰੇਸ਼ਨ ਦੀ ਵਿਕਰੀ ਸਿਰਫ਼ ਇੱਕ ਵਾਰੀ ਲਾਭ ਪ੍ਰਦਾਨ ਕਰੇਗੀ ਅਤੇ ਪ੍ਰੋਵਿੰਸ ਨੂੰ ਲਗਾਤਾਰ ਮਿਲਣ ਵਾਲੀ ਸਾਲਾਨਾ ਆਮਦਨ ਦੇ ਸਰੋਤ ਨੂੰ ਨੁਕਸਾਨ ਹੋਵੇਗਾ।

ਐਲ.ਸੀ.ਬੀ.ਓ ਇਸ ਸਮੇਂ ਪੂਰੇ ਸੂਬੇ ਵਿੱਚ ਲਗਭਗ ਸੱਤ ਸੌ ਪ੍ਰਚੂਨ ਸਥਾਨਾਂ ਦਾ ਸੰਚਾਲਨ ਕਰਦਾ ਹੈ, ਨੌਂ ਹਜ਼ਾਰ ਤੋਂ ਵੱਧ ਯੂਨੀਅਨ ਮੈਂਬਰਾਂ ਨੂੰ ਰੁਜ਼ਗਾਰ ਦਿੰਦਾ ਹੈ, ਅਤੇ ਸਿਹਤ ਸੰਭਾਲ ਅਤੇ ਸਿੱਖਿਆ ਵਰਗੀਆਂ ਜਨਤਕ ਸੇਵਾਵਾਂ ਵਿੱਚ ਪ੍ਰਤੀ ਸਾਲ ਲਗਭਗ $2.5 ਬਿਲੀਅਨ ਦਾ ਨਿਵੇਸ਼ ਕਰਦਾ ਹੈ। ਇਸ ਤਰ੍ਹਾਂ, ਇਹ ਜਨਤਕ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਬਣਿਆ ਹੋਇਆ ਹੈ। ਦਹਾਕਿਆਂ ਤੋਂ ਇਹ ਕ੍ਰਾਊਨ ਕਾਰਪੋਰੇਸ਼ਨ, ਅਲਗ ਅਲਗ ਸਮੇਂ, ਕੰਜ਼ਰਵੇਟਿਵ ਅਤੇ ਲਿਬਰਲ ਸਰਕਾਰਾਂ ਦੇ ਹੱਥਾਂ ਵਿੱਚ ਰਹੀ ਹੈ। ਥੋਕ ਨਿੱਜੀਕਰਨ ਨੂੰ ਲਾਗੂ ਕਰਨ ਵਿੱਚ ਅਸਮਰੱਥ, ਸਰਕਾਰਾਂ ਨੇ ਹੌਲੀ-ਹੌਲੀ ਐਲਸੀਬੀਓ ਨੂੰ ਕਮਜ਼ੋਰ ਕਰ ਦਿੱਤਾ ਹੈ ਅਤੇ ਇਸ ਦੇ ਸਟਾਫ ਨੂੰ ਘੱਟ ਕਰ ਦਿੱਤਾ ਹੈ ਅਤੇ ਨਿੱਜੀ ਤੌਰ ’ਤੇ ਸੰਚਾਲਿਤ “ਏਜੰਸੀ ਸਟੋਰ” ਵੀ ਖੋਲ੍ਹੇ ਹਨ।1990 ਦੇ ਦਹਾਕੇ ਦੇ ਮੱਧ ਵਿੱਚ ਆਪਣੀ ਚੋਣ ਤੋਂ ਬਾਅਦ, ਮਾਈਕ ਹੈਰਿਸ ਦੀ ਕੰਜ਼ਰਵੇਟਿਵ ਸਰਕਾਰ ਨੇ ਜਨਤਕ ਖੇਤਰ ਅਤੇ ਕ੍ਰਾਊਨ ਕਾਰਪੋਰੇਸ਼ਨਾਂ ਦੇ ਵੱਡੇ ਹਿੱਸਿਆਂ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਵਿਆਪਕ ਨਿੱਜੀਕਰਨ ਯੋਜਨਾ ਦੀ ਸ਼ੁਰੂਆਤ ਕੀਤੀ, ਨਾਲ ਹੀ ਸੂਬੇ ਦੇ ਕਿਰਤ ਕਾਨੂੰਨ ਦੀ ਇੱਕ ਹਮਲਾਵਰ ਤਬਦੀਲੀ ਕੀਤੀ। ਖਾਸ ਤੌਰ ’ਤੇ, ਕ੍ਰਾਊਨ ਕਾਰਪੋਰੇਸ਼ਨਾਂ ਨੂੰ ਨਿਯੰਤਰਿਤ ਕਰਨ ਵਾਲੇ ਐਕਟ ਵਿੱਚ ਸੋਧਾਂ ਨੇ ਉਨ੍ਹਾਂ ਯੂਨੀਅਨਾਂ ਦੇ ਉੱਤਰਾਧਿਕਾਰੀ ਅਧਿਕਾਰਾਂ ਨੂੰ ਖਤਮ ਕਰ ਦਿੱਤਾ ਅਤੇ ਇਸ ਦੀਆਂ ਨੌਕਰੀਆਂ ਪ੍ਰਾਈਵੇਟ ਜਾਂ ਗੈਰ-ਮੁਨਾਫ਼ਾ ਖੇਤਰ ਦੇ ਮਾਲਕਾਂ ਨੂੰ ਆਊਟਸੋਰਸ ਕੀਤੀਆਂ ਗਈਆਂ ਸਨ।

ਹੁਣ ਫੋਰਡ ਸਰਕਾਰ ਨੇ ਸ਼ਰਾਬ ਦੇ ਕਾਰੋਬਾਰ ਦੇ ਪ੍ਰਚੂਨ ਅਤੇ ਵੰਡ ਦਾ ਨਿੱਜੀਕਰਨ ਕਰਕੇ ਐਲ.ਸੀ.ਬੀ.ਓ ਦੇ ਏਕਾਧਿਕਾਰ ਨੂੰ ਖਤਮ ਕਰਨ ਦੀ ਯੋਜਨਾ ’ਤੇ ਤੇਜ਼ੀ ਨਾਲ ਅਮਲ ਸ਼ੁਰੂ ਕਰ ਦਿੱਤਾ ਹੈ। ਮਈ ਵਿੱਚ, ਫੋਰਡ ਨੇ ਘੋਸ਼ਣਾ ਕੀਤੀ ਕਿ ਉਸਦੀ ਸਰਕਾਰ ਸਨ 2026 ਤੱਕ ਸੁਵਿਧਾ ਸਟੋਰਾਂ ਅਤੇ ਸਾਰੇ ਕਰਿਆਨੇ ਸਟੋਰਾਂ ਵਿੱਚ ਬੀਅਰ, ਵਾਈਨ, ਸਾਈਡਰ ਅਤੇ ਪੀਣ ਲਈ ਤਿਆਰ ਕਾਕਟੇਲਾਂ ਦੀ ਵਿਕਰੀ ਨੂੰ ਵਧਾਉਣ ਦੀ ਆਪਣੀ ਯੋਜਨਾ ਲਾਗੂ ਕਰਣ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਪ੍ਰਸਤਾਵਿਤ ਫਰੇਮਵਰਕ ਐਲ.ਸੀ.ਬੀ.ਓ ਨੂੰ ਉੱਚ-ਅਲਕੋਹਲ ਸਪਿਰਿਟ ਦੇ ਥੋਕ ਵਿਕਰੇਤਾ ਵਜੋਂ ਬਰਕਰਾਰ ਰੱਖੇਗਾ, ਪਰ ਇਸਦੇ ਪ੍ਰਚੂਨ ਵਿਕਰੀ ਨੂੰ ਖਤਮ ਕਰ ਦੇਵੇਗਾ। ਯੂਨੀਅਨ ਨੇ ਸੈਂਕੜੇ ਬੰਦ ਹੋਏ ਐਲ.ਸੀ.ਬੀ.ਓ ਰਿਟੇਲ ਸਟੋਰਾਂ ਅਤੇ ਵੱਡੇ ਪੱਧਰ ’ਤੇ ਨੌਕਰੀਆਂ ਦੇ ਨੁਕਸਾਨ ਤੋਂ ਪੈਦਾ ਹੋਏ ਖਤਰੇ ਦੀ ਸਹੀ ਪਛਾਣ ਕੀਤੀ। ਓ.ਪੀ.ਸੀ.ਯੂ ਦੇ ਪ੍ਰਧਾਨ ਜੇ. ਪੀ. ਹੋਰਨਿਕ ਨੇ ਕਿਹਾ, “ਨਿੱਜੀ ਸ਼ਰਾਬ ਦੀ ਵਿਕਰੀ ਦਾ ਵਿਸਤਾਰ ਕਰਨਾ ਜਨਤਾ ਦੇ ਪੈਸੇ ਨੂੰ ਸੀਈਓ ਅਤੇ ਫੋਰਡ ਦੇ ਦੋਸਤਾਂ ਦੀਆਂ ਜੇਬਾਂ ਵਿੱਚ ਭੇਜਣ ਦੀ ਨਵੀਨਤਮ ਯੋਜਨਾ ਹੈ, ਜਦਕਿ ਸਾਡੀਆਂ ਜਨਤਕ ਸੇਵਾਵਾਂ ਨੂੰ ਹੋਰ ਨੁਕਸਾਨ ਪਹੁੰਚਾਉਂਦਾ ਹੈ।”

ਇੱਕ ਸਮਾਜਿਕ ਸੰਸਥਾ “ਲੀਡ ਨਾਓ” ਦੇ ਅਨੁਸਾਰ - ਡੱਗ ਫੋਰਡ ਸਰਕਾਰ ਸਾਰੀਆਂ ਬੰਦਿਸ਼ਾਂ ਨੂੰ ਹਟਾ ਕੇ, ਐਲਸੀਬੀਓ ਦਾ ਨਿੱਜੀਕਰਨ ਕਰਨ ਅਤੇ ਜਨਤਕ ਸੇਵਾਵਾਂ ਤੋਂ $2.5 ਬਿਲੀਅਨ ਨਿਵੇਸ਼ ਨੂੰ ਖਤਮ ਕਰ ਰਹੀ ਹੈ। ਫੋਰਡ ਸਰਕਾਰ ਦੀ ਇਸ ਕੋਸ਼ਿਸ਼ ਦੇ ਵਿਰੱਧ ਲੋਕਰਾਏ ਬਨਾਉਣ ਲਈ, ਇਸ ਸੰਗਠਨ ਵੱਲੋਂ ਪੋਲਿੰਗ ਮੁਹਿੰਮ ਵਿੱਢੀ ਗਈ। ਇਹ ਪੋਲਿੰਗ ਦਰਸਾਉਂਦੀ ਹੈ ਕਿ ਲਗਭਗ 50% ਓਨਟਾਰੀਓ ਐਲ.ਸੀ.ਬੀ.ਓ ਨੂੰ ਜਨਤਕ ਰੱਖਣ ਦੇ ਸਮਰਥਨ ਵਿੱਚ ਮਜ਼ਬੂਤੀ ਨਾਲ ਖੜ੍ਹੇ ਹਨ। ਪਰ ਫੋਰਡ ਵੱਲੋਂ ਪਰਦੇ ਪਿੱਛੇ ਕੰਮ ਕਰਨ ਦੇ ਨਾਲ ਸ਼ਰਾਬ ਦੀ ਵਿਕਰੀ ਦਾ ਨਿੱਜੀਕਰਨ ਕਰਨ ਅਤੇ ਸ਼ਰਾਬ ਦੇ ਲਾਇਸੈਂਸ ਆਪਣੇ ਅਰਬਪਤੀ ਦੋਸਤਾਂ ਨੂੰ ਸੌਂਪਣ ਦੀ ਆਪਣੀ ਯੋਜਨਾ ਨੂੰ ਤੇਜ਼ ਕੀਤੀ ਹੈ। ਐਲ.ਸੀ.ਬੀ.ਓ ਦਾ ਨਿੱਜੀਕਰਨ ਸਿਹਤ ਸੰਭਾਲ ਅਤੇ ਸਿੱਖਿਆ ਵਰਗੀਆਂ ਜ਼ਰੂਰੀ ਜਨਤਕ ਸੇਵਾਵਾਂ ਨੂੰ ਖਤਰੇ ਵਿੱਚ ਪਾਵੇਗਾ - ਜੋ ਸੂਬੇ ਵਿੱਚ ਅਲਕੋਹਲ ਦੀ ਵਿਕਰੀ ਤੋਂ ਪੈਦਾ ਹੋਏ ਮਾਲੀਏ ’ਤੇ ਨਿਰਭਰ ਕਰਦੇ ਹਨ। ਪਹਿਲਾਂ ਹੀ, 7,800 ਓਨਟਾਰੀਓ ਵਾਸੀਆਂ ਨੇ ਐਲ.ਸੀ.ਬੀ.ਓ ਨੂੰ ਇੱਕ ਜਨਤਕ ਸੰਸਥਾ ਵਜੋਂ ਰੱਖਣ ਲਈ ਸਾਡੀ ਪਟੀਸ਼ਨ ’ਤੇ ਦਸਤਖਤ ਕੀਤੇ। ਇਸ ਨੇ ਫੋਰਡ ਦੇ ਨਿੱਜੀਕਰਨ ਦਾ ਮੁਕਾਬਲਾ ਕਰਨ ਲਈ ਇਸ ਨੂੰ ਲਹਿਰ ਨੂੰ ਬਦਲਣ ਵਿੱਚ ਮਦਦ ਕਰਨ ਲਈ ਹਜ਼ਾਰਾਂ ਹੋਰ ਲੋਕਾਂ ਤੱਕ ਪਹੁੰਚ ਕੀਤੀ।

ਹੜਤਾਲੀ ਐਲ.ਸੀ.ਬੀ.ਓ ਵਰਕਰਾਂ ਨੇ ਡੱਗ ਫੋਰਡ ਵੱਲੋਂ ਨਿੱਜੀਕਰਣ ਦੀ ਯੋਜਨਾ ਦੇ ਵਿਰੁੱਧ ਲੜਨ ਲਈ ਇਸ ਦੀਆਂ ਪੀਕਟ ਲਾਈਨਾਂ ’ਤੇ ਹਮਲਾ ਕੀਤਾ। ਓ.ਪੀ.ਸੀ.ਯੂ ਨੇ ਕਿਹਾ ਸੀ ਕਿ ਕਰਮਚਾਰੀ ਹੜਤਾਲ ਕੀਤੀ ਕਿਉਂਕਿ ਪ੍ਰੀਮੀਅਰ ਡੱਗ ਫੋਰਡ ਦੀ ਅਲਕੋਹਲ ਦੀ ਵਿਕਰੀ ਨੂੰ ਆਮ ਕਰਿਆਨੇ ਦੀਆਂ ਦੁਕਾਨਾਂ ਤੱਕ ਵਧਾਉਣ ਦੀ ਯੋਜਨਾ ਨਾਲ ਯੂਨੀਅਨ ਨੌਕਰੀਆਂ ਅਤੇ ਜਨਤਕ ਮਾਲੀਏ ਨੂੰ ਨੁਕਸਾਨ ਹੁੰਦਾ ਹੈ। ਵਰਕਰਾਂ ਦੀ ਹੜਤਾਲ ਦੌਰਾਨ ਕੰਜ਼ਰਵੇਟਿਵ ਸਰਕਾਰ ਨੇ ਪ੍ਰਾਈਵੇਟ ਕਰਿਆਨੇ ਦੀਆਂ ਦੁਕਾਨਾਂ ਅਤੇ ਸੁਵਿਧਾ ਸਟੋਰਾਂ ’ਤੇ ਅਲਕੋਹਲ ਦੀ ਵਿਕਰੀ ਵਧਾਉਣ ਲਈ ਆਪਣੇ ਯਤਨ ਹੋਰ ਤੇਜ਼ ਕੀਤੇ ਅਤੇ ਇਸ ਤਰ੍ਹਾਂ ਓ.ਪੀ.ਐਸ.ਈ.ਯੂ ਯੁਨੀਅਨ ਦੇ ਕੰਮ ਨੂੰ ਆਊਟਸੋਰਸ ਕਰ ਦਿੱਤਾ। ਦੋ ਹ਼ਫਤਿਆਂ ਦੀ ਸਖ਼ਤ ਹੜਤਾਲ ਤੋਂ ਬਾਅਦ ਐਲ.ਸੀ.ਬੀ.ਓ ਵਰਕਰ ਇੱਕ ਸਮੂਹਿਕ ਸਮਝੌਤਾ ਜਿੱਤਣ ਵਿੱਚ ਕਾਮਯਾਬ ਹੋਏ। ਐਲ.ਸੀ.ਬੀ.ਓ ਦੇ ਅਨੁਸਾਰ ਦਸਤਖਤ ਕੀਤੇ ਗਏ ਅਸਥਾਈ ਸਮਝੌਤੇ ਵਿੱਚ ਤਿੰਨ ਸਾਲਾਂ ਵਿੱਚ ਅੱਠ ਪ੍ਰਤੀਸ਼ਤ ਦਾ ਉਜਰਤ ਵਾਧਾ, ਸਭ ਤੋਂ ਘੱਟ ਤਨਖਾਹ ਵਾਲੇ ਕਰਮਚਾਰੀਆਂ ਲਈ ਇੱਕ ਵਾਧੂ 7.8 ਪ੍ਰਤੀਸ਼ਤ ਅਤੇ ਇਸਦੇ ਵੇਅਰਹਾਊਸ ਵਿੱਚ ਕੁਝ ਵਪਾਰਕ ਅਹੁਦਿਆਂ ਲਈ ਇੱਕ ਵਿਸ਼ੇਸ਼ ਉਜਰਤ ਵਿਵਸਥਾ ਸ਼ਾਮਲ ਹੈ। ਇਸ ਵਿੱਚ ਲਗਭਗ 1,000 ਆਮ ਕਰਮਚਾਰੀਆਂ ਨੂੰ ਸਥਾਈ ਪਾਰਟ-ਟਾਈਮ ਸਥਿਤੀ ਵਿੱਚ ਤਬਦੀਲ ਕਰਨਾ, ਇਸਦੇ ਵੇਅਰਹਾਊਸ ਸੰਚਾਲਨ ਵਿੱਚ 60 ਸਥਾਈ ਫੁੱਲ-ਟਾਈਮ ਕਰਮਚਾਰੀਆਂ ਨੂੰ ਨਿਯੁਕਤ ਕਰਨਾ ਅਤੇ 1,300 ਘੰਟੇ ਅਤੇ 1,000 ਘੰਟੇ ਕੰਮ ਕਰਨ ਵਾਲੇ ਆਮ ਪਾਰਟ-ਟਾਈਮ ਕਰਮਚਾਰੀਆਂ ਲਈ ਲਾਭਾਂ ਤੱਕ ਪਹੁੰਚ ਵਿੱਚ ਸੁਧਾਰ ਕਰਨਾ ਸ਼ਾਮਲ ਹੈ। ਕ੍ਰਾਊਨ ਕਾਰਪੋਰੇਸ਼ਨ ਨੇ ਕਿਹਾ ਕਿ ਇਸ ਵਿੱਚ ਸੁਧਾਰੇ ਹੋਏ ਮਾਨਸਿਕ ਸਿਹਤ ਲਾਭ ਅਤੇ ਸੀਵੀਅਰੈਂਸ ਦੇ ਪ੍ਰਬੰਧ ਵੀ ਸ਼ਾਮਲ ਹਨ।

ਐਲ.ਸੀ.ਬੀ.ਓ ਨੇ ਕਿਹਾ ਕਿ ਦਸਤਖਤ ਕੀਤੇ ਗਏ ਸਮਝੌਤੇ ਵਿੱਚ “ਸਮੂਹਿਕ ਸਮਝੌਤੇ ਦੀ ਪੂਰਤੀ ਲਈ ਮਾਰਕੀਟਪਲੇਸ ਦੇ ਵਿਸਥਾਰ ਨਾਲ ਬੋਰਡ ਨਾਲ ਸਬੰਧਤ ਕੋਈ ਪ੍ਰਚੂਨ ਸਟੋਰ ਬੰਦ ਨਹੀਂ ਕੀਤਾ ਗਿਆ ਹੈ।” ਇੱਕ ਗੈਰ-ਬਾਈਡਿੰਗ ਸਾਂਝੀ ਯੂਨੀਅਨ-ਪ੍ਰਬੰਧਨ ਕਮੇਟੀ ਮਾਰਕੀਟਪਲੇਸ ਯੋਜਨਾਵਾਂ ਨੂੰ ਲਾਗੂ ਕਰਨ ਦਾ ਸਭ ਤੋਂ ਵਧੀਆ ਤਰੀਕਾ ਤੈਅ ਕਰੇਗੀ। ਪ੍ਰਬੰਧਨ ਐਲ.ਸੀ.ਬੀ.ਓ ਸੁਵਿਧਾ ਆਊਟਲੇਟਾਂ ਨੂੰ 400 ਤੱਕ ਸੀਮਤ ਕਰਨ, 1.25 ਮਿਲੀਅਨ ਕੇਸਾਂ ਦੁਆਰਾ ਪ੍ਰਚੂਨ ਦੁਕਾਨਾਂ ਦੀ ਸੇਵਾ ਕਰਨ ਵਾਲੇ ਵੇਅਰਹਾਊਸਾਂ ’ਤੇ ਉਤਪਾਦ ਦੀ ਮਾਤਰਾ ਵਧਾਉਣ ਅਤੇ 400 ਤੱਕ ਸੀਮਤ ਕਰਨ ਲਈ ਸਮਝੌਤੇ ਦੇ ਪੱਤਰ ਪ੍ਰਦਾਨ ਕਰਨ ਲਈ ਵੀ ਸਹਿਮਤ ਹੋਇਆ। ਸੌਦੇਬਾਜ਼ੀ ਦੀ ਚੇਅਰ ਕੋਲੀਨ ਮੈਕਲਿਓਡ ਨੇ ਇੱਕ ਬਿਆਨ ਵਿੱਚ ਕਿਹਾ, “ਵਰਕਰਾਂ ਨੇ ਓਂਟਾਰੀਓ ਵਾਸੀਆਂ ਨੂੰ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਡੱਗ ਫੋਰਡ ਦੀ ਯੋਜਨਾ “ਅਲਕੋਹਲ-ਹਰ ਥਾਂ” ਸਿੱਧੇ ਤੌਰ ’ਤੇ ਨੌਕਰੀਆਂ ਅਤੇ ਜਨਤਕ ਮਾਲੀਏ ਨੂੰ ਖ਼ਤਰਾ ਹੈ।” ਐਲ.ਸੀ.ਬੀ.ਓ. ਵਰਕਰਾਂ ਦਾ ਮੌਜੂਦਾ ਸੰਘਰਸ਼, ਕੈਨੇਡਾ ਦੇ ਲੋਕਾਂ ਦੇ ਨਿੱਜੀਕਰਨ ਵਿਰੁੱਧ ਵਿਆਪਕ ਸੰਘਰਸ਼ ਵਿੱਚ ਅਹਿਮ ਯੋਗਦਾਨ ਪਾਵੇਗਾ।

ਕਈ ਲੋਕਾਂ ਦੀ ਰਾਏ ਹੈ ਕਿ ਨਵਾਂ ਇਕਰਾਰਨਾਮਾ ਸਰਕਾਰ ਦੀਆਂ ਯੋਜਨਾਵਾਂ ਨੂੰ ਮੁਢੋਂ ਨਹੀਂ ਬਦਲ ਸਕਦਾ। ਇਸ ਲਈ ਅਗਲੇ ਤਿੰਨ ਸਾਲ ਇਸ ਗੱਲ ਦੀ ਪਰਖ ਹੋਣਗੇ ਕਿ ਫੋਰਡ ਸਰਕਾਰ ਵੱਲੋਂ ਵੱਡੇ ਰਿਟੇਲਰਾਂ ਨੂੰ ਦਿੱਤਾ ਗਿਆ ਤੋਹ਼ਫਾ, ਨਵੇਂ ਯੂਨੀਅਨ ਕੰਟਰੈਕਟ ਨਾਲ ਕਿਵੇਂ ਮੇਲ ਖਾਂਦਾ ਹੈ। ਫਿਲਹਾਲ, ਯੂਨੀਅਨ ਦੇ ਮੈਂਬਰ ਇੱਸ ਜਿੱਤ ਦਾ ਜਸ਼ਨ ਮਨਾ ਸਕਦੇ ਹਨ, ਭਾਵੇਂ ਕਿ ਇੱਕ ਅੰਸ਼ਕ ਅਤੇ ਅਨਿਸ਼ਚਿਤ ਹੈ। ਚਾਹੇ ਮੌਜੂਦਾ ਹੜਤਾਲ ਵਿਚ ਨਿੱਜੀਕਰਨ ਦੇ ਖ਼ਤਰਾ ਇੱਕ ਮੰਗ ਸੀ, ਪਰ ਓਂਟਾਰੀਓ ਵੱਲੋਂ ਆਊਟਸੋਰਸਿੰਗ ਸ਼ਰਾਬ ਦੀ ਰਿਟੇਲਿੰਗ ਵੱਲ ਚੁੱਕੇ ਗਏ ਕਦਮ ਕਈ ਦਹਾਕਿਆਂ ਤੋਂ ਚਲ ਰਹੇ ਹਨ। ਹੜਤਾਲ ਦੀ ਪੂਰਵ ਸੰਧਿਆ ’ਤੇ, ਐਲਸੀਬੀਓ ਦੇ ਲਗਭਗ 70 ਪ੍ਰਤੀਸ਼ਤ ਕਰਮਚਾਰੀ ਅਜੇ ਵੀ ਕੱਚੀਆਂ ਨੌਕਰੀਆਂ ਵਾਲੇ ਸਨ। ਇਸਦਾ ਮਤਲਬ ਇਹ ਹੈ ਕਿ ਨਿੱਜੀਕਰਨ ਵਿਰੁੱਧ ਲੜਾਈ ਓਪੀਐਸਈਯੂ ਵਰਗੀਆਂ ਜਨਤਕ ਖੇਤਰ ਦੀਆਂ ਯੂਨੀਅਨਾਂ ਲਈ ਵੀ ਬਚਾਅ ਦੀ ਲੜਾਈ ਹੀ ਹੈ। ਵਰਕਰਾਂ ਅਤੇ ਸਰਕਾਰ ਦੇ ਵਿਚਾਲੇ ਇਹ ਮੌਜੂਦਾ ਸਮਝੌਤਾ ਕਰਾਉਨ ਬੋਰਡ ਦੀ ਕਿਸਮਤ ਦੀ ਰੂਪਰੇਖਾ ਤਿਆਰ ਕਰੇਗਾ। ਪਰ ਭਵਿੱਖ ਵਿੱਚ ਨਿੱਜੀਕਰਣ ਬਾਰੇ ਫੋਰਡ ਸਰਕਾਰ ਦੀ ਵਚਨਬੱਧਤਾ ਦੀ ਅਸਲ ਸੱਚਾਈ ਜਗ ਜਾਹਿਰ ਹੋ ਸਕਦੀ ਹੈ।

ਭਾਰਤ ਵਿਦਿਆਰਥੀਆਂ ਦੀ

# ਤਰਾਸਦੀ ਦੇ ਅੰਗ-ਸੰਗ

| ਵਿਦੇਸ਼ | ਭਾਰਤੀ ਵਿਦਿਆਰਥੀਆਂ ਦੀ ਮੌਤਾਂ ਦੀ ਗਿਣਤੀ |
|---|---|
| ਕੈਨੇਡਾ | 172 |
| ਅਮਰੀਕਾ | 108 |
| ਬ੍ਰਿਟੇਨ | 58 |
| ਆਸਟ੍ਰੇਲੀਆ | 57 |
| ਰੂਸ | 37 |
| ਜਰਮਨੀ | 24 |
| ਯੂਕਰੇਨ | 18 |
| ਜਾਰਜੀਆ | 12 |
| ਕਿਰਗਿਸਤਾਨ | 12 |
| ਸਾਈਪ੍ਰਸ | 12 |
| ਚੀਨ | 08 |




**ਮਨਦੀਪ**

ਭਾਰਤ ਸਰਕਾਰ ਦੇ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਲੋਕ ਸਭਾ ਦੇ ਸ਼ੁੱਕਰਵਾਰ ਦੇ ਸੈਸ਼ਨ ਦੌਰਾਨ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ ਵਿਦੇਸ਼ਾਂ ਵਿੱਚ 633 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ ਹੈ ਤੇ ਇਸ ਸੂਚੀ ਵਿੱਚ ਕੈਨੇਡਾ (172 ਮੌਤਾਂ) ਸਿਖਰ 'ਤੇ ਹੈ, ਉਸ ਤੋਂ ਬਾਅਦ ਅਮਰੀਕਾ ਦੀ ਵਾਰੀ ਆਉਂਦੀ ਹੈ। ਅੰਕੜਿਆਂ ਮੁਤਾਬਕ ਕੁੱਲ 19 ਭਾਰਤੀ ਵਿਦਿਆਰਥੀ ਹਿੰਸਕ ਹਮਲਿਆਂ ਕਾਰਨ ਵਿਦੇਸ਼ਾਂ ਵਿੱਚ ਆਪਣੀ ਜਾਨ ਗੁਆ ਚੁੱਕੇ ਹਨ। ਖਾਸ ਤੌਰ 'ਤੇ ਕੈਨੇਡਾ ਵਿੱਚ ਸਭ ਤੋਂ ਵੱਧ ਨੌਂ ਹਿੰਸਕ ਮੌਤਾਂ ਦਰਜ ਕੀਤੀਆਂ ਗਈਆਂ ਤੇ ਅਮਰੀਕਾ ਵਿੱਚ ਛੇ ਮੌਤਾਂ ਹੋਈਆਂ। ਕੈਨੇਡਾ ਵਿੱਚ 172, ਅਮਰੀਕਾ ਵਿੱਚ ਕੁੱਲ 108 ਮੌਤਾਂ, ਯੂਕੇ 'ਚ 58, ਆਸਟਰੇਲੀਆ 'ਚ 57 ਤੇ ਰੂਸ 'ਚ 37 ਮੌਤਾਂ ਹੋਈਆਂ ਹਨ। ਰਿਪੋਰਟ ਵਿੱਚ ਨੋਟ ਕੀਤਾ ਗਿਆ ਕਿ ਯੂਕਰੇਨ ਵਿੱਚ 18, ਜਰਮਨੀ ਵਿੱਚ 24, ਅਤੇ ਜਾਰਜੀਆ, ਕਿਰਗਿਸਤਾਨ ਅਤੇ ਸਾਈਪ੍ਰਸ ਵਿੱਚ 12-12 ਮੌਤਾਂ ਹੋਈਆਂ ਹਨ। ਮੰਤਰੀ ਸਾਹਿਬ ਨੇ "ਡੂੰਘੀ ਚਿੰਤਾ" ਕਰਦਿਆਂ ਕਿਹਾ ਕਿ "ਵਿਦੇਸ਼ਾਂ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਭਾਰਤ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ, 'ਉਹਨਾਂ ਨੇ ਕਿਹਾ ਕਿ ਉਹ ਵਿਦੇਸ਼ਾਂ ਚੋਂ ਭਾਰਤੀ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਤੋਂ ਚਿੰਤਤ ਹਨ। ਹਰ ਰੰਗ ਦੀਆਂ ਸਰਕਾਰਾਂ ਤੇ ਉਹਨਾਂ ਦੇ ਵਿਹਲੜ ਮੰਤਰੀ ਵਿਦਿਆਰਥੀਆਂ ਦੀਆਂ ਮੌਤਾਂ ਤੇ ਸਿਆਸਤ ਕਰਦੇ ਹਨ ਪਰ ਹਕੀਕਤ ਵਿੱਚ ਇਹੀ ਸਰਕਾਰਾਂ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਕੂਚ ਕਰਨ ਤੇ ਰੋਲਣ ਲਈ ਜਿੰਮੇਵਾਰ ਹੁੰਦੀਆਂ ਹਨ। ਇਹਨਾਂ ਵਿਹਲੜ ਧੰਨਪਸ਼ੂਆਂ ਨੇ ਭਾਰਤ ਨੂੰ ਲੁੱਟਕੇ ਆਪਣੇ ਤੇ ਦੇਸੀ-ਵਿਦੇਸ਼ੀ ਕੰਪਨੀਆਂ ਦੇ ਢਿੱਡ ਭਰੇ ਹਨ ਤੇ ਨੌਜਵਾਨਾਂ ਨੂੰ ਬੇਰੁਜਗਾਰੀ, ਮਹਿੰਗਾਈ, ਨਸ਼ੇ, ਉਜਾੜਾ ਤੇ ਨਿਰਾਸ਼ਤਾ ਦੀ ਡੂੰਘੀ ਖਾਈ ਵਿੱਚ ਸੁੱਟ ਦਿੱਤਾ ਹੈ। ਹੁਣ ਵੀ ਜਦੋਂ ਕੈਨੇਡਾ-ਅਮਰੀਕਾ ਨਾਲ ਡਿਪਲੋਮੈਟਿਕ ਰਿਲੇਸ਼ਨ ਥੋੜੇ ਕੌੜੇ-ਕੁਸੈਲੇ ਹੋ ਗਏ ਤਾਂ ਕਿਤੇ ਜਾਂ ਕੇ ਆਪਣੇ ਕੂਟਨੀਤਿਕ ਲਾਹਿਆਂ ਲਈ ਵਿਦਿਆਰਥੀਆਂ ਵਾਸਤੇ ਹਮਦਰਦੀ ਦੇ ਚਾਰ ਸ਼ਬਦ ਮੂੰਹੋਂ ਫੁੱਟੇ ਹਨ ਪਰ ਹਕੀਕਤ ਵਿੱਚ ਕਰਨਾ ਹਾਲੇ ਵੀ ਕੁਝ ਨਹੀਂ। ਬਿਨਾਂ ਸ਼ੱਕ ਕੈਨੇਡਾ-ਅਮਰੀਕਾ ਸਮੇਤ ਬਾਕੀ ਮੁਲਕਾਂ ਦੀਆਂ ਸਰਕਾਰਾਂ ਵਿਦਿਆਰਥੀ ਪੱਖੀ ਜਾਂ ਦੁੱਧ ਧੋਤੀਆਂ ਨਹੀਂ ਹਨ। ਦੁਨੀਆਂ ਭਰ ਦੇ ਲੁਟੇਰਿਆਂ ਦੇ ਚਿਹਰੇ ਵੱਖ-ਵੱਖ ਹਨ ਪਰ ਲੁੱਟ-ਜਬਰ ਕਰਨ ਦੇ ਕਿਰਦਾਰ ਇੱਕ ਹਨ। ਭਾਵ ਸੱਤਾ ਦੀ ਕੁਰਸੀ ਤੇ ਕੋਈ ਵੀ ਬੈਠਾ ਹੋਵੇ ਰਾਜ ਪ੍ਰਬੰਧ ਉਹੀ ਹੈ। ਲੈਨਿਨ ਦੇ ਕਹਿਣ ਵਾਂਗ ਲੋਕ ਸਿਰਫ ਧੋਖੇ ਤੇ ਸਵੈ-ਧੋਖੇ ਦੇ ਸ਼ਿਕਾਰ ਹੁੰਦੇ ਰਹਿੰਦੇ ਹਨ। ਸੱਤਾ ਦੀ ਕੁਰਸੀ ਤੇ ਟਰੰਪ ਬੈਠੇ ਜਾਂ ਕਮਲਾ ਹੈਰਿਸ, ਮੋਦੀ ਜਾਂ ਰਾਹੁਲ, ਟਰੂਡੋ ਜਾਂ ਪੋਲੀਵਰ, ਐਂਥਨੀ ਐਲਬਨੀਜ਼ ਹੋਵੇ ਜਾਂ ਪੀਟਰ ਡਟਨ, ਰਿਸ਼ੀ ਸ਼ੂਨਕ ਹੋਵੇ ਜਾਂ ਸਟਾਰਮਰ ਇਸ ਨਾਲ ਕੋਈ ਬੁਨਿਆਦੀ ਫਰਕ ਨਹੀਂ ਪੈਂਦਾ ਸਿਵਾਏ ਅਗਲੇ ਪੰਜ ਸਾਲ ਵਾਸਤੇ ਉੱਠ ਦੇ ਬੁੱਲ ਵਾਂਗ ਕਿਸੇ ਨਵੇਂ ਚਿਹਰੇ ਤੋਂ ਬਿਹਤਰੀ ਦੀ ਆਸ ਦੀ ਝਾਕ 'ਚ ਬੁੜ-ਬੁੜ ਕਰਨ ਦੇ। ਸਦੀਆਂ ਤੋਂ ਇਹੀ ਚੱਲ ਰਿਹਾ। ਲੋੜ ਸਰਕਾਰਾਂ ਜਾਂ ਚਿਹਰੇ ਬਦਲਣ ਦੀ ਨਹੀਂ ਬਲਕਿ ਲੁੱਟ-ਜਬਰ ਵਾਲਾ ਰਾਜ ਪ੍ਰਬੰਧ ਬਦਲਣ ਦੀ ਹੈ।

ASSOCIATION OF SENIORS CLUBS, BRAMPTON
You Are Invited To
7TH ANNUAL MULTICULTURAL CANADA DAY AND CULTURAL CELEBRATIONS
Saturday, August 10, 2024
11:00 AM TO 5:00 PM
AT SAVEMAX SPORTS CENTRE, BRAMPTON
DIXIE RD & SANDALWOOD PKWY E
HONOURABLE KAMAL KHERA (MINISTER OF DIVERSITY, INCLUSION AND PERSONS WITH DISABILITY) WILL BE THE CHIEF GUEST.
REPRESENTATIVES OF THE COMMUNITY WILL GRACE THE OCCASION
ENTERTAINMENT
Gidha, Bhangra, Jaggo, Singing and Community Awareness Play
REFRESHMENTS
Refreshments and Healthy Snacks will be Served from 11:00 AM to 3:00PM
Progressive Books stall by " Sarokaran Di Awaz"
OPENING CEREMONY FLAG HOSTING WILL BE HELD AT 12:00 PM




FOR FURTHER INFO, CONTACT: JANGIR S. SEHMBY: 416-409-0126
PRITAM S. SRAN: 416-833-0567
Financial Supported By | NEW HORIZONES FOR SENIORS ( FEDRAL GOVERNMENT )
*CITY OF BRAMPTON/ABF PROGRAM

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
Free Estimate Paul Sekhon: 403-701-4947
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary
Ph. : 403-701-4947

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
#1150, 4818 Westwindus Drive NE. Calgary
403-293-9360



Apinder Aujla
BSc.Pharm



Satvachan Lal
B.Sc.Pharm

ਖੇਡ ਦੇ ਮੈਦਾਨ 'ਚੋਂ

# ਫੀਲਡ ਹਾਕੀ ਦੀ ਕੈਨੇਡੀਅਨ ਖੇਡਾਂ ਵਿਚ ਅਹਿਮੀਅਤ

## ਦੁਨੀਆਂ ਭਰ 'ਚੋਂ ਖਿਡਾਰੀਆਂ ਨੇ ਲਿਆ ਭਾਗ







ਸਰੀ/ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦੇ ਸ਼ਹਿਰ ਸਰੀ ਦੇ ਟੈਮਾਨਵਿਸ ਪਾਰਕ ਵਿੱਚ ਵੈਸਟ ਕੋਸਟ ਫੀਲਡ ਹਾਕੀ ਸੁਸਾਇਟੀ ਵਲੋਂ ਕਰਵਾਏ ਗਏ ਕੈਨੇਡਾ ਕੱਪ ਕੌਮਾਂਤਰੀ ਫੀਲਡ ਹਾਕੀ ਟੂਰਨਾਮੈਂਟ ਵਿੱਚ ਦੁਨੀਆਂ ਭਰ ਵਿੱਚ ਖਿਡਾਰੀਆਂ ਨੇ ਭਾਗ ਲਿਆ। ਸਭ ਤੋਂ ਸਿਖਰਲੇ ਵਰਗ ਵਿੱਚ ਪ੍ਰੀਮੀਅਰ ਡਿਵੀਜ਼ਨ ਵਿੱਚ ਭਾਗ ਲੈਣ ਲਈ ਸਿਰਕੱਢ ਕਲੱਬਾਂ ਨੇ ਹਾਮੀ ਭਰੀ। ਇਸ ਵਰਗ ਵਿੱਚ ਮੇਜ਼ਬਾਨ ਵੈਸਟ ਕੋਸਟ ਤੋਂ ਇਲਾਵਾ ਯੂਬਾ ਬ੍ਰਦਰਜ਼, ਇਡੀਅਨ ਜਿੰਮਖਾਨਾ ਇੰਗਲੈਂਡ,ਤਸਵਰ ਇਲੈਵਨ, ਵਿੰਨੀਪੈਗ ਰੋਵਰਜ਼, ਫੀਨਿਕਸ ਫੀਲਡ ਹਾਕੀ ਕਲੱਬ, ਗੋਬਿੰਦ ਸਰਵਰ, ਇੰਡੀਆ ਕਲੱਬ ਸਰੀ, ਯੂਨਾਈਟਿਡ ਕਲੱਬ ਸਰੀ ਦਸਮੇਸ਼ ਕਲੱਬ ਦੀਆਂ ਟੀਮਾਂ ਖੇਡੀਆਂ।

ਪ੍ਰੀਮੀਅਰ ਵਰਗ ਦੇ ਪੂਲ ਮੈਚਾਂ ਤੋਂ ਬਾਅਦ ਅਮਰੀਕਨ ਕਲੱਬਾਂ ਯੂਬਾ ਬ੍ਰਦਰਜ਼ ਅਤੇ ਫੀਨਿਕਸ ਫੀਲਡ ਹਾਕੀ ਕਲੱਬ ਵਿਚਕਾਰ ਫਾਈਨਲ ਮੈਚ ਖੇਡਿਆ ਗਿਆ ਜਿਸ ਵਿੱਚ ਫੀਨਿਕਸ ਕਲੱਬ ਦੀ ਟੀਮ 4-2 ਦੇ ਫਰਕ ਨਾਲ਼ ਜੇਤੂ ਰਹੀ। ਜੇਤੂ ਟੀਮ ਨੂੰ ਸ਼ਾਨਦਾਰ ਕੱਪ ਤੋਂ ਇਲਾਵਾ ਸੰਘੇੜਾ ਬ੍ਰਦਰਜ਼ ਅਤੇ ਅਪਨਾ ਗਰੁੱਪ ਵਲੋਂ ਸਪਾਂਸਰ 10 ਹਜ਼ਾਰ ਡਾਲਰ ਦਾ ਨਕਦ ਇਨਾਮ ਦਿੱਤਾ ਗਿਆ। ਉਪ ਜੇਤੂ ਯੂਬਾ ਬ੍ਰਦਰਜ਼ ਨੂੰ ਪੰਜ ਹਜ਼ਾਰ ਡਾਲਰ ਦੀ ਇਨਾਮੀ ਰਾਸ਼ੀ ਮਿਲੀ। ਮੇਜ਼ਬਾਨ ਵੈਸਟ ਕੋਸਟ ਟੀਮ ਇਸ ਵਰਗ ਵਿੱਚੋਂ ਤੀਜੇ ਅਤੇ ਤਸਵਰ ਇਲੈਵਨ ਦੀ ਚੌਥੇ ਸਥਾਨ ਤੇ ਰਹੀ।

**ਸੋਸ਼ਲ ਵਰਗ:** ਕੈਨੇਡਾ ਕੱਪ ਦੇ ਦੂਜੇ ਵਰਗ ਸ਼ੋਸ਼ਲ ਡਿਵੀਜ਼ਨ ਵਿੱਚ 16 ਟੀਮਾਂ ਦੇ ਚਾਰ ਪੂਲ ਬਣਾਏ ਗਏ। ਪੂਲ 'ਏ' ਵਿੱਚ ਵੈਸਟ ਕੋਸਟ ਕਿੰਗਜ਼(ਬਲਿਊ), ਮਾਸਟਰ ਇਲੈਵਨ, ਫੇਅਰਫੀਲਡ ਕਲੱਬ ਅਮਰੀਕਾ, ਇਲੀਟ ਕਲੱਬ ਸਰੀ, ਪੂਲ 'ਬੀ' ਵਿੱਚ ਵੌਲਵਰਿਨਜ਼ ਐਬਸਫੋਰਡ, ਪੈਂਥਰਜ਼ ਸਰੀ, ਕਿੰਗਜ਼ ਇਲੈਵਨ ਕੈਲਗਰੀ, ਵੈਸਟ ਕੋਸਟ (ਰੈਡ), ਪੂਲ 'ਸੀ' ਵਿੱਚ ਯੂਬਾ ਬ੍ਰਦਰਜ਼ ਅਮਰੀਕਾ, ਇੰਡੀਆ ਕਲੱਬ ਸਰੀ, ਸੁਰਿੰਦਰ ਲਾਇਨਜ਼ (ਬੀ), ਐਮ ਵੀ ਪੀ ਐਲ, ਪੂਲ 'ਡੀ' ਵਿੱਚ ਸੁਰਿੰਦਰ ਲਾਇਨਜ਼(ਏ), ਵਿਕਟੋਰੀਆ, ਯੂਨਾਈਟਿਡ ਬ੍ਰਦਰਜ਼ ਅਤੇ ਦਸ਼ਮੇਸ਼ ਕਲੱਬ ਦੀਆਂ ਟੀਮਾਂ ਖੇਡੀਆਂ। ਫਾਈਨਲ ਵਿੱਚ ਸੁਰਿੰਦਰ ਲਾਇਨਜ਼ ਕਲੱਬ ਦੀ ਟੀਮ ਨੇ ਵੈਸਟ ਕੋਸਟ ਨੂੰ ਹਰਾ ਕੇ ਇਹ ਖਿਤਾਬ ਆਪਣੇ ਨਾਮ ਕਰ ਲਿਆ।

**ਕੁੜੀਆਂ** : ਕੈਨੇਡਾ ਕੱਪ ਫੀਲਡ ਹਾਕੀ ਕੌਮਾਂਤਰੀ ਟੂਰਨਾਮੈਂਟ ਵਿੱਚ ਇਸ ਵਾਰ ਕੁੜੀਆਂ ਦੀਆਂ ਸੀਨੀਅਰ ਟੀਮਾਂ ਦੀ ਐਂਟਰੀ ਨੇ ਨਵੇਂ ਰਿਕਾਰਡ ਕਾਇਮ ਕਰ ਦਿੱਤੇ ਹਨ। ਉਤਰੀ ਅਮਰੀਕਾ ਵਿੱਚ ਕਿਸੇ ਵੀ ਪੰਜਾਬੀ ਟੂਰਨਾਮੈਂਟਾਂ ਦੀ ਗੱਲ ਕਰੀਏ ਤਾਂ ਹੁਣ ਤੱਕ ਕਿਸੇ ਵੀ ਟੂਰਨਾਮੈਂਟ ਵਿੱਚ ਕੁੜੀਆਂ ਦੀਆਂ ਐਨੀਆਂ ਸੀਨੀਅਰ ਟੀਮਾਂ ਨਹੀਂ ਖੇਡੀਆਂ। ਟੀਮਾਂ ਨੂੰ 2 ਪੂਲਾਂ ਵਿੱਚ ਵੰਡਿਆ ਗਿਆ ਹੈ। ਪੂਲ 'ਏ' ਵਿੱਚ ਵੈਸਟ ਕੋਸਟ ਕਿੰਗਜ਼, ਫਰੇਜ਼ਰ ਵੈਲੀ ਐਬਸਫੋਰਡ, ਬੀਸੀ ਵਾਈਟ, ਪੀਏ-15 ਮੈਕਸੀਕੋ, ਪੂਲ 'ਬੀ' ਵਿੱਚ ਕੈਲਗਰੀ ਯੂਨੀਵਰਸਿਟੀ, ਇੰਡੀਆ ਕਲੱਬ ਸਰੀ, ਈਗਲਜ਼ ਕਲੱਬ ਮੈਕਸੀਕੋ ਅਤੇ ਬੀਸੀ ਬਲਿਊ ਦੀਆਂ ਟੀਮਾਂ ਖੇਡੀਆਂ। ਈਗਲ ਕਲੱਬ ਮੈਕਸੀਕੋ ਨੇ ਵੈਸਟ ਕੋਸਟ ਕਲੱਬ ਸਰੀ ਨੂੰ ਹਰਾ ਕੇ ਟਰਾਫੀ ਤੋਂ ਇਲਾਵਾ 5 ਹਜ਼ਾਰ ਦਾ ਨਕਦ ਇਨਾਮ ਜਿੱਤ ਲਿਆ ਜਿਹੜਾ ਮਨਦੀਪ ਧਾਲੀਵਾਲ ਦੀ ਯਾਦ ਵਿੱਚ ਜਗਤਾਰ ਧਾਲੀਵਾਲ ਵਲੋਂ ਦਿੱਤਾ ਗਿਆ।

ਅੰਡਰ-16 ਉਮਰ ਵਰਗ ਵਿੱਚ ਪੈਂਥਰਜ਼ ਫੀਲਡ ਹਾਕੀ ਕਲੱਬ ਨੇ ਪਹਿਲਾ ਅਤੇ ਯੂਨਾਈਟਿਡ ਕਲੱਬ ਕੈਲਗਰੀ ਨੇ ਦੂਜਾ ਸਥਾਨ ਹਾਸਲ ਕੀਤਾ। ਵਿਅਕਤੀਗਤ ਤੌਰ ਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਪੰਜ ਖਿਡਾਰੀਆਂ ਨੂੰ ਆਈਡਲ ਸਾਈਨ ਅਤੇ ਆਈਡਲ ਅਪਲਿਫਟਰ ਦੇ ਲੱਕੀ ਜੌਹਲ ਤੇ ਲਵਲੀ ਜੌਹਲ ਵਲੋਂ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। 12 ਸਾਲ ਤੋਂ ਘੱਟ ਉਮਰ ਖਿਡਾਰੀਆਂ ਦੇ ਮੈਚ ਵੀ ਕਰਵਾਏ ਗਏ ਜਿਸ ਵਿੱਚ ਨਵੀਂ ਉਮਰ ਦੇ ਖਿਡਾਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਵੈਸਟ ਕੋਸਟ ਫੀਲਡ ਹਾਕੀ ਸੁਸਾਇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਮਾਂਗਟ ਨੇ ਕੈਨੇਡਾ ਕੱਪ ਨੂੰ ਸਫਲ ਬਣਾਉਣ ਲਈ ਖਿਡਾਰੀਆਂ, ਵਲੰਟੀਅਰਾਂ, ਟੈਕਨੀਕਲ ਸਟਾਫ, ਸਪਾਂਸਰਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਕਲੱਬ ਵਲੋਂ ਊਧਮ ਸਿੰਘ ਹੁੰਦਲ, ਤਰਨਜੀਤ ਸਿੰਘ ਹੇਅਰ, ਨਵੀ ਦਿਓਲ, ਹਰਵਿੰਦਰ ਸਰਾਂ, ਸੁਖਵਿੰਦਰ ਕੁਲਾਰ, ਸੁਖ ਗਿੱਲ, ਮਲਕੀਤ ਸਿੰਘ ਪਾਹਲ, ਸਤਵੰਤ ਸਿੰਘ ਅਟਵਾਲ, ਚਮਕੌਰ ਸਿੰਘ ਗਿੱਲ, ਗਗਨਦੀਪ ਤੁੰਗ, ਇਸਤਿੰਦਰ ਥਿੰਦ, ਗਗਨ ਥਿੰਦ, ਪ੍ਰੀਤ ਢੱਟ, ਰਾਣਾ ਕੁਲਾਰ, ਬੱਬਲ ਬੈਂਸ ਅਤੇ ਹਰਜਿੰਦਰ ਬੈਂਸ ਨੇ ਟੂਰਨਾਮੈਂਟ ਨੂੰ ਹਰ ਪੱਖੋਂਸ ਫਲ ਬਣਾਉਣ ਲਈ ਦਿਨ ਰਾਤ ਕੰਮ ਕੀਤਾ। ਗੁਰੂਦੁਆਰਾ ਦਸ਼ਮੇਸ਼ ਦਰਬਾਰ ਅਤੇ ਨਿੱਜਰ ਟਰੱਕਿੰਗ ਵਲੋਂ ਮਹਿਮਾਨਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ।

# ਕੈਨੇਡਾ ਡੇਅ : ਬਲੂ ਓਕ ਸੀਨੀਅਰ ਕਲੱਬ ਦੀ ਪਹਿਲ ਕਦਮੀ



ਬਰੈਂਪਟਨ : ਬਲੂ ਓਕ ਸੀਨੀਅਰ ਕਲੱਬ, ਬਰੈਪਟਨ ਵਲੋਂ 9 ਜੁਲਾਈ ਦਿਨ ਐਤਵਾਰ ਬਲਿਊ ਓਕ ਪਾਰਕ ਵਿਖੇ ਕਲੱਬ ਦੇ ਚੇਅਰਮੈਨ ਸੋਹਨ ਸਿੰਘ ਤੁੜ, ਅਤੇ ਪ੍ਰਧਾਨ ਗੁਰਮੇਲ ਸਿੰਘ ਚੀਮਾਂ ਦੀ ਅਗਵਾਈ ਵਿਚ 157ਵਾਂ ਕਨੇਡਾ ਡੇ ਬੜੀ ਧੂਮ ਧਾਮ ਨਾਲ ਮਨਾਇਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਕਲੱਬ ਦੇ ਜਨਰਲ ਸਕੱਤਰ ਮਹਿੰਦਰ ਪਾਲ ਵਰਮਾ ਨੇ ਸਾਰੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਜੀਉ ਆਇਆਂ ਆਖਿਆ। ਉਪਰੰਤ ਸਾਰਿਆਂ ਨੇ ਖੜੇ ਹੋਕੇ ਕਨੇਡਾ ਦੇ ਰਾਸ਼ਟਰੀ ਗੀਤ 'ਓ ਕਨੇਡਾ' ਦਾ ਗਾਇਨ ਕੀਤਾ ਅਤੇ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ। ਮੋਹਨ ਲਾਲ ਵਰਮਾਂ ਅਤੇ ਗੁਰਦੇਵ ਸਿੰਘ ਰੱਖੜਾ ਨੇ ਆਪਣੀਆਂ ਕਵਿਤਾਵਾਂ ਸੁਣਾ ਕੇ ਸਭ ਨੂੰ ਨਿਹਾਲ ਕੀਤਾ। ਸਤਿਆਪਾਲ ਵਰਮਾਂ ਨੇ ਦਰਦਾਂ ਦੀ ਬਿਮਾਰੀ ਦੇ ਇਲਾਜ ਵਾਰੇ ਦੱਸਿਆ। ਅਖੀਰ ਵਿਚ ਸੋਹਨ ਸਿੰਘ ਤੁੜ, ਚੇਅਰਮੈਨ ਅਤੇ ਗੁਰਮੇਲ ਸਿੰਘ ਚੀਮਾ, ਪ੍ਰਧਾਨ ਕਲੱਬ ਨੇ ਸਾਰੇ ਆਏ ਵੀਰਾਂ ਦਾ ਸਮਾਗਮ ਦੀ ਰੌਣਕ ਵਧਾਉਣ ਲਈ ਧੰਨਵਾਦ ਕੀਤਾ। ਪ੍ਰਬੰਧਕਾਂ ਵਲੋਂ ਚਾਹ, ਪਕੌੜੇ, ਮਠਿਆਈ ਅਤੇ ਠੰਡੇ ਦਾ ਪ੍ਰਬੰਧ ਕੀਤਾ ਗਿਆ ਸੀ। ਸਮਾਗਮ ਦੀ ਸਮਾਪਤੀ ਉਪਰੰਤ ਪ੍ਰੋਗਰਾਮ ਵਿਚ ਸ਼ਾਮਲ ਸਾਰੇ ਵੀਰਾਂ ਅਤੇ ਪਾਰਕ ਵਿਚ ਆਈਆਂ ਬੀਬੀਆਂ ਅਤੇ ਬਚਿਆਂ ਨੇ ਸਨੈਕਸ, ਮਿਠਾਈ ਅਤੇ ਚਾਹ ਪਾਣੀ ਦਾ ਅਨੰਦ ਮਾਣਿਆਂ। ਮੈਡੀਕਲ ਸਟੂਡੈਂਟ ਅਰਸ਼ਦੀਪ ਚੀਮਾ (PHILANTHROPIST) ਪਿਛਲੇ 4 ਸਾਲਾਂ ਤੋਂ ਚਾਹ ਦੀ ਸੇਵਾ ਕਰਦੇ ਆ ਰਹੇ ਹਨ। ਇਸ ਵਾਰ ਵੀ ਕਨੇਡਾ ਡੇ ਵਿਚ ਸ਼ਾਮਲ ਸਾਰਿਆਂ ਲਈ ਚਾਹ ਦੀ ਸੇਵਾ ਉਨ੍ਹਾਂ ਵਲੋਂ ਕੀਤੀ ਗਈ। ਪ੍ਰਬੰਧਕਾਂ ਵਲੋਂ ਇਸ ਲਈ ਵਿਦਿਆਰਥਣ ਚੀਮਾ ਦਾ ਵਿਸ਼ੇਸ਼ ਧੰਨਵਾਦ ਕੀਤਾ।






# ‘ਸਰੋਕਾਰਾਂ ਦੀ ਆਵਾਜ਼’ ਵਲੋਂ ਪਰਮਿੰਦਰ ਕੌਰ ਸਵੈਚ ਦੇ ਕਾਵਿ-ਸੰਗ੍ਰਹਿ ‘ਜ਼ਰਦ ਰੰਗਾਂ ਦਾ ਮੌਸਮ’ ਦਾ ਲੋਕ ਅਰਪਣ


















ਸਰੀ : ‘ਸਰੋਕਾਰਾਂ ਦੀ ਆਵਾਜ਼’ ਅਦਾਰੇ ਵਲੋਂ ਪਰਮਿੰਦਰ ਕੌਰ ਸਵੈਚ ਦੇ ਕਾਵਿ-ਸੰਗ੍ਰਿਹ “ਜ਼ਰਦ ਰੰਗਾਂ ਦਾ ਮੌਸਮ” ਦਾ ਲੋਕ ਅਰਪਣ ਅਤੇ ਉਸ ਉਤੇ ਵਿਚਾਰ ਚਰਚਾ ਕਰਵਾਈ ਗਈ। ਪੱਤਰਕਾਰ ਤੇ ਰੇਡਿਓ ਹੋਸਟ ਨਵਜੋਤ ਢਿੱਲੋਂ ਵਲੋਂ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭ ਤੋਂ ਪਹਿਲਾਂ ਸਰ੍ਹੀ ਦੇ ਵਿਅੰਗਕਾਰ ਲੇਖਕ ਤੇ ਬਹੁਤ ਹੀ ਵਧੀਆ ਇਨਸਾਨ ਗੁਰਮੇਲ ਬਦੇਸ਼ਾ ਜੋ ਦੋ ਦਿਨ ਪਹਿਲਾਂ ਹੀ ਇਸ ਦੁਨੀਆਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ, ਨੂੰ ਸ਼ਰਧਾਂਜ਼ਲੀ ਦਿੱਤੀ ਗਈ। ਇਸ ਤੋਂ ਬਾਅਦ ਪ੍ਰਧਾਨਗੀ ਮੰਡਲ ਵਿੱਚ ਕਮਿਊਨਿਟੀ ਦੇ ਪ੍ਰਤੀਭਾਵਾਨ ਵਿਦਵਾਨ ਡਾਕਟਰ ਸਾਧੂ ਸਿੰਘ, ਡਾ. ਰਘਬੀਰ ਸਿੰਘ ‘ਸਿਰਜਣਾ’, ਰੰਗਮੰਚ ਦੇ ਸ਼ਾਹਕਾਰ ਡਾ. ਸਾਹਿਬ ਸਿੰਘ, ਐਡਮਿੰਟਨ ਤੋਂ ਪਹੁੰਚੀ ਕਵਿੱਤਰੀ ਬਖ਼ਸ਼ ਸੰਘਾ ਅਤੇ ਲੇਖਿਕਾ ਪਰਮਿੰਦਰ ਸਵੈਚ ਨੂੰ ਆਦਰ ਮਾਣ ਨਾਲ ਮੰਚ ‘ਤੇ ਸ਼ਸ਼ੋਭਿਤ ਹੋਣ ਲਈ ਸੱਦਾ ਦਿੱਤਾ ਗਿਆ। ਨਵਜੋਤ ਨੇ ਸੰਖੇਪ ਵਿੱਚ ਲੇਖਿਕਾ ਦੇ ਸਮੁੱਚੇ ਇਨਕਲਾਬੀ ਜੀਵਨ, ਪਰਿਵਾਰ, ਕਿਰਤਾਂ ਤੇ ਕਮਿਊਨਿਟੀ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਚਾਨਣਾ ਪਾਇਆ। ਪਰਮਿੰਦਰ ਸਵੈਚ ਦੀ ਬੇਟੀ ਅਨਮੋਲ ਸਵੈਚ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਤੇ ਆਪਣੇ ਪਰਿਵਾਰਕ ਅਨੁਭਵ ਵਿੱਚੋਂ ਆਪਣੇ ਵਿਚਾਰ ਸਾਂਝੇ ਕੀਤੇ। ਸਿਧਵਾਂ ਕਾਲਜ ਦੀ ਸਾਬਕਾ ਲੈਕਚਰਾਰ ਹਰਿੰਦਰ ਕੌਰ ਸੋਹੀ ਨੇ ਕਿਹਾ ਕਿ ਪਰਮਿੰਦਰ ਦੀ ਖੁੱਲ੍ਹੀ ਕਵਿਤਾ ਵਿੱਚ ਮਾਲਵੇ ਖੇਤਰ ਦੀ ਪੇਂਡੂ ਸ਼ਬਦਾਵਲੀ ਹੈ ਜਿਸ ਵਿੱਚ ਇਨਕਲਾਬੀ ਵੇਗ, ਜੋਸ਼, ਭਾਵਕਤਾ, ਵਿਰੋਧ, ਗੁੱਸਾ, ਸੰਘਰਸ਼, ਬਗਾਵਤ ਤੇ ਜਿੱਤ ਵੱਲ ਵਧਦੇ ਕਦਮਾਂ ਤੇ ਵਧੀਆ ਸਮਾਜ ਦੀ ਸਿਰਜਣਾ ਵੱਲ ਇੱਕ ਭਾਵਪੂਰਤ ਸੁਨੇਹਾ ਹੈ। ਡਾ. ਸਾਧੂ ਬਿਨਿੰਗ ਨੇ ਆਪਣੀ ਉਦਾਹਰਣ ਦਿੰਦੇ ਹੋਏ ਕਿਹਾ ਕਿ ਪਰਮਿੰਦਰ ਦੀ ਕਵਿਤਾ ਵੀ ਇਸ ਸਮੇਂ ਦੇ ਸਮਾਜ ਦਾ ਸ਼ੀਸ਼ਾ ਹੈ ਜਿਸ ਵਿੱਚੋਂ ਅੱਜ ਦੀ ਝਲਕ ਪੈਂਦੀ ਹੈ ਤੇ ਪੈਂਦੀ ਰਹੇਗੀ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸਕ ਸੱਚ ਬਣੇਗੀ। ਉੱਘੀ ਲੇਖਿਕਾ ਸੁਰਜੀਤ ਕਲਸੀ ਨੇ ‘ਸਵੈ ਦੀ ਸ਼ਨਾਖ਼ਤ’, ਚਲਦੀ ਫਿਰਦੀ ਲਾਸ਼, ਜੜ੍ਹਾਂ ਆਦਿ ਕਵਿਤਾਵਾਂ ਦਾ ਜ਼ਿਕਰ ਕਰਦਿਆਂ ਸਾਡੀ ਦੋਹਰੀ ਮਾਨਸਿਕਤਾ ਅਤੇ ਫੋਸਟਰ ਹੋਮਾਂ ਵਿੱਚ ਰੁਲ਼ਦੇ ਮੂਲ ਨਿਵਾਸੀਆਂ ਦੇ ਬੱਚਿਆਂ ਦੀ ਪਾਈ ਬਾਤ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕੀਤਾ ਤੇ ਲੇਖਿਕਾ ਦੇ ਸੰਘਰਸ਼ ਨੂੰ ਸਲੂਟ ਵੀ ਕੀਤਾ। ਕਵੀ ਅਮਰੀਕ ਪਲਾਹੀ ਨੇ ‘ਖ਼ਤਰਾ’ ਨਾਂ ਦੀ ਛੋਟੀ ਜਿਹੀ ਕਵਿਤਾ ਪੜ੍ਹੀ ਤੇ ਉਸ ਵਿੱਚ ਦੁਨੀਆਂ ਨੂੰ ਕਲਾਵੇ ਵਿੱਚ ਲੈ ਕੇ ਪੂੰਜੀਵਾਦ ਨੂੰ ਪਏ ਖ਼ਤਰਿਆਂ ਦੇ ਆਭਾਸ ਬਾਰੇ ਲੋਕਾਂ ਨੂੰ ਚੇਤੰਨ ਕਰਨ ਦੀ ਸਮੁੱਚੀ ਕਿਤਾਬ ਕਿਹਾ। ਕਵੀ ਅੰਮ੍ਰਿਤ ਦੀਵਾਨਾ ਨੇ ਕਿਹਾ ਕਿ ਪਰਮਿੰਦਰ ਦੀ ਕਵਿਤਾ ਸਮਾਜ ਨੂੰ ਬਦਲਣ ਦੀ ਜ਼ੁਰਅਤ ਰੱਖਦੀ ਹੈ ਜਿਸ ਵਿੱਚ ਬਗਾਵਤੀ ਸੁਰ ਹੈ, ਇਹ ਨਿੱਜ ਨਾਲ ਜੁੜੀ ਮੇਹਣੇ ਤੇਹਣਿਆਂ ਦੀ ਕਵਿਤਾ ਨਹੀਂ ਸਗੋਂ ਮਨੁੱਖਤਾ ਦੀ ਬਾਤ ਪਾਉਂਦੀ ਕਵਿਤਾ ਹੈ।

ਇਨਕਲਾਬੀ ਸੁਰ ਦੀ ਕਵਿੱਤਰੀ ਜਸਵੀਰ ਮੰਗੂਵਾਲ ਨੇ ਕਿਹਾ ਕਿ ਇਹ ਕਵਿਤਾ ਦੁਨੀਆਂ ਭਰ ਦੇ ਨਿਮਾਣਿਆਂ, ਨਿਤਾਣਿਆਂ, ਨਿਓਟਿਆਂ ਤੇ ਹਾਸ਼ੀਆ ਗ੍ਰਸਿਤ ਲੋਕਾਂ ਦੀ ਹੂਕ ਦੀ ਕਵਿਤਾ ਹੈ ਜੋ ਰੰਗਾਂ, ਧਰਮਾਂ, ਨਸਲਾਂ, ਜਾਤਾਂ ਤੇ ਲਿੰਗਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਬੇਹਤਰੀ ਲਈ ਸੰਘਰਸ਼ ਤੇ ਔਰਤ ਨੂੰ ਬਰਾਬਰ ਦਾ ਦਰਜ਼ਾ ਦੁਆਉਣ ਦੀ ਜੱਦੋ ਜਹਿਦ ਦੀ ਕਵਿਤਾ ਹੈ। ਉੱਘੀ ਲੇਖਿਕਾ ਡਾ.ਗੁਰਮਿੰਦਰ ਸਿੱਧੂ ਨੇ ਕਿਹਾ ਕਿ “ਜ਼ਰਦ ਰੰਗਾਂ ਦੇ ਮੌਸਮ ਵਿੱਚੋਂ ਗੁਜ਼ਰਦਿਆਂ ਕਈ ਵਾਰ ਮੇਰੇ ਅੰਦਰ ਝਰਨਾਹਟ ਛਿੜੀ, ਜਿਸਮ ਨੂੰ ਕੰਬਣੀ ਆਈ, ਅੱਖਾਂ ਵਿੱਚ ਅੱਥਰੂ ਲਰਜ਼ੇ ਤੇ ਮੁੱਠੀਆਂ ਭੀਚੀਆਂ ਗਈਆਂ” ਇਹ ਵੱਡ ਅਕਾਰੀ ਕੈਨਵਸ ਦੇ ਦੁੱਖਾਂ ਦਰਦਾਂ, ਗੁੱਸੇ, ਜੋਸ਼ ਤੇ ਵੰਗਾਰ ਦੀ ਕਵਿਤਾ ਹੈ। ਉੱਘੇ ਕਵੀ ਤੇ ਗ਼ਜ਼ਲਗੋ ਕਵਿੰਦਰ ਚਾਂਦ ਨੇ ਕਿਹਾ ਕਿ ਸਮੁੱਚੀ ਕਿਤਾਬ ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ ਤੇ ਸਮੱਸਿਆਵਾਂ ਪ੍ਰਤੀ ਚੇਤਨ ਕਰਦੀ ਹੈ ਤੇ ਸੰਘਰਸ਼ਾਂ ਵੱਲ ਨੂੰ ਰੁੱਖ ਕਰਦੀ ਹੈ। ਰੰਗਮੰਚ ਦੇ ਉੱਘੇ ਰੰਗਕਰਮੀ, ਨਿਰਦੇਸ਼ਕ, ਰੇਡਿਓ ਤੇ ਟੀ. ਵੀ. ਹੋਸਟ ਡਾ. ਜਸਕਰਨ ਨੇ ਕੁੱਝ ਕਵਿਤਾਵਾਂ ਜ਼ਰਦ ਰੰਗ ਓਟ ਆਸਰਾ, ਮੈਂ ਤੇ ਮੇਰੀ ਕਵਿਤਾ, ਡਰ, ਜੜ੍ਹਾਂ ਆਦਿ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੇਖਿਕਾ ਨੇ ਉੱਚੀ ਸੁਰ ਵਿੱਚ ਗੱਲ ਕਰਕੇ ਆਪਣਾ ਸਮਾਜ ਪ੍ਰਤੀ ਫਰਜ਼ ਪੂਰਾ ਕੀਤਾ ਹੈ ਕਿ ਆਲ਼ੈ ਦੁਆਲ਼ੇ ਕੀ ਹੋ ਰਿਹਾ ਹੈ ਉਹਨਾਂ ਜ਼ੋਰ ਦਿੰਦਿਆਂ ਕਿਹਾ ਕਿ ਇਹ ਸੁਰ ਸਭ ਲੋਕਾਂ, ਬੁੱਧੀਜੀਵੀਆਂ, ਦਾਨਿਸ਼ਮੰਦਾਂ ਨੂੰ ਹੋਰ ਉੱਚੀ ਚੁੱਕਣੀ ਚਾਹੀਦੀ ਹੈ ਤਾਂ ਹੀ ਜ਼ਹਿਰੀਲੀਆਂ ਡਰੱਗਾਂ, ਗੈਂਗਵਾਰ, ਡਰ, ਭੈਅ ਤੇ ਹੋ ਰਹੇ ਅਨਿਆਂਇ ਵਰਗੀਆਂ ਅਲਾਮਤਾਂ ਤੋਂ ਛੁਟਕਾਰਾ ਪਾ ਸਕਦੇ ਹਾਂ ਤੇ ਹੇਠਲੀਆਂ ਉਤਲੀਆਂ ਸਰਕਾਰਾਂ ਦੀ ਚੱਲ ਰਹੀ ਕੁੱਕੜ ਖੇਡ ਬਾਰੇ ਲੋਕ ਜਾਣੂ ਹੋ ਸਕਣ। ਕਵਿੱਤਰੀ ਤੇ ਕਹਾਣੀਕਾਰਾ ਜਸਬੀਰ ਮਾਨ ਨੇ ਕਿਹਾ ਕਿ ਪਰਮਿੰਦਰ ਜਿਵੇਂ ਦੀ ਅਸਲ ਵਿੱਚ ਕਾਰਜ਼ਸ਼ੀਲ ਔਰਤ ਹੈ, ਉਸੇ ਤਰ੍ਹਾਂ ਦੀ ਉਹਦੀ ਕਹਾਣੀ, ਕਵਿਤਾ, ਵਾਰਤਕ ਤੇ ਨਾਟਕ ਹੈ। ਉਹ ਆਪਣੀਆਂ ਲਿਖਤਾਂ ਜਿਹੀ ਹੀ ਬਾਹਰੋਂ ਅੰਦਰੋਂ ਇੱਕੋ ਜਿਹੀ ਜ਼ਿੰਦਗੀ ਜਿਊਂਦੀ ਹੈ।

ਉੱਘੇ ਵਿਦਵਾਨ ਡਾ. ਰਘਬੀਰ ਸਿੰਘ ਨੇ ਕਿਹਾ ਕਿ ਮੈਂ ਯਕੀਨ ਕਰਦਾ ਸੀ ਕਿ ਪਰਮਿੰਦਰ ਆਪਣੀ ਖੱਬੇਪੱਖੀ ਵਿਚਾਰਧਾਰਕ ਸੋਚ ਕਰਕੇ ਵਧੀਆ, ਵਾਰਤਕ, ਕਹਾਣੀ ਤੇ ਨਾਟਕ ਤਾਂ ਲਿਖ ਸਕਦੀ ਹੈ ਪਰ ਕਵਿਤਾ ਬਾਰੇ ਇਸ ਕਿਤਾਬ ਨੇ ਸ਼ੱਕ ਦੂਰ ਕਰ ਦਿੱਤਾ ਕਿ ਉਸ ਨੇ ਕਵਿਤਾ ਵੀ ਵਧੀਆ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਤਿੰਨ ਕਵਿਤਾਵਾਂ ਸਵੈ ਦੀ ਸ਼ਨਾਖ਼ਤ, ਦੋਸਤੀ ਦੇ ਨਾਂ ਤੇ ਕਿੰਨੀ ਕੁ ਔਰਤ ਨੂੰ ਸੰਖੇਪ ਵਿੱਚ ਇਹਨਾਂ ਵਿੱਚ ਵਰਤੇ ਜਾਣ ਵਾਲੇ ਪ੍ਰਤੀਕਾਂ, ਬਿਾਓਬਾਂ, ਤਸ਼ਬੀਹਾਂ ਬਾਰੇ ਦੱਸਿਆ। ਕਵਿਤਾ ਸਵੈ ਦੀ ਸ਼ਨਾਖ਼ਤ ਦੀ ਕਹਾਣੀ ਨਾਟਕੀ ਰੂਪ ਵਿੱਚ ਚਲਦੀ ਹੈ ਜੋ ਸਭ ਨੂੰ ਪ੍ਰਭਾਵਤ ਕਰਦੀ ਹੈ। ਕਵਿੱਤਰੀ ਬਖ਼ਸ਼ ਸੰਘਾ ਨੇ ਕਿਹਾ ਕਿ ਪਰਮਿੰਦਰ ਨੇ ਆਪਣੀਆਂ ਲਿਖਤਾਂ ਵਿੱਚ ਆਪਣੀ ਵਿਚਾਰਧਾਰਕ ਸੋਚ ਨੂੰ ਬਰਕਰਾਰ ਰੱਖਦੇ ਹੋਏ ਸਮਾਜ ਪ੍ਰਤੀ ਨਜ਼ਰੀਏ ਤੇ ਅਤੇ ਖਿਆਲਾਂ ਨੂੰ ਲੋਕਾਂ ਦੀ ਸਾਦੀ ਤੇ ਪੇਂਡੂ ਬੋਲੀ ਵਿੱਚ ਉਹਨਾਂ ਦੀ ਬਾਂਹ ਫੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਰੰਗਕਰਮੀ ਡਾ. ਸਾਹਿਬ ਸਿੰਘ ਨੇ ਇਸ ਕਿਤਾਬ ਨੂੰ ਇਤਿਹਾਸਕ ਦਸਤਾਵੇਜ਼ ਕਿਹਾ। ‘ਦੋਸਤੀ ਦੇ ਨਾਂ’ ਕਵਿਤਾ ਨੂੰ ਉਨ੍ਹਾਂ ਨੇ ਸਭ ਚੰਗੀਆਂ ਦੋਸਤੀਆਂ ਦੇ ਕਿਰਦਾਰਾਂ ਨੂੰ ਅਸਲ ਦੋਸਤੀ ਦੇ ਅਜਿਹੇ ਗੁਣਾਂ ਵਿੱਚ ਹੋਣਾ ਚਾਹੀਦਾ ਹੈ, ਕਿਹਾ। ਡਾ. ਸਾਧੂ ਸਿੰਘ ਨੇ ਕਿਹਾ, “ਆਮ ਬੰਦਾ ਰੋਟੀ ਰੋਜ਼ੀ ਦੀ ਲੜਾਈ ਵਿੱਚ ਉਲਝ ਕੇ ਰਹਿ ਜਾਂਦਾ ਹੈ। ਸੱਚੀ ਗੱਲ ਚਿਹ ਹ ੈਕਿ ਦੁਨੀਆਂ ਵਿੱਚ ਬਿਹਤਰ ਇਨਸਾਨ ਉਹੀ ਹੁੰਦੇ ਹਨ ਜਿਹੜੇ ਅਨਿਆਂਇ ਦੇ ਖਿਲਾਫ਼ ਬੋਲਦੇ ਹਨ ਪਰਮਿੰਦਰ ਸਵੈਚ ਉਹਨਾਂ ਬਹੁਤ ਥੋੜ੍ਹੇ ਗਿਣਤੀ ਵਾਲੇ ਬੰਦਿਆਂ ਵਿੱਚੋ ਇੱਕ ਹੈ। ਇਹਨਾਂ ਦੀਆਂ ਨਜ਼ਮਾਂ ਵੀ ਸਮਾਜਿਕ, ਰਾਜਨੀਤਕ ਨਾ ਬਰਾਬਰੀ ਦੇ ਖਿਲਾਫ਼ ਅਵਾਜ਼ ਉੱਚੀ ਕਰਦੀਆਂ ਹਨ।” ਉਹਨਾਂ ਨੇ ਕਿਤਾਬ ਦੀਆਂ ਕੁੱਝ ਗਲਤੀਆਂ ਬਾਰੇ ਵੀ ਜਾਣੂ ਕਰਵਾਇਆ ਅਤੇ ਨਸੀਹਤ ਵੀ ਕੀਤੀ ਕਿ ਅੱਗੇ ਤੋਂ ਅਜਿਹੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ। ਸਿਆਟਲ ਤੋਂ ਪਹੁੰਚੇ ਕਵੀ ਬਲਿਹਾਰ ਲੇਹਲ ਨੇ ਪਰਮਿੰਦਰ ਸਵੈਚ ਨੂੰ ਪੁਸਤਕ ਲੋਕ ਅਰਪਣ ‘ਤੇ ਵਧਾਈਆਂ ਦਿੱਤੀਆਂ।

ਇਹਨਾਂ ਤੋਂ ਇਲਾਵਾ ਇਸ ਪ੍ਰੋਗਰਾਮ ਵਿੱਚ ਉਚੇਚੇ ਤੌਰ ਤੇ ਵਿੱਨੀਪੈੱਗ ਤੋਂ ਡਾ. ਜਸਵਿੰਦਰ ਸਿੰਘ, ਨਾਵਲਕਾਰ ਜਰਨੈਲ ਸੇਖਾ, ਲੇਖਕ ਮੋਹਣ ਗਿੱਲ, ਪੱਤਰਕਾਰ ਡਾ. ਪਿਥੀਪਾਲ ਸੋਹੀ, ਡਾ. ਬਲਦੇਵ ਖਹਿਰਾ, ਸੁਖਵੰਤ ਹੁੰਦਲ, ਅਜਮੇਰ ਰੋਡੇ, ਸਾਬਕਾ ਲੈਕਚਰਾਰ ਹਰਿੰਦਰਜੀਤ ਸਿੰਘ, ਲੇਖਕ ਅਮਰਜੀਤ ਚਾਹਲ, ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਹਰਦਮ ਮਾਨ, ਨਿਰਮਲ ਕਿੰਗਰਾ, ਦਵਿੰਦਰ ਬਚਰਾ, ਪ੍ਰੀਤ ਅਟਵਾਲ ਪੂਨੀ, ਬਲਵੀਰ ਢਿੱਲੋਂ, ਬਿੰਦੂ ਮਠਾੜੂ, ਰੰਗਕਰਮੀ ਨਰਿੰਦਰ ਮੰਗੂਵਾਲ ਤੇ ਕੇ. ਪੀ. ਸਿੰਘ, ਨਾਵਲਕਾਰ ਹਰਕੀਰਤ ਚਾਹਲ, ਸਤਵੰਤ ਪੰਧੇਰ, ਦੇਸ਼ ਪਰਦੇਸ ਅਖ਼ਬਾਰ ਦੇ ਪੱਤਰਕਾਰ ਸੁਖਵਿੰਦਰ ਚੋਹਲਾ, ਮੱਖਣ ਗਿੱਲ, ਇੰਦਰਜੀਤ ਧਾਲੀਵਾਲ, ਡਾ. ਸ਼ਾਨੀ ਸਿੱਧੂ. ਡਿਫੈਂਸ ਕਮੇਟੀ ਦੇ ਪ੍ਰਧਾਨ ਇਕਬਾਲ ਪੁਰੇਵਾਲ, ਸੰਤੋਖ ਢੇਸੀ, ਸੁਰਿੰਦਰ ਮੰਗੂਵਾਲ, ਕੁਲਵੀਰ ਮੰਗੂਵਾਲ ਤੇ ਆਰਤੀ ਮੰਗੂਵਾਲ ਦਾ ਸਾਰਾ ਪਰਿਵਾਰ, ਸ਼ਹਿਨਾਜ਼ ਦੀਦੀ ਤੇ ਉਹਨਾਂ ਦੀਆਂ ਸਾਥਣਾਂ, ਪਰਿਵਾਰਕ ਦੋਸਤ, ਰਿਸ਼ਤੇਦਾਰ ਆਦਿ ਪਹੁੰਚੇ ਸਨ। ਇਸ ਪ੍ਰੋਗਰਾਮ ਦੀ ਖਾਸ ਗੱਲ ਕਿ 20-25 ਨੌਜਵਾਨ ਵੀ ਪਹੁੰਚੇ ਹੋਏ ਸਨ।ਅੰਤ ਵਿੱਚ ਪਰਮਿੰਦਰ ਸਵੈਚ ਨੇ ਪ੍ਰਧਾਨਗੀ ਮੰਡਲ ਤੇ ਕਿਤਾਬ ਦੀ ਪਰੂਫ਼ ਰੀਡਿੰਗ, ਛਪਵਾਉਣ ਤੇ ਸਮਾਗਮ ਵਿੱਚ ਹਾਜ਼ਰ ਲੋਕਾਂ ਦਾ ਧੰਨਵਾਦ ਕੀਤਾ।

# ਕਾਲੇ ਕਾਨੂੰਨ : ਮਨੁੱਖੀ ਅਧਿਕਾਰਾਂ ਲਈ ਵੱਡੀ ਚੁਣੌਤੀ



ਬੂਟਾ ਸਿੰਘ
ਮਹਿਮੂਦਪੁਰ
94634-74342

11 ਜੁਲਾਈ ਨੂੰ ਮਹਾਰਾਸ਼ਟਰ ਦੀ ਭਾਜਪਾ-ਸ਼ਿਵ ਸੈਨਾ ਸਰਕਾਰ ਨੇ ਵਿਧਾਨ ਸਭਾ ਵਿਚ 'ਮਹਾਰਾਸਟਰ ਸਪੈਸ਼ਲ ਪਬਲਿਕ ਸਕਿਊਰਿਟੀ ਬਿੱਲ 2024' ਪੇਸ਼ ਕੀਤਾ। ਪਹਿਲਾਂ ਹੀ ਬੇਹੱਦ ਕਠੋਰ ਕਾਨੂੰਨ ਦੇ ਹੁੰਦਿਆਂ ਇਸ ਦੀ ਜ਼ਰੂਰਤ ਕਿਉਂ ਪਈ, ਇਸ ਬਾਰੇ ਰਾਜ ਸਰਕਾਰ ਦਾ ਕਹਿਣਾ ਹੈ ਕਿ "ਮੌਜੂਦਾ ਕਾਨੂੰਨ ਨਕਸਲਵਾਦ ਦੀ ਇਸ ਸਮੱਸਿਆ ਨਾਲ ਨਜਿੱਠਣ ਲਈ ਬੇਅਸਰ ਅਤੇ ਨਾਕਾਫੀ ਹਨ।" ਕਿਉਂਕਿ ਸ਼ਹਿਰੀ ਇਲਾਕਿਆਂ ਵਿਚ 'ਨਕਸਲਵਾਦ ਦਾ ਖ਼ਤਰਾ' ਵਧ ਰਿਹਾ ਹੈ ਇਸ ਉੱਪਰ ਕਾਬੂ ਪਾਉਣ ਲਈ ਛੱਤੀਸਗੜ੍ਹ, ਤੇਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਉੜੀਸਾ ਵਾਂਗ ਵਿਸ਼ੇਸ਼ ਪਬਲਿਕ ਸਕਿਊਰਿਟੀ ਐਕਟ ਬਣਾਉਣਾ ਜ਼ਰੂਰੀ ਹੈ।

ਬਿੱਲ ਅਨੁਸਾਰ "ਕਿਸੇ ਵਿਅਕਤੀ ਜਾਂ ਜਥੇਬੰਦੀ ਦੁਆਰਾ ਕੀਤੀ ਗਈ ਕੋਈ ਵੀ ਕਾਰਵਾਈ, ਚਾਹੇ ਉਹ ਕਾਰਵਾਈ ਕਰਕੇ ਕੀਤੀ ਗਈ ਹੋਵੇ ਜਾਂ ਲਿਖਤੀ ਸ਼ਬਦਾਂ ਰਾਹੀਂ ਜਾਂ ਸੰਕੇਤਾਂ ਰਾਹੀਂ ਜਾਂ ਪ੍ਰਗਟਾਅ ਦੀ ਨੁਮਾਇੰਦਗੀ ਰਾਹੀਂ ਜਾਂ ਕਿਸੇ ਹੋਰ ਰੂਪ 'ਚ" 'ਗ਼ੈਰਕਾਨੂੰਨੀ ਕਾਰਵਾਈ' ਹੋ ਸਕਦੀ ਹੈ। ਯਾਨੀ ਸਿਰਫ਼ ਕਾਰਵਾਈਆਂ ਹੀ ਨਹੀਂ ਦਰਅਸਲ ਬੋਲੇ ਗਏ ਸ਼ਬਦ, ਆਨਲਾਈਨ ਸੰਦੇਸ਼ ਜਾਂ ਪੋਸਟਾਂ, ਲੇਖ, ਕਲਾਕ੍ਰਿਤਾਂ, ਪ੍ਰਦਰਸ਼ਨ ਸਮੱਗਰੀ, ਤਖ਼ਤੀਆਂ ਆਦਿ ਕਿਸੇ ਵੀ ਰੂਪ 'ਚ ਪ੍ਰਗਟਾਵਾ, ਇੱਥੋਂ ਤੱਕ ਕਿ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਵੱਲੋਂ ਹਮਾਇਤ ਜਾਂ ਇਕਮੁੱਠਤਾ ਦਾ ਪ੍ਰਗਟਾਵਾ ਵੀ ਗ਼ੈਰਕਾਨੂੰਨੀ ਕਾਰਵਾਈ ਮੰਨਿਆ ਜਾ ਸਕਦਾ ਹੈ। ਸਪਸ਼ਟ ਹੈ ਕਿ ਹਕੂਮਤ ਦਾ ਮਨਸ਼ਾ ਆਲੋਚਨਾ ਕਰਨ ਵਾਲੀ ਕਿਸੇ ਵੀ ਜਮਹੂਰੀ ਆਵਾਜ਼ ਅਤੇ ਸਰਕਾਰ ਵਿਰੁੱਧ ਸੇਧਤ ਵਾਜਬ ਸਰਗਰਮੀ ਨੂੰ ਗ਼ੈਰਕਾਨੂੰਨੀ ਕਰਾਰ ਦੇ ਕੇ ਦਬਾਉਣ ਦੀ ਵੱਧ ਤੋਂ ਵੱਧ ਸੰਵਿਧਾਨਕ ਤਾਕਤ ਹਥਿਆਉਣਾ ਹੈ। ਰਾਜ ਸਰਕਾਰ ਚਾਹੁੰਦੀ ਹੈ ਕਿ ਉਸ ਕੋਲ ਕਿਸੇ ਵੀ ਜਨਤਕ ਅਤੇ ਰਾਜਨੀਤਕ ਸਰਗਰਮੀ ਨੂੰ ਗ਼ੈਰਕਾਨੂੰਨੀ ਕਰਾਰ ਦੇਣ ਦੀ ਤਾਕਤ ਹੋਵੇ। ਇਸੇ ਲਈ ਐਨੀ ਜਾਬਰ ਸੰਵਿਧਾਨਕ ਵਿਵਸਥਾ ਕੀਤੀ ਗਈ ਹੈ, ਜਿਸ ਤਹਿਤ ਇਹ ਜ਼ਰੂਰੀ ਨਹੀਂ ਕਿ ਸੰਬੰਧਤ ਜਥੇਬੰਦੀ ਜਾਂ ਵਿਅਕਤੀ ਗ਼ੈਰਕਾਨੂੰਨੀ ਕਾਰਵਾਈਆਂ ਕਰਦਾ ਹੋਵੇ, ਸਰਕਾਰ ਦੀ ਸੋਚ ਹੀ ਕਾਫ਼ੀ ਹੈ ਕਿ ਫਲਾਣੀ ਜਥੇਬੰਦੀ ਜਾਂ ਉਸਦੀਆਂ ਕਾਰਵਾਈਆਂ ਗ਼ੈਰਕਾਨੂੰਨੀ ਹਨ ਅਤੇ 'ਪਬਲਿਕ ਸੁਰੱਖਿਆ' ਲਈ ਉਸ ਨੂੰ ਗ਼ੈਰਕਾਨੂੰਨੀ ਕਰਾਰ ਦੇਣਾ ਜ਼ਰੂਰੀ ਹੈ। ਚਾਹੇ ਕੋਈ ਵਿਅਕਤੀ ਕਿਸੇ ਗ਼ੈਰਕਾਨੂੰਨੀ ਜਥੇਬੰਦੀ ਦਾ ਮੈਂਬਰ ਨਾ ਵੀ ਹੋਵੇ, ਜੇ ਸਰਕਾਰ ਨੂੰ ਉਸ ਦੇ ਵਿਚਾਰ ਪਸੰਦ ਨਹੀਂ ਤਾਂ ਉਸ ਨੂੰ ਹੁਣ ਗ਼ੈਰਕਾਨੂੰਨੀ ਕਾਰਵਾਈਆਂ ਦਾ ਹਮਾਇਤੀ ਜਾਂ ਮੱਦਦਗਾਰ ਕਰਾਰ ਦੇ ਕੇ ਉਸੇ ਤਰ੍ਹਾਂ ਸਜ਼ਾ ਦਿੱਤੀ ਜਾ ਸਕਦੀ ਹੈ ਜੋ ਸਜ਼ਾ ਦੀ ਵਿਵਸਥਾ ਗ਼ੈਰਕਾਨੂੰਨੀ ਜਥੇਬੰਦੀਆਂ ਦੇ ਜੁਰਮਾਂ ਲਈ ਤੈਅ ਕੀਤੀ ਗਈ ਹੈ।

ਬਿੱਲ ਅਨੁਸਾਰ 1) "ਜਨਤਕ ਵਿਵਸਥਾ, ਸ਼ਾਂਤੀ ਅਤੇ ਸਦਭਾਵਨਾ ਲਈ ਖ਼ਤਰਾ ਜਾਂ ਭੈਅ ਪੈਦਾ ਕਰਨ ਵਾਲੀ"; 2) "ਜਨਤਕ ਵਿਵਸਥਾ 'ਚ ਦਖ਼ਲਅੰਦਾਜ਼ੀ ਕਰਨ ਜਾਂ ਦਖ਼ਲਅੰਦਾਜ਼ੀ ਕਰਨ ਦਾ ਝੁਕਾਅ ਰੱਖਦੀ ਸਰਗਰਮੀ; 3) ਕਾਨੂੰਨ ਪ੍ਰਸ਼ਾਸਨ ਜਾਂ ਇਸ ਦੀਆਂ ਸਥਾਪਤ ਸੰਸਥਾਵਾਂ ਅਤੇ ਇਨ੍ਹਾਂ ਦੇ ਅਮਲੇ" 'ਚ ਦਖ਼ਲਅੰਦਾਜ਼ੀ ਕਰਨ ਜਾਂ ਦਖ਼ਲਅੰਦਾਜ਼ੀ ਦਾ ਝੁਕਾਅ ਰੱਖਦੀ ਸਰਗਰਮੀ; 4) ਅਪਰਾਧਿਕ ਤਾਕਤ ਜਾਂ ਅਪਰਾਧਿਕ ਤਾਕਤ ਦੇ ਦਿਖਾਵੇ ਨਾਲ ਰਾਜ ਅਤੇ ਕੇਂਦਰ ਦੀਆਂ ਪੁਲਿਸ/ਨੀਮ-ਫ਼ੌਜੀ ਤਾਕਤਾਂ ਸਮੇਤ ਕਿਸੇ ਵੀ ਸਰਕਾਰੀ ਮੁਲਾਜ਼ਮ ਉੱਪਰ ਰੋਹਬ ਜਮਾਉਣ ਵਾਲੀ ਸਰਗਰਮੀ; 5) ਹਿੰਸਾ, ਭੰਨ-ਤੋੜ, ਹਥਿਆਰਾਂ ਦੀ ਵਰਤੋਂ, ਵਿਸਫੋਟਕਾਂ ਜਾਂ ਹੋਰ ਯੰਤਰਾਂ ਦੀ ਵਰਤੋਂ ਜਾਂ ਜਨਤਾ 'ਚ ਡਰ ਅਤੇ ਤੌਖਲਾ ਪੈਦਾ ਕਰਨ ਵਾਲੀਆਂ ਹੋਰ ਕਾਰਵਾਈਆਂ ਜਾਂ ਰੇਲ, ਸੜਕੀ, ਹਵਾਈ ਜਾਂ ਜਲ ਮਾਰਗੀ ਆਵਾਜਾਈ ਰੋਕਣ ਦੀ ਕਾਰਵਾਈ 'ਚ ਸ਼ਾਮਲ ਹੋਣਾ ਜਾਂ ਇਸ ਦਾ ਪ੍ਰਚਾਰ ਕਰਨਾ; 6) "ਸਥਾਪਤ ਕਾਨੂੰਨ ਅਤੇ ਇਸ ਦੀਆਂ ਸੰਸਥਾਵਾਂ ਦੀ ਅਵੱਗਿਆ ਲਈ ਉਤਸ਼ਾਹਤ ਕਰਨਾ ਜਾਂ ਇਸ ਦਾ ਪ੍ਰਚਾਰ ਕਰਨਾ"; 7) ਉੱਪਰ ਜ਼ਿਕਰ ਕੀਤੀਆਂ ਸਾਰੀਆਂ ਕਾਰਵਾਈਆਂ ਜਾਂ ਕਿਸੇ ਵੀ ਗੈਰਕਾਨੂੰਨੀ ਕਾਰਵਾਈ ਨੂੰ ਅੰਜਾਮ ਦੇਣ ਲਈ ਪੈਸਾ ਜਾਂ ਸਮਾਨ ਇਕੱਠਾ ਕਰਨਾ, ਇਹ ਸਾਰਾ ਕੁਝ ਗ਼ੈਰਕਾਨੂੰਨੀ ਮੰਨਿਆ ਜਾ ਸਕਦਾ ਹੈ। ਲਿਹਾਜ਼ਾ, ਗ਼ੈਰਕਾਨੂੰਨੀ ਦੀ ਪ੍ਰੀਭਾਸ਼ਾ ਐਨੀ ਵਸੀਹ ਹੈ ਕਿ ਇਸ ਵਿਚ ਸੰਘਰਸ਼ ਦੇ ਉਹ ਸਾਰੇ ਜਮਹੂਰੀ ਤਰੀਕੇ ਆ ਜਾਂਦੇ ਹਨ ਜੋ ਲੋਕ ਅਕਸਰ ਹੀ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਆਪਣੇ ਮੰਗਾਂ-ਮਸਲਿਆਂ ਦੀ ਸੁਣਵਾਈ ਨਾ ਹੋਣ ਦੀ ਸੂਰਤ 'ਚ ਜਨਤਕ ਦਬਾਅ ਪਾਉਣ ਲਈ ਵਰਤਦੇ ਹਨ।

ਬਿੱਲ ਵਿਚ ਕਿਹਾ ਗਿਆ ਹੈ ਕਿ ਇਸ ਕਾਨੂੰਨ ਦੇ ਤਹਿਤ ਆਉਣ ਵਾਲੇ ਸਾਰੇ ਅਪਰਾਧ ਨੋਟਿਸ ਲੈਣ ਯੋਗ ਹੋਣਗੇ ਅਤੇ ਗੈਰ-ਜ਼ਮਾਨਤੀ ਹੋਣਗੇ। ਯਾਨੀ ਬਿਨਾਂ ਵਾਰੰਟ ਗ੍ਰਿਫ਼ਤਾਰ ਕੀਤਾ ਜਾ ਸਕੇਗਾ। ਇਨ੍ਹਾਂ ਦੀ ਜਾਂਚ ਸਬ-ਇੰਸਪੈਕਟਰ ਤੋਂ ਘੱਟ ਰੈਂਕ ਦੇ ਪੁਲਿਸ ਅਧਿਕਾਰੀ ਦੁਆਰਾ ਨਹੀਂ ਕੀਤੀ ਜਾਵੇਗੀ।

ਇਨ੍ਹਾਂ ਅਪਰਾਧਾਂ ਲਈ ਸਜ਼ਾਵਾਂ ਦਾ ਹਵਾਲਾ ਦਿੰਦੇ ਹੋਏ, ਬਿੱਲ ਕਹਿੰਦਾ ਹੈ:

"ਜੋ ਕੋਈ ਵੀ ਕਿਸੇ ਗੈਰਕਾਨੂੰਨੀ ਜਥੇਬੰਦੀ ਦਾ ਮੈਂਬਰ ਹੈ ਜਾਂ ਕਿਸੇ ਅਜਿਹੀ ਸੰਸਥਾ ਦੀਆਂ ਮੀਟਿੰਗਾਂ ਜਾਂ ਸਰਗਰਮੀਆਂ ਵਿਚ ਹਿੱਸਾ ਲੈਂਦਾ ਹੈ ਜਾਂ ਕਿਸੇ ਅਜਿਹੀ ਸੰਸਥਾ ਦੇ ਉਦੇਸ਼ ਲਈ ਕੋਈ ਯੋਗਦਾਨ ਦਿੰਦਾ ਹੈ ਜਾਂ ਪ੍ਰਾਪਤ ਕਰਦਾ ਹੈ ਜਾਂ ਯੋਗਦਾਨ ਮੰਗਦਾ ਹੈ, ਉਸਨੂੰ ਤਿੰਨ ਸਾਲ ਤੱਕ ਦੀ ਸਜ਼ਾ ਦਿੱਤੀ ਜਾਵੇਗੀ ਅਤੇ 3 ਲੱਖ ਰੁਪਏ ਜੁਰਮਾਨਾ ਵੀ ਭਰਨਾ ਪਵੇਗਾ।"

"ਜੋ ਕੋਈ ਵੀ, ਕਿਸੇ ਗੈਰ-ਕਾਨੂੰਨੀ ਜਥੇਬੰਦੀ ਦਾ ਮੈਂਬਰ ਨਾ ਹੁੰਦੇ ਹੋਏ ਵੀ, ਅਜਿਹੀ ਸੰਸਥਾ ਲਈ ਕੋਈ ਯੋਗਦਾਨ ਦਿੰਦਾ ਹੈ ਜਾਂ ਪ੍ਰਾਪਤ ਕਰਦਾ ਹੈ ਜਾਂ ਕੋਈ ਯੋਗਦਾਨ ਜਾਂ ਸਹਾਇਤਾ ਮੰਗਦਾ ਹੈ ਜਾਂ ਅਜਿਹੀ ਸੰਸਥਾ ਦੇ ਕਿਸੇ ਮੈਂਬਰ ਨੂੰ ਪਨਾਹ ਦਿੰਦਾ ਹੈ, ਉਸ ਨੂੰ ਦੋ ਸਾਲ ਤੱਕ ਕੈਦ ਦੀ ਸਜ਼ਾ ਦਿੱਤੀ ਜਾਵੇਗੀ ਅਤੇ 2 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਭਰਨਾ ਪਵੇਗਾ।"

"ਜੋ ਕੋਈ ਵੀ ਕਿਸੇ ਗੈਰਕਾਨੂੰਨੀ ਜਥੇਬੰਦੀ ਦਾ ਪ੍ਰਬੰਧਨ ਕਰਦਾ ਹੈ ਜਾਂ ਪ੍ਰਬੰਧਨ ਵਿਚ ਸਹਾਇਤਾ ਕਰਦਾ ਹੈ ਜਾਂ ਕਿਸੇ ਵੀ ਅਜਿਹੀ ਸੰਸਥਾ ਜਾਂ ਇਸਦੇ ਕਿਸੇ ਮੈਂਬਰ ਦੀ ਮੀਟਿੰਗ ਨੂੰ ਉਤਸ਼ਾਹਤ ਕਰਦਾ ਹੈ ਜਾਂ ਉਸ ਨੂੰ ਉਤਸ਼ਾਹਤ ਕਰਨ ਵਿਚ ਸਹਾਇਤਾ ਕਰਦਾ ਹੈ ਜਾਂ ਕਿਸੇ ਵੀ ਤਰੀਕੇ ਨਾਲ ਜਾਂ ਕਿਸੇ ਵੀ ਮਾਧਿਅਮ ਜਾਂ ਸਾਧਨ ਦੁਆਰਾ ਅਜਿਹੀ ਸੰਸਥਾ ਦੀ ਕਿਸੇ ਗੈਰ-ਕਾਨੂੰਨੀ ਸਰਗਰਮੀ ਵਿਚ ਸ਼ਾਮਲ ਹੁੰਦਾ ਹੈ। ਉਸ ਨੂੰ ਤਿੰਨ ਸਾਲ ਤੱਕ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ 3 ਲੱਖ ਰੁਪਏ ਤੱਕ ਜੁਰਮਾਨਾ ਵੀ ਭਰਨਾ ਪਵੇਗਾ।"

"ਜੋ ਕੋਈ ਵੀ ਅਜਿਹੀ ਗ਼ੈਰ-ਕਾਨੂੰਨੀ ਸੰਸਥਾ ਦੀ ਕਿਸੇ ਵੀ ਗੈਰ-ਕਾਨੂੰਨੀ ਕਾਰਵਾਈ ਨੂੰ ਅੰਜਾਮ ਦਿੰਦਾ ਹੈ ਜਾਂ ਕਰਨ ਲਈ ਉਕਸਾਉਂਦਾ ਹੈ ਜਾਂ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਕਰਨ ਦੀ ਯੋਜਨਾ ਬਣਾਉਂਦਾ ਹੈ, ਉਸ ਨੂੰ ਸੱਤ ਸਾਲ ਤੱਕ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ 5 ਲੱਖ ਰੁਪਏ ਦਾ ਜੁਰਮਾਨਾ ਵੀ ਹੋ ਸਕਦਾ ਹੈ।"



ਇਸ ਤੋਂ ਇਲਾਵਾ, ਇਸ ਬਿੱਲ ਰਾਹੀਂ ਸਰਕਾਰ ਨੇ ਕਿਸੇ ਵੀ ਜਥੇਬੰਦੀ ਜਾਂ ਵਿਅਕਤੀ ਦੀਆਂ ਕਾਰਵਾਈਆਂ ਨੂੰ 'ਗ਼ੈਰਕਾਨੂੰਨੀ' ਕਰਾਰ ਦੇ ਕੇ ਉਨ੍ਹਾਂ ਦੇ ਆਪਣੇ ਅਤੇ ਅਜਿਹੀਆਂ 'ਗ਼ੈਰਕਾਨੂੰਨੀ' ਕਾਰਵਾਈ ਦੀ ਮੱਦਦ ਕਰਨ, ਹਮਾਇਤ ਕਰਨ ਜਾਂ ਉਤਸ਼ਾਹਤ ਕਰਨ ਵਾਲਿਆਂ ਦੇ ਆਰਥਕ/ਵਿਤੀ ਵਸੀਲਿਆਂ ("ਪੈਸਾ, ਸਕਿਊਰਿਟੀਜ਼ ਜਾਂ ਹੋਰ ਜਾਇਦਾਦਾਂ") ਨੂੰ ਜ਼ਬਤ ਕਰਨ ਦੀਆਂ ਵਸੀਹ ਤਾਕਤਾਂ ਹਥਿਆ ਲਈਆਂ ਹਨ। ਇਹ ਬਿੱਲ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਪੁਲਿਸ ਕਮਿਸ਼ਨਰ ਨੂੰ ਇਹ ਤਾਕਤ ਦਿੰਦਾ ਹੈ ਕਿ ਜੇ ਉਨ੍ਹਾਂ ਦੀ ਰਾਇ ਅਨੁਸਾਰ ਕੋਈ ਖ਼ਾਸ ਜਗ੍ਹਾ ਜਾਂ ਕੋਈ ਖ਼ਾਸ ਇਮਾਰਤ ਗ਼ੈਰਕਾਨੂੰਨੀ ਕਾਰਵਾਈ ਲਈ ਵਰਤੀ ਗਈ ਹੈ ਤਾਂ ਉਹ ਉਸ ਨੂੰ ਨੋਟੀਫਾਈ ਕਰਕੇ ਕਬਜ਼ੇ 'ਚ ਲੈ ਸਕਦਾ ਹੈ, ਉਸ ਵਿਚਲਾ ਸਾਰਾ ਸਮਾਨ ਜ਼ਬਤ ਕਰ ਸਕਦਾ ਹੈ ਅਤੇ ਉਸ ਵਿਚਲੇ ਸਾਰੇ ਵਿਅਕਤੀਆਂ ਨੂੰ ਬੇਦਖ਼ਲ ਕਰ ਸਕਦਾ ਹੈ। ਇਹ ਖਣਨ ਪ੍ਰੋਜੈਕਟਾਂ ਜਾਂ ਹੋਰ ਕਥਿਤ ਵਿਕਾਸ ਪ੍ਰੋਜੈਕਟਾਂ ਰਾਹੀਂ ਜਲ-ਜੰਗਲ-ਜ਼ਮੀਨ ਤੋਂ ਉਜਾੜੇ ਜਾਣ ਵਿਰੁੱਧ ਆਪਣੇ ਹਿਤਾਂ ਲਈ ਲੜ ਰਹੇ ਆਦਿਵਾਸੀਆਂ ਅਤੇ ਹੋਰ ਲੋਕਾਂ ਦੀਆਂ ਥੋਕ 'ਚ ਗ੍ਰਿਫ਼ਤਾਰੀਆਂ, ਜਾਇਦਾਦਾਂ ਦੀ ਜ਼ਬਤੀ ਅਤੇ ਬੇਦਖ਼ਲੀ ਦਾ ਰਾਹ ਖੋਲ੍ਹਣ ਵਾਲਾ ਬਿੱਲ ਹੈ।

ਕਿਸੇ ਵੀ ਜਥੇਬੰਦੀ ਨੂੰ "ਗ਼ੈਰ-ਕਾਨੂੰਨੀ" ਕਰਾਰ ਦੇਣ ਦੇ ਸਰਕਾਰ ਦੇ ਅਜਿਹੇ ਫ਼ੈਸਲੇ ਦੀ ਸਮੀਖਿਆ ਕਰਨ ਲਈ ਰਾਜ ਸਰਕਾਰ ਦੁਆਰਾ ਤਿੰਨ ਮੈਂਬਰੀ ਸਲਾਹਕਾਰ ਬੋਰਡ ਬਣਾਇਆ ਜਾਵੇਗਾ ਜਿਨ੍ਹਾਂ ਨੂੰ "ਹਾਈਕੋਰਟ ਦੇ ਜੱਜ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ ਹੈ ਜਾਂ ਜੋ ਨਿਯੁਕਤ ਕੀਤੇ ਜਾਣ ਦੇ ਯੋਗ ਹਨ।" ਸਤੱਹੀ ਤੌਰ 'ਤੇ ਦੇਖਿਆਂ ਜਾਪਦਾ ਹੈ ਕਿ ਇਹ ਸਰਕਾਰ ਦੇ ਗ਼ਲਤ ਫ਼ੈਸਲੇ ਤੋਂ ਪੀੜਤ ਧਿਰ ਨੂੰ ਨਿਆਂ ਦਿਵਾਉਣ ਦੀ ਕਾਰਗਰ ਵਿਵਸਥਾ ਹੈ। ਦਰਅਸਲ, ਇਹ ਮਹਿਜ਼ ਖ਼ਾਨਾਪੂਰਤੀ ਹੈ ਕਿਉਂਕਿ ਸਲਾਹਕਾਰ ਬੋਰਡ ਅੱਗੇ ਪੇਸ਼ ਕਰਨ ਤੋਂ ਪਹਿਲਾਂ ਹੀ ਸਰਕਾਰ ਕਿਸੇ ਜਥੇਬੰਦੀ ਨੂੰ ਗ਼ੈਰਕਾਨੂੰਨੀ ਕਰਾਰ ਦੇ ਸਕਦੀ ਹੈ। 'ਜਨਤਕ ਹਿਤ' ਦੇ ਨਾਂ ਹੇਠ ਸਰਕਾਰ ਇਸ ਬਾਰੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਸਕਦੀ ਹੈ। ਮਨੁੱਖੀ ਅਧਿਕਾਰ ਕਮਿਸ਼ਨ ਵਰਗੀਆਂ ਸੰਸਥਾਵਾਂ ਦਾ ਤਜਰਬਾ ਦੱਸਦਾ ਹੈ ਕਿ ਸਰਕਾਰ ਅਜਿਹੀਆਂ ਸੰਸਥਾਵਾਂ ਵਿਚ ਅਜਿਹੇ ਸ਼ਖ਼ਸਾਂ ਨੂੰ ਨਿਯੁਕਤ ਕਰਦੀ ਹੈ ਜਿਨ੍ਹਾਂ ਨੇ ਸਰਕਾਰ ਦੇ ਲਏ ਫ਼ੈਸਲਿਆਂ ਉੱਪਰ ਮੋਹਰ ਲਾਉਣੀ ਹੁੰਦੀ ਹੈ। ਕੇਂਦਰ ਸਰਕਾਰ ਦੇ ਪੱਧਰ 'ਤੇ ਗ਼ੈਰਕਾਨੂੰਨੀ ਕਰਾਰ ਦਿੱਤੀ ਕਿਸੇ ਇਕ ਵੀ ਜਥੇਬੰਦੀ ਨੂੰ ਅਜੇ ਤੱਕ ਅਜਿਹੇ ਬੋਰਡਾਂ ਰਾਹੀਂ ਨਿਆਂ ਨਹੀਂ ਮਿਲਿਆ ਹੈ।

ਇਹ ਬਿੱਲ ਨਕਸਲਵਾਦ ਦੇ ਵਧ ਰਹੇ ਖ਼ਤਰੇ ਦੇ ਬਹਾਨੇ ਲਿਆਂਦਾ ਗਿਆ ਹੈ। ਬਿੱਲ ਦਾ 'ਉਦੇਸ਼ਾਂ ਅਤੇ ਕਾਰਨਾਂ ਦਾ ਬਿਆਨ' ਕਹਿੰਦਾ ਹੈ, "ਨਕਸਲਵਾਦ ਦਾ ਖ਼ਤਰਾ ਸਿਰਫ਼ ਨਕਸਲ ਪ੍ਰਭਾਵਿਤ ਰਾਜਾਂ ਦੇ ਦੂਰ-ਦਰਾਜ਼ ਖੇਤਰਾਂ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਨਕਸਲੀ ਫਰੰਟ ਜਥੇਬੰਦੀਆਂ ਜ਼ਰੀਏ ਸ਼ਹਿਰੀ ਖੇਤਰਾਂ ਵਿਚ ਵੀ ਇਸਦੀ ਮੌਜੂਦਗੀ ਵਧ ਰਹੀ ਹੈ। ਨਕਸਲੀ ਗਰੁੱਪਾਂ ਦੀਆਂ ਸਰਗਰਮ ਜਥੇਬੰਦੀਆਂ ਦਾ ਪਸਾਰਾ ਉਨ੍ਹਾਂ ਦੇ ਹਥਿਆਰਬੰਦ ਕਾਡਰਾਂ ਨੂੰ ਲੌਜਿਸਟਿਕਸ ਅਤੇ ਸੁਰੱਖਿਅਤ ਪਨਾਹ ਦੇ ਮਾਮਲੇ ਵਿਚ ਨਿਰੰਤਰ ਅਤੇ ਅਸਰਦਾਰ ਮੱਦਦ ਕਰਦਾ ਹੈ। ਨਕਸਲੀਆਂ ਦੇ ਜ਼ਬਤ ਕੀਤੇ ਗਏ ਸਾਹਿਤ ਤੋਂ ਪਤਾ ਲੱਗਦਾ ਹੈ ਕਿ ਮਹਾਰਾਸ਼ਟਰ ਰਾਜ ਦੇ ਸ਼ਹਿਰਾਂ ਵਿਚ ਮਾਓਵਾਦੀ ਨੈੱਟਵਰਕ ਦੇ 'ਸੁਰੱਖਿਅਤ ਟਿਕਾਣੇ' ਅਤੇ 'ਸ਼ਹਿਰੀ ਛੁਪਣਗਾਹਾਂ' ਹਨ। ਸੰਵਿਧਾਨਿਕ ਫਤਵੇ ਵਿਰੁੱਧ ਹਥਿਆਰਬੰਦ ਬਗ਼ਾਵਤ ਦੀ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਅਤੇ ਜਨਤਕ ਵਿਵਸਥਾ 'ਚ ਖ਼ੱਲਲ ਪਾਉਣ ਲਈ ਨਕਸਲੀ ਜਥੇਬੰਦੀਆਂ ਜਾਂ ਉਨ੍ਹਾਂ ਵਰਗੀਆਂ ਜਥੇਬੰਦੀਆਂ ਦੀਆਂ ਸਰਗਰਮੀਆਂ ਆਪਣੇ ਸੰਯੁਕਤ ਮੋਰਚੇ ਰਾਹੀਂ ਆਮ ਲੋਕਾਂ ਵਿਚ ਬੇਚੈਨੀ ਪੈਦਾ ਕਰ ਰਹੀਆਂ ਹਨ।" ਬਿੱਲ ਅੱਗੇ ਕਹਿੰਦਾ ਹੈ, "ਅਜਿਹੀਆਂ ਸੰਸਥਾਵਾਂ ਨੂੰ ਅਸਰਦਾਰ ਕਾਨੂੰਨੀ ਮਾਧਿਅਮ ਰਾਹੀਂ ਕਾਬੂ ਕਰਨ ਦੀ ਲੋੜ ਹੈ।"

ਇਸ ਬਿੱਲ ਨਾਲ ਇਕ ਵਾਰ ਫਿਰ ਇਹ ਸਪਸ਼ਟ ਹੋ ਗਿਆ ਹੈ ਕਿ ਸੰਘ ਬਰਗੇਡ ਨਕਸਲਵਾਦ ਨੂੰ ਹਊਆ ਬਣਾ ਕੇ ਸਰਕਾਰ ਵਿਰੁੱਧ ਹਰ ਵਾਜਬ ਆਲੋਚਨਾ ਅਤੇ ਜਮਹੂਰੀ ਵਿਰੋਧ ਨੂੰ ਕੁਚਲਣ ਲਈ ਇਸ ਨੂੰ ਇਕ ਵੱਡੇ ਹਥਿਆਰ ਦੇ ਰੂਪ 'ਚ ਵਰਤ ਰਿਹਾ ਹੈ। 'ਸ਼ਹਿਰੀ ਨਕਸਲੀ' 'ਟੁਕੜੇ ਟੁਕੜੇ ਗੈਂਗ' ਦਾ ਮਨਘੜਤ ਬਿਰਤਾਂਤ ਆਮ ਨਾਗਰਿਕਾਂ 'ਚ ਸੰਘਰਸ਼ਾਂ ਪ੍ਰਤੀ ਡਰ ਤੇ ਸ਼ੱਕ ਪੈਦਾ ਕਰਨ ਲਈ ਸਿਰਜਿਆ ਗਿਆ ਹੈ। ਹਕੀਕਤ ਸਭ ਨੂੰ ਪਤਾ ਹੈ ਕਿ 'ਸ਼ਹਿਰੀ ਨਕਸਲੀ' ਦਾ ਕੋਈ ਵਜੂਦ ਨਹੀਂ ਹੈ। ਇੰਡੀਆ ਟੂਡੇ ਟੀਵੀ ਵੱਲੋਂ ਪਾਈ ਇਕ ਆਰਟੀਆਈ ਦੇ ਜਵਾਬ 'ਚ ਕੇਂਦਰੀ ਗ੍ਰਹਿ ਮੰਤਰਾਲੇ ਦੀ ਖੱਬੇਪੱਖੀ ਅੱਤਵਾਦ ਸ਼ਾਖਾ ਦੇ ਅਧਿਕਾਰੀ ਨੇ ਮੰਨਿਆ ਕਿ ਸਰਕਾਰ ਕੋਲ 'ਸ਼ਹਿਰੀ ਨਕਸਲੀ' ਅਤੇ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇੰਡੀਆ ਟੂਡੇ ਬਲਾਗ ਦੀ ਰਿਪੋਰਟ (7 ਫਰਵਰੀ 2020) ਅਨੁਸਾਰ ਗ੍ਰਹਿ ਮੰਤਰਾਲੇ ਵੱਲੋਂ ਇਸ ਆਰਟੀਆਈ ਦੇ ਚਾਰ ਸਵਾਲਾਂ (ਸ਼ਹਿਰੀ ਨਕਸਲੀ ਕੌਣ ਹਨ? ਉਹ ਕਿਸੇ ਇਲਾਕੇ 'ਚ ਕੰਮ ਕਰਦੇ ਹਨ? ਹੁਣ ਤੱਕ ਕਿੰਨੇ ਸ਼ਹਿਰੀ ਨਕਸਲੀ ਗ੍ਰਿਫ਼ਤਾਰ ਕੀਤੇ ਗਏ ਅਤੇ ਕਿੰਨਿਆਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ? ਕੀ ਭਾਰਤ ਸਰਕਾਰ ਨੇ ਕਦੇ ਸ਼ਹਿਰੀ ਨਕਸਲੀ ਉੱਪਰ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਹੈ? ਜੇ ਕੀਤੀ ਤਾਂ ਕਦੋਂ?) ਦੇ ਜਵਾਬ ਨਾਂਹ 'ਚ ਦਿੱਤੇ ਗਏ। 9 ਫਰਵਰੀ 2022 ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਰਾਜ ਸਭਾ ਨੂੰ ਦੱਸਿਆ ਕਿ "ਸਰਕਾਰ 'ਸ਼ਹਿਰੀ ਨਕਸਲੀ' ਸ਼ਬਦ ਨਹੀਂ ਵਰਤਦੀ ਪਰ ਖੱਬੇਪੱਖੀ ਅੱਤਵਾਦ ਦੇ ਮਾਮਲੇ 'ਚ ਸ਼ਹਿਰੀ ਤੇ ਹੋਰ ਇਲਾਕਿਆਂ 'ਚ ਚੌਕਸੀ ਰੱਖੀ ਜਾਂਦੀ ਹੈ ਅਤੇ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ।"

ਹੁਣ ਸਵਾਲ ਇਹ ਹੈ ਕਿ ਕੀ ਰਾਜ ਗ੍ਰਹਿ ਮੰਤਰੀ ਦਾ ਇਹ ਬਿਆਨ ਈਮਾਨਦਾਰੀ ਨਾਲ ਦਿੱਤਾ ਗਿਆ ਹੈ ਕਿ ਸਰਕਾਰ 'ਸ਼ਹਿਰੀ ਨਕਸਲੀ ਸ਼ਬਦ ਨਹੀਂ ਵਰਤਦੀ? ਮੋਦੀ-ਅਮਿਤ ਸ਼ਾਹ ਸਮੇਤ ਭਾਜਪਾ ਦੇ ਵੱਡੇ ਆਗੂ ਚੋਣ ਰੈਲੀਆਂ 'ਚ ਦਿੱਤੇ ਭਾਸ਼ਣਾਂ ਅਤੇ ਹੋਰ ਬਿਆਨਬਾਜ਼ੀ ਵਿਚ 'ਸ਼ਹਿਰੀ ਨਕਸਲੀ' ਲਕਬ ਅਕਸਰ ਵਰਤਦੇ ਦੇਖੇ ਜਾ ਸਕਦੇ ਹਨ। ਸੂਰਜਕੁੰਡ (ਹਰਿਆਣਾ) ਵਿਖੇ ਰਾਜਾਂ ਦੇ ਗ੍ਰਹਿ

BAINS VISION CENTRE

Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਮੰਤਰੀਆਂ ਅਤੇ ਪੁਲਿਸ ਦੇ ਡਾਇਰੈਕਟਰ ਜਨਰਲਾਂ ਦੇ 'ਚਿੰਤਨ ਸ਼ਿਵਿਰ' ਨੂੰ ਸੰਬੋਧਨ ਕਰਦਿਆਂ ਮਿਸਟਰ ਮੋਦੀ ਨੇ ਹਰ ਤਰ੍ਹਾਂ ਦੇ ਨਕਸਲਵਾਦ ਨੂੰ, ਚਾਹੇ ਇਹ 'ਬੰਦੂਕਧਾਰੀ ਹੋਵੇ ਜਾਂ ਕਲਮਧਾਰੀ', ਖ਼ਤਮ ਕਰਨ 'ਤੇ ਜ਼ੋਰ ਦਿੱਤਾ ਸੀ। ਜਦੋਂ ਪ੍ਰਧਾਨ ਮੰਤਰੀ ਲੇਖਕਾਂ, ਚਿੰਤਕਾਂ ਉੱਪਰ ਕਲਮਧਾਰੀ ਨਕਸਲੀ ਦਾ ਠੱਪਾ ਲਗਾ ਕੇ ਉਨ੍ਹਾਂ ਨੂੰ ਕੁਚਲ ਦੇਣ ਲਈ ਕਹਿ ਰਿਹਾ ਹੈ ਤਾਂ ਆਰ.ਐੱਸ.ਐੱਸ.-ਭਾਜਪਾ ਦੀਆਂ ਰਾਜ ਸਰਕਾਰਾਂ ਭਲਾ ਪਿੱਛੇ ਕਿਉਂ ਰਹਿਣਗੀਆਂ?

'ਨਕਸਲਵਾਦ-ਮਾਓਵਾਦ' ਦਾ ਹਊਆ ਖੜ੍ਹਾ ਕਰਨ ਦੇ ਪਿੱਛੇ ਮੌਜੂਦਾ ਸੱਤਾਧਾਰੀ ਧਿਰ ਦਾ ਇਕ ਵੱਡਾ ਮਨੋਰਥ ਹੋਰ ਵੀ ਹੈ। ਖ਼ੁਦ ਘੋਰ ਪਿਛਾਂਹਖਿੱਚੂ ਵਿਚਾਰਧਾਰਾ ਨੂੰ ਪ੍ਰਣਾਈ ਅਤੇ ਕਾਤਲਾਂ, ਬਲਾਤਕਾਰੀਆਂ ਤੇ ਹੋਰ ਮੁਜਰਮਾਂ ਦੀ ਪੁਸ਼ਤ-ਪਨਾਹੀ ਕਰਨ ਵਾਲੀ ਕੱਟੜ ਫਿਰਕੂ ਦਹਿਸ਼ਤਵਾਦੀ ਆਰ.ਐੱਸ.ਐੱਸ.-ਭਾਜਪਾ ਇਸ ਹਕੀਕਤ ਨੂੰ ਲੁਕੋ ਰਹੀ ਹੈ ਕਿ ਨਕਸਲੀ/ਮਾਓਵਾਦੀ ਲਹਿਰ ਕੋਈ ਮੁਜਰਮਾਂ ਜਾਂ ਲਹੂ ਦੇ ਤਿਹਾਏ ਦਹਿਸ਼ਤਵਾਦੀਆਂ ਦਾ ਗਰੋਹ ਨਹੀਂ ਹੈ। ਇਸ ਵਿਚ ਵੱਡੀ ਗਿਣਤੀ 'ਚ ਪੜ੍ਹੇ-ਲਿਖੇ ਸੰਵੇਦਨਸ਼ੀਲ ਲੋਕ ਹਨ ਜੋ ਮੌਜੂਦਾ ਜਾਬਰ ਲੋਟੂ ਰਾਜ ਨੂੰ ਹਥਿਆਰਬੰਦ ਤਾਕਤ ਨਾਲ ਖ਼ਤਮ ਕਰਕੇ ਸੱਚਾ ਲੋਕਰਾਜ ਲਿਆਉਣ ਦੇ ਆਪਣੇ ਵਿਚਾਰਧਾਰਕ ਅਕੀਦੇ ਨੂੰ ਸਮਰਪਿਤ ਹਨ ਅਤੇ ਉਹ ਆਪਣੇ ਸ਼ਾਨਦਾਰ ਕਰੀਅਰ ਤਿਆਗ ਕੇ ਮਜ਼ਦੂਰਾਂ-ਕਿਸਾਨਾਂ, ਦਲਿਤਾਂ ਅਤੇ ਆਦਿਵਾਸੀਆਂ ਦੀ ਸੰਤਾਪੀ ਜ਼ਿੰਦਗੀ ਨੂੰ ਜਿਊਣ ਦੇ ਕਾਬਲ ਬਣਾਉਣ ਲਈ ਜੂਝ-ਮਰ ਰਹੇ ਹਨ। ਭਾਰਤੀ ਹਾਕਮ ਜਮਾਤੀ ਸਿਆਸਤਦਾਨਾਂ ਦੇ ਕੋੜਮੇ ਨੂੰ ਨਕਸਲੀਆਂ ਦਾ 'ਮੁੱਖਧਾਰਾ' ਤੋਂ ਬਾਹਰ ਜਾ ਕੇ ਰੈਡੀਕਲ ਸਿਆਸਤ ਕਰਨਾ ਗਵਾਰਾ ਨਹੀਂ ਹੈ। ਨਕਸਲੀਆਂ ਦੇ ਹਥਿਆਰਬੰਦ ਸੰਘਰਸ਼ ਰਾਹੀਂ ਸਮਾਜਿਕ ਬਦਲਾਅ ਲਿਆਉਣ ਦੀ ਰਾਜਨੀਤਕ ਵਿਚਾਰਧਾਰਾ ਉੱਪਰ ਬਹਿਸ ਹੋ ਸਕਦੀ ਹੈ। ਪਰ ਇਸ ਤੱਥ ਨੂੰ ਕੋਈ ਵੀ ਨਕਾਰ ਨਹੀਂ ਸਕਦਾ ਕਿ ਭਾਰਤੀ 'ਮੁੱਖਧਾਰਾ' ਸਿਆਸਤਦਾਨਾਂ ਦੇ ਭ੍ਰਿਸ਼ਟਾਚਾਰੀ, ਖ਼ੁਦਗਰਜ਼ ਅਤੇ ਵਿਸਾਹਘਾਤੀ ਕੋੜਮੇ ਦੇ ਮੁਕਾਬਲੇ ਨਕਸਲੀਆਂ ਦੇ ਕਿਰਦਾਰ ਉੱਚੇ-ਸੁੱਚੇ ਤੇ ਕੁਰਬਾਨੀ ਵਾਲੇ ਹਨ ਅਤੇ ਉਹ ਅੱਜ ਦੇ ਭਗਤ ਸਿੰਘ ਹਨ। ਆਂਧਰਾ ਪ੍ਰਦੇਸ਼ ਦੇ ਮਰਹੂਮ ਮੁੱਖ ਮੰਤਰੀ ਐੱਨ.ਟੀ.ਰਾਮਾ ਰਾਓ ਅਤੇ ਹੋਰ ਕਈ 'ਮੁੱਖਧਾਰਾ' ਸਿਆਸਤਦਾਨਾਂ ਨੇ ਮੰਨਿਆ ਸੀ ਕਿ ਨਕਸਲੀ ਦੇਸ਼ਭਗਤ ਹਨ ਅਤੇ ਉਨ੍ਹਾਂ ਦੀ ਤੁਲਨਾ ਮੁਜਰਮਾਂ ਨਾਲ ਨਹੀਂ ਕੀਤੀ ਜਾ ਸਕਦੀ।

ਇਸ ਲਹਿਰ ਪ੍ਰਤੀ ਸਥਾਪਤੀ ਦੀ ਔਖ ਦਾ ਵੱਡਾ ਕਾਰਨ ਮੁਲਕ ਦੇ ਸਭ ਤੋਂ ਦੱਬੇਕੁਚਲੇ ਅਤੇ ਵਾਂਝੇ ਹਿੱਸਿਆਂ 'ਚ ਨਕਸਲੀਆਂ ਦਾ ਵਿਆਪਕ ਰਸੂਖ਼ ਅਤੇ ਜਨਤਕ ਆਧਾਰ ਹੈ। ਇਸ ਨੇ ਨਾ ਸਿਰਫ਼ ਇਕ ਮੋਹਰੀ ਸੰਘਰਸ਼ਸ਼ੀਲ ਰਾਜਨੀਤਕ ਟੁਕੜੀ ਦੇ ਰੂਪ 'ਚ ਉਪਰੋਕਤ ਲੁੱਟੇਪੁੱਟੇ ਹਿੱਸਿਆਂ ਦੇ ਹਿਤਾਂ ਦੀ ਰਾਖੀ ਕਰਨ 'ਚ ਵੱਡੀ ਭੂਮਿਕਾ ਨਿਭਾਈ ਹੈ ਸਗੋਂ ਭਾਰਤੀ ਰਾਜ ਨੂੰ ਅੰਸ਼ਕ ਜ਼ਮੀਨੀ ਸੁਧਾਰਾਂ, ਰੋਜ਼ਗਾਰ ਗਾਰੰਟੀ ਕਾਨੂੰਨ ਆਦਿ ਵਰਗੇ ਕਈ ਲੋਕਹਿਤੈਸ਼ੀ ਕਦਮ ਚੁੱਕਣ ਲਈ ਮਜਬੂਰ ਵੀ ਕੀਤਾ ਹੈ। ਇਸੇ ਕਰਕੇ ਇਹ ਲਹਿਰ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੇ ਨਿਸ਼ਾਨੇ 'ਤੇ ਹਨ ਕਿਉਂਕਿ ਇਹ ਸੱਚੇ ਮਾਇਨਿਆਂ 'ਚ ਸਮਾਜਿਕ ਬਦਲਾਓ ਲਈ ਯਤਨਸ਼ੀਲ ਹੈ।

ਇਸ ਲਈ ਇਕ ਪਾਸੇ ਸੰਘ ਬਰਗੇਡ ਨੇ ਨਕਸਲੀ ਲਹਿਰ ਨੂੰ ਜਿਸਮਾਨੀ ਤੌਰ 'ਤੇ ਖ਼ਤਮ ਕਰਨ ਲਈ ਨਕਸਲੀ ਆਗੂਆਂ-ਕਾਰਕੁਨਾਂ ਨੂੰ ਘੇਰ-ਘੇਰ ਕੇ ਮੁਕਾਬਲਿਆਂ 'ਚ ਮਾਰਨ (ਜਿਨ੍ਹਾਂ 'ਚੋਂ ਜ਼ਿਆਦਾਤਰ ਝੂਠੇ ਹੁੰਦੇ ਹਨ) ਅਤੇ ਉਨ੍ਹਾਂ ਦੇ ਮੁੱਖ ਜਨਤਕ ਆਧਾਰ ਆਦਿਵਾਸੀਆਂ ਦੀ ਨਸਲਕੁਸ਼ੀ ਦੀ ਮੁਹਿੰਮ 'ਚ ਬੇਸ਼ੁਮਾਰ ਨੀਮ-ਫ਼ੌਜੀ ਤੇ ਪੁਲਿਸ ਤਾਕਤਾਂ ਝੋਕੀਆਂ ਹੋਈਆਂ ਹਨ। ਇਸ ਦੇ ਨਾਲ ਹੀ, ਜਮਹੂਰੀ ਮੁੱਲਾਂ, ਨਿਆਂ ਅਤੇ ਬਰਾਬਰੀ ਦੇ ਹਾਮੀ ਪੜ੍ਹੇ-ਲਿਖੇ ਅਤੇ ਜਾਗਰੂਕ ਹਿੱਸਿਆਂ ਨੂੰ ਖ਼ੌਫ਼ਜ਼ਦਾ ਕਰਨ ਅਤੇ ਉਨ੍ਹਾਂ ਦੀ ਸੰਘੀ ਨੱਪਣ ਲਈ ਸ਼ਹਿਰੀ ਨਕਸਲੀ ਦਾ ਬਿਰਤਾਂਤ ਜ਼ੋਰ-ਸ਼ੋਰ ਨਾਲ ਪ੍ਰਚਾਰਨ ਦਾ ਸਿਲਸਿਲਾ ਵਿੱਢਿਆ ਹੋਇਆ ਹੈ।

ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਸਰਕਾਰ ਨੇ 1998 'ਚ ਹੀ ਤੱਤਕਾਲੀ ਗ੍ਰਹਿ ਮੰਤਰੀ ਐੱਲ ਕੇ ਅਡਵਾਨੀ ਦੀ ਰਾਹਨੁਮਾਈ ਹੇਠ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਦੇ ਹਿੱਸੇ ਵਜੋਂ 'ਖੱਬੇਪੱਖੀ ਅੱਤਵਾਦ ਸਭ ਤੋਂ ਵੱਡਾ ਖ਼ਤਰਾ' ਦੀ ਨੀਤੀ ਬਣਾ ਲਈ ਸੀ। ਕਾਂਗਰਸ ਦੀ ਅਗਵਾਈ ਵਾਲੀ ਮਨਮੋਹਣ ਸਿੰਘ-ਚਿਦੰਬਰਮ ਸਰਕਾਰ ਨੇ ਉਸ ਨੀਤੀ ਨੂੰ ਹੋਰ ਤਰਾਸ਼ ਕੇ 2009 'ਚ 'ਨਕਸਲਵਾਦ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਦਾ ਐਲਾਨ ਕੀਤਾ ਅਤੇ ਆਪਣੇ ਹੀ ਸਭ ਤੋਂ ਗ਼ਰੀਬ ਲੋਕਾਂ ਵਿਰੁੱਧ ਨੀਮ-ਫ਼ੌਜੀ ਅਪਰੇਸ਼ਨ ਗਰੀਨ ਹੰਟ ਸ਼ੁਰੂ ਕੀਤਾ ਜੋ ਵੱਖ-ਵੱਖ ਨਾਵਾਂ ਹੇਠ ਹੁਣ ਹੋਰ ਵੀ ਕਰੂਰ ਰੂਪ ਅਖ਼ਤਿਆਰ ਕਰ ਚੁੱਕਾ ਹੈ।

ਦਰਅਸਲ, ਭਗਵਾ ਹਕੂਮਤ ਦੀ ਵੱਡੀ ਫ਼ਿਕਰਮੰਦੀ ਇਹ ਹੈ ਕਿ ਜਮਹੂਰੀ ਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਸੁਹਿਰਦ ਪੱਤਰਕਾਰ, ਵਿਦਵਾਨ ਤੇ ਵਕੀਲ ਨਕਸਲੀ ਲਹਿਰ ਦੇ ਮਜ਼ਬੂਤ ਗੜ੍ਹਾਂ ਨੂੰ ਖ਼ਤਮ ਕਰਨ ਲਈ ਹਕੂਮਤ ਵੱਲੋਂ ਅਖ਼ਤਿਆਰ ਕੀਤੇ ਗ਼ੈਰਸੰਵਿਧਾਨਕ ਤਰੀਕਿਆਂ ਅਤੇ ਸਟੇਟ ਤਾਕਤ ਦੀ ਬੇਕਿਰਕ ਵਰਤੋਂ ਉੱਪਰ ਸਵਾਲ ਉਠਾਉਂਦੇ ਹਨ ਅਤੇ ਸਰਕਾਰ ਦੇ ਫਰਜ਼ੀ 'ਮੁਕਾਬਲਿਆਂ' ਦੇ ਬਿਰਤਾਂਤ ਨੂੰ ਤੱਥਾਂ ਸਹਿਤ ਚੁਣੌਤੀ ਦਿੰਦੀ ਹਨ। ਸਰਕਾਰ ਇਨ੍ਹਾਂ ਜਮਹੂਰੀ ਆਵਾਜ਼ਾਂ ਨੂੰ ਪਾਬੰਦੀਸ਼ੁਦਾ ਨਕਸਲੀ ਜਥੇਬੰਦੀਆਂ ਨਾਲ ਸੰਬੰਧਤ 'ਸ਼ਹਿਰੀ ਨਕਸਲੀ' ਤਾਣਾਬਾਣਾ ਕਰਾਰ ਦੇਕੇ ਉਨ੍ਹਾਂ ਦੀ ਪੱਕੀ ਜ਼ੁਬਾਨਬੰਦੀ ਕਰਨਾ ਚਾਹੁੰਦੀ ਹੈ। ਭੀਮਾ-ਕੋਰੇਗਾਓਂ ਸਾਜ਼ਿਸ਼ ਨਾਂ ਦਾ ਝੂਠਾ ਕੇਸ ਘੜਕੇ ਚੋਟੀ ਦੇ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਇਸੇ ਮਨੋਰਥ ਨਾਲ ਕੀਤੀਆਂ ਗਈਆਂ ਸਨ।

ਮੌਜੂਦਾ ਬਿੱਲ ਇਸੇ ਫਾਸ਼ੀਵਾਦੀ ਸਿਲਸਿਲੇ ਦਾ ਅਗਲਾ ਵਿਸਤਾਰ ਹੈ। ਬਿੱਲ ਦੇ ਉਦੇਸ਼ ਵਾਲੇ ਹਿੱਸੇ ਵਿਚ ਸਰਕਾਰ ਕਹਿੰਦੀ ਹੈ ਕਿ ਛੱਤੀਸਗੜ੍ਹ, ਤੇਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਉੜੀਸਾ ਰਾਜਾਂ ਵੱਲੋਂ ਪਬਲਿਕ ਸਕਿਊਰਿਟੀ ਐਕਟ ਬਣਾਏ ਹੋਣ ਕਾਰਨ ਉਹ ਅਜਿਹੀਆਂ ਜਥੇਬੰਦੀਆਂ ਦੀਆਂ ਗ਼ੈਰਕਾਨੂੰਨੀ ਕਾਰਵਾਈਆਂ ਨੂੰ ਅਸਰਦਾਰ ਤਰੀਕੇ ਨਾਲ ਰੋਕਣ 'ਚ ਸਫ਼ਲ ਹਨ ਅਤੇ ਉਨ੍ਹਾਂ ਨੇ 48 ਜਥੇਬੰਦੀਆਂ ਉੱਪਰ ਪਾਬੰਦੀ ਲਗਾਈ ਹੋਈ ਹੈ। ਮਹਾਰਾਸ਼ਟਰ ਵਿਚ ਅਜਿਹਾ ਕਾਨੂੰਨ ਨਾ ਹੋਣ ਕਾਰਨ ਇਹ ਜਥੇਬੰਦੀਆਂ ਇੱਥੇ ਸਰਗਰਮ ਹਨ।

ਇਹ ਬਿੱਲ ਜਾਂ ਅਜਿਹੀ ਕਾਨੂੰਨੀ ਵਿਵਸਥਾ ਵਾਲੇ ਹੋਰ ਕਾਨੂੰਨ ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਵੱਲੋਂ ਦਿੱਤੇ ਉਸ ਆਦੇਸ਼ ਨੂੰ ਅਸਫ਼ਲ ਬਣਾਉਣ ਲਈ ਹਨ ਜਿਸ ਵਿਚ ਕਿਹਾ ਗਿਆ ਸੀ, "ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਗ਼ੈਰਕਾਨੂੰਨੀ ਜਥੇਬੰਦੀ ਦਾ ਮੈਂਬਰ ਹੋਣ ਲਈ ਸਜ਼ਾ ਨਹੀਂ ਦਿੱਤੀ ਜਾ ਸਕਦੀ ਜਦੋਂ ਤੱਕ ਉਹ ਕਿਸੇ ਹਿੰਸਕ ਕਾਰਵਾਈਆਂ ਵਿਚ ਸਿੱਧੇ ਤੌਰ 'ਤੇ ਸ਼ਾਮਲ ਨਾ ਹੋਵੇ।" ਇਸੇ ਤਰ੍ਹਾਂ ਦੇ ਆਦੇਸ਼ ਕੁਝ ਹਾਈਕੋਰਟਾਂ ਦੇ ਵੀ ਹਨ। ਭਗਵਾ ਹਕੂਮਤ ਸੁਪਰੀਮ/ਹਾਈ ਕੋਰਟ ਦੇ ਅਜਿਹੇ ਫ਼ੈਸਲਿਆਂ ਨੂੰ ਟਿੱਚ ਸਮਝਦੀ ਹੈ ਅਤੇ ਉਹ ਹਰ ਹੀਲਾ-ਵਸੀਲਾ ਵਰਤਕੇ ਅਜਿਹੇ ਫ਼ੈਸਲਿਆਂ ਨੂੰ ਨਕਾਰਾ ਬਣਾ ਦੇਣ ਲਈ ਸਿਰਤੋੜ ਯਤਨ ਕਰ ਰਹੀ ਹੈ। ਦਰਅਸਲ, ਇਹ ਬਿੱਲ ਅਤੇ ਨਵੇਂ ਫ਼ੌਜਦਾਰੀ ਕਾਨੂੰਨ ਮੁਲਕ ਵਿਚ ਫਾਸ਼ੀਵਾਦੀ ਸੱਤਾ ਨੂੰ ਕਾਨੂੰਨੀ ਦਰਜਾ ਦੇਣ ਬਰਾਬਰ ਹਨ, ਇਸ ਲਈ ਸਾਰੀਆਂ ਲੋਕ ਪੱਖੀ ਤਾਕਤਾਂ ਨੂੰ ਅਜਿਹੇ ਕਾਲੇ ਬਿੱਲਾਂ ਅਤੇ ਕਾਨੂੰਨਾਂ ਦਾ ਡੱਟਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਇਸ ਪਿੱਛੇ ਲੁਕੇ ਖ਼ਤਰਨਾਕ ਮਨੋਰਥਾਂ ਨੂੰ ਬੇਪਰਦ ਕਰਦਿਆਂ ਇਨ੍ਹਾਂ ਨੂੰ ਰੱਦ ਕਰਾਉਣ ਲਈ ਜਨਤਕ ਦਬਾਅ ਉਸਾਰਨਾ ਚਾਹੀਦਾ ਹੈ।

ਇਕ ਰਿਪੋਰਟ

# ਪ੍ਰਵਾਸੀ ਕਾਮਿਆਂ ਦੀ ਮੁਸ਼ਕਲਾਂ



**ਸੰਜੂ**

"ਜਦੋਂ ਮੈਂ ਉੱਥੇ ਗਿਆ, ਤਾਂ ਦੇਖਿਆ ਕਿ ਚਿਹਰਾ ਪੂਰੀ ਤਰ੍ਹਾਂ ਸੁੱਜਿਆ ਹੋਇਆ ਸੀ ਅਤੇ ਨੱਕ ਢਕਿਆ ਹੋਇਆ ਸੀ। ਮੈਂ ਉਸ ਨੂੰ ਪਛਾਣ ਨਾ ਸਕਿਆ। ਫਿਰ ਮੈਂ ਉਨ੍ਹਾਂ ਨੂੰ ਦੱਸਿਆ ਕਿ ਉਸ ਦੇ ਹੱਥ 'ਤੇ ਟੈਟੂ ਹੈ। ਇਸ ਅਧਾਰ 'ਤੇ ਉਸ ਦੀ ਪਛਾਣ ਕੀਤੀ ਗਈ। ਇਹ ਸ਼ਬਦ ਕੇਰਲ ਦੇ ਪ੍ਰਦੀਪ ਦੇ ਹਨ, ਜੋ ਪਿਛਲੇ 8 ਸਾਲਾਂ ਤੋਂ ਕੁਵੈਤ ਵਿੱਚ ਕੰਮ ਕਰ ਰਿਹਾ ਹੈ। 12 ਜੂਨ ਨੂੰ ਕੁਵੈਤ 'ਚ ਹੋਈ ਘਟਨਾ 'ਚ ਉਸਦੇ ਪੁੱਤਰ ਸ਼੍ਰੀਹਰੀ ਦੀ ਮੌਤ ਹੋ ਗਈ, ਜੋ ਇਸ ਘਟਨਾ ਤੋਂ ਪਿਛਲੇ ਹਫਤੇ ਹੀ ਕੁਵੈਤ 'ਚ ਮਜਦੂਰੀ ਕਰਨ ਆਇਆ ਸੀ। ਪ੍ਰਦੀਪ ਨੇ ਦੱਸਿਆ ਕਿ ਅਧਿਕਾਰੀਆਂ ਨੇ ਉਸ ਨੂੰ ਹਸਪਤਾਲ ਦੇ ਮੁਰਦਾਘਰ ਵਿੱਚ ਰੱਖੀ ਉਹਦੇ ਪੁੱਤ ਦੀ ਲਾਸ਼ ਦੀ ਪਛਾਣ ਕਰਨ ਲਈ ਬੁਲਾਇਆ ਸੀ।

ਲੰਘੀ 12 ਜੂਨ ਦੀ ਸਵੇਰ 4 ਵਜੇ ਕੁਵੈਤ ਦੇ ਮੰਗਾਫ ਨਾਮ ਦੇ ਸ਼ਹਿਰ ਦੀ ਇੱਕ ਰਿਹਾਇਸ਼ੀ ਇਮਾਰਤ 'ਚ ਅੱਗ ਲੱਗਣ ਕਾਰਨ 50 ਪ੍ਰਵਾਸੀ ਮਜਦੂਰਾਂ ਦੀ ਮੌਤ ਹੋ ਗਈ ਅਤੇ 50 ਦੇ ਕਰੀਬ ਹੀ ਮਜਦੂਰ ਜਖਮੀ ਹੋਏ ਸਨ। ਇਸ ਹਾਦਸੇ 'ਚ ਮਰਨ ਵਾਲ਼ੇ ਮਜਦੂਰਾਂ 'ਚ 45 ਮਜਦੂਰ ਭਾਰਤ ਦੇ ਹੀ ਸਨ। ਮਰਨ ਵਾਲ਼ੇ ਮਜਦੂਰਾਂ ਵਿੱਚੋਂ ਸਭ ਤੋਂ ਵੱਧ 23 ਮਜਦੂਰ ਕੇਰਲ ਦੇ ਤੇ 7 ਤਾਮਿਲਨਾਡੂ ਦੇ ਸਨ। ਉੱਤਰ ਪ੍ਰਦੇਸ਼, ਉੜੀਸਾ, ਆਂਧਰਾ ਪ੍ਰਦੇਸ਼, ਬਿਹਾਰ, ਪੰਜਾਬ, ਕਰਨਾਟਕਾ, ਮਹਾਰਾਸ਼ਟਰ, ਪੱਛਮੀ ਬੰਗਾਲ, ਝਾਰਖੰਡ ਅਤੇ ਹਰਿਆਣਾ ਦੇ ਇੱਕ-ਇੱਕ ਦੋ-ਦੋ ਮਜਦੂਰ ਹਾਦਸੇ ਦਾ ਸ਼ਿਕਾਰ ਹੋਏ।

ਇਸ ਹਾਦਸੇ ਦਾ ਕਾਰਨ ਸਮਰੱਥਾ ਤੋਂ ਵੱਧ ਮਜਦੂਰਾਂ ਦਾ ਹਾਦਸੇ ਵਾਲ਼ੀ ਇਮਾਰਤ 'ਚ ਰਹਿਣਾ ਦੱਸਿਆ ਜਾ ਰਿਹਾ ਹੈ। ਇਮਾਰਤ ਐੱਨਬੀਟੀਸੀ ਨਾਮ ਦੀ ਕੰਪਨੀ ਕੋਲ਼ ਸੀ। ਇਹ ਕੰਪਨੀ ਮੁੱਖ ਤੌਰ ਉੱਤੇ ਉਸਾਰੀ ਦੇ ਕੰਮਾਂ ਦੇ ਠੇਕੇ ਚੁੱਕਦੀ ਹੈ ਅਤੇ ਵੱਖ-ਵੱਖ ਦੇਸ਼ਾਂ ਦੇ ਮਜਦੂਰਾਂ ਨੂੰ ਕੰਮ ਦਿੰਦੀ ਹੈ। ਇਸ ਸਮੇਂ ਇਸ ਕੰਪਨੀ ਨਾਲ਼ 15,000 ਦੇ ਲੱਗਭੱਗ ਮਜਦੂਰ ਜੁੜੇ ਹੋਏ ਹਨ। ਇਸਦਾ ਮਾਲਕ ਕੇਜੀ ਅਬਰਾਹਾਮ ਨਾਮ ਦਾ ਕੇਰਲ ਦਾ ਇੱਕ ਅਮੀਰ ਵਿਅਕਤੀ ਹੈ। ਇਸ ਕੰਪਨੀ ਦਾ ਕਹਿਣਾ ਹੈ ਕਿ ਇਹਨਾਂ ਦੀ ਕੋਈ ਗਲਤੀ ਨਹੀਂ ਹੈ ਫਿਰ ਵੀ ਇਹ 8-8 ਲੱਖ ਦਾ ਮੁਆਵਜਾ ਹਾਦਸੇ 'ਚ ਖਤਮ ਹੋਣ ਵਾਲ਼ੇ ਮਜਦੂਰਾਂ ਦੇ ਪਰਿਵਾਰਾਂ ਨੂੰ ਦੇਣਗੇ। ਜਦਕਿ ਇਸ ਘਟਨਾ ਦਾ ਅਸਲ ਕਾਰਨ ਹੀ ਕੰਪਨੀ ਵੱਲੋਂ ਇਮਾਰਤ 'ਚ ਸਮੱਰਥਾ ਤੋਂ ਵੱਧ ਮਜਦੂਰਾਂ ਨੂੰ ਰੱਖਣਾ ਹੈ। ਹਾਦਸੇ ਵਾਲ਼ੀ ਇਮਾਰਤ ਦੀ ਸਮਰੱਥਾ 100 ਬੰਦਿਆਂ ਤੋਂ ਘੱਟ ਸੀ ਜਦਕਿ ਹਾਦਸੇ ਵਾਲ਼ੀ ਰਾਤ ਇਮਾਰਤ 'ਚ 196 ਮਜਦੂਰ ਰਹਿ ਰਹੇ ਸਨ। ਜਿਆਦਾਤਰ ਮਜਦੂਰ ਸੁੱਤਿਆਂ ਹੀ ਦਮ ਘੁੱਟਣ ਕਰਕੇ ਹਾਦਸੇ ਦਾ ਸ਼ਿਕਾਰ ਹੋਏ ਹਨ।

2021 ਤੱਕ ਲੱਗਭੱਗ 1.35 ਕਰੋੜ ਭਾਰਤੀ ਨਾਗਰਿਕ ਵਿਦੇਸ਼ਾਂ ਵਿੱਚ ਰਹਿ ਰਹੇ ਹਨ, ਜਿਸ ਵਿੱਚ ਪੱਛਮੀ ਏਸ਼ੀਆ ਪ੍ਰਵਾਸੀਆਂ ਲਈ ਪ੍ਰਮੁੱਖ ਮੰਜਿਲ ਹੈ। ਭਾਰਤੀ ਮੂਲ ਦੇ ਹੋਰ 1.87 ਕਰੋੜ ਵਿਅਕਤੀ ਸਨ ਜੋ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿ ਰਹੇ ਹਨ। ਇਸ ਤੋਂ ਬਿਨ੍ਹਾਂ ਵੀ ਭਾਰਤ ਦੇ ਬਹੁਤ ਸਾਰੇ ਲੋਕ ਵੱਖ-ਵੱਖ ਤਰੀਕਿਆਂ ਰਾਹੀ ਵਿਦੇਸ਼ਾਂ 'ਚ ਰਹਿੰਦੇ ਹਨ। ਸਰਮਾਏਦਾਰਾ ਪ੍ਰਵਾਸ ਨੀਤੀ ਸਰਹੱਦਾਂ ਦੇ ਪਾਰ ਮਨੁੱਖੀ ਕਿਰਤ ਸ਼ਕਤੀ ਦੇ ਪ੍ਰਵਾਹ ਨੂੰ ਆਪਣੇ ਕਾਬੂ ਵਿੱਚ ਰੱਖਦੀ ਹੈ। ਪ੍ਰਵਾਸ ਰਾਹੀਂ ਵਿਕਸਤ ਦੇਸ਼ਾਂ ਦੇ ਸਰਮਾਏਦਾਰ ਆਪਣੇ ਲਈ ਸਸਤੀ ਕਿਰਤ ਸ਼ਕਤੀ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਂਦੇ ਹਨ। ਪਰ ਨਾਲ਼ ਹੀ ਇਸੇ ਨੀਤੀ ਰਾਹੀਂ ਲੋੜ ਪੈਣ 'ਤੇ ਪ੍ਰਵਾਸ ਦੇ ਵਹਾਅ ਨੂੰ ਰੋਕਦੇ ਵੀ ਹਨ, ਇਸ ਨਾਲ਼ ਧਨਾਢ ਮਾਲਕਾਂ ਨੂੰ ਕਿਰਤੀਆਂ ਦੀ ਇੱਕ ਰਾਖਵੀਂ ਅਬਾਦੀ ਹਾਸਲ ਹੁੰਦੀ ਹੈ ਅਤੇ ਨਾਲ਼ ਹੀ ਘਰੇਲੂ ਅਤੇ ਪ੍ਰਵਾਸੀ ਕਿਰਤੀਆਂ ਵਿੱਚ ਇੱਕ ਵਿਰੋਧ ਪੈਦਾ ਕਰਦੇ ਹੋਏ, ਸਥਾਨਕ ਕਿਰਤੀਆਂ ਦੇ ਮੁਕਾਬਲੇ ਪ੍ਰਵਾਸੀਆਂ ਨੂੰ ਘੱਟ ਤਨਖਾਹਾਂ ਦੇ ਕੇ ਆਪਣੇ ਕਾਰੋਬਾਰ ਵੱਡੇ ਕਰਦੇ ਹਨ ਅਤੇ ਕਿਰਤੀਆਂ ਦੀ ਲੁੱਟ ਕਰਦੇ ਹਨ। ਇਸੇ ਕਾਰਨ ਘਰੇਲੂ ਅਤੇ ਪ੍ਰਵਾਸੀ ਮਜਦੂਰਾਂ ਵਿਚਲਾ ਤਣਾਅ ਲੋਟੂ ਹਾਕਮਾਂ ਲਈ ਫਾਇਦੇਮੰਦ ਹੁੰਦਾ ਹੈ ਅਤੇ ਦੂਜੇ ਪਾਸੇ ਕਿਰਤੀ ਅਬਾਦੀ ਵਿਚਲੇ ਏਕੇ ਵਿੱਚ ਇੱਕ ਵੱਡੀ (ਪਰ ਅਲੰਘ ਨਹੀਂ) ਰੋਕ ਹੁੰਦਾ ਹੈ।

ਪ੍ਰਵਾਸੀ ਕਾਮਿਆਂ ਦੀਆਂ ਸਮੱਸਿਆਵਾਂ ਨੂੰ ਵੀ ਸਮੁੱਚੀ ਕਿਰਤੀ ਅਬਾਦੀ ਦੀ ਸਮੱਸਿਆ ਦੇ ਅੰਗ ਵਜੋਂ ਰੱਖ ਕੇ ਹੀ ਵੇਖਣਾ ਚਾਹੀਦਾ ਹੈ ਅਤੇ ਇਸ ਦਾ ਹੱਲ ਵੀ ਸਰਮਾਏਦਾਰਾ ਪ੍ਰਬੰਧ ਅੰਦਰ ਸਮੁੱਚੇ ਕਿਰਤੀਆਂ ਦੇ ਹੱਲ ਨਾਲ਼ ਜੁੜਿਆ ਹੋਇਆ ਹੈ। ਕੁਵੈਤ ਦੀ ਹੀ ਗੱਲ ਕਰੀਏ ਤਾਂ ਉੱਥੇ ਪ੍ਰਵਾਸੀ ਮਜਦੂਰਾਂ ਦੀ ਲੁੱਟ ਬਹੁਤ ਭਿਅੰਕਰ ਹੈ ਪਰ ਇਸਦਾ ਇਹ ਮਤਲਬ ਨਹੀਂ ਕਿ ਸਥਾਨਕ ਮਜਦੂਰਾਂ ਦੀ ਲੁੱਟ ਨਹੀਂ ਹੁੰਦੀ। ਇਹਨਾਂ ਸਭ ਕੌਮਾਂ ਦੇ ਮਜਦੂਰਾਂ ਦਾ ਕਾਰਜ ਸਰਮਾਏਦਾਰਾ ਲੁੱਟ ਨੂੰ ਖਤਮ ਕਰਨ ਵਿੱਚ ਪਿਆ ਹੈ। ਇਹਨਾਂ ਦੇ ਸਾਂਝੇ ਦੁਸ਼ਮਣ ਉੱਥੋਂ ਦੇ ਸਰਮਾਏਦਾਰ, ਸਰਮਾਏਦਾਰਾ ਢਾਂਚਾ ਹੈ। ਇਸ ਸਰਮਾਏਦਾਰਾ ਢਾਂਚੇ ਵਿਰੁੱਧ ਘੋਲ਼ ਹੀ ਇਹਨਾਂ ਵੱਖੋ-ਵੱਖਰੀਆਂ ਕੌਮਾਂ ਦੇ ਮਜਦੂਰਾਂ ਦੀ ਸਾਂਝ ਦਾ ਅਧਾਰ ਬਣ ਸਕਦਾ ਹੈ।







ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਜਥੇਬੰਦਕ ਧਰਮਾਂ ਦਾ ਮਾਇਆਜਾਲ-13

# ਜੰਤਰ, ਮੰਤਰ, ਤੰਤਰ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋਂ, ਮਨੋਂ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਧਰਮ ਪੁਜਾਰੀਆਂ ਵਲੋਂ ਮਨੁੱਖਤਾ ਨੂੰ ਸੱਚ ਦੇ ਮਾਰਗ ਤੇ ਤੋਰਨ ਵਾਲੇ ਰਹਿਬਰਾਂ, ਮਹਾਨ ਇਨਕਲਾਬੀ ਮਹਾਂਪੁਰਸ਼ਾਂ ਦੇ ਨਾਮ 'ਤੇ ਬਣਾਏ ਧਰਮ ਰੂਪੀ ਫਿਰਕਿਆਂ ਦੀਆਂ ਦੁਕਾਨਾਂ 'ਤੇ ਸਭ ਤੋਂ ਵੱਧ ਜੇ ਕੋਈ ਸੌਦਾ ਵਿਕਦਾ ਹੈ ਤਾਂ ਉਹ ਜੰਤਰ, ਮੰਤਰ, ਤੰਤਰ ਦਾ ਹੈ। ਜਿੰਨਾ ਮਨੁੱਖ ਦਾ ਸ਼ੋਸ਼ਣ ਜੰਤਰ-ਮੰਤਰ-ਤੰਤਰ ਦੇ ਨਾਮ ਤੇ ਧਰਮ ਪੁਜਾਰੀਆਂ ਨੇ ਕੀਤਾ ਹੈ ਜਾਂ ਕਰ ਰਹੇ ਹਨ, ਉਤਨਾ ਹੋਰ ਕਿਸੇ ਕਰਮਕਾਂਡ, ਪਖੰਡ ਦੇ ਨਾਂ 'ਤੇ ਨਹੀਂ ਕੀਤਾ। ਇਸ ਵਿਸ਼ੇ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਜੰਤਰ-ਮੰਤਰ-ਤੰਤਰ ਦੀ ਸ਼ਬਦਿਕ ਪਰਿਭਾਸ਼ਾ ਬਾਰੇ ਜਾਣ ਲੈਣਾ ਲਾਭਦਾਇਕ ਰਹੇਗਾ।

ਡਿਕਸ਼ਨਰੀ ਅਨੁਸਾਰ ਜੰਤਰ ਦਾ ਅਰਥ-ਮਸ਼ੀਨ, ਟੂਣਾ ਜਾਂ ਕੋਈ ਖਾਸ ਕਲਾ। ਮੰਤਰ ਦਾ ਅਰਥ-ਸਲਾਹ ਮਸ਼ਵਰਾ, ਗੁਪਤ ਗੱਲ ਕਰਨਾ, ਕਿਸੇ ਖਾਸ ਸ਼ਬਦ ਨੂੰ ਕਿਸੇ ਦੇ ਲਾਭ ਜਾਂ ਨੁਕਸਾਨ ਲਈ ਵਰਤਣਾ, ਕਿਸੇ ਗ੍ਰੰਥ ਦਾ ਮੂਲ ਪਾਠ ਆਦਿ। ਤੰਤਰ ਦਾ ਅਰਥ-ਫੈਲਾਉਣਾ, ਵਿਸਤਾਰ ਕਰਨਾ, ਉਪਾਅ ਕਰਨਾ, ਯਤਨ ਕਰਨਾ, ਕਿਸੇ ਜਾਦੂ-ਟੂਣੇ ਆਦਿ ਨਾਲ ਉਪਾਅ ਜਾਂ ਨੁਕਸਾਨ ਕਰਨਾ।

ਪਰ ਆਮ ਤੌਰ 'ਤੇ ਨਕਲੀ ਧਰਮਾਂ ਵਿੱਚ ਇਨ੍ਹਾਂ ਦੇ ਅਰਥ ਇਸ ਤਰ੍ਹਾਂ ਲਏ ਜਾਂਦੇ ਹਨ। ਕਿਸੇ ਖਾਸ ਸ਼ਬਦ, ਵਾਕ, ਅੱਖਰ ਜਾਂ ਰੱਬ ਦਾ ਨਾਂ ਆਦਿ ਨੂੰ ਮੰਤਰ, ਉਸ ਮੰਤਰ ਨੂੰ ਕਿਸੇ ਕਾਗਜ਼ ਜਾਂ ਹੋਰ ਚੀਜ਼ ਆਦਿ 'ਤੇ ਲਿਖ ਲੈਣ ਜਾਂ ਤਵੀਤ ਬਣਾ ਕੇ ਦੇਣ ਨੂੰ ਜੰਤਰ ਅਤੇ ਮੰਤਰਾਂ-ਜੰਤਰਾਂ ਰਾਹੀਂ ਆਪਣੇ ਸ਼ਰਧਾਲੂਆ ਨੂੰ ਜਾਦੂ-ਟੂਣਿਆਂ, ਕਾਲ਼ਾ ਇਲਮ ਆਦਿ ਰਾਹੀਂ ਮੁਸੀਬਤਾਂ ਤੋਂ ਬਚਾਉਣ ਤੇ ਵਿਰੋਧੀਆਂ ਨੂੰ ਮੁਸੀਬਤਾਂ ਵਿੱਚ ਪਾਉਣਾ ਨੂੰ ਤੰਤਰ ਕਿਹਾ ਜਾਂਦਾ ਹੈ।

ਕੁਦਰਤ ਦੇ ਅਟੱਲ ਨਿਯਮਾਂ ਨੂੰ ਨਾ ਸਮਝਣ ਵਾਲੇ ਅੰਧ ਵਿਸ਼ਵਾਸੀ, ਲਾਲਚੀ ਬਿਰਤੀ ਤੇ ਡਰਪੋਕ ਮਾਨਸਿਕਤਾ ਵਾਲੇ ਲੋਕ ਅਕਸਰ ਪਾਂਧਿਆਂ, ਪ੍ਰੋਹਤਾਂ, ਪੁਜਾਰੀਆਂ, ਬਾਬਿਆਂ, ਸਾਧਾਂ-ਸੰਤਾਂ, ਤਾਂਤਰਿਕਾਂ, ਯੋਗੀਆਂ, ਸੰਨਿਆਸੀਆਂ ਆਦਿ ਦੇ ਚੁੰਗਲ ਵਿੱਚ ਫਸਦੇ ਹਨ। ਆਮ ਮਨੁੱਖ ਮਾਨਸਿਕ ਤੌਰ 'ਤੇ ਬਲਵਾਨ ਨਾ ਹੋਣ ਕਾਰਨ, ਆਪਣੀ ਡਰ ਤੇ ਲਾਲਚੀ ਬਿਰਤੀ ਅਧੀਨ ਜਦੋਂ ਉਨ੍ਹਾਂ ਨੂੰ ਕੋਈ ਥੋੜ੍ਹੀ ਬਹੁਤੀ ਮੁਸੀਬਤ ਪੈਂਦੀ ਹੈ ਤਾਂ ਉਸਦਾ ਸਾਹਮਣਾ ਕਰਨ, ਉਸਦਾ ਸਹੀ ਢੰਗ ਨਾਲ ਹੱਲ ਲੱਭਣ ਦੀ ਥਾਂ ਪੁਜਾਰੀਆਂ ਕੋਲ ਭੱਜਾ ਜਾਂਦਾ ਹੈ। ਹਰ ਧਰਮ ਦੇ ਪ੍ਰੋਹਿਤਾਂ ਪੁਜਾਰੀਆਂ ਨੇ ਬਚਪਨ ਤੋਂ ਮਨੁੱਖ ਦੀ ਮਾਨਸਿਕ ਘਾੜਤ ਅਜਿਹੇ ਢੰਗ ਨਾਲ ਘੜੀ ਹੁੰਦੀ ਹੈ ਕਿ ਉਹ ਕਦੇ ਵੀ ਆਪਣੇ ਮਸਲਿਆਂ ਨੂੰ ਆਪ ਹੱਲ ਕਰਨ ਦੇ ਸਮਰਥ ਨਾ ਹੋਣ, ਉਹ ਹਮੇਸ਼ਾਂ ਨਿਮਾਣਾ ਨਿਤਾਣਾ ਬਣ, ਅੱਖਾਂ ਮੀਟ ਕੇ ਉਸਦੇ ਜਾਂ ਉਸਦੇ ਬਣਾਏ ਰੱਬ, ਜਾਂ ਰੱਬ ਦੇ ਬਣਾਏ ਕਲਪਿਤ ਦੇਵੀ-ਦੇਵਤਿਆਂ ਅੱਗੇ ਹੱਥ ਜੋੜ ਕੇ, ਸਿਰ ਝੁਕਾ ਕੇ ਖੜ੍ਹਾ ਰਹੇ। ਉਹ ਕਦੇ ਵੀ ਆਪਣੀਆਂ ਸਮੱਸਿਆਵਾਂ ਨੂੰ ਆਪ ਹੱਲ ਕਰਨ ਜਾਂ ਆਪਣੇ ਸੰਗੀ ਸਾਥੀਆਂ ਨਾਲ ਰਲ-ਮਿਲ ਕੇ ਹੱਲ ਕਰਨ ਦੇ ਸਮਰੱਥ ਨਾ ਹੋਵੇ, ਸਗੋਂ ਹਰ ਮੁਸੀਬਤ ਮੌਕੇ ਮਨੁੱਖ ਆਪਣੇ ਹੱਥੀਂ ਬਣਾਏ ਬੁੱਤਾਂ, ਫੋਟੋਆਂ, ਮੂਰਤੀਆਂ, ਗ੍ਰੰਥਾਂ ਜਾਂ ਫਿਰ ਪੁਜਾਰੀ ਦੇ ਚਰਨਾਂ ਵਿੱਚ ਢਹਿ ਪਵੇ ਤੇ ਅੱਗੋਂ ਪੁਜਾਰੀ ਉਸਨੂੰ ਤਸੱਲੀ ਦੇਵੇ ਕਿ ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ, ਸਬਰ ਰੱਖੋ ਰੱਬ ਆਪੇ ਸਭ ਕੁਝ ਠੀਕ ਕਰੇਗਾ। ਇਹੀ ਵਜ੍ਹਾ ਹੈ ਕਿ ਜੰਤਰਾਂ-ਮੰਤਰਾਂ-ਤੰਤਰਾਂ ਦੀਆਂ ਕਲਪਿਤ ਕਰਾਮਾਤੀ ਸ਼ਕਤੀਆਂ, ਰਿਧੀਆਂ-ਸਿਧੀਆਂ, ਗੈਬੀ ਸ਼ਕਤੀਆਂ ਦੀ ਹੋਂਦ ਦੀ ਸੰਭਾਵਨਾ ਨੂੰ ਕੋਈ ਨਾਸਤਿਕ, ਕੋਈ ਤਰਕਸ਼ੀਲ ਵਿਅਕਤੀ ਤਾਂ ਭਾਵੇਂ ਰੱਦ ਕਰ ਦੇਵੇ, ਪਰ ਪੁਜਾਰੀਆਂ ਦੇ ਧਰਮਾਂ ਦਾ ਸ਼ਰਧਾਲੂ ਅਜਿਹੀ ਜ਼ੁਰੱਅਤ ਕਦੇ ਨਹੀਂ ਕਰ ਪਾਉਂਦਾ। ਉਸਨੂੰ ਹਮੇਸ਼ਾਂ ਇਹ ਸੋਚ ਲੱਗੀ ਰਹਿੰਦੀ ਹੈ ਕਿ ਜੇ ਮੈਂ ਵਿਰੋਧ ਕੀਤਾ, ਇਸਨੂੰ ਰੱਦ ਕੀਤਾ, ਮੇਰਾ ਕਿਤੇ ਨੁਕਸਾਨ ਹੀ ਨਾ ਹੋ ਜਾਵੇ ਜਾਂ ਹੋ ਸਕਦਾ ਇਸ ਵਿੱਚ ਕੋਈ ਸਚਾਈ ਹੀ ਹੋਵੇ। ਚੱਲੋ ਅਸੀਂ ਕੀ ਲੈਣਾ, ਜੋ ਕਰਨਗੇ ਉਹ ਭਰਨਗੇ। ਅਜਿਹੇ ਸ਼ਰਧਾਲੂ ਅਕਸਰ ਅਜਿਹਾ ਕਹਿੰਦੇ ਵੀ ਸੁਣੇ ਜਾਂਦੇ ਹਨ ਕਿ ਇਹ ਰਿਧੀਆਂ-ਸਿਧੀਆਂ, ਟੂਣੇ-ਟਾਮਣੇ, ਜਾਦੂ-ਟੂਣੇ, ਕਾਲੇ ਇਲਮ, ਗੈਬੀ ਸ਼ਕਤੀਆਂ ਆਦਿ ਹੁੰਦੇ ਤਾਂ ਹਨ, ਪਰ ਉਸ ਲਈ ਹੀ ਹਨ, ਜੋ ਇਸਨੂੰ ਮੰਨਦੇ ਹਨ। ਸ਼ਰਧਾਲੂ ਲੋਕਾਂ ਦੀ ਅਜਿਹੀ ਸੋਚ ਕਾਰਨ ਹੀ ਪੁਜਾਰੀਆਂ ਦਾ ਜੰਤਰਾਂ-ਮੰਤਰਾਂ-ਤੰਤਰਾਂ ਦਾ ਧੰਦਾ ਹਜ਼ਾਰਾਂ ਸਾਲਾਂ ਤੋਂ ਬਦਸਤੂਰ ਜਾਰੀ ਹੈ। ਬੇਸ਼ੱਕ ਇਹ ਵੀ ਸੱਚਾਈ ਹੈ ਕਿ ਜਿਹੜਾ ਵਿਅਕਤੀ ਮਾਨਸਿਕ ਤੌਰ 'ਤੇ ਬਲਵਾਨ ਹੈ, ਅਜਿਹੀਆਂ ਕਿਸੇ ਤਰ੍ਹਾਂ ਦੀਆਂ ਗੈਬੀ ਸ਼ਕਤੀਆਂ, ਤੰਤਰਾਂ-ਮੰਤਰਾਂ ਵਿੱਚ ਯਕੀਨ ਨਹੀਂ ਕਰਦਾ, ਉਸ 'ਤੇ ਇਸਦਾ ਕੋਈ ਅਸਰ ਨਹੀਂ ਹੁੰਦਾ ਤੇ ਵੈਸੇ ਵੀ ਇਨ੍ਹਾਂ ਵਿੱਚ ਕੋਈ ਸੱਚਾਈ ਵੀ ਨਹੀਂ ਹੁੰਦੀ, ਪਰ ਮਾਨਸਿਕ ਤੌਰ 'ਤੇ ਨਿਮਾਣੇ, ਨਿਤਾਣੇ, ਕਮਜ਼ੋਰ ਮਨੁੱਖ ਪਹਿਲਾਂ ਹੀ ਬਹੁਤ ਸਾਰੇ ਵਹਿਮਾਂ, ਭਰਮਾਂ, ਡਰਾਂ ਦਾ ਸ਼ਿਕਾਰ ਹੁੰਦੇ ਹਨ, ਜਦੋਂ ਕੋਈ ਘਟਨਾ ਅਚਾਨਕ ਜਾਂ ਕੁਦਰਤੀ ਵਾਪਰ ਜਾਵੇ ਤਾਂ ਉਹ ਇਸਨੂੰ ਅਜਿਹੀਆਂ ਰਿਧੀਆਂ-ਸਿਧੀਆਂ, ਕਰਾਮਾਤਾਂ, ਮੰਤਰਾਂ-ਜੰਤਰਾਂ ਨਾਲ ਜੋੜ ਲੈਂਦੇ ਹਨ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਦਰਤ ਦੇ ਅਟੱਲ ਨਿਯਮਾਂ ਵਿੱਚ ਅਜੇ ਵੀ ਅਜਿਹੇ ਅਨੇਕਾਂ ਭੇਤ ਹਨ, ਜੋ ਅਜੇ ਮਨੁੱਖੀ ਸੂਝ ਤੋਂ ਪਰ੍ਹਾਂ ਦੀ ਗੱਲ ਹਨ, ਸਾਡੇ ਅਨੇਕਾਂ ਸਾਇੰਸਦਾਨ ਕੁਦਰਤ ਦੇ ਅਜਿਹੇ ਗੁੱਝੇ ਭੇਦਾਂ ਨੂੰ ਸਦੀਆਂ ਤੋਂ ਲੱਭਣ ਦਾ ਯਤਨ ਕਰ ਰਹੇ ਹਨ, ਉਨ੍ਹਾਂ ਦੇ ਇਨ੍ਹਾਂ ਯਤਨਾਂ ਸਦਕਾ ਹੀ ਅੱਜ ਮਨੁੱਖ ਜਿਥੇ ਅਨੇਕਾਂ ਦੁਨਿਆਵੀ ਸੁੱਖ-ਸਹੂਲਤਾਂ ਮਾਣ ਰਿਹਾ ਹੈ, ਉਥੇ ਉਸਨੇ ਕੁਦਰਤ ਦੀਆਂ ਅਨੇਕਾਂ ਕਰੋਪੀਆਂ ਤੋਂ ਛੁਟਕਾਰਾ ਵੀ ਪਾਇਆ ਹੈ। ਇਹ ਸਭ ਕੁਦਰਤ ਦੇ ਨਿਯਮਾਂ ਨੂੰ ਜਾਨਣ, ਉਨ੍ਹਾਂ ਦੇ ਅੰਦਰ ਛੁਪੇ ਗੁੱਝੇ ਭੇਦਾਂ ਨੂੰ ਲੱਭਣ ਨਾਲ ਹੀ ਸੰਭਵ ਹੋ ਸਕਿਆ ਹੈ। ਜੋ ਸੁੱਖ-ਸਹੂਲਤਾਂ, ਅੱਜ ਦਾ ਮਨੁੱਖ (ਕਰਾਮਾਤਾਂ ਤੇ ਗੈਬੀ ਸ਼ਕਤੀਆਂ ਵਿੱਚ ਯਕੀਨ ਕਰਨ ਵਾਲਿਆਂ ਸਮੇਤ) ਮਾਣ ਰਿਹਾ ਹੈ, ਉਹ ਸਭ ਸਾਇੰਸਦਾਨਾਂ ਦੀਆਂ ਸੈਂਕੜੇ ਸਾਲਾਂ ਦੀਆਂ ਅਣਥਕ ਘਾਲਨਾਵਾਂ ਦਾ ਨਤੀਜਾ ਹੈ। ਪਰ ਪਿਛਲੇ 6000 ਸਾਲ ਦੇ ਧਰਮਾਂ ਦੇ ਇਤਿਹਾਸ ਵਿੱਚ ਪੈਦਾ ਹੋਏ ਅਨੇਕਾਂ ਜਪੀਆਂ, ਤਪੀਆਂ, ਸਾਧਾਂ, ਸੰਨਿਆਸੀਆਂ, ਤਾਂਤਰਿਕਾਂ ਆਦਿ ਦੀ ਸਾਰੀ ਉਮਰ ਦੀ ਭਗਤੀ, ਜਪ-ਤਪ, ਜਾਦੂ-ਟੂਣਿਆਂ, ਮੰਤਰਾਂ-ਜੰਤਰਾਂ ਨੇ ਮਨੁੱਖਤਾ ਦਾ ਕੀ ਭਲਾ ਕੀਤਾ ਹੈ? ਇਹ ਅੱਜ ਦੇ ਪੁਜਾਰੀਆਂ ਤੋਂ ਪੁੱਛਣਾ ਬਣਦਾ ਹੈ? ਗੈਬੀ ਸ਼ਕਤੀਆਂ ਅਤੇ ਕਰਾਮਾਤਾਂ ਦੀਆਂ ਅਲੌਕਿਕ ਸ਼ਕਤੀਆਂ ਨਾਲ ਸਭ ਕੁਝ ਕਰਨ ਦੇ ਸਮਰੱਥ ਇਹ ਤਾਂਤਰਿਕ, ਸੰਨਿਆਸੀ, ਬ੍ਰਹਮ ਗਿਆਨੀ ਦੱਸਣ ਕਿ ਇਨ੍ਹਾਂ ਸ਼ਕਤੀਆਂ ਨਾਲ ਅੱਜ ਤੱਕ ਉਨ੍ਹਾਂ ਨੇ ਮਨੁੱਖ ਲਈ ਕੀ ਸੁੱਖ-ਸਹੂਲਤ ਪੈਦਾ ਕੀਤੀ ਹੈ? ਇਨ੍ਹਾਂ ਸ਼ਕਤੀਆਂ ਨਾਲ ਮਨੁੱਖਤਾ ਦਾ ਕੀ ਭਲਾ ਕੀਤਾ ਹੈ? ਜੇ ਇਹ ਸ਼ਕਤੀਆਂ ਇੰਨੀਆਂ ਹੀ ਸੱਚੀਆਂ ਤੇ ਉਪਯੋਗੀ ਹਨ ਤਾਂ ਇਨ੍ਹਾਂ ਨੂੰ ਪਾਉਣ ਦਾ ਉਹ ਫਾਰਮੂਲਾ ਸਾਇੰਸਦਾਨਾਂ ਵਾਂਗ ਸਭ ਨੂੰ ਖੁੱਲ੍ਹੇਆਮ ਦੱਸ ਕਿਉਂ ਨਹੀਂ ਦਿੰਦੇ? ਜਾਂ ਉਨ੍ਹਾਂ ਦੀਆਂ ਭਗਤੀਆਂ, ਜਪ-ਤਪ, ਮੰਤਰਾਂ-ਜੰਤਰਾਂ ਆਦਿ ਨਾਲ ਉਨ੍ਹਾਂ ਵਿੱਚ ਕੋਈ ਅਲੌਕਿਕ ਸ਼ਕਤੀ ਹੈ ਤਾਂ ਦੁਨੀਆ ਦਾ ਕਿਸੇ ਖੇਤਰ ਵਿੱਚ ਹੀ ਭਲਾ ਕਰਕੇ ਦਿਖਾ ਦੇਣ। ਪਰ ਨਹੀਂ, ਉਹ ਤਾਂ ਅੰਧ ਵਿਸ਼ਵਾਸੀ ਤੇ ਮਾਨਸਿਕ ਤੌਰ 'ਤੇ ਗੁਲਾਮ ਸ਼ਰਧਾਲੂਆਂ ਦੀ ਇਨ੍ਹਾਂ ਅਖੌਤੀ ਸ਼ਕਤੀਆਂ ਦੇ ਨਾਮ ਤੇ ਲੁੱਟ ਕਰਨਾ ਹੀ ਜਾਣਦੇ ਹਨ। ਬੜੀ ਹੈਰਾਨੀ ਹੁੰਦੀ ਹੈ, ਉਨ੍ਹਾਂ ਸ਼ਰਧਾਲੂਆਂ ਤੋਂ, ਜੋ ਇਕ ਅਖੌਤੀ ਗੁਰੂ ਤੋਂ ਲੁੱਟ ਹੋ ਕੇ, ਆਪਣਾ ਸ਼ੋਸ਼ਣ ਕਰਵਾ ਕੇ, ਕੁਝ ਸਮੇਂ ਬਾਅਦ ਕਿਸੇ ਹੋਰ ਦੇ ਪੈਰਾਂ ਵਿੱਚ ਡਿਗੇ ਹੁੰਦੇ ਹਨ। ਅਸਲ ਵਿੱਚ ਧਰਮ ਜਿਸਦਾ ਅਸਲ ਮਾਰਗ ਮਨੁੱਖੀ ਮਨ (ਦਿਮਾਗ ਜਾਂ ਆਤਮ ਆਦਿ) ਦੇ ਬੁਨਿਆਦੀ ਔਗੁਣਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ) ਤੋਂ ਜਾਣੂ ਕਰਾ ਕੇ, ਉਸਨੂੰ ਸੱਚ ਦਾ ਮਾਰਗ ਦਿਖਾਉਣਾ, ਇਨ੍ਹਾਂ ਔਗੁਣਾਂ ਦੀ ਆਪਣੇ ਤੇ ਸਮਾਜ ਲਈ ਸੁਚੱਜੀ ਵਰਤੋਂ ਕਰਨਾ ਜਾਂ ਇਨ੍ਹਾਂ ਨੂੰ ਕਾਬੂ ਵਿੱਚ ਰੱਖ ਕੇ ਸਬਰ, ਸੰਤੋਖ ਤੇ ਕੁਦਰਤ ਦੇ ਭਾਣੇ ਵਿੱਚ ਰਹਿਣ ਦੀ ਜੀਵਨ ਜਾਚ ਦੇਣਾ ਸੀ, ਪਰ ਪੁਜਾਰੀਆਂ ਨੇ ਮਨੁੱਖ ਨੂੰ ਇਸ ਪਾਸੇ ਤੋਰਨ ਦੀ ਥਾਂ ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ, ਜਾਦੂ-ਟੂਣਿਆਂ, ਕਰਾਮਾਤਾਂ ਆਦਿ ਦੇ ਚੱਕਰ ਵਿੱਚ ਪਾ ਕੇ ਧਰਮ ਨੂੰ ਮਨੁੱਖ ਦਾ ਮਾਨਸਿਕ, ਸਰੀਰਕ, ਆਰਥਿਕ ਸੋਸ਼ਣ ਕਰਨ ਦਾ ਧੰਦਾ ਬਣਾ ਦਿੱਤਾ ਹੈ।

ਧਰਮਾਂ ਦੇ ਵੱਖ-ਵੱਖ ਗ੍ਰੰਥ ਅਜਿਹੇ ਮੰਤਰਾਂ-ਜੰਤਰਾਂ-ਤੰਤਰਾਂ ਦੇ ਕਿੱਸੇ ਕਹਾਣੀਆਂ ਨਾਲ ਭਰੇ ਪਏ ਹਨ। ਦੁਨੀਆਂ ਦਾ ਕੋਈ ਵੀ ਰਹਿਬਰ, ਪੀਰ-ਪੈਗੰਬਰ, ਗੁਰੂ, ਮਹਾਂਪੁਰਸ਼ ਅਜਿਹਾ ਨਹੀਂ ਮਿਲੇਗਾ, ਜਿਸਦੇ ਜੀਵਨ ਨਾਲ ਉਸਦੇ ਮਰਨ ਉਪਰੰਤ ਪੁਜਾਰੀਆਂ ਜਾਂ ਸ਼ਰਧਾਲੂਆਂ ਵਲੋਂ ਕਰਾਮਾਤੀ ਕਥਾ-ਕਹਾਣੀਆਂ ਨਾ ਘੜੀਆਂ ਹੋਣ। ਵੱਡੇ-ਵੱਡੇ ਰਿਸ਼ੀਆਂ-ਮੁਨੀਆਂ, ਤਾਂਤਰਿਕਾਂ ਨੂੰ ਜੰਗਲਾਂ-ਪਹਾੜਾਂ ਵਿੱਚ ਜਾ ਕੇ ਘੋਰ ਤਪੱਸਿਆ ਕਰਦੇ, ਮੰਤਰਾਂ ਦਾ ਜਾਪ ਕਰਦੇ ਦਿਖਾਇਆ ਗਿਆ ਹੈ ਤਾਂ ਕਿ ਦੱਸਿਆ ਜਾ ਸਕੇ ਕਿ ਇਨ੍ਹਾਂ ਭਾਰੀ ਤਪੱਸਿਆਵਾਂ ਨਾਲ ਉਨ੍ਹਾਂ ਕੋਲ ਕੁਦਰਤ ਦੇ ਅਟੱਲ ਨਿਯਮਾਂ ਨੂੰ ਉਲਟਾਉਣ ਦੀਆਂ ਸ਼ਕਤੀਆਂ ਸਨ, ਇਹ ਸ਼ਕਤੀਆਂ ਉਨ੍ਹਾਂ ਭਾਰੀ ਤਪਾਂ ਨਾਲ ਪ੍ਰਾਪਤ ਕਰ ਲਈਆਂ ਸਨ। ਹੁਣ ਤੁਸੀਂ ਪੁਜਾਰੀ ਦੁਆਰਾ ਦੱਸੀ ਮਰਿਯਾਦਾ ਅਨੁਸਾਰ ਪੂਜਾ-ਪਾਠ ਕਰਾਓ, ਕਰਮ-ਕਾਂਡ ਨਿਭਾਉ, ਤੁਹਾਨੂੰ ਸਭ ਮਨੋ ਮੰਗੀਆਂ ਮੁਰਾਦਾਂ ਮਿਲਣਗੀਆਂ, ਤੁਹਾਡੇ ਵਿਰੋਧੀਆਂ ਦਾ ਸਰਬਨਾਸ਼ ਹੋ ਜਾਵੇਗਾ। ਸ਼ਾਇਦ ਹੀ ਕਿਸੇ ਧਰਮ ਦਾ ਗ੍ਰੰਥ ਗੈਰ-ਕੁਦਰਤੀ ਕਰਾਮਾਤੀ ਕਥਾ-ਕਹਾਣੀਆਂ ਤੋਂ ਬਚਿਆ ਹੋਵੇ, ਜੇ ਕੋਈ ਬਚਿਆ ਵੀ ਹੋਵੇ ਤਾਂ ਉਸਦੇ ਨਾਲ ਅਨੇਕਾਂ ਹੋਰ ਨਕਲੀ ਗ੍ਰੰਥ ਪੁਜਾਰੀਆਂ ਵਲੋਂ ਲਿਖ ਕੇ ਪ੍ਰਚਾਰੇ ਜਾਂਦੇ ਹਨ ਤਾਂ ਕਿ ਸ਼ਰਧਾਲੂ ਮਨੁੱਖ ਦਾ ਅਜਿਹੀਆਂ ਅਖੌਤੀ ਕਰਾਮਾਤਾਂ, ਗੈਬੀ ਸ਼ਕਤੀਆਂ ਤੇ ਇਨ੍ਹਾਂ ਨੂੰ ਵੱਸ ਕਰਨ ਜਾਂ ਇਨ੍ਹਾਂ ਦੇ ਉਪਯੋਗ ਆਪਣੇ ਹੱਕ ਵਿੱਚ ਕਰਨ ਤੇ ਵਿਰੋਧੀਆਂ ਦੇ ਵਿਰੁੱਧ ਕਰਨ ਵਿੱਚ ਬਣਿਆ ਰਹੇ। ਧਰਮਾਂ ਦੀ ਦੁਨੀਆਂ ਵਿੱਚ ਤੁਹਾਨੂੰ ਜੰਤਰਾਂ, ਮੰਤਰਾਂ, ਤੰਤਰਾਂ, ਕਰਾਮਾਤਾਂ, ਗੈਬੀ ਸ਼ਕਤੀਆਂ, ਗੈਬੀ ਰੂਹਾਂ ਵੱਸ ਕਰਨ, ਆਦਿ ਦੇ ਅਨੇਕਾਂ ਸ਼ਾਸਤਰ, ਗ੍ਰੰਥ, ਸ਼ਰਧਾ ਪੂਰਨ ਤੇ ਦੁੱਖ ਹਰਨ ਵਾਲੇ ਗੁਟਕੇ ਮਿਲ ਜਾਂਦੇ ਹਨ। ਜਿਨ੍ਹਾਂ ਵਿੱਚ ਵੱਖ-ਵੱਖ ਵਿਧੀਆਂ ਰਾਹੀਂ ਰਿਧੀਆਂ-ਸਿਧੀਆਂ, ਕਰਾਮਾਤੀ ਸ਼ਕਤੀਆਂ ਹਾਸਿਲ ਕਰਨ ਦੇ ਢੰਗ ਤਰੀਕੇ, ਪੂਜਾ-ਪਾਠ ਦੇ ਸਾਧਨ, ਜਪ-ਤਪ ਕਰਨ ਦੇ ਸਾਧਨ ਆਦਿ ਦੱਸੇ ਹੁੰਦੇ ਹਨ ਤਾਂ ਕਿ ਮਨੁੱਖ ਇਨ੍ਹਾਂ ਮੰਤਰਾਂ-ਜੰਤਰਾਂ ਦੀਆਂ ਸ਼ਕਤੀਆਂ ਨਾਲ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰ ਸਕੇ, ਆਪਣੇ ਵਿਗੜੇ ਕਾਰਜ ਸਵਾਰ ਸਕੇ, ਦੂਜੇ ਲੋਕਾਂ ਤੇ ਆਪਣਾ ਪ੍ਰਭਾਵ ਬਣਾ ਸਕੇ, ਨਾਲ ਹੀ ਨਾਲ ਆਪਣੇ ਵਿਰੋਧੀਆਂ ਨੂੰ ਚਿੱਤ ਕਰ ਸਕੇ, ਉਨ੍ਹਾਂ ਦਾ ਆਪਣੇ ਲਾਭ ਲਈ ਨੁਕਸਾਨ ਕਰ ਸਕੇ।

ਪੁਜਾਰੀਆਂ ਦੇ ਨਕਲੀ ਧਰਮਾਂ ਦੇ ਇਤਿਹਾਸ ਨੂੰ ਪੜ੍ਹਨ ਤੋਂ ਇਹ ਸਮਝ ਵੀ ਪੈਂਦੀ ਹੈ ਕਿ ਗੈਬੀ ਤੇ ਕਰਾਮਾਤੀ ਸ਼ਕਤੀਆਂ ਦਾ ਭੁਲੇਖਾ ਪਾ ਕੇ (ਜਿਹੜਾ ਕੇ ਆਮ ਤੌਰ 'ਤੇ ਜਾਦੂ ਦਾ ਟਰਿਕ, ਹੱਥ ਦੀ ਸਫਾਈ ਜਾਂ ਸਾਇੰਸ ਦਾ ਕੋਈ ਪ੍ਰਯੋਗ ਹੀ ਹੁੰਦਾ ਹੈ) ਪ੍ਰਸਿੱਧੀ ਹਾਸਿਲ ਕਰ ਬੈਠੇ ਤਾਂਤਰਿਕਾਂ, ਸਾਧਾਂ, ਸਿੱਧਾਂ, ਬ੍ਰਹਮ ਗਿਆਨੀਆਂ, ਯੋਗੀਆਂ ਆਦਿ ਨੇ ਹੋ ਸਕਦਾ ਕਿਸੇ ਇੱਕਾ-ਦੁੱਕਾ ਵਿਅਕਤੀ ਦਾ ਕੋਈ ਕੰਮ ਸੰਵਾਰ ਦਿੱਤਾ ਹੋਵੇ (ਹੋ ਸਕਦਾ ਉਹ ਕੰਮ ਕੁਦਰਤੀ ਹੋ ਗਿਆ ਹੋਵੇ ਜਾਂ ਉਸ ਪਿਛੇ ਕੋਈ ਹੋਰ ਕਾਰਨ ਹੋਵੇ), ਪਰ ਇਨ੍ਹਾਂ ਵਿਚੋਂ ਕਿਸੇ ਨੇ ਕਦੇ ਕੋਈ ਅਜਿਹਾ ਉਦਮ ਨਹੀਂ ਕੀਤਾ, ਜਿਸ ਤੋਂ ਸਮੂਹ ਜਗਤ ਦੀ ਭਲਾਈ ਹੋਈ ਹੋਵੇ, ਨਾ ਹੀ ਇਨ੍ਹਾਂ ਵਿਚੋਂ ਅਜੇ ਤੱਕ ਕੋਈ ਮਨੁੱਖ ਮੰਤਰਾਂ-ਜੰਤਰਾਂ ਰਾਹੀਂ ਕੋਈ ਕਾਰਜ ਰਾਸ ਕਰਨ ਦਾ ਜਾਂ ਕਿਸੇ ਦਾ ਨੁਕਸਾਨ ਕਰਨ ਦਾ ਸਰਬਸਾਂਝਾ ਸਿਧਾਂਤ ਹੀ ਦੇ ਸਕੇ ਹਨ। ਜਿਸ ਤਰ੍ਹਾਂ ਸਾਇੰਸਦਾਨ, ਮਨੁੱਖ ਨੂੰ ਸਾਰੀ ਦੁਨੀਆਂ ਵਿੱਚ ਵਰਤਣ ਲਈ ਸਰਬ ਸਾਂਝੇ ਸਿਧਾਂਤ ਬਖਸ਼ਦੇ ਹਨ। ਜਿਸਨੂੰ ਵਰਤ ਕੇ, ਪ੍ਰਯੋਗ ਕਰਕੇ ਦੁਨੀਆਂ ਵਿੱਚ ਕਿਤੇ ਵੀ ਕੋਈ ਵਿਅਕਤੀ ਲਾਭ ਉਠਾ ਸਕਦਾ ਹੈ।

ਅਨੇਕਾਂ ਧਰਮ ਸਥਾਨਾਂ 'ਤੇ ਅਜਿਹੇ ਸਾਧਾਂ-ਸੰਤਾਂ-ਤਾਂਤਰਿਕਾਂ ਆਦਿ ਨੇ ਜੰਤਰਾਂ-ਮੰਤਰਾਂ, ਜਾਦੂ-ਟੂਣਿਆਂ ਆਦਿ ਨਾਲ ਲੋਕਾਂ ਦੇ ਰੋਗ ਕੱਟਣ, ਮਨੋ-ਇੱਛਤ ਫਲ ਪ੍ਰਾਪਤ ਕਰਨ, ਸਾਰੀਆਂ ਮੁਸੀਬਤਾਂ ਦੇ ਹੱਲ ਆਦਿ ਦਾ ਭਰਮ ਬਣਾਇਆ ਹੋਇਆ ਹੈ। ਲੱਖਾਂ ਲੋਕ ਦੁਨੀਆਂ ਭਰ ਵਿੱਚ ਅਜਿਹੇ ਸਥਾਨਾਂ 'ਤੇ ਜਾ ਕੇ ਮੱਥੇ ਰਗੜਦੇ ਹਨ, ਜਪ-ਤਪ ਕਰਦੇ ਹਨ, ਵਿਧੀ ਅਨੁਸਾਰ ਪੂਜਾ-ਪਾਠ ਕਰਦੇ ਹਨ, ਸਿਰ ਮਾਰ-ਮਾਰ ਨੱਚਦੇ ਹਨ, ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਨ, ਮੰਤਰੇ ਹੋਏ ਧਾਗੇ ਤਬੀਤ, ਪਾਣੀ ਆਦਿ ਲਿਆਉਂਦੇ ਹਨ। ਫਿਰ ਅਜਿਹੇ ਪੁਜਾਰੀਆਂ ਦੇ ਸ਼ਰਧਾਲੂ ਆਪਣੇ ਦੁੱਖ ਕੱਟ ਹੋਣ, ਸੁੱਖਣਾ ਪੂਰੀ ਹੋਣ, ਸਰਿਰਕ ਰੋਗ ਕੱਟੇ ਜਾਣ ਦੀਆਂ ਕਹਾਣੀਆਂ ਵੀ ਸੁਣਾਉਂਦੇ ਹਨ। ਪਰ ਇਨ੍ਹਾਂ ਤਾਂਤਰਿਕਾਂ, ਬਾਬਿਆਂ ਦਾ ਇਲਾਜ ਸਿਰਫ ਡੇਰੇ ਤੱਕ ਹੀ ਸੀਮਤ ਹੁੰਦਾ ਹੈ। ਉਨ੍ਹਾਂ ਦੇ ਮੰਤਰਾਂ-ਜੰਤਰਾਂ ਦੀ ਵਿਧੀਆਂ ਨੂੰ ਸਕੂਲਾਂ-ਕਾਲਜਾਂ ਵਿੱਚ ਪੜ੍ਹਾ ਕੇ ਸਾਰੀ ਮਨੁੱਖਤਾ ਦਾ ਭਲਾ ਕਿਉਂ ਨਹੀਂ ਕੀਤਾ ਜਾਂਦਾ? ਅਸਲ ਵਿੱਚ ਉਥੇ ਭਰਮ ਗ੍ਰਸੇ, ਮਾਨਸਿਕ ਹੀਣੇ ਤੇ ਮੰਦ ਬੁੱਧੀ ਲੋਕ ਹੀ ਜਾਂਦੇ ਹਨ ਤੇ ਉਨ੍ਹਾਂ ਨੂੰ ਹੀ ਬੀਮਾਰ ਹੋਣ ਤੇ ਠੀਕ ਹੋਣ ਦਾ ਭਰਮ ਹੁੰਦਾ ਹੈ। ਉਨ੍ਹਾਂ ਵਿਚੋਂ ਬਹੁਤਿਆਂ ਦੀਆ ਬੀਮਾਰੀਆਂ ਵੀ ਅਸਲ ਵਿਚ ਮਾਨਸਿਕ ਹੀ ਹੁੰਦੀਆਂ ਹਨ। ਇਹੀ ਵਜ੍ਹਾ ਹੈ ਕਿ ਵਿਗਿਆਨੀਆਂ ਦੀਆਂ ਖੋਜਾਂ ਨਾਲ ਬਣਾਈਆਂ ਦਵਾਈਆਂ ਦੀ ਵਰਤੋਂ ਕਰਕੇ ਡਾਕਟਰਾਂ ਵਲੋਂ ਰੋਜ਼ਾਨਾ ਲੱਖਾਂ ਲੋਕਾਂ ਦੇ ਇਲਾਜ ਕੀਤੇ ਜਾਂਦੇ ਹਨ, ਸਰਜਰੀਆਂ ਹੁੰਦੀਆਂ ਹਨ, ਲੋਕ ਮੌਤ ਦੇ ਮੂੰਹ ਵਿਚੋਂ ਬਚ ਆਉਂਦੇ ਹਨ ਤੇ ਦੁਨੀਆ ਭਰ ਵਿੱਚ ਸਾਇੰਸਦਾਨਾਂ ਦੀਆਂ ਖੋਜਾਂ ਨੂੰ ਸਰਕਾਰੀ ਪੱਧਰ 'ਤੇ ਮਾਨਤਾ ਮਿਲੀ ਹੁੰਦੀ ਹੈ, ਪਰ ਅਜੇ ਤੱਕ ਕਿਸੇ ਤਾਂਤਰਿਕ, ਯੋਗੀ, ਸੰਨਿਆਸੀ, ਬ੍ਰਹਮ ਗਿਆਨੀ ਦੇ ਜਾਦੂ-ਟੂਣੇ, ਜੰਤਰ-ਮੰਤਰ ਨੂੰ ਕਿਸੇ ਨੇ ਮਾਨਤਾ ਨਹੀਂ ਦਿੱਤੀ, ਕਿਉਂਕਿ ਇਹ ਸਭ ਮਨੁੱਖ ਦੇ ਮਾਨਸਿਕ ਭਰਮ ਦੀ ਉਪਜ ਹਨ ਅਤੇ ਉਸਦੇ ਭਰਮ ਦਾ ਲਾਭ ਉਠਾ ਕੇ ਹੀ ਉਹ ਮਨੁੱਖ ਨੂੰ ਲੁੱਟਦੇ ਹਨ। ਬੇਸ਼ੱਕ ਜੰਤਰਾਂ-ਮੰਤਰਾਂ ਦੀਆਂ ਕਰਾਮਾਤੀ ਸ਼ਕਤੀਆਂ ਦੀ ਭਰਮਾਰ ਵੇਦਾਂ, ਸ਼ਾਸਤਰਾਂ, ਧਰਮ ਗ੍ਰੰਥਾਂ, ਪੁਰਾਣਾਂ ਆਦਿ ਵਿੱਚ ਮਿਲਦੀ ਹੈ, ਪਰ ਇਨ੍ਹਾਂ ਦੇ ਜੰਤਰ-ਮੰਤਰ ਰੂਪੀ ਟੋਟਕਿਆਂ ਨੂੰ ਕਦੇ ਕਿਸੇ ਸਕੂਲ, ਕਾਲਜ, ਯੂਨੀਵਰਸਿਟੀ ਦੇ ਸਿਲੇਬਸ ਵਿੱਚ ਮਾਨਤਾ ਨਹੀਂ ਮਿਲ ਸਕੀ ਕਿਉਂਕਿ ਇਹ ਸਿਰਫ ਭਰਮ ਜਾਲ ਹੈ। ਇਸ ਵਿੱਚ ਕੋਈ ਸਚਾਈ ਨਹੀਂ ਹੈ।

ਅਸਲ ਵਿੱਚ ਅਜਿਹੇ ਟੂਣੇਹਾਰ, ਮਦਾਰੀਆਂ, ਸਿਧਾਂ, ਤਾਂਤਰਿਕਾਂ ਦੀ ਕਥਿਤ ਕਰਾਮਾਤੀ ਸ਼ਕਤੀ ਪ੍ਰਤੀ ਅਗਿਆਨੀ ਸ਼ਰਧਾਲੂਆਂ ਅਤੇ ਮਾਨਸਿਕ ਰੋਗੀਆਂ ਦਾ ਬਣਿਆ ਵਿਸ਼ਵਾਸ ਤੇ ਸ਼ਰਧਾ ਹੀ ਕਦੇ ਕਦਾਈਂ ਕੋਈ ਰੋਗ ਹਟਾ ਦਿੰਦੀ ਹੈ ਜਾਂ ਕੋਈ ਕੰਮ ਪੂਰਾ ਹੋ ਜਾਂਦਾ, ਪਰ ਅਜਿਹੀਆਂ ਭਰਮ ਗ੍ਰਸੀਆਂ ਸੱਚਾਈਆਂ ਤੋਂ ਟਪਲਾ ਖਾ ਕੇ ਭਰਮੀ ਲੋਕ ਹਜ਼ਾਰਾਂ ਸਾਲਾਂ ਤੋਂ ਯੋਗੀਆਂ ਦੇ ਮੱਠਾਂ, ਪੀਰਾਂ-ਫਕੀਰਾਂ ਦੀਆਂ ਦਰਗਾਹਾਂ, ਕਥਿਤ ਸਿਆਣਿਆਂ ਦੇ ਦਰਬਾਰਾਂ ਤੇ ਤਾਂਤਰਿਕਾਂ ਦੇ ਡੇਰਿਆਂ ਤੋਂ ਆਪਣੇ ਦੁੱਖਾਂ ਦੀ ਨਵਿਰਤੀ ਦਾ ਇਲਾਜ ਲੱਭਦੇ, ਭਟਕਦੇ ਫਿਰਦੇ, ਲੁੱਟ ਹੁੰਦੇ ਆ ਰਹੇ ਹਨ। ਪਰ ਇਨ੍ਹਾਂ ਨੇ ਕਦੇ ਵੀ ਮਨੁੱਖਤਾ ਦੇ ਸਾਂਝੇ ਦੁੱਖਾਂ-ਦਰਦਾਂ, ਮੁਸੀਬਤਾਂ, ਰੋਗਾਂ, ਗੁਲਾਮੀਆਂ, ਜ਼ੁਲਮਾਂ ਦੀ ਨਵਿਰਤੀ ਲਈ ਆਪਣੇ ਜੰਤਰਾਂ-ਮੰਤਰਾਂ ਦੀ ਵਰਤੋਂ ਨਹੀਂ ਕੀਤੀ, ਕਰ ਵੀ ਨਹੀਂ ਸਕਦੇ ਕਿਉਂਕਿ ਇਹ ਸਭ ਧਰਮ ਦੇ ਨਾਂ 'ਤੇ ਬਣਾਇਆ ਭਰਮਜਾਲ ਹੀ ਹੈ। ਪੁਜਾਰੀ ਧਰਮ ਗ੍ਰੰਥਾਂ ਵਿਚਲੇ ਕੁਦਰਤ ਦੇ ਗਿਆਨ, ਮਨ ਜਾਂ ਆਤਮਾ ਦੇ ਗਿਆਨ, ਮਨੁੱਖ ਨੂੰ ਅਜਿਹੇ ਭਰਮਾਂ ਤੋਂ ਮੁਕਤ ਕਰਨ ਵਾਲੇ ਗਿਆਨ

ਨੂੰ ਵੀ ਮੰਤਰ ਬਣਾ ਕੇ, ਅਖੰਡ ਜਾਪ ਕਰਨ ਦਾ ਭਰਮ ਪਾ ਕੇ, ਧਰਮ ਗ੍ਰੰਥਾਂ ਦੇ ਪਾਠਾਂ ਦੀ ਲੜੀਆਂ ਚਲਾ ਕੇ, ਗ੍ਰੰਥਾਂ ਵਿਚਲੇ ਸ਼ਬਦਾਂ ਦੇ ਮੰਤਰ ਬਣਾ ਕੇ ਅਜਪਾ-ਜਾਪ ਕਰਨ, ਸਿਮਰਨ ਕਰਨ, ਜਪ-ਤਪ ਕਰਨ ਆਦਿ ਲਈ ਵਰਤਣ ਤੋਂ ਵੀ ਗੁਰੇਜ ਨਹੀਂ ਕਰਦੇ। ਪੁਜਾਰੀਆਂ ਨੇ ਮਨੁੱਖ ਦੀ ਮੱਤ ਅਜਿਹੀ ਮਾਰੀ ਹੋਈ ਹੈ ਕਿ ਉਹ ਧਰਮ ਗ੍ਰੰਥਾਂ ਵਿਚਲੇ ਸੱਚੇ ਤੇ ਰੱਬੀ ਗਿਆਨ ਨੂੰ ਵਿਚਾਰਨ ਤੇ ਸੱਚ ਦੇ ਮਾਰਗ ’ਤੇ ਤੁਰਨ ਦੀ ਥਾਂ, ਇਨ੍ਹਾਂ ਦੇ ਅਖੰਡ ਪਾਠਾਂ, ਪਾਠਾਂ ਦੀਆਂ ਲੜੀਆਂ, ਮੰਤਰ ਪਾਠਾਂ, ਅਜਪਾ-ਜਾਪਾਂ, ਜਪ-ਤਪ ਸਮਾਗਮਾਂ ਵਿੱਚ ਫਸ ਕੇ ਆਪਣਾ ਸਮਾਂ ਤੇ ਧਨ ਹੀ ਖਰਾਬ ਨਹੀਂ ਕਰ ਰਿਹਾ, ਸਗੋਂ ਪੁਜਾਰੀਆਂ, ਸਾਧਾਂ, ਤਾਂਤਰਿਕਾਂ ਕੋਲੋਂ ਆਪਣਾ ਸਰੀਰਕ, ਮਾਨਸਿਕ ਤੇ ਆਰਥਿਕ ਸੋਸ਼ਣ ਵੀ ਕਰਵਾ ਰਿਹਾ ਹੈ।

ਸਾਨੂੰ ਇਹ ਗੱਲ ਬੜੇ ਧਿਆਨ ਨਾਲ ਸਮਝ ਕੇ ਆਪਣੇ ਦਿਲੋ-ਦਿਮਾਗ ਵਿੱਚ ਵਸਾ ਲੈਣੀ ਚਾਹੀਦੀ ਹੈ ਕਿ ਇਸ ਦਿਸਦੇ ਜਾਂ ਅਣਦਿਸਦੇ ਸੰਸਾਰ ਵਿੱਚ ਜੋ ਕੁੱਝ ਵੀ ਵਾਪਰ ਰਿਹਾ ਹੈ, ਉਹ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਹੈ, ਜਿਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ, ਪਰ ਇਨ੍ਹਾਂ ਨੂੰ ਸਮਝ ਕੇ ਇਨ੍ਹਾਂ ਤੋਂ ਲਾਹਾ ਲਿਆ ਜਾ ਸਕਦਾ ਹੈ ਅਤੇ ਇਨ੍ਹਾਂ ਤੋਂ ਉਲਟ ਜਾ ਕੇ ਹੋਣ ਵਾਲੇ ਨੁਕਸਾਨ ਤੋਂ ਬਚਿਆ ਵੀ ਜਾ ਸਕਦਾ ਹੈ। ਪਰ ਇਨ੍ਹਾਂ ਅਟੱਲ ਨਿਯਮਾਂ ਨੂੰ ਕਿਸੇ ਮੰਤਰ-ਜੰਤਰ-ਤੰਤਰ, ਜਾਦੂ-ਟੂਣੇ, ਧਾਗੇ-ਤਵੀਤ ਨਾਲ ਨਾ ਬਦਲਿਆ ਜਾ ਸਕਦਾ ਹੈ, ਨਾ ਹੀ ਕਿਸੇ ਦਾ ਫਾਇਦਾ ਕੀਤਾ ਜਾ ਸਕਦਾ ਹੈ ਤੇ ਨਾ ਹੀ ਕਿਸੇ ਦਾ ਨੁਕਸਾਨ ਕੀਤਾ ਜਾ ਸਕਦਾ ਹੈ। ਇਹ ਸਭ ਪੁਜਾਰੀਆਂ ਦਾ ਵਿਛਾਇਆ ਭਰਮ ਜਾਲ ਹੀ ਹੈ। ਇਸ ਭਰਮ ਜਾਲ ਤੋਂ ਬਚਣ ਲਈ, ਇਸ ਵਿੱਚੋਂ ਨਿਕਲਣਾ ਲਈ ਇਹ ਬੜਾ ਜ਼ਰੂਰੀ ਹੈ ਕਿ ਅਸੀਂ ਕੁਦਰਤ ਦੇ ਨਿਯਮਾਂ ਨੂੰ ਸਮਝੀਏ। ਕੋਈ ਪੂਜਾ-ਪਾਠ, ਮੰਤਰ-ਜੰਤਰ, ਜਪ-ਤਪ, ਮੰਤਰ ਰਟਨ ਆਦਿ ਕੁਦਰਤ ਦੇ ਕਿਸੇ ਨਿਯਮ ਨੂੰ ਬਣਾਉਣ ਜਾਂ ਬਦਲਨ ਦੀ ਸਮਰੱਥਾ ਨਹੀਂ ਰੱਖਦੇ। ਸਾਨੂੰ ਪੁਜਾਰੀਆਂ ਦੇ ਭਰਮ ਜਾਲ ਤੋਂ ਮੁਕਤ ਹੋਣ ਲਈ ਗਿਆਨਵਾਨ ਹੋਣ ਦੀ ਲੋੜ ਹੈ। ਜ਼ਿੰਦਗੀ ਵਿੱਚ ਕੋਈ ਮੁਸੀਬਤ ਬਣ ਆਵੇ ਤਾਂ ਸਿਰ ਸੁੱਟ ਕੇ, ਅੱਖਾਂ ਮੀਟ ਕੇ ਕਿਸੇ ਦੇ ਪੈਰਾਂ ਵਿੱਚ ਸਿਰ ਰੱਖ ਦੇਣਾ ਤੇ ਕਿਸੇ ਮੰਤਰ-ਜੰਤਰ ਦੀ ਕਰਾਮਾਤ ਦਾ ਭਰਮ ਪਾਲਣਾ ਬੜਾ ਸੌਖਾ ਰਸਤਾ ਹੈ, ਪਰ ਜੀਵਨ ਦੀਆਂ ਸਮੱਸਿਆਵਾਂ ਨੂੰ ਸਮਝਣਾ, ਉਨ੍ਹਾਂ ਦਾ ਸਮਾਧਾਨ ਖੋਜਣਾ, ਜੀਵਨ ਦੀਆਂ ਚੁਨੌਤੀਆਂ ਦਾ ਮੁਕਾਬਲਾ ਕਰਨਾ, ਥੋੜਾ ਜਿਹਾ ਔਖਾ ਮਾਰਗ ਹੈ, ਇਸੇ ਲਈ ਅਖੌਤੀ ਪੀਰਾਂ, ਸਾਧਾਂ, ਤਾਂਤਰਿਕਾਂ ਦੇ ਡੇਰਿਆਂ ਤੇ ਬਥੇਰੀਆਂ ਭੀੜਾਂ ਮਿਲ ਜਾਂਦੀਆਂ ਹਨ, ਪਰ ਆਪਣੀ ਸਮਰੱਥਾ ਦੇ ਬਲ ’ਤੇ ਜੀਵਨ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਾਲੇ ਥੋੜੇ ਹੁੰਦੇ ਹਨ। ਇਹ ਅਸੀਂ ਦੇਖਣਾ ਹੈ ਕਿ ਅਸੀਂ ਭੇਡਾਂ ਦੇ ਵੱਗ ਬਣਨਾ ਹੈ ਜਾਂ ਆਪਣਾ ਰਸਤਾ ਆਪ ਬਣਾ ਕੇ ਹੋਰਨਾਂ ਲਈ ਵੀ ਰਾਹ ਪੱਧਰਾ ਕਰਨਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਨ੍ਹਾਂ ਅਖੌਤੀ ਸਾਧਾਂ, ਸੰਤਾਂ, ਬ੍ਰਹਮ ਗਿਆਨੀਆਂ, ਪੀਰਾਂ, ਤਾਂਤਰਿਕਾਂ, ਪੁਜਾਰੀਆਂ, ਜੋਤਸ਼ੀਆਂ ਆਦਿ ਨੂੰ ਦੱਸੀਏ ਕਿ ਬਥੇਰੀ ਹੋ ਚੁੱਕੀ ਤੁਹਾਡੀ ਬਕਵਾਸ, ਹੁਣ ਅਸੀਂ ਤੁਹਾਡੇ ਧੋਖਿਆਂ ਵਿੱਚ ਨਹੀਂ ਫਸਣਾ, ਸਾਨੂੰ ਕੁਦਰਤ ਦੇ ਅਟੱਲ ਨਿਯਮਾਂ ਦੀ ਸੋਝੀ ਹੋ ਚੁੱਕੀ ਹੈ, ਜੇ ਹੈ ਤਾਂ ਦਿਖਾਉ ਆਪਣੀ ਕਰਾਮਾਤ, ਵਰਤੋ ਆਪਣੇ ਜੰਤਰ, ਮੰਤਰ, ਤੰਤਰ ਤੇ ਕਰੋ ਮਨੁੱਖਤਾ ਦਾ ਭਲਾ, ਕਰੋ ਮਨੁੱਖਤਾ ਦੇ ਸਾਂਝੇ ਦੁੱਖਾਂ, ਦਰਦਾਂ ਦਾ ਛੁਟਕਾਰਾ, ਨਹੀਂ ਤੇ ਧਰਮ ਦੇ ਨਾਮ ਤੇ ਬਣਾਈਆਂ ਆਪਣੀਆਂ ਦੁਕਾਨਾਂ ਬੰਦ ਕਰੋ ਤੇ ਸਾਡੇ ਵਾਂਗ ਆਪਣੇ ਤੇ ਆਪਣੇ ਪਰਿਵਾਰ ਦੀ ਪਾਲਨਾ ਲਈ ਹੱਥੀਂ ਕਿਰਤ ਕਰੋ। ਹੁਣ ਅਸੀਂ ਤੁਹਾਡੇ ਝੂਠੇ ਝਾਂਸਿਆਂ ਵਿੱਚ ਨਹੀਂ ਫਸਣਾ। ਸਮਾਜ ਵਿੱਚ ਜਾਗਰੂਕ ਤੇ ਮਾਨਸਿਕ ਤੌਰ ਤੇ ਬਲਵਾਨ ਲੋਕਾਂ ਨੂੰ ਆਮ ਲੋਕਾਂ ਦੀ ਮਾਨਸਿਕਤਾ ਇਸ ਪੱਧਰ ਤੇ ਲਿਆਉਣ ਲਈ ਯਤਨ ਕਰਨ ਦੀ ਲੋੜ ਹੈ, ਤਾਂ ਹੀ ਅਸੀਂ ਸੋਸ਼ਣ ਰਹਿਤ ਸਮਾਜ ਸਿਰਜ ਸਕਦੇ ਹਾਂ।

# ਪਰਵਾਸ ਦੀ ਸਰੀਰਕ ਅਤੇ ਮਾਨਸਿਕ ਤਰਾਸਦੀ

**ਰਵਿੰਦਰ**




***ਰੋਜ਼ੀ ਰੋਟੀ ਲਈ, ਚੰਗੇ ਜੀਵਨ ਦੀ ਭਾਲ ਲਈ ਇੱਕ ਥਾਂ ਤੋਂ ਦੂਜੇ ਥਾਂ ਪ੍ਰਵਾਸ ਕਰਨਾ ਯੁਗਾਂ ਪੁਰਾਣਾ ਵਰਤਾਰਾ ਹੈ। ਜਦੋਂ ਮਨੁੱਖੀ ਸਮਾਜ ਹਾਲੇ ਜਮਾਤਾਂ ਵਿੱਚ ਵੰਡਿਆ ਨਹੀਂ ਗਿਆ ਸੀ, ਉਸ ਸਮੇਂ ਵੀ ਇਨਸਾਨੀ ਅਬਾਦੀ ਮੈਦਾਨੀ ਇਲਾਕਿਆਂ, ਉਪਜਾਊ ਜ਼ਮੀਨਾਂ, ਚਾਰਗਾਹਾਂ ਅਤੇ ਬਿਹਤਰ ਸਹਿਣ ਯੋਗ ਮੌਸਮ ਵਾਲ਼ੇ ਇਲਾਕਿਆਂ ਦੀ ਤਲਾਸ਼ ਵਿੱਚ ਇੱਥੇ-ਉਥੇ ਆਪਣੇ ਟਿਕਾਣੇ ਬਦਲਦੀ ਰਹਿੰਦੀ ਸੀ। – ਸੰਪਾਦਕ***

19 ਜੂਨ ਨੂੰ ਮੋਗੇ ਜਿਲ੍ਹੇ ਦੇ 31 ਸਾਲਾਂ ਸਤਨਾਮ ਸਿੰਘ ਦੀ ਭਿਆਨਕ ਮੌਤ ਨੇ ਸਭ ਨੂੰ ਦਹਿਲਾ ਕੇ ਰੱਖ ਦਿੱਤਾ ਹੈ। ਪਿਛਲੇ ਦੋ ਸਾਲਾਂ ਤੋਂ ਸਤਨਾਮ ਸਿੰਘ ਇਟਲੀ ਵਿੱਚ ਰਹਿ ਰਿਹਾ ਸੀ। ਉਹ ਅਤੇ ਉਸਦੀ ਪਤਨੀ ਇੱਕ ਫਾਰਮ ਵਿੱਚ ਕੰਮ ਕਰਦੇ ਸਨ, ਖੇਤ ਵਿੱਚ ਕੰਮ ਕਰਦੇ ਹੋਏ ਭਾਰੀ ਮਸ਼ੀਨਰੀ ਦੀ ਵਰਤੋਂ ਕਰਦੇ ਹੋਏ ਸਤਨਾਮ ਸਿੰਘ ਦਾ ਸਰੀਰ ਮਸ਼ੀਨ ਵਿੱਚ ਆ ਗਿਆ, ਜਿਸ ਕਾਰਨ ਉਸਦੀ ਬਾਂਹ ਵੱਡੀ ਗਈ ਤੇ ਲੱਤ ’ਤੇ ਸੱਟਾਂ ਵੱਜੀਆਂ। ਸਤਨਾਮ ਸਿੰਘ ਦੇ ਮਾਲਕ ਨੇ ਅਣਮਨੁੱਖੀ ਲੋਟੂ ਵਿਵਹਾਰ ਦਿਖਾਉਂਦੇ ਹੋਏ, ਉਸ ਨੂੰ ਗੱਡੀ ਵਿੱਚ ਸੁੱਟ ਕੇ ਉਸ ਦੇ ਘਰ ਸਾਹਮਣੇ ਸੜਕ ’ਤੇ ਸੁੱਟ ਦਿੱਤਾ। ਉਸ ਦੇ ਨਾਲ਼ ਕੰਮ ਕਰਨ ਵਾਲ਼ੇ ਕਾਮੇ ਅਤੇ ਪਤਨੀ ਕਾਰਨ ਉਸ ਨੂੰ ਡੇਢ ਘੰਟੇ ਬਾਅਦ ਹਸਪਤਾਲ ਲੈ ਕੇ ਜਾਇਆ ਗਿਆ। ਹਸਪਤਾਲ ਲੈ ਕੇ ਜਾਣ ਦੀ ਦੇਰੀ ਕਾਰਨ ਸਤਨਾਮ ਸਿੰਘ ਦੀ ਮੌਤ ਹੋ ਗਈ। ਇਟਲੀ ਦੇ ਮਜਦੂਰ ਭਾਈਚਾਰੇ ਅਤੇ ਪੰਜਾਬੀ ਭਾਈਚਾਰੇ ਵੱਲੋਂ ਸਤਨਾਮ ਸਿੰਘ ਨੂੰ ਇਨਸਾਫ ਦਵਾਉਣ ਲਈ 25 ਜੂਨ ਨੂੰ ਵੱਡਾ ਧਰਨਾ ਵੀ ਦਿੱਤਾ ਗਿਆ ਸੀ। ਇਸ ਘਟਨਾ ਨੇ ਇਟਲੀ ਦੇ ਹਾਕਮਾਂ ਨੂੰ ਵੀ ਮੂੰਹ ਖੋਲ੍ਹਣ ਲਈ ਮਜਬੂਰ ਕੀਤਾ। ਉੱਥੋਂ ਦੀ ਸੱਜ-ਪਿਛਾਖੜੀ ਪਾਰਟੀ ਦੀ ਆਗੂ ਜੋਰਜੀਆ ਮੈਲੋਨੀ, ਜੋ ਖੁਦ ਸੱਤ ?ਹਾ ਵਿੱਚ ਪ੍ਰਵਾਸੀ ਮਜਦੂਰਾਂ ਦੇ ਖਿਲਾਫ ਨਫਰਤੀ ਪ੍ਰਚਾਰ ਕਰਕੇ ਕੁਰਸੀ ’ਤੇ ਬੈਠੀ ਹੈ, ਨੂੰ ਵੀ ਲੋਕ ਦਬਾਅ ਹੇਠ ਇਸ ਘਟਨਾ ’ਤੇ ਬੋਲਣਾ ਪਿਆ ਤੇ ਮਾਲਕ ਉੱਤੇ ਕਨੂੰਨੀ ਕਾਰਵਾਈ ਦਾ ਹੁਕਮ ਦੇਣਾ ਪਿਆ ਹੈ। ਇਹ ਕੋਈ ਪਹਿਲੀ ਘਟਨਾ ਨਹੀਂ ਅਤੇ ਨਾ ਹੀ ਕੋਈ ਆਖਰੀ ਘਟਨਾ ਹੈ ਜਿਸ ਨੇ ਪ੍ਰਵਾਸੀ ਮਜਦੂਰਾਂ ਦੀਆਂ ਭਿਆਨਕ ਕੰਮ ਹਾਲਤਾਂ ਉਹਨਾਂ ਨਾਲ਼ ਹੁੰਦੇ ਘਟੀਆ ਵਤੀਰੇ, ਘੱਟ ਤਨਖਾਹਾਂ ਆਦਿ ਦੀ ਪੋਲ ਖੋਲ੍ਹੀ ਹੈ।

ਇਟਲੀ ਵਿੱਚ ਲੱਗਭੱਗ 1,80,000 ਭਾਰਤੀ ਮਜਦੂਰ ਪ੍ਰਵਾਸ ਕਰਕੇ ਗਏ ਹੋਏ ਹਨ। ਇਸ ਤੋਂ ਇਲਾਵਾ ਹੋਰ ਪੱਛੜੇ ਦੇਸ਼ਾਂ ਤੋਂ ਵੀ ਕਿਰਤੀ ਅਬਾਦੀ ਇਟਲੀ ਆ ਕੇ ਵਸੀ ਹੋਈ ਹੈ। ਇਟਲੀ ਵਿੱਚ ਇਹ ਪ੍ਰਵਾਸੀ ਮਜਦੂਰ ਕਨੂੰਨੀ ਅਤੇ ਗੈਰ ਕਨੂੰਨੀ ਦੋਨੋਂ ਤਰੀਕਿਆਂ ਨਾਲ਼ ਗਏ ਹੋਏ ਹਨ। ਸਮੇਂ-ਸਮੇਂ ’ਤੇ ਰਿਪੋਰਟਾਂ ਬਾਹਰ ਆਉਂਦੀਆਂ ਹਨ, ਜੋ ਕਨੂੰਨੀ ਅਤੇ ਗੈਰ ਕਨੂੰਨੀ ਪ੍ਰਵਾਸੀ ਮਜਦੂਰਾਂ ਦੀ ਜਿੰਦਗੀ ਤੇ ਘੱਟ ਤਨਖਾਹਾਂ ਆਦਿ ਬਾਰੇ ਵੇਰਵੇ ਦਿੰਦੀਆਂ ਹਨ। ਇਸ ਘਟਨਾ ਨਾਲ਼ ਇਹ ਸਾਰੇ ਮਸਲੇ ਵੀ ਚਰਚਾ ਵਿੱਚ ਹਨ।

ਸੰਸਾਰ ਪੱਧਰ ਉੱਤੇ ਇਟਲੀ ਸਬਜੀਆਂ ਅਤੇ ਫਲਾਂ ਦੀ ਪੈਦਾਵਾਰ ਲਈ ਮਸ਼ਹੂਰ ਹੈ। ਇਟਲੀ ਵਿੱਚ ਖੇਤੀਬਾੜੀ ਬਹੁਤ ਵੱਡੇ ਪੱਧਰ ’ਤੇ ਹੁੰਦੀ ਹੈ। ਇੱਥੇ ਖੇਤੀਬਾੜੀ ਕਰਨ ਲਈ ਅੱਧ ਤੋਂ ਵੱਧ ਖੇਤ ਮਜਦੂਰ ਦੂਜੇ ਦੇਸ਼ਾਂ ਤੋਂ ਆਉਂਦੇ ਹਨ ਜਿਹਨਾਂ ਨੂੰ ਮਾੜੀਆਂ ਕੰਮ ਹਾਲਤਾਂ ਵਿੱਚ 10 ਤੋਂ 12 ਘੰਟੇ ਲਗਾਤਾਰ ਕੰਮ ਕਰਨਾ ਪੈਂਦਾ ਹੈ। ਇਹਨਾਂ ਮਜਦੂਰਾਂ ਨੂੰ ਪ੍ਰਤੀ ਘੰਟਾ ਚਾਰ ਜਾਂ ਪੰਜ ਯੂਰੋ ਹੀ ਦਿੱਤੇ ਜਾਂਦੇ ਹਨ; ਨਾ ਕੋਈ ਸਿਹਤ ਸਹੂਲਤ, ਨਾ ਰਹਿਣ ਲਈ ਢੰਗ ਦੇ ਘਰ ਦੀ ਸਹੂਲਤ ਹੈ, ਇਥੋਂ ਤੱਕ ਕਿ ਛੁੱਟੀ ਦੀ ਸਹੂਲਤ ਵੀ ਨਹੀਂ ਦਿੱਤੀ ਜਾਂਦੀ। ਇਟਲੀ ਵਿੱਚ ਵੱਡੇ ਫਾਰਮਾਂ ਲਈ ਖੇਤ ਮਜਦੂਰਾਂ ਦਾ ਸਸਤੇ ਭਾਅ ’ਤੇ ਮੁਹੱਈਆ ਕਰਨ ਦਾ ਇੱਕ ਪ੍ਰਬੰਧ ਚੱਲਦਾ ਹੈ। ਜਿਸ ਨੂੰ ‘ਐਗਰੋਮਾਫੀਆ’ ਜਾਂ ‘ਕੈਪਰੋਲੀ’ ਵੀ ਕਿਹਾ ਜਾਂਦਾ ਹੈ। ਇਸ ਪ੍ਰਬੰਧ ਅਧੀਨ ਸਥਾਨਕ ਫਾਰਮਰ ਮਾਲਕਾਂ ਨੂੰ ਮਜਦੂਰ ਮੁਹੱਈਆ ਕਰਵਾਏ ਜਾਂਦੇ ਹਨ। ਇਹਨਾਂ ਮਜਦੂਰਾਂ ਤੋਂ ਸਾਰੇ ਕਨੂੰਨੀ ਕਾਗਜ ਪੱਤਰ ਲੈ ਲਏ ਜਾਂਦੇ ਹਨ ਤੇ ਬਿਨਾਂ ਕਿਸੇ ਲਿਖਤੀ ਸਮਝੌਤੇ ਦੇ ਸਸਤੇ ਭਾਅ ਉੱਤੇ 10 ਤੋਂ 12 ਘੰਟੇ ਕੰਮ ਦਿਹਾੜੀ ’ਤੇ ਲਾ ਦਿੱਤਾ ਜਾਂਦਾ ਹੈ। ‘ਐਗਰੋਮਾਫੀਆ’ ਨੂੰ ਚਲਾਉਣ ਵਾਲ਼ੇ, ਮਜਦੂਰਾਂ ਤੋਂ ਤਨਖਾਹਾਂ ਵਿੱਚ ਹਿੱਸਾ ਵੀ ਲੈਂਦੇ ਹਨ ਤੇ ਕਦੇ ਕਦੇ ਤਾਂ ਉਹਨਾਂ ਦੇ ਭੋਜਨ ਵਿੱਚੋਂ ਵੀ ਹਿੱਸਾ ਲੈ ਲੈਂਦੇ ਹਨ। ਇਹਨਾਂ ਮਜਦੂਰਾਂ ਨੂੰ ਕੰਮ ਦੌਰਾਨ ਹੋਏ ਹਾਦਸੇ ਦਾ ਕੋਈ ਮੁਆਵਜ਼ਾ ਨਹੀਂ ਮਿਲ਼ਦਾ ਅਤੇ ਨਾ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇੱਥੋਂ ਤੱਕ ਕਿ ਛੁੱਟੀ ਦਾ ਵੀ ਕੋਈ ਇੰਤਜਾਮ ਨਹੀਂ ਹੁੰਦਾ। ਇਸ ਵਿੱਚ ਕਨੂੰਨੀ ਅਤੇ ਗੈਰ ਕਨੂੰਨੀ ਦੋਵੇਂ ਤਰ੍ਹਾਂ ਦੇ ਪ੍ਰਵਾਸੀ ਮਜਦੂਰ ਹੁੰਦੇ ਹਨ। ਗੈਰ ਕਨੂੰਨੀ ਪ੍ਰਵਾਸੀ ਮਜਦੂਰਾਂ ਨੂੰ ਹੋਰ ਵੀ ਨਗੂਣੀਆਂ ਤਨਖਾਹ ਦਿੱਤੀਆਂ ਜਾਂਦੀਆਂ ਹਨ। ਸਾਲ 2017 ਵਿੱਚ ਬਲਬੀਰ ਸਿੰਘ ਦਾ ਮਾਮਲਾ ਸਾਹਮਣੇ ਆਇਆ ਸੀ ਜਦ ਉਸ ਨੇ ਸੋਸ਼ਲ ਮੀਡੀਆ ਰਾਹੀਂ ਮਦਦ ਦੀ ਗੁਹਾਰ ਲਾਈ ਸੀ। ਬਲਬੀਰ ਸਿੰਘ ਪਸ਼ੂਆਂ ਨੂੰ ਸੰਭਾਲਣ ਦਾ ਕੰਮ ਪ੍ਰਤੀ ਦਿਨ 12 ਤੋਂ 13 ਘੰਟੇ ਕਰਦਾ ਸੀ। ਉਸ ਨੂੰ ਕੋਈ ਛੁੱਟੀ ਨਹੀਂ ਦਿੱਤੀ ਜਾਂਦੀ ਸੀ, ਖਾਣ ਲਈ ਵੀ ਮਾਲਕ ਦਾ ਬਚਿਆ ਜੂਠਾ ਦਿੱਤਾ ਜਾਂਦਾ ਸੀ! ਉਸ ਲਈ ਨਾ ਬਿਜਲੀ ਦਾ ਪ੍ਰਬੰਧ, ਨਾ ਹੀ ਗਰਮ ਪਾਣੀ ਦਾ ਪ੍ਰਬੰਧ ਅਤੇ ਨਾ ਹੀ ਢੰਗ ਨਾਲ਼ ਰਹਿਣ ਦਾ ਪ੍ਰਬੰਧ ਕੀਤਾ ਗਿਆ ਸੀ। ਬਲਬੀਰ ਸਿੰਘ ਨੂੰ ਇੱਕ ਮਹੀਨੇ ਦਾ 100 ਤੋਂ 150 ਯੂਰੋ ਦਿੱਤਾ ਜਾਂਦਾ ਸੀ ਜੋ ਇੱਕ ਘੰਟੇ ਦੇ ਹਿਸਾਬ ਨਾਲ਼ 50 ਸੈਂਟ ਤੋਂ ਵੀ ਘੱਟ ਕੀਮਤ ਬਣਦੀ ਹੈ। 17 ਮਾਰਚ 2017 ਨੂੰ ਬਲਬੀਰ ਸਿੰਘ ਨੂੰ ਟਰੇਡ ਯੂਨੀਅਨ ਦੇ ਜਰੀਏ ਬਚਾ ਲਿਆ ਗਿਆ ਪਰ ਉੱਥੇ ਅਨੇਕਾਂ ਹੀ ਸਤਨਾਮ ਸਿੰਘ, ਬਲਬੀਰ ਸਿੰਘ ਹਨ ਜਿਹਨਾਂ ਦੀਆਂ ਜਿੰਦਗੀਆਂ ਨਰਕ ਬਣੀਆਂ ਹੋਈਆਂ ਹਨ। ਗੈਰ ਕਨੂੰਨੀ ਤੌਰ ’ਤੇ ਆਏ ਹੋਏ ਮਜਦੂਰ ਅਜਿਹੇ ਇਲਾਕੇ ਵਿੱਚ ਰਹਿੰਦੇ ਹਨ, ਜਿੱਥੇ ਨਾ ਕੋਈ ਹਸਪਤਾਲ ਹੈ, ਨਾ ਕੋਈ ਸਕੂਲ ਦੀ ਸਹੂਲਤ, ਇਹ ਮਜਦੂਰ ਹਨੇਰੇ ਘਰਾਂ ਵਿੱਚ ਰਹਿਣ ਲਈ ਸਰਾਪੇ ਹੋਏ ਹਨ। ਪੁਲਿਸ ਦੁਆਰਾ ਫੜ੍ਹੇ ਜਾਣ ਦੇ ਡਰ ਕਾਰਨ ਘੱਟ ਤਨਖਾਹ ਉੱਤੇ ਬਿਨਾਂ ਸੁਰੱਖਿਆ ਸਾਧਨਾਂ ਤੋਂ ਕੰਮ ਕਰਨ ਲਈ ਮਜਬੂਰ ਹੁੰਦੇ ਹਨ। 2024 ਦੀ ਇੱਕ ਰਿਪੋਰਟ ਅਨੁਸਾਰ ਤਿੰਨ ਕੁਇੰਟਲ ਟਮਾਟਰਾਂ ਨੂੰ ਡੱਬਿਆਂ ਵਿੱਚ ਭਰਨ ਲਈ ਇਹਨਾਂ ਮਜਦੂਰਾਂ ਨੂੰ ਪ੍ਰਤੀ ਘੰਟਾ ਪੰਜ ਯੂਰੋ ਮਿਲ਼ਦੇ ਹਨ। ਉਸ ਵਿੱਚੋਂ ਵੀ ਐਗਰੋਮਾਫੀਆ ਦੋ ਯੂਰੋ ਹੜੱਪ ਜਾਂਦਾ ਹੈ ਅਤੇ ਮਜਦੂਰ ਦੇ ਪੱਲੇ ਸਿਰਫ ਤਿੰਨ ਯੂਰੋ ਰਹਿੰਦੇ ਹਨ। ਵੱਡੇ-ਵੱਡੇ ਨਿੱਜੀ ਫਾਰਮਾਂ ਦੇ ਮਾਲਕ ਮੁਨਾਫੇ ਲਈ ਐਨੇ ਵਹਿਸ਼ੀ ਹੋਏ ਹਨ ਕਿ ਉਹ ਆਪਣੇ ਮਜਦੂਰਾਂ ਨੂੰ ਪਾਣੀ ਪੀਣ ਲਈ ਵੀ ਸਮਾਂ ਨਹੀਂ ਦਿੰਦੇ। ਜੇ ਮਜਦੂਰ ਕੰਮ ਦੌਰਾਨ ਪਾਣੀ ਪੀਣ ਲਈ ਜਾਂ ਖਾਣਾ ਖਾਣ ਲਈ ਰੁਕਦੇ ਹਨ ਤਾਂ ਉਹਨਾਂ ਨੂੰ ਡਰ ਹੁੰਦਾ ਹੈ ਕਿ ਕੰਮ ਤੋਂ ਨਾ ਕੱਢ ਦਿੱਤਾ ਜਾਵੇ। ਅਜਿਹੀਆਂ ਭਿਆਨਕ ਹਾਲਤਾਂ ਵਿੱਚ ਪ੍ਰਵਾਸੀ ਕਾਮੇ ਕੰਮ ਕਰਨ ਲਈ ਮਜਬੂਰ ਹਨ। 2021 ਦੀ ਇੱਕ ਰਿਪੋਰਟ ਅਨੁਸਾਰ 2,30,000 ਮਜਦੂਰ ਬਿਨਾਂ ਕਿਸੇ ਸੰਧੀ ਦੇ ਖੇਤਾਂ ਵਿੱਚ ਕੰਮ ਕਰ ਰਹੇ ਸਨ।

ਇਟਲੀ ਸੰਸਾਰ ਪੱਧਰ ’ਤੇ ਚੰਗੀ ਗੁਣਵੱਤਾ ਵਾਲ਼ੇ ਫਲਾਂ ਤੇ ਸਬਜੀਆਂ ਦੀ ਵੱਡੇ ਪੱਧਰ ਦੀ ਪੈਦਾਵਾਰ ਕਾਰਨ ਸ਼ੋਹਰਤ ਖੱਟ ਰਿਹਾ ਹੈ ਪਰ ਉਸ ਸ਼ੋਹਰਤ ਪਿੱਛੇ ਲੱਖਾਂ ਮਜਦੂਰਾਂ ਦੀਆਂ ਜਿੰਦਗੀਆਂ, ਉਹਨਾਂ ਦੀ ਲੁੱਟ, ਇੱਥੋਂ ਤੱਕ ਕਿ ਉਹਨਾਂ ਦਾ ਖ਼ੂਨ ਵੀ ਸ਼ਾਮਲ ਹੈ। ਸਾਲ 2024 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਖੇਤਾਂ ਵਿੱਚ ਕੰਮ ਕਰਦਿਆਂ ਹਾਦਸੇ ਦੇ 268 ਕੇਸ ਸਾਹਮਣੇ ਆਏ ਸਨ। ਮਸ਼ੀਨ ਵਿੱਚ ਹੱਥ ਆ ਜਾਣਾ, ਬਾਂਹ ਕੱਟ ਜਾਣਾ, ਦਿਲ ਦਾ ਦੌਰਾ ਪੈ ਜਾਣਾ, ਅੰਗੂਰਾਂ ਦੀਆਂ ਵੇਲਾਂ ਬੰਨਦੇ ਹੋਏ ਉੱਪਰੋਂ ਡਿੱਗ ਕੇ ਹੱਡੀਆਂ ਟੁੱਟਣ ਤੋਂ ਲੈ ਕੇ ਜਿੰਦਗੀ ਖਤਮ ਹੋਣ ਵਰਗੇ ਹਾਦਸੇ ਇਹਨਾਂ ਵੱਡੇ-ਵੱਡੇ ਫਾਰਮਾਂ ਵਿੱਚ ਘਟਦੇ ਹਨ। ਇਸ ਸਭ ਨਾਲ਼ ਇਟਲੀ ਦੇ ਹੁਕਮਰਾਨਾਂ ਨੂੰ ਕੋਈ ਫਰਕ ਨਹੀਂ ਪੈਂਦਾ, ਇਸ ਨਾਲ਼ ਸਰਮਾਏਦਾਰਾਂ ਨੂੰ ਕੋਈ ਫਰਕ ਨਹੀਂ ਪੈਂਦਾ। ਇਹਨਾਂ ਹਾਕਮਾਂ ਲਈ ਇਹ ਪ੍ਰਵਾਸੀ ਕਾਮੇ ਸਸਤੀ ਕਿਰਤ ਸ਼ਕਤੀ ਦਾ ਵੱਡਾ ਸਰੋਤ ਹਨ। ਇਹ ਮਾਲਕ ਇਸੇ ਸਰੋਤ ਨਾਲ਼ ਵੱਡੇ ਪੱਧਰ ’ਤੇ ਮੁਨਾਫੇ ਕਮਾਉਂਦੇ ਹਨ। ਸਰਕਾਰੀ ਨੀਤੀਆਂ ਤਹਿਤ ਗੈਰ ਕਨੂੰਨੀ ਪ੍ਰਵਾਸੀ ਕਾਮਿਆਂ ਨੂੰ ਨਾਗਰਿਕ ਅਧਿਕਾਰਾਂ ਤੋਂ ਵੀ ਵਾਂਝਾ ਰੱਖਿਆ ਜਾਂਦਾ ਹੈ। ਉਹਨਾਂ ਦੇ ਮਨੁੱਖੀ ਅਧਿਕਾਰਾਂ ਲਈ ਕੋਈ ਮਾੜੇ ਮੋਟੇ ਕਾਨੂੰਨ ਵੀ ਨਹੀਂ ਬਣਾਏ ਜਾਂਦੇ। ਕਨੂੰਨੀ ਤੌਰ ’ਤੇ ਪ੍ਰਵਾਸੀ ਕਾਮਿਆਂ ਦੀ ਲੁੱਟ ਕਰਨ ਦਾ ਪੂਰਾ ਇੰਤਜਾਮ ਕੀਤਾ ਜਾਂਦਾ ਹੈ, ਉਹਨਾਂ ਨੂੰ ਬਹੁਤ ਹੀ ਸੀਮਤ ਅਧਿਕਾਰ ਦਿੱਤੇ ਜਾਂਦੇ ਹਨ। ਇਹ ਸਭ ਕੁੱਝ ਸਰਕਾਰ ਦੁਆਰਾ ਹਾਕਮਾਂ ਦੀ ਸੇਵਾ ਲਈ ਕਨੂੰਨ ਬਣਾ ਕੇ ਹੀ ਕੀਤਾ ਜਾਂਦਾ ਹੈ। ਦੂਜਾ, ਸਰਕਾਰਾਂ ਮਜਦੂਰਾਂ ਨੂੰ ਸਥਾਨਕ ਤੇ ਪ੍ਰਵਾਸੀ ਦੇ ਮੁੱਦੇ ਉੱਤੇ ਵੰਡਣ ਲਈ ਇਸ ਨੂੰ ਹਥਿਆਰ ਦੇ ਤੌਰ ਉੱਤੇ ਵਰਤਦੀਆਂ ਹਨ। ਆਰਥਿਕ ਮੰਦੀ ਦੌਰਾਨ ਵਧਦੀ ਬੇਰੁਜਗਾਰੀ, ਵਧਦੀ ਮਹਿੰਗਾਈ ਦੇ ਸਮੇਂ ਸਥਾਨਕ ਮਜਦੂਰਾਂ ਨੂੰ ਗੁੰਮਰਾਹ ਕਰਨ ਲਈ ਸਾਰੀ ਸਮੱਸਿਆ ਦੀ ਜੜ੍ਹ ਵਜੋਂ ਪ੍ਰਵਾਸੀ ਮਜਦੂਰਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਨਸਲੀ ਵਿਤਕਰਾ, ਸਥਾਨਕ ਤੇ ਪ੍ਰਵਾਸੀ ਮਜਦੂਰਾਂ ਦਾ ਮਸਲਾ ਹਾਕਮਾਂ ਲਈ ਵੋਟਾਂ ਵਟੋਰਨ ਤੋਂ ਲੈ ਕੇ ਕੁਰਸੀ ਤੱਕ ਅਪੜਨ ਦਾ ਇੱਕ ਜਰੀਆ ਬਣਾਇਆ ਜਾਂਦਾ ਹੈ।

**ਪਰਵਾਸ ਕਿਉਂ ਹੁੰਦਾ ਹੈ ?**

ਰੋਜ਼ੀ ਰੋਟੀ ਲਈ, ਚੰਗੇ ਜੀਵਨ ਦੀ ਭਾਲ ਲਈ ਇੱਕ ਥਾਂ ਤੋਂ ਦੂਜੇ ਥਾਂ ਪ੍ਰਵਾਸ ਕਰਨਾ ਯੁਗਾਂ ਪੁਰਾਣਾ ਵਰਤਾਰਾ ਹੈ। ਜਦੋਂ ਮਨੁੱਖੀ ਸਮਾਜ ਹਾਲੇ ਜਮਾਤਾਂ ਵਿੱਚ ਵੰਡਿਆ ਨਹੀਂ ਗਿਆ ਸੀ, ਉਸ ਸਮੇਂ ਵੀ ਇਨਸਾਨੀ ਅਬਾਦੀ ਮੈਦਾਨੀ ਇਲਾਕਿਆਂ, ਉਪਜਾਊ ਜ਼ਮੀਨਾਂ, ਚਾਰਗਾਹਾਂ ਅਤੇ ਬਿਹਤਰ ਸਹਿਣ ਯੋਗ ਮੌਸਮ ਵਾਲ਼ੇ ਇਲਾਕਿਆਂ ਦੀ ਤਲਾਸ਼ ਵਿੱਚ ਇੱਥੇ-ਉੱਥੇ ਆਪਣੇ ਟਿਕਾਣੇ ਬਦਲਦੀ ਰਹਿੰਦੀ ਸੀ। ਪਰ ਜਦੋਂ ਸਮਾਜ ਜਮਾਤਾਂ ਵਿੱਚ ਵੰਡਿਆ ਗਿਆ ਤਾਂ ਜਮਾਤੀ ਜਬਰ-ਜ਼ੁਲਮ ਲੋਕਾਂ ਦੇ ਪਰਵਾਸ ਦਾ ਮੁੱਖ ਕਾਰਨ ਬਣ ਗਿਆ। ਅੱਜ ਅਸੀਂ ਸਰਮਾਏਦਾਰਾ ਸਮਾਜ ਵਿੱਚ ਰਹਿ ਰਹੇ ਹਾਂ, ਜਿੱਥੇ ਅਸੀਂ ਵੱਡੇ ਪੱਧਰ ਉੱਤੇ ਹੋ ਰਹੇ ਪ੍ਰਵਾਸ ਦੇ ਗਵਾਹ ਬਣ ਰਹੇ ਹਾਂ। ਇਹ ਪ੍ਰਵਾਸ ਇੱਕ ਦੇਸ਼ ਦੇ ਅੰਦਰ ਅਤੇ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਵੀ ਹੋ ਰਿਹਾ ਹੈ। ਭਾਰਤ ਦੀ ਉਦਾਹਰਣ ਲਈ ਜਾਵੇ ਤਾਂ ਇੱਥੇ ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਰੁਜਗਾਰ ਦੀ ਭਾਲ ਵਿੱਚ ਕਿਰਤੀ ਅਬਾਦੀ ਪ੍ਰਵਾਸ ਕਰਦੀ ਰਹਿੰਦੀ ਹੈ।

ਇਸ ਸਰਮਾਏਦਾਰਾ ਢਾਂਚੇ ਵਿੱਚ ਅਸਾਵਾਂ ਆਰਥਿਕ ਵਿਕਾਸ ਵਜੂਦ ਸਮੋਇਆ ਨਿਯਮ ਹੈ, ਜਿੱਥੇ ਸਰਮਾਏ ਦੇ ਨਿਵੇਸ਼ ਲਈ ਚੰਗੀਆਂ ਹਾਲਤਾਂ - ਕੱਚਾ ਮਾਲ, ਸੰਚਾਰ ਸਾਧਨ, ਮੰਡੀ ਆਦਿ - ਹੁੰਦੇ ਹਨ ਉੱਥੇ ਸਰਮਾਏਦਾਰ ਵਧੇਰੇ ਨਿਵੇਸ਼ ਕਰਦੇ ਹਨ। ਇਸ ਨਾਲ਼ ਕੁੱਝ ਇਲਾਕਿਆਂ ਵਿੱਚ ਵੱਧ ਵਿਕਾਸ ਹੁੰਦਾ ਹੈ ਅਤੇ ਦੂਜੇ ਇਲਾਕੇ ਕਿਰਤ ਸ਼ਕਤੀ ਦੀ ਪੂਰਤੀ ਦੇ ਕੇਂਦਰ ਬਣ ਜਾਂਦੇ ਹਨ। ਇਸ ਲਈ ਇਸ ਢਾਂਚੇ ਵਿੱਚ ਕਿਤੇ ਵੱਧ ਵਿਕਾਸ ਹੁੰਦਾ ਹੈ ਕਿਤੇ ਘੱਟ ਹੁੰਦਾ ਹੈ। ਇਹ ਨਿਯਮ ਇੱਕ ਦੇਸ਼ ਦੇ ਅੰਦਰ ਵੀ ਹੁੰਦਾ ਹੈ, ਸੰਸਾਰ ਪੱਧਰ ਉੱਤੇ ਅਲੱਗ-ਅਲੱਗ ਦੇਸ਼ਾਂ ਵਿੱਚ ਵੀ ਹੁੰਦਾ ਹੈ। ਸੰਸਾਰ ਪੱਧਰ ਉੱਤੇ ਦੇਖੀਏ ਤਾਂ ਇਹ ਆਸਾਵਾਂ ਵਿਕਾਸ ਸਾਨੂੰ ਵਿਕਸਿਤ ਸਰਮਾਏਦਾਰਾ ਸਾਮਰਾਜੀ ਮੁਲਕਾਂ ਅਤੇ ਦੂਜੇ ਪਾਸੇ ਪੱਛੜੇ ਦੇਸ਼ਾਂ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ। ਇਹ ਪੱਛੜੇ ਦੇਸ਼ ਵਿਕਸਿਤ ਦੇਸ਼ਾਂ ਲਈ ਸਸਤੀ ਕਿਰਤ ਸ਼ਕਤੀ ਦਾ ਸੋਮਾ ਬਣਦੇ ਹਨ। ਪੱਛੜੇ ਦੇਸ਼ਾਂ - ਏਸ਼ੀਆ, ਅਫਰੀਕਾ, ਲਾਤੀਨੀ ਅਮਰੀਕਾ ਆਦਿ ਦੇ ਦੇਸ਼ - ਦੇ ਮਜਦੂਰ ਵਿਕਸਿਤ ਸਰਮਾਏਦਾਰ ਮੁਲਕਾਂ ਵਿੱਚ ਪ੍ਰਵਾਸ ਕਰਦੇ ਹਨ। ਇਹਨਾਂ ਮਜਦੂਰਾਂ ਦੀ ਗਿਣਤੀ ਕਰੋੜਾਂ ਵਿੱਚ ਹੈ। ਕਨੂੰਨੀ ਅਤੇ ਗੈਰ ਕਨੂੰਨੀ ਦੋਨੋਂ ਹੀ ਤਰੀਕੇ ਅਪਣਾ ਕੇ ਮਜਦੂਰ ਪ੍ਰਵਾਸ ਕਰਦੇ ਹਨ।

ਇਤਿਹਾਸਕ ਤੌਰ ਉੱਤੇ ਪ੍ਰਵਾਸ ਦਾ ਵਰਤਾਰਾ ਇੱਕ ਅਗਾਂਹਵਧੂ ਕਦਮ ਹੈ। ਮਜਦੂਰਾਂ ਦਾ ਪ੍ਰਵਾਸ ਵੱਖ-ਵੱਖ ਭਾਸ਼ਾਵਾਂ, ਜਾਤਾਂ-ਧਰਮਾਂ, ਸੱਭਿਆਚਾਰ ਅਤੇ ਕੌਮਾਂ ਦੇ ਮਜਦੂਰਾਂ ਨੂੰ ਇੱਕ ਥਾਂ ਇਕੱਠਾ ਕਰਦਾ ਹੈ। ਪ੍ਰਵਾਸ ਉਹਨਾਂ ਵਿੱਚ ਭਾਸ਼ਾਈ, ਸੱਭਿਆਚਾਰਕ, ਇਲਾਕਾਈ, ਕੌਮੀ ਵੰਡੀਆਂ ਆਦਿ ਨੂੰ ਤੋੜ ਕੇ ਉਹਨਾਂ ਵਿੱਚ ਜਮਾਤੀ ਸਾਂਝ ਪੈਦਾ ਕਰਦਾ ਹੈ। ਜਦੋਂ ਪੱਛੜੇ ਇਲਾਕੇ ਦੇ ਮਜਦੂਰ ਉੱਨਤ ਇਲਾਕੇ ਨੂੰ ਪ੍ਰਵਾਸ ਕਰਦੇ ਹਨ ਤਾਂ ਉਹਨਾਂ ਦੀ ਚੇਤਨਾ ਦਾ ਪੱਧਰ ਉੱਚਾ ਹੁੰਦਾ ਹੈ। ਉਹਨਾਂ ਨੂੰ ਆਪਣੇ ਅਧਿਕਾਰਾਂ ਬਾਰੇ, ਜਿਉਣ ਢੰਗ ਬਾਰੇ, ਸਰਮਾਏਦਾਰਾ ਢਾਂਚੇ ਦੀਆਂ ਖਾਮੀਆਂ ਬਾਰੇ ਜਿਆਦਾ ਚੇਤਨਾ ਹਾਸਲ ਹੁੰਦੀ ਹੈ। ਜਦੋਂ ਮਜਦੂਰਾਂ ਦੀ ਲਹਿਰ ਕਮਜੋਰ ਹੁੰਦੀ ਹੈ, ਉਦੋਂ ਸਰਮਾਏਦਾਰ ਹਾਕਮ ਨਸਲ, ਜਾਤ, ਭਾਸ਼ਾ, ਧਰਮ ਆਦਿ ਦੇ ਵਖਰੇਵਿਆਂ ਨੂੰ ਅਧਾਰ ਬਣਾ ਕੇ ਵੰਡਣ ਵਿੱਚ ਸਫਲ ਹੁੰਦੇ ਹਨ। ਪਰ ਸਰਮਾਏਦਾਰੀ ਆਪਣੇ ਨਿਯਮ ਕਾਰਨ ਛੋਟੇ ਮਾਲਕਾਂ ਨੂੰ ਉਜਾੜ ਉਹਨਾਂ ਨੂੰ ਮਜਦੂਰ ਬਣਾਉਂਦੀ ਜਾਂਦੀ ਹੈ। ਉਹਨਾਂ ਸਭ ਲਈ ਭੈੜੀਆਂ ਜੀਵਨ ਹਾਲਤਾਂ ਪੈਦਾ ਕਰਦੀ ਰਹਿੰਦੀ ਹੈ। ਜਿਸ ਕਾਰਨ ਵੱਡੀ ਗਿਣਤੀ ਮਜਦੂਰਾਂ ਦੀ ਸਾਂਝ ਬਣਦੀ ਹੈ। ਉਹਨਾਂ ਸਾਹਮਣੇ ਲੁੱਟ ਕਰਦੇ ਹੋਏ ਹਾਕਮ ਦਿਖਾਈ ਦਿੰਦੇ ਹਨ ਅਤੇ ਲੁੱਟੇ ਜਾਂਦੇ ਖੁਦ ਅਤੇ ਆਪਣੇ ਹੀ ਹੋਰ ਮਜਦੂਰ ਸਾਥੀ ਦਿਖਾਈ ਦਿੰਦੇ ਹਨ। ਇਹੀ ਜਮਾਤੀ ਸਾਂਝ ਉਹਨਾਂ ਨੂੰ ਲੁੱਟ ਖਤਮ ਕਰਨ ਦੇ ਕਾਰਜ ਨੂੰ ਨੇਪਰੇ ਚਾੜਨ ਲਈ ਇਕਜੁੱਟ ਕਰਦੀ ਹੈ। ਇਟਲੀ ਦੇ ਸਥਾਨਕ ਮਜਦੂਰਾਂ ਨੇ ਅਤੇ ਪ੍ਰਵਾਸੀ ਮਜਦੂਰਾਂ ਨੇ ਮਿਲ਼ਕੇ ਸਤਨਾਮ ਸਿੰਘ ਨੂੰ ਇਨਸਾਫ ਦਵਾਉਣ ਲਈ ਵੱਡਾ ਮੁਜਾਹਰਾ ਕੀਤਾ ਜਿਸ ਕਾਰਨ ਸਤਨਾਮ ਸਿੰਘ ਦੀ ਪਤਨੀ ਨੂੰ ਮੁਆਵਜਾ ਵੀ ਮਿਲ਼ਿਆ ਹੈ ਅਤੇ ਮਾਲਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਭਾਵੇਂ ਇਹ ਅੰਸ਼ਕ ਜਿੱਤ ਹੈ, ਪਰ ਸੱਚ ਇਹੀ ਹੈ ਕਿ ਭਾਵੇਂ ਪ੍ਰਵਾਸੀ ਮਜਦੂਰ ਹੋਣ ਜਾਂ ਸਥਾਨਕ ਮਜਦੂਰ, ਉਹਨਾਂ ਦੀ ਲੁੱਟ ਨੂੰ ਖਤਮ ਕਰਨ ਲਈ ਲੋਟੂ ਸਰਮਾਏਦਾਰਾ ਨਿਜਾਮ ਨੂੰ ਖਤਮ ਕਰਨਾ ਜਰੂਰੀ ਹੈ। ਇਸ ਲਈ ਜਥੇਬੰਦ ਹੋਣਾ ਸਮੇਂ ਦੀ ਲੋੜ ਹੈ।

**ਲਲਕਾਰ ’ਚੋਂ ਧੰਨਵਾਦ ਸਹਿਤ**

# ਇਤਿਹਾਸ ਦੇ ਪੰਨਿਆਂ 'ਚੋਂ : ਖ਼ਾਕਸਾਰ ਅੰਦੋਲਨ ਦਾ ਬਾਨੀ-ਇਨਾਇਤ ਉਲ੍ਹਾ ਖਾਂ ਮਸ਼ਰਿਕੀ



ਨਰਭਿੰਦਰ
93544-30211

ਦੇਸ਼ ਦੀ ਵੰਡ ਨੇ ਬਰਤਾਨਵੀ ਹਕੂਮਤ ਵਿਰੁੱਧ ਚਲੀਆਂ ਲਹਿਰਾਂ ਦੇ ਇਤਿਹਾਸ ਨੂੰ ਗੁੰਮ ਕਰ ਦਿੱਤਾ। ਖ਼ੁਦ ਅਸੀਂ ਪੰਜਾਬ ਵਾਲੇ ਹੀ ਇਤਿਹਾਸ ਦੇ ਉਨ੍ਹਾਂ ਵਰਕਿਆਂ ਨੂੰ ਭੁੱਲ ਗਏ ਹਾਂ ਜਿਨ੍ਹਾਂ ਨੂੰ ਪੜ੍ਹਨਾ ਅੱਜ ਵੀ ਜ਼ਰੂਰੀ ਹੈ। ਬੇਸ਼ੱਕ ਉਹ ਆਦਰਸ਼ਵਾਦੀ ਹੀ ਕਿਉਂ ਨਾ ਹੋਣ। ਅਜਿਹੇ ਪੰਨਿਆਂ ਵਿਚੋਂ ਇਕ ਹੈ ਖਾਕਸਾਰ ਅੰਦੋਲਨ ਅਤੇ ਉਹਦੇ ਆਗੂ ਇਨਾਇਤ ਉਲ੍ਹਾ ਖਾਨ ਮਸ਼ਰਿਕੀ। ਇਨਾਇਤ ਉਲ੍ਹਾ ਖਾਨ ਮਸ਼ਰਿਕੀ ਜਿਹਨੂੰ ਉਲਾਮਾ ਮਸ਼ਰਿਕੀ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਜਨਮ 25 ਅਗਸਤ 1888 ਨੂੰ ਅੰਮ੍ਰਿਤਸਰ ਵਿਚ ਹੋਇਆ ਸੀ। ਉਨ੍ਹਾਂ ਪੰਜਾਬ ਯੂਨੀਵਰਸਿਟੀ ਕਰਾਈਸਟ ਕਾਲਜ, ਕੈਂਬਰੇਜ ਯੂਨੀਵਰਸਿਟੀ ਇੰਗਲੈਂਡ ਤੋਂ ਵਿਦਿਆ ਹਾਸਲ ਕੀਤੀ। ਉਹ ਉਚ ਪਾਏ ਦੇ ਗਣਿਤ ਮਾਹਿਰ, ਤਰਕਸ਼ਾਸਤਰੀ, ਰਾਜਨੀਤਕ ਸਿਧਾਂਤਕਾਰ, ਇਸਲਾਮੀ ਵਿਦਵਾਨ ਸਨ ਅਤੇ ਉਨ੍ਹਾਂ ਖਾਕਸਰ ਅੰਦੋਲਨ ਨੂੰ ਸ਼ੁਰੂ ਕੀਤਾ। 1930 ਵਿਚ ਉਨ੍ਹਾਂ ਵਲੋਂ ਚਲਾਏ ਖਾਕਸਰ ਅੰਦੋਲਨ ਦਾ ਮਕਸਦ ਸੀ, ਸਾਂਝੀ ਹਿੰਦੂ-ਮੁਸਲਿਮ ਏਕਤਾ ਤੇ ਇਕਜੁਟਤਾ ਨਾਲ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ। ਉਨ੍ਹਾਂ ਦੇ ਇਨਕਲਾਬ ਦਾ ਇਕ ਆਪਣਾ ਮੁਹਾਂਵਰਾ ਸੀ। ਮਸ਼ਰਿਕੀ ਦੇ ਖਾਕਸਰ ਅੰਦੋਲਨ ਦਾ ਪਹਿਲਾ ਨਾਹਰਾ ਸੀ, "ਜਿਹੜੇ ਲੋਕ ਦੇਸ ਦੀ ਆਜ਼ਾਦੀ ਦੀ ਲੜਾਈ ਵਿਚ ਆਗੂ ਬਨਣ ਦੀ ਖਾਹਿਸ਼ ਰੱਖਦੇ ਹਨ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਆਪਣੀ ਸਾਰੀ ਜਾਇਦਾਦ ਤਿਆਗ ਦੇਣੀ ਚਾਹੀਦੀ ਹੈ ਅਤੇ ਫੇਰ ਅਗਵਾਨੂੰ ਬਨਣ ਲਈ ਅੱਗੇ ਆਉਣਾ ਚਾਹੀਦਾ ਹੈ।" ਮਸ਼ਰਿਕੀ ਨੇ ਖ਼ੁਦ ਪਹਿਲ ਕੀਤੀ ਅਤੇ ਆਪਣੀ ਉਚ ਵਿਲਾਸਤਾ ਤੇ ਆਰਾਮ ਦੀ ਜ਼ਿੰਦਗੀ ਨੂੰ ਨਾ ਸਿਰਫ਼ ਤਿਆਗਿਆ ਸਗੋਂ ਬੇਹੱਦ ਸਾਦਾ ਜ਼ਿਦਗੀ ਜਿਊਣ ਲੱਗੇ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਦੇਸ਼ ਗੁਲਾਮੀ ਤੇ ਗਰੀਬੀ ਵਿਚ ਜਿਉਂ ਰਿਹਾ ਹੋਵੇ ਤਾਂ ਨੇਤਾ ਨੂੰ ਐਸ਼ ਅਰਾਮ ਦੀ ਜ਼ਿੰਦਗੀ ਨਹੀਂ ਜਿਊਣੀ ਚਾਹੀਦੀ।"

ਖਾਕਸਾਰ ਅੰਦੋਲਨ ਜਿਹੜਾ ਹਿੰਦੂ-ਮੁਸਲਿਮ ਏਕਤਾ ਦਾ ਮੁਦਈ ਸੀ ਭਾਰਤ ਦੀ ਵੰਡ ਦਾ ਕੱਟੜ ਵਿਰੋਧੀ ਸੀ। ਉਸ ਲਈ ਆਜ਼ਾਦੀ ਸਾਰੇ ਲੋਕਾਂ ਲਈ ਦੇਸ਼ ਪੱਧਰ ਉਤੇ ਧਰਮਾਂ ਜਾਤਾਂ ਤੋਂ ਉਪਰ ਉਠ ਕੇ ਸਭ ਦੀ ਭਲਾਈ ਵਾਲੀ ਵਿਵਸਥਾ ਸਿਰਜਨ ਦੀ ਸੀ। ਖਾਕਸਰ ਅੰਦੋਲਨ ਦੇ ਬਾਨੀ ਮਸ਼ਰਿਕੀ ਆਮ ਲੋਕਾਂ ਵਿਚ ਹਰਮਨਪਿਆਰੇ ਆਗੂ ਬਣ ਕੇ ਉਭਰ ਰਹੇ ਸਨ। ਉਹ ਕਈ ਸਾਲ ਬ੍ਰਿਟਿਸ਼ ਭਾਰਤ ਦੀਆਂ ਜੇਲ੍ਹਾਂ ਵਿਚ ਵੀ ਰਹੇ ਅਤੇ ਫਿਰ ਪਾਕਿਸਤਾਨ ਬਣਨ ਪਿਛੋਂ ਉਥੋਂ ਦੀਆਂ ਜੇਲ੍ਹਾਂ ਵਿਚ ਵੀ ਰਹੇ। ਬ੍ਰਿਟਿਸ਼ ਹਕੂਮਤ ਵਿਰੋਧੀ, ਅਜ਼ਾਦੀ ਦੀ ਲੜਾਈ ਦੇ ਦੌਰਾਨ ਉਨ੍ਹਾਂ ਦੇ ਪੁੱਤਰ ਦੀ ਹੱਤਿਆ ਵੀ ਕਰ ਦਿੱਤੀ ਗਈ। ਪਰ ਉਹ ਆਪਣੇ ਮਿਸ਼ਨ ਤੋਂ ਪਿਛੇ ਨਹੀਂ ਹਟੇ।

ਕੈਂਬਰਿਜ ਯੂਨੀਵਰਸਿਟੀ ਵਿਚ ਪੜ੍ਹਦਿਆਂ ਉਨ੍ਹਾਂ ਚਾਰ ਅਲੱਗ ਅਲੱਗ ਵਿਸ਼ਿਆਂ ਵਿਚ ਆਨਰਜ਼ ਸਨਮਾਨ ਹਾਸਲ ਕੀਤੇ। ਸ਼ਾਇਦ ਇਹ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਸਨ। 1914 ਵਿਚ ਮਸ਼ਰਿਕੀ ਨੂੰ ਕਨਵੋਕੇਸ਼ਨ ਵਿਚ ਸੋਨੇ ਦੇ ਤਗਮੇ ਨਾਲ ਗਣਿਤ ਵਿਚ ਡੀ. ਫਿਲ ਦੀ ਡਿਗਰੀ ਦਿੱਤੀ ਗਈ। 1934 ਵਿਚ ਜਦੋਂ ਉਹ 36 ਸਾਲਾਂ ਦੇ ਸਨ ਤਾਂ ਉਨ੍ਹਾਂ ਆਪਣੀ ਚਰਚਿਤ ਕਿਤਾਬ 'ਤਜ਼ਕਿਰਾ-ਦਾ ਪਹਿਲੀ ਜਿਲਦ ਪੂਰੀ ਕੀਤੀ। ਇਹ ਵਿਗਿਆਨ ਦੇ ਪ੍ਰਕਾਸ਼ ਵਿਚ ਕੁਰਾਨ ਉਤੇ ਇਕ ਟਿੱਪਣੀ ਹੈ। ਉਰਦੂ ਵਿਚ ਲਿਖੀ ਇਸ ਕਿਤਾਬ ਨੂੰ 1925 ਵਿਚ ਨੋਬਲ ਕਮੇਟੀ ਪੁਰਸਕਾਰ ਲਈ ਚੁਣਿਆ ਗਿਆ ਪਰ ਸ਼ਰਤ ਇਹ ਰੱਖੀ ਕਿ ਮਸ਼ਰਿਕੀ ਇਹਨੂੰ ਕਿਸੇ ਯੂਰਪੀ ਭਾਸ਼ਾ ਵਿਚ ਅਨੁਵਾਦ ਕਰਵਾਏ। ਮਸ਼ਰਿਕੀ ਨੇ ਇਹ ਸ਼ਰਤ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਇਹਦੇ ਜਵਾਬ 'ਚ ਕਿਹਾ ਸੀ ਕਿ "ਜੇ ਲੱਖਾਂ ਲੋਕਾਂ ਦੀ ਭਾਸ਼ਾ ਕਮੇਟੀ ਨੂੰ ਸਵੀਕਾਰ ਨਹੀਂ ਤਾਂ ਮੈਨੂੰ ਨੋਬਲ ਪੁਰਸਕਾਰ ਲੈਣ ਦੀ ਵੀ ਕੋਈ ਇੱਛਾ ਨਹੀਂ।" ਉਨ੍ਹਾਂ ਲਈ ਭੌਤਿਕ ਸਨਮਾਨ ਕੋਈ ਮਹਿਨੇ ਨਹੀਂ ਸੀ ਰੱਖਦਾ। ਉਹ ਆਪਣੀ ਭਾਸ਼ਾ ਅਤੇ ਸਭਿਆਚਾਰ ਉਤੇ ਫ਼ਖ਼ਰ ਕਰਦੇ ਸਨ ਤੇ ਇਉਂ ਨੋਬਲ ਪੁਰਸਕਾਰ ਕਮੇਟੀ ਨੂੰ ਆਪਣਾ ਫੈਸਲਾ ਬਦਲਣਾ ਪਿਆ ਤੇ ਉਹ ਨੋਬਲ ਇਨਾਮ ਦੀ ਦੌੜ 'ਚੋਂ ਬਾਹਰ ਹੋ ਗਏ।

ਅੱਲਾਮਾ ਮਸ਼ਰਿਕੀ ਇਕ ਅਲੱਗ ਕਿਸਮ ਦੇ ਵਿਚਾਰਵਾਨ ਸਨ। ਉਹ ਡਾਰਵਿਨ ਦੇ ਵਿਚਾਰਾਂ ਨੂੰ ਵੀ ਸਵੀਕਾਰ ਕਰਦੇ ਸਨ ਤੇ ਧਰਮ ਦਾ ਗਿਆਨ ਰੱਖਣਾ ਵੀ ਜ਼ਰੂਰੀ ਸਮਝਦੇ ਸਨ। ਜਿਹਨੂੰ ਈਸ਼ਵਰਵਾਦੀ ਵਿਚਾਰਵਾਦੀ ਵੀ ਕਿਹਾ ਜਾ ਸਕਦਾ ਹੈ। ਉਨ੍ਹਾਂ ਦਾ ਮੱਤ ਸੀ ਕਿ ਧਰਮਾਂ ਦਾ ਗਿਆਨ, ਮਨੁੱਖ ਜਾਤੀ ਦੇ ਸਮੂਹਿਕ ਵਿਕਾਸ ਦਾ ਗਿਆਨ ਹੈ। ਸਾਰੇ ਪੈਗੰਬਰ ਮਨੁੱਤ ਜਾਤੀ ਨੂੰ ਇਕ ਕਰਨ ਆਏ ਸਨ। ਇਹਨੂੰ ਵੰਡਣ ਲਈ ਨਹੀਂ। ਸਾਰੇ ਧਰਮਾਂ ਦਾ ਮੂਲ ਨਿਯਮ ਸੁੱਖੀ ਮਨੁੱਖਤਾ ਨੂੰ ਇਕ ਲੜੀ 'ਚ ਪ੍ਰੋਣ ਦਾ ਨਿਯਮ ਹੈ।

ਖਾਕਸਾਰ ਅੰਦੋਲਨ ਉਨ੍ਹਾਂ ਆਪਣੇ ਲਾਹੌਰ ਦੇ ਨੇੜੇ ਇਕ ਇਚਰਾ ਪਿੰਡ ਤੋਂ ਸ਼ੁਰੂ ਕੀਤਾ। ਪਹਿਲਾਂ ਪਹਿਲ ਇਸਦੇ 90 ਮੈਂਬਰ ਬਣੇ ਤੇ ਫਿਰ ਕੁਝ ਹਫ਼ਤਿਆਂ ਵਿਚ ਹੀ 300 ਤੱਕ ਗਿਣਤੀ ਪਹੁੰਚ ਗਈ। 1942 ਤੱਕ ਇਹਦੀ ਗਿਣਤੀ 4 ਮਿਲੀਅਨ ਤੱਕ ਪਹੁੰਚ ਗਈ। ਖਾਕਸਾਰ ਦਾ ਮਤਲਬ ਹੀ ਹੈ ਖਾਕ ਮਿੱਟੀ ਭਾਵ ਨਾ ਚੀਜ਼। ਧਰਤੀ 'ਚੋਂ ਪੈਦਾ ਹੋਇਆ ਉਨ੍ਹਾਂ ਦਾ ਮਤ ਸੀ ਕਿ ਹਿੰਦੂ ਮੁਸਲਮਾਨਾਂ ਨੂੰ ਇਕੱਠਿਆਂ ਹੋ ਕੇ ਬਰਤਾਨਵੀਆ ਰਾਜ ਖਤਮ ਕਰਨਾ ਪਵੇਗਾ। ਖਾਕਸਾਰ ਨੇ ਆਪਣੇ ਮੈਂਬਰਾਂ ਲਈ ਇਕ ਵਿਸ਼ੇਸ਼ ਕਿਸਮ ਦੀ ਵਰਦੀ ਵੀ ਤਹਿ ਕੀਤੀ ਜਿਹੜੀ ਸੁਭਾਸ਼ ਚੰਦਰ ਬੋਸ ਦੇ ਸਿਪਾਹੀਆਂ ਵਰਗੀ ਸੀ। ਉਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਸੁਭਾਸ਼ ਦੀ ਫੌਜ ਨਾਲੋਂ ਵੱਡੀ ਗਿਣਤੀ 'ਚ ਫੌਜ ਤਿਆਰ ਕੀਤੀ ਜਿਹੜੀ ਧਰਮ ਜਾਤ, ਮਜ਼ਬ ਦੇ ਵਖਰੇਵਿਆਂ ਤੋਂ ਉਪਰ ਸੀ। ਉਨ੍ਹਾਂ ਇਕ 'ਅਲ ਇਸਲਾਹ' ਨਾਮੀ ਸਪਤਾਹਿਕ ਅਖ਼ਬਾਰ ਵੀ ਕੱਢਿਆ।

19 ਮਾਰਚ 1940 ਨੂੰ ਅਖਿਲ ਭਾਰਤੀ ਮੁਸਲਿਮ ਲੀਗ ਨੇ ਇਕ ਕਨਵੈਨਸ਼ਨ ਰੱਖੀ ਸੀ। ਇਸ ਤੋਂ ਦੋ ਦਿਨ ਪਹਿਲਾਂ ਖਾਕਸਾਰ ਅੰਦੋਲਨ ਦੇ ਆਗੂ ਆਰਗ ਜੈਗਮ ਸਮੇਤ 313 ਤੋਂ ਵੱਧ ਖਾਕਸਾਰ ਕਾਰਕੁੰਨਾਂ ਨੂੰ ਉਸ ਵੇਲੇ ਦੀ ਪੰਜਾਬ ਪੁਲਿਸ ਦੇ ਐਸ.ਪੀ. ਡੀ. ਮੇਨਜ਼ਫੋਰਡ ਦੀ ਇਕ ਟੁਕੜੀ ਵਲੋਂ ਗੋਲੀਆਂ ਨਾਲ ਭੁੰਨ ਦਿੱਤਾ ਸੀ। ਜਲ੍ਹਿਆਂਵਾਲਾ ਬਾਗ ਕਾਂਡ (1919) ਤੋਂ ਪਿਛੋਂ ਵਾਪਰਿਆ ਇਹ ਦੂਸਰਾ ਕਤਲੇਆਮ ਸੀ ਜਿਹੜਾ ਪੰਜਾਬ ਵਿਚ ਵਾਪਰਿਆ। ਇਸ ਦਰਦਨਾਕ ਹਾਦਸੇ ਸਮੇਂ ਖਾਸਕਾਰ ਪਾਰਟੀ ਦੇ ਇਹ ਕਾਰਕੁੰਨ ਆਪਣੀ ਵਰਦੀ ਵਿਚ ਡਰਿਲ ਕਰ ਰਹੇ ਸਨ ਸ਼ਾਂਤੀਪੂਰਨ ਢੰਗ ਨਾਲ। ਇਸਨੇ ਪੰਜਾਬ ਨੂੰ ਝੰਜੋੜ ਦਿੱਤਾ। ਪੰਜਾਬ ਦਾ ਮੁੱਖ ਮੰਤਰੀ ਸਾਹ ਸਿਕੰਦਰ ਹਯਾਤ ਖਾਂ ਸੀ। ਉਹਨੇ ਮੁਸਲਿਮ ਲੀਗ ਦੇ ਮੁਖੀ ਜਿਨਹਾ ਨੂੰ ਅਪੀਲ ਕੀਤੀ ਕਿ ਇਹ ਕਨਵੈਨਸ਼ਨ ਅੱਗੇ ਪਾ ਦਿੱਤੀ ਜਾਵੇ। ਪਰ ਜਿਨਹਾ ਨੇ ਬੇਨਤੀ ਪ੍ਰਵਾਨ ਨਹੀਂ ਕੀਤ। ਅਲਾਗਾ ਮਸ਼ਰਿਕੀ ਉਸ ਸਮੇਂ ਜੇਲ੍ਹ ਵਿਚ ਸਨ। ਦੋਹਾਂ ਦੇ ਵਿਚਾਰਾਂ ਵਿਚ ਬਹੁਤ ਭਿੰਨਤਾ ਸੀ। ਮਸ਼ਰਿਕੀ ਹਿੰਦੂ ਮੁਸਲਿਮ ਇਨਕਲਾਬ ਦੇ ਹੱਕ ਵਿਚ ਸਨ ਤੇ ਜਿਨਹਾ ਦੇ ਸਿਰ ਪਾਕਿਸਤਾਨ ਦਾ ਭੂਤ ਸੰਵਾਰ ਸੀ। ਉਹੀ ਧਰਮ ਦੇ ਆਧਾਰ ਰਾਜ ਸਿਰਜਨ ਦਾ ਮੁਦਈ ਸੀ ਜਦੋਂ ਕਿ ਮਸ਼ਰਿਕੀ ਧਰਮ, ਜਾਤ ਤੇ ਹੋਰ ਵਖਰੇਵਿਆਂ ਤੋਂ ਉਪਰ ਇਸਲਾਮੀ ਸਗੁ ਮੁਤਾਬਕ ਸਭ ਲਈ ਬਰਾਬਰੀ ਵਾਲੇ ਸਮਾਜ ਦਾ ਹਮਾਇਤੀ ਸੀ। ਦੋਹਾਂ ਦੇ ਜ਼ਿੰਦਗੀ ਜੀਉਣ ਦੇ ਅਮਲ ਵੀ ਨਹੀਂ ਮਿਲਦੇ।

ਖਾਕਸਾਰ ਦਾ ਉਦੇਸ਼ ਸੀ ਸੱਤਾ ਸਿਰਫ਼ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ ਲਈ ਨਹੀਂ ਹੈ ਅਤੇ ਇਹਦੇ ਵਿਚ ਆਮ ਲੋਕਾਂ ਦੀ ਹਿੱਸੇਦਾਰੀ ਸੁਨਿਸਚਿਤ ਹੋਣੀ ਚਾਹੀਦੀ ਹੈ। ਇਕ ਵਾਰੀ ਮਸ਼ਰਿਕੀ ਨੂੰ ਅੰਗਰੇਜ਼ਾਂ ਨੇ ਸਰ ਦੀ ਉਪਾਧੀ (ਨਾਈਟਹੁੱਡ) ਨਾਲ ਸਨਮਾਨਿਤ ਕਰਨਾ ਚਾਹਿਆ ਤਾਂ ਉਸਨੇ ਇਨਕਾਰ ਕਰ ਦਿੱਤਾ। 1926 'ਚ ਜਦੋਂ ਮਸ਼ਰਿਕੀ ਯੂਰਪ ਵਿਚ ਗਿਆ ਸੀ ਤਾਂ ਉਸ ਕੋਲ ਰੇਲਾਲਟ ਕਾਰ ਸੀ। ਉਸਨੇ ਆਪਣੀ ਨਿੱਜੀ ਕਾਰ ਵਿਚ ਕਦੇ ਵੀ ਸਫ਼ਰ ਨਹੀਂ ਕੀਤਾ। ਉਹ ਕਾਰ ਉਤੇ ਸਵਾਰ ਹੋ ਕੇ ਲੋਕਾਂ 'ਚ ਨਹੀਂ ਗਏ। ਪੈਦਲ ਜਾਂਦੇ। ਜੇ ਰੇਲ ਦਾ ਸਫ਼ਰ ਕਰਨਾ ਹੁੰਦਾ ਤਾਂ ਉਹ ਤੀਸਰੇ ਦਰਜੇ ਦੀ ਟਿਕਟ 'ਤੇ ਸਾਧਾਰਨ ਡੱਬੇ ਵਿਚ ਸਫ਼ਰ ਕਰਦੇ। ਖਾਕਸਾਰ ਦੀਆਂ ਮੀਟਿੰਗਾਂ ਵਿਚ ਉਹ ਤੰਬੂ ਵਿਚ ਧਰਤੀ 'ਤੇ ਬਿਸਤਰਾ ਲਾ ਕੇ ਸੌਂਦੇ। ਉਨ੍ਹਾਂ ਦੀ ਨਿੱਜੀ ਜ਼ਿਦਗੀ 'ਚ ਕੋਈ ਸਰਮਾਇਆ ਨਹੀਂ ਸੀ। ਆਪਣੇ ਘਰ ਦੀ ਸਫ਼ਾਈ ਵੀ ਖ਼ੁਦ ਆਪ ਹੀ ਕਰਦੇ। ਘਰ ਵਿਚ ਸਾਦਾ ਫਰਨੀਚਰ ਸੀ, ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹੇ। ਉਸ ਵੇਲੇ ਦੇ ਹੋਰ ਭਾਰਤੀ ਦੇਸ਼ ਭਗਤ ਆਗੂਆਂ ਵਿਚੋਂ ਕੋਈ ਹੋਵੇਗਾ ਜਿਹੜਾ ਲੱਖਾਂ ਪੈਰੋਕਾਰਾਂ ਦੇ ਹੁੰਦਿਆਂ ਏਨਾ ਸਾਦਾ ਜੀਵਨ ਬਤੀਤ ਕਰ ਰਿਹਾ ਹੋਵੇ। ਉਹ ਆਪਣੇ ਖਾਕਸਾਰ ਦੇ ਸਿਪਾਹੀਆਂ ਨੂੰ ਅਨੁਸ਼ਾਸਨ, ਸਾਦਗੀ ਤੇ ਇਮਾਨਦਾਰੀ ਉਤੇ ਪਹਿਰਾ ਦੇਣਾ ਸਿਖਾਉਂਦੇ। ਖਾਕਸਾਰ ਅੰਦੋਲਨ ਵਿਚ ਗੈਰ ਮੁਸਲਮਾਨਾਂ ਨੂੰ ਵੀ ਬਰਾਬਰ ਦਾ ਸਨਮਾਨ ਮਿਲਦਾ। ਉਨ੍ਹਾਂ ਆਪਣੇ ਕਿਸੇ ਚਹੇਤੇ ਰਿਸ਼ਤੇਦਾਰ ਜਾਂ ਨੇੜਲੇ ਮਿੱਤਰ ਨੂੰ ਖਾਕਸਾਰ ਦੀ ਅਹੁਦੇਦਾਰੀ ਨਹੀਂ ਦਿੱਤੀ। ਉਨ੍ਹਾਂ ਆਪਣੀ ਜਾਇਦਾਦ ਦਾ ਟਰੱਸਟ ਬਣਾਇਆ ਅਤੇ ਇਸ ਦੀ ਆਮਦਨ ਵਿਚ, ਲੋੜਵੰਦ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਵਜ਼ੀਫ਼ੇ ਦਿੱਤੇ। ਇਥੋਂ ਤੱਕ ਕਿ ਜਦੋਂ ਉਹ ਬਿਮਾਰ ਸਨ ਤਾਂ ਉਸ ਸਮੇਂ ਦੇ ਪਾਕਿਸਤਾਨੀ ਰਾਸ਼ਟਰਪਤੀ ਅਯੂਬ ਖਾਂ ਨੇ ਸਰਕਾਰੀ ਖਜ਼ਾਨੇ 'ਚੋਂ ਕੁਝ ਰਾਸ਼ੀ ਇਲਾਜ ਲਈ ਭੇਜਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਇਹ ਵਾਪਸ ਕਰ ਦਿੱਤੀ ਤੇ ਕਿਹਾ ਕਿ "ਇਹ ਪੈਸਾ ਲੋਕਾਂ ਦਾ ਹੈ, ਨਿੱਜੀ ਲਾਭ ਲਈ ਨਹੀਂ ਵਰਤਿਆ ਜਾਣਾ ਚਾਹੀਦਾ, ਇਹ ਲੋਕ ਭਲਾਈ ਉਤੇ ਲਾਇਆ ਜਾਣਾ ਚਾਹੀਦਾ ਹੈ।" ਉਨ੍ਹਾਂ ਦੀ ਇਸ ਸਾਫ਼ ਸੁਥਰੀ ਸ਼ਖ਼ਸੀਅਤ ਵਿਚ ਉਨ੍ਹਾਂ ਦੀ ਵਿਚਾਰਧਾਰਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਅਮਰੀਕਾ ਨੇ 1950 ਵਿਚ ਉਨ੍ਹਾਂ ਨੂੰ ਉਨ੍ਹਾਂ ਦੇ ਗਣਿਤ ਵਿਚ ਪਾਏ ਯੋਗਦਾਨ ਲਈ ਉਸ ਸਮੇਂ ਡੇਢ ਲੱਖ ਰੁਪਏ ਦੀ ਰਾਸ਼ੀ ਸਨਮਾਨ ਵਜੋਂ ਹਰ ਸਾਲ ਦੇਣ ਦੀ ਪੇਸ਼ਕਸ਼ ਕੀਤੀ ਪਰ ਮਸ਼ਰਿਕੀ ਨੇ ਇਸ ਪੇਸ਼ਕਸ਼ ਨੂੰ ਵੀ ਰੱਦ ਕਰ ਦਿੱਤਾ।

1939 ਵਿਚ ਉਨ੍ਹਾਂ ਦੀ ਖਾਕਸਾਰ ਪਾਰਟੀ ਦਾ ਕੈਂਪ ਕਰੋਲ ਬਾਗ ਵਿਚ ਲੱਗਾ ਜਿਥੇ ਮੁਹੰਮਦ ਅਲੀ ਜਿਨਹਾਂ ਅਤੇ ਸਰ. ਜ਼ਿਆਉਦੀਨ ਅਹਿਮਦ, ਲਿਆਕਤ ਅਲੀ, ਮਸ਼ਰਿਕੀ ਨਾਲ ਵਿਚਾਰ ਚਰਚਾ ਕਰਨ ਆਏ। ਜਿਨਹਾਂ ਨੇ ਉਹਨਾਂ ਨੂੰ ਸਿਗਰਟ ਪੇਸ਼ ਕੀਤੀ। ਉਨ੍ਹਾਂ ਲੈ ਲਈ ਅਤੇ ਨਾਲ ਹੀ ਜੇਬ ਵਿਚੋਂ ਬਣਦੀ ਕੀਮਤੀ ਵੀ ਦੇ ਦਿੱਤੀ। ਜਿਨਹਾਂ ਦੇ ਇਨਕਾਰ ਕਰਨ ਉਤੇ ਉਨ੍ਹਾਂ ਕਿਹਾ, "ਖਾਕਸਾਰ ਦੇ ਸਿਧਾਂਤਾਂ ਦੇ ਮਾਮਲੇ ਵਿਚ ਹੈਰਾਨ ਹੋਣ ਵਾਲੀ ਗੱਲ ਨਹੀਂ।" ਇਵੇਂ ਹੀ 1937 ਵਿਚ ਉਹ ਇਕ ਵਾਰੀ ਜੀਐਮ ਸੈਯਦ ਜੋ ਖਾਕਸਾਰ ਅੰਦੋਲਨ ਵਿਚ ਸ਼ਾਮਲ ਹੋਏ ਸਨ, ਨੇ ਘਰ ਰਹਿਣ ਦੀ ਬੇਨਤੀ ਕੀਤੀ। ਮਸ਼ਰਿਕੀ ਉਹਦੇ ਘਰ ਰੁਕੇ ਤੇ ਵਾਪਸੀ ਸਮੇਂ ਖਾਣੇ ਦੇ ਪੈਸੇ ਅਦਾ ਕੀਤੇ। ਉਹ ਆਗੂ ਤੇ ਕੇਡਰ ਵਿਚ ਅਸਮਾਨਤਾ ਨਹੀਂ ਸਨ ਚਾਹੁੰਦੇ। ਉਨ੍ਹਾਂ ਦੇ ਘਰੇ ਜੇ ਕੋਈ ਨਾਈਟਹੁੱਡ (ਸਰ ਦੇ ਖਿਤਾਬ) ਦੇ ਸਨਮਾਨ ਵਾਲਾ ਜਾਂ ਉਚ ਲੀਡਰ ਆਇਆ ਤਾਂ ਜੋ ਵਿਹਾਰ ਉਹ ਆਪ ਖਾਕਸਾਰ ਪਾਰਟੀ ਦੇ ਕੇਡਰ ਨਾਲ ਕਰਦੇ ਸਨ ਉਹੋ ਹੀ ਕੀਤਾ। ਇਕ ਖਾਕਸਾਰ ਆਗੂ ਸ਼ੇਰ ਜਮਾਨ ਨੇ ਆਪਣੀ ਕਿਤਾਬ ਵਿਚ ਲਿਖਿਆ ਕਿ ਇਕ ਵਾਰੀ ਇੰਗਲੈਂਡ ਦੇ ਲਾਰਡ ਬੋਨਰ ਆਪਣੀ ਪਤਨੀ ਸਮੇਤ ਮਸ਼ਰਿਕੀ ਨੂੰ ਮਿਲਣ ਆਏ। ਉਨ੍ਹਾਂ ਸਾਦੇ ਕੱਪਾਂ ਵਿਚ ਚਾਹ ਪਰੋਸੀ। ਜਿਹੜੇ ਉਹ ਨਿੱਤ ਪ੍ਰਤੀ ਘਰ ਵਿਚ ਵਰਤਦੇ ਸਨ। ਉਨ੍ਹਾਂ ਆਪਣੀਆਂ ਧੀਆਂ ਦੇ ਵਿਆਹ ਵੀ ਸਾਦੇ ਢੰਗ ਨਾਲ ਕੀਤੇ। ਉਨ੍ਹਾਂ ਆਪਣੀਆਂ ਧੀਆਂ ਨੂੰ ਚੰਗੀ ਵਿਦਿਆ ਤੇ ਸੰਸਕਾਰ ਦਿੱਤੇ ਅਤੇ ਤੜਕ ਭੜਕ ਵਾਲੀ ਜ਼ਿੰਦਗੀ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ।

ਜਦੋਂ ਉਹ ਵੈਲੂਰ (ਭਾਰਤ) ਦੀ ਜੇਲ੍ਹ ਵਿਚ ਬੰਦ ਸਨ ਤਾਂ ਉਨ੍ਹਾਂ ਉਤੇ ਦਬਾਅ ਪਿਆ ਕਿ ਜਾਂ ਤਾਂ ਖਾਕਸਾਰ ਅੰਦੋਲਨ ਅੰਦੋਲਨ ਖਤਮ ਕਰੋ ਜਾਂ ਜੇਲ੍ਹ ਵਿਚ ਹੀ ਮਰਨ ਲਈ ਤਿਆਰ ਰਹੋ; ਉਨ੍ਹਾਂ ਖਾਕਸਾਰ ਅੰਦੋਲਨ ਖਤਮ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਜੇਲ੍ਹ ਨੂੰ ਚੁਣਿਆ।

ਉਨ੍ਹਾਂ ਦੀ ਵਿਚਾਰਧਾਰਕ ਸੂਝ ਬਹੁਤ ਸਾਫ਼ ਸੀ, ਉਹ ਦੇਸ਼ ਦੀ ਵੰਡ ਦੇ ਵਿਰੋਧੀ ਤਾਂ ਸਨ ਹੀ, ਉਨ੍ਹਾਂ ਕਿਹਾ ਕਿ "ਮੌਜੂਦਾ ਹਾਲਤਾਂ ਵਿਚ ਆਖਰੀ ਉਪਾਅ ਇਹ ਹੈ ਕਿ ਸਾਰੇ (ਹਿੰਦੂ ਮੁਸਲਿਮ) ਇਸ ਸਾਜ਼ਿਸ਼ ਦੇ ਵਿਰੁੱਧ ਖੜ੍ਹੇ ਹੋ ਜਾਣ। ਇਕ ਆਮ ਲੋਕਾਂ ਦਾ ਹਿੰਦੂ-ਮੁਸਲਮਾਨ ਇਨਕਲਾਬ ਹੋਣ ਦੇਣ। ਇਹ ਸਮਾਂ ਹੈ ਜਦੋਂ ਸੱਚ ਨੂੰ ਬਣਾਈ ਰੱਖਣ ਲਈ ਸਾਨੂੰ ਬਲੀਦਾਨ ਦੇਣਾ ਚਾਹੀਦਾ ਹੈ।" ਉਨ੍ਹਾਂ ਦਾ ਮਤ ਸੀ ਕਿ ਜਿਹੜੇ ਹਿੰਦੂ-ਮੁਸਲਮਾਨ ਸਦੀਆਂ ਤੋਂ ਇਕਜੁਟ ਭਾਰਤ ਵਿਚ ਰਹਿੰਦੇ ਆ ਰਹੇ ਹਨ ਤੇ ਸ਼ਾਂਤੀਪੂਰਨ ਤਰੀਕੇ ਨਾਲ ਰਹਿੰਦੇ ਰਹੇ ਹਨ ਉਹ ਇਕ ਆਜ਼ਾਦ ਅਤੇ ਇਕਜੁਟ ਭਾਰਤ ਵਿਚ ਕਿਉਂ ਨਹੀਂ ਰਹਿ ਸਕਦੇ।"

ਉਨ੍ਹਾਂ ਨੇ 1942-43 ਵਿਚ ਹੀ ਕਹਿ ਦਿੱਤਾ ਸੀ ਕਿ ਧਾਰਮਿਕ ਆਧਾਰ 'ਤੇ ਦੇਸ਼ ਦੀ ਵੰਡ ਸਰਹੱਦ ਦੇ ਦੋਹੀਂ ਪਾਸੀਂ ਕੱਟੜਵਾਦ ਅਤੇ ਅੱਤਵਾਦ ਨੂੰ ਜਨਮ ਦੇਵੇਗੀ। ਮਸ਼ਰਿਕੀ ਕਹਿੰਦੇ ਸਨ ਕਿ "ਮੁਸਲਿਮ ਬਹੁਗਿਣਤੀ ਵਾਲੇ ਖੇਤਰ ਪਹਿਲਾਂ ਤੋਂ ਹੀ ਮੁਸਲਿਮ ਹਕੂਮਤ ਦੇ ਅਧੀਨ ਰਹੇ ਹਨ, ਇਸ ਲਈ ਜੇ ਕੋਈ ਮੁਸਲਮਾਨ ਉਥੇ ਜਾਣਾ ਚਾਹੁੰਦਾ ਹੈ ਤਾਂ ਜਾ ਸਕਦਾ ਹੈ। ਇਹਦੇ ਲਈ ਦੇਸ਼ ਨੂੰ ਵੰਡਣ ਦੀ ਕੀ ਲੋੜ ਹੈ। ਅਸੀਂ ਕਿਥੇ ਵਸਣਾ ਹੈ ਇਹ ਸਾਡੀ ਨਿੱਜੀ ਆਜ਼ਾਦੀ ਦਾ ਮਾਮਲਾ ਹੈ। ਇਹਦੇ ਲਈ ਦੇਸ਼ ਦੀ ਵੰਡ ਗਲਤ ਹੈ। ਅਲਾਮਾ ਮਸ਼ਰਿਕੀ ਦੇ ਅਨੁਸਾਰ ਵੱਖਵਾਦੀ ਆਗੂ "ਸੱਤਾ ਦੇ ਭੁੱਖੇ ਹਨ ਅਤੇ ਬਰਤਾਨਵੀ ਏਜੰਡੇ ਨੂੰ ਪੂਰਾ ਕਰਨ ਦੇ ਲਈ ਆਪਣੀ ਤਾਕਤ ਵਧਾਉਂਦਾ ਮੁਸਲਮਾਨਾਂ ਨੂੰ ਗੁੰਮਰਾਹ ਕਰ ਰਹੇ ਹਨ।"

ਆਜ਼ਾਦੀ ਤੋਂ ਪਹਿਲਾਂ 1947 ਵਿਚ ਅਲਾਮਾ ਮਸ਼ਰਿਕੀ ਨੇ ਪਟਨੇ ਵਿਚ ਇਤਿਹਾਸਕ ਭਾਸ਼ਣ ਦਿੱਤਾ। 14 ਮਈ 1947 ਨੂੰ ਇਕ ਆਮ ਜਲਸੇ ਜਿਸ ਵਿਚ 50000 ਲੋਕ ਜੁੜੇ ਸਨ ਬੋਲੇ, ਇਹ ਭਾਸ਼ਣ 23 ਮਈ 1947 ਨੂੰ ਲਾਹੌਰ 'ਚੋਂ ਨਿਕਲਦੇ ਮਾਲਇਸਲਾਹ ਅਖ਼ਬਾਰ ਵਿਚ ਵੀ ਛਪਿਆ। ਉਨ੍ਹਾਂ ਕਿਹਾ ਕਿ ਬ੍ਰਿਟਿਸ਼ ਵਿਚਾਰਧਾਰਾ ਵਿਚ ਸਿੱਖਿਅਤ ਲੋਕਾਂ ਨੂੰ ਸੱਤਾ ਸ਼ਾਂਤੀਪੂਰਨ ਢੰਗ ਨਾਲ ਸੌਂਪਣਾ, ਬ੍ਰਿਟਿਸ਼ ਰਾਜ ਦੇ ਬਦਤਰ ਸਵਰੂਪ ਤੋਂ ਬਿਨਾਂ ਕੁਝ ਨਹੀਂ ਹੋਵੇਗਾ। ਇਹ ਰਾਜ ਦਸ ਗੁਣਾ ਜ਼ਿਆਦਾ ਅਤਿਆਚਾਰੀ, ਜ਼ਿਆਦਾ ਕਰੂਰ, ਜ਼ਿਆਦਾ ਭਿਆਨਕ, ਜ਼ਿਆਦਾ, ਸਾਮਰਾਜਵਾਦੀ ਅਤੇ ਬ੍ਰਿਟਿਸ਼ ਰਾਜ ਦੇ ਸਭ ਤੋਂ ਬੁਰੇ ਰੂਪ ਤੋਂ ਵੀ ਜ਼ਿਆਦਾ ਗੈਰ ਭਾਰਤੀ ਹੋਵੇਗਾ। ਹਕੀਕਤ ਵਿਚ ਇਹ ਸਾਰੀਆਂ ਸੱਚਾਈਆਂ ਦਾ ਮਜ਼ਾਕ ਅਤੇ ਪਿਛਲੇ 100 ਸਾਲਾਂ ਵਿਚ ਅੰਗਰੇਜ਼ਾਂ ਨੇ ਭਾਰਤ ਨੂੰ ਜੋ ਵੀ ਕੁਝ ਚੰਗਾ ਜਾਂ ਮਾੜਾ ਦਿੱਤਾ ਹੈ ਉਹਦੀ ਨਕਲ ਹੋਵੇਗਾ।"

"ਇਹ ਹਕੀਕਤ ਵਿਚ ਇਕ ਅਰਾਜਕਤਾ, ਇਕ ਸਟੀਰੀਓਟਾਈਪ, ਅੱਤਿਆਚਾਰੀ ਅਤੇ ਇਕ ਸਭ ਤੋਂ ਨਿਕੰਮਾਂ ਧੋਖਾ ਹੋਵੇਗਾ। ਇਹ ਪ੍ਰਮਾਣੂ ਬੰਬ ਅਤੇ ਦਹਿਸ਼ਤ ਦੀ ਹਕੂਮਤ ਦਾ ਨੰਗਾ ਚਿੱਟਾ ਰਾਜ ਹੋਵੇਗਾ। ਇਹ ਨਰਸੰਘਾਰਾਂ ਅਤੇ ਰਾਜ ਹੱਤਿਆਵਾਂ ਦਾ ਪੁਨਰ ਜਨਮ ਹੋਵੇਗਾ। ਇਹ ਮਾਵਾਂ ਦੇ ਗਰਭ ਵਿਚ ਪਲ ਰਹੇ ਬੱਚਿਆਂ ਦੀਆਂ ਹੱਤਿਆਵਾਂ ਨੂੰ ਜਾਇਜ਼ ਠਹਿਰਾਵੇਗਾ। ਇਸ ਵਿਚ ਸਾਰੀਆਂ ਸੰਸਕ੍ਰਿਤੀਆਂ ਸਭਿਆਚਾਰਾਂ ਦਾ ਸਮੂਹਕ ਵਿਨਾਸ ਸਾਰੇ ਸੱਚੇ ਇਤਿਹਾਸ ਦਮਨ, ਦਰਸ਼ਨ ਦੀ ਹੱਤਿਆ, ਸਨਮਾਨਜਨਤਕ ਪ੍ਰੰਪਰਾਵਾਂ ਦਾ ਪੂਰਨ ਸਫ਼ਾਇਆ ਅਤੇ ਵਿਚਾਰਾਂ ਦੀ ਸਮੂਹਿਕ ਹੱਤਿਆ ਹੋਵੇਗੀ। ਭਾਰਤ ਵਿਚ ਇਕ ਜਾਂ ਕਈ ਰਾਜਨੀਤਕ ਪਾਰਟੀਆਂ ਨੂੰ ਸੱਤਾ ਸੌਂਪਣ ਦਾ ਮਤਲਬ ਹੋਵੇਗਾ। ਬਦਤਰ ਸਾਮਰਾਜਵਾਦੀ ਹਕੂਮਤ, ਬਦਤਰ ਪੂੰਜੀਵਾਦ, ਇਤਿਹਾਸ ਵਿਚ ਹੁਣ ਤੱਕ ਪੈਦਾ ਹੋਇਆ। ਸਭ ਤੋਂ ਬਦਤਰ ਹਲਾਕੂਵਾਦ। (ਹਲਾਕੂਵਾਦ ਦਾ ਮਤਲਬ ਕਤਲੇਆਮ ਕਰਨਾ)

"ਹਕੀਕਤ ਵਿਚ ਇਹ ਬ੍ਰਿਟਿਸ਼ ਪ੍ਰੰਪਰਾਵਾਂ ਤੋਂ ਬਿਨਾਂ ਬ੍ਰਿਟਿਸ਼ ਰਾਜ ਹੋਵੇਗਾ। ਇਹ ਧਰਤੀ ਉਤੇ ਨਰਕ ਦੀ ਹਕੂਮਤ ਹੋਵੇਗੀ। ਇਹ ਏਸ਼ੀਆ ਦੀ ਸੁੰਦਰ ਸੰਸਕ੍ਰਿਤੀ, ਏਸ਼ੀਆਈ ਨੈਤਿਕ ਅਸੂਲਾਂ ਦੇ ਸਹੁਪਣ ਵਾਲੇ ਨਿਯਮਾਂ, ਸ਼ਾਂਤੀ ਅਤੇ ਸਹਿਣਸ਼ੀਲਤਾ ਦੇ ਸੁੰਦਰ ਦਰਸ਼ਨ ਅਤੇ ਹਕੀਕੀ ਰੂਪ ਵਿਚ ਉਨ੍ਹਾਂ ਸੋਹਣੀਆਂ ਮੌਲਿਕ ਸੱਚਾਈਆਂ ਨੂੰ ਨਸ਼ਟ ਕਰ ਦੇਵੇਗਾ। ਜਿਹੜਾ ਏਸ਼ੀਆ ਨੇ ਪਿਛਲੇ 5000 ਸਾਲਾਂ ਦੌਰਾਨ ਮਨੁੱਖ ਜਾਤੀ ਨੂੰ ਦਿੱਤੇ ਹਨ। ਵਰਤਮਾਨ ਯੋਜਨਾ ਮੇਰੇ ਵਿਚਾਰ ਮੁਤਾਬਕ, ਸੱਤਾ ਦੀ ਤਬਦੀਲੀ ਬਿਰਲਾ, ਬ੍ਰਾਹਮਣ ਅਤੇ ਖਾਨ ਬਹਾਦਰ ਰਾਜ ਦੀ ਨਿਰੰਤਰ ਹਕੂਮਤੀ ਪ੍ਰਬੰਧ ਦੀ ਸ਼ੈਤਾਨੀ ਯੋਜਨਾ ਹੈ, ਜਿਥੇ ਇਨਸਾਨਾਂ ਦੀ ਥਾਂ ਹੰਕਾਰ, ਧਨ ਅਤੇ ਅਤਿਆਚਾਰ

ਦੀ ਹਕੂਮਤ ਹੋਵੇਗੀ। ਵਰਤਮਾਨ ਹਾਲਤਾਂ ਵਿਚ ਆਖਰੀ ਉਪਾਅ ਇਹੋ ਹੈ ਕਿ ਸਾਰੇ ਇਕ ਹੋ ਕੇ ਇਸ ਸਾਜ਼ਿਸ਼ ਦੇ ਵਿਰੁੱਧ ਖੜ੍ਹੇ ਹੋ ਜਾਣ। ਇਕ ਸਾਂਝੀ ਹਿੰਦੂ-ਮੁਸਲਿਮ ਕ੍ਰਾਂਤੀ ਹੋਵੇ ਜਿਸ ਵਿਚ ਬਿਰਲਾ ਅਤੇ ਅੰਗਰੇਜ਼ਾਂ ਦੀਆਂ ਗੋਲੀਆਂ ਨਾਲ ਸੈਂਕੜੇ ਨਹੀਂ, ਸਗੋਂ ਲੱਖਾਂ ਲੋਕ ਆਪਣੀ ਜਾਨ ਗਵਾਉਣਗੇ। ਇਸ ਵਿਚ ਕੋਈ ਸ਼ੱਕ ਨਹੀਂ; ਇਸ ਤਰ੍ਹਾਂ ਲੱਖਾਂ ਲੋਕ ਮਰਨਗੇ, ਪਰ ਕਰੋੜਾਂ ਲੋਕ ਹਮੇਸ਼ਾ ਦੇ ਲਈ ਬਚਾਅ ਲਏ ਜਾਣਗੇ। ਜੇ ਮਨੁੱਖ ਨੇ ਇਹ ਤਹਿ ਕਰ ਲਿਆ ਹੈ ਕਿ ਉਹ ਸੱਤਾ ਦੇ ਲਾਲਚ ਵਿਚ ਦੂਸਰੇ ਮਨੁੱਖਾਂ ਦੀ ਹੱਤਿਆ ਕਰਦਾ ਰਹੇਗਾ ਅਤੇ ਦੁਨੀਆ ਨੂੰ ਅੱਤਿਆਚਾਰ ਅਤੇ ਲੁੱਟ ਤੋਂ ਬਿਨਾਂ ਕੁਝ ਨਹੀਂ ਮਿਲੇਗਾ ਤਾਂ ਇਹ ਢੁਕਵਾਂ ਸਮਾਂ ਹੈ ਜਦੋਂ ਸਾਨੂੰ ਸੱਚ, ਸਨਮਾਨ ਅਤੇ ਨਿਆਂ ਨੂੰ ਬਣਾਈ ਰੱਖਣ ਦੇ ਲਈ ਲੱਖਾਂ ਲੋਕਾਂ ਦੀਆਂ ਕੁਰਬਾਨੀਆਂ ਦੇਣੀਆਂ ਚਾਹੀਦੀਆਂ ਹਨ।"

14 ਮਈ 1947 ਦੇ ਇਸ ਬਹੁਤ ਹੀ ਮਹੱਤਵਪੂਰਨ ਭਾਸ਼ਣ ਤੋਂ ਪਿਛੋਂ ਦੋਹਾਂ ਰੰਗਾਂ ਦੀਆਂ ਫਿਰਕਾਪ੍ਰਸਤ ਤਾਕਤਾਂ ਨੇ ਜ਼ੋਰ ਫੜ ਲਿਆ ਅਤੇ ਸਾਧਾਰਨ ਆਵਾਮ ਉਨ੍ਹਾਂ ਦੇ ਗੁੰਮਰਾਹ ਕਰੂ ਪ੍ਰਚਾਰ ਦੀ ਗ੍ਰਿਫ਼ਤ 'ਚ ਆ ਗਿਆ। ਵੰਡ ਵੇਲੇ ਵੀ ਖਾਕਸਾਰ ਅੰਦੋਲਨ ਵਾਲਿਆਂ ਨੇ ਬਹੁਤ ਹੀ ਹਾਂਪੱਖੀ ਭੂਮਿਕਾ ਨਿਭਾਈ, ਉਨ੍ਹਾਂ ਉਜੜਕੇ ਜਾ ਰਹੇ ਲੋਕਾਂ ਦੀ ਹਿਫਾਜ਼ਤ ਕਰਨ ਦੇ ਰੂਪ ਵਿਚ ਵੀ ਅਤੇ ਮੁੜ ਵਸਾਉਣ ਦੀ ਭੂਮਿਕਾ ਵਜੋਂ ਵੀ।

ਮਸ਼ਰਿਕੀ ਉਤੇ ਜਿਨ੍ਹਾਂ ਦੇ ਕਤਲ ਦੀ ਸਾਜ਼ਿਸ਼ ਦਾ ਕੇਸ ਵੀ ਚਲਿਆ ਹੋਇਆ ਇਹ ਕਿ 20 ਜੁਲਾਈ 1943 ਨੂੰ ਰਫੀਕ ਸਾਬਰ ਨਾਂ ਦੇ ਇਕ ਵਿਅਕਤੀ ਨੇ ਮੁਹੰਮਦ ਅਲੀ ਜਿਨ੍ਹਾਂ 'ਤੇ ਗੋਲੀ ਚਲਾ ਦਿੱਤਾ। ਪੁਲਿਸ ਨੇ ਕਹਾਣੀ ਛੁਪਾਉਣ ਲਈ ਉਸ ਵਿਅਕਤੀ ਨੂੰ ਖਾਕਸਾਰ ਅੰਦੋਲਨ ਨਾਲ ਜੋੜ ਦਿੱਤਾ। ਮਸ਼ਰਿਕੀ ਨੇ ਇਸ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਕਿਸੇ ਤਰ੍ਹਾਂ ਦੀ ਵੀ ਸ਼ਮੂਲੀਅਤ ਤੋਂ ਇਨਕਾਰ ਕੀਤਾ। ਪਿਛੋਂ ਬੰਬਈ ਦੀ ਹਾਈਕੋਰਟ ਨੇ ਆਪਣੇ ਫੈਸਲੇ ਵਿਚ ਹਮਲਾਵਰ ਅਤੇ ਖਾਕਸਾਰਾਂ ਦਰਮਿਆਨ ਕਿਸੇ ਵੀ ਸਬੰਧ ਨੂੰ ਝੂਠਾ ਕਰਾਰ ਦਿੱਤਾ ਅਤੇ ਖਾਰਜ ਕਰ ਦਿੱਤਾ।

ਪਾਕਿਸਤਾਨ ਵਿਚ ਆਲਾਮਾ ਮਸ਼ਰਿਕੀ ਘੱਟੋ ਘੱਟ ਚਾਰ ਵਾਰ ਜੇਲ੍ਹ ਕੈਦ 'ਚ ਰਹੇ। ਸਾਲ 1958 ਵਿਚ ਰੀਪਬਲਿਕਨ ਆਗੂ ਥਾਧਨ ਅਬਦੂਲ ਜਬਾਰ ਜਿਹਨੂੰ ਡਾਕਟਰ ਖਧਨ ਸਾਹਿਬ ਵੀ ਕਿਹਾ ਜਾਂਦਾ ਸੀ ਦੇ ਕਤਲ ਵਿਚ ਸ਼ਾਮਲ ਹੋਣ ਦਾ ਝੂਠਾ ਇਲਜ਼ਾਮ ਲਾ ਕੇ ਜੇਲ੍ਹ ਸੁੱਟ ਦਿੱਤਾ। 1962 ਵਿਚ ਰਾਸ਼ਟਰਪਤੀ ਅਯੂਬ ਖਾਂ ਦੀ ਸਰਕਾਰ ਡੇਗਣ ਦੀਆਂ ਕੋਸ਼ਿਸ਼ਾਂ ਦੇ ਸ਼ੱਕ ਵਿਚ ਫੇਰ ਜੇਲ੍ਹ 'ਚ ਬੰਦ ਕਰ ਦਿੱਤਾ। ਹਾਲਾਂਕਿ ਕੋਈ ਦੋਸ਼ ਸਾਬਤ ਨਹੀਂ ਹੋਏ ਅਤੇ ਉਹ ਬਾਇੱਜ਼ਤ ਬਰੀ ਹੁੰਦੇ ਰਹੇ।

ਮਸ਼ਰਿਕੀ ਇਕ ਵਿਵਾਦਤ ਵਿਅਕਤੀ ਰਿਹਾ, ਕੁਝ ਉਹਨੂੰ ਧਾਰਮਿਕ ਕਾਰਕੁੰਨ ਕਹਿੰਦੇ ਰਹੇ, ਕੁਝ ਇਨਕਲਾਬੀ ਅਤੇ ਕੁਝ ਇਕ ਅਰਾਜਕਤਾਵਾਦੀ ਦੇ ਰੂਪ ਵਿਚ ਚਰਿਤਰਤ ਕਰਦੇ ਰਹੇ। ਜਦੋਂਕਿ ਬੁੱਧੀਜੀਵੀ ਵਰਗ ਉਹਨੂੰ ਇਕ ਦੂਰਦਰਸ਼ੀ, ਇਕ ਸੁਧਾਰਕ ਇਕ ਨੇਤਾ, ਇਕ ਵਿਗਿਆਨਕ ਦਾਰਸ਼ਨਿਕ ਮੰਨਦੇ ਰਹੇ ਅਤੇ ਹਨ। ਖਾਕਾ ਅੰਦੋਲਨ ਦਾ ਡੰਡਾ ਅੱਧਾ ਲਾਲ ਅਤੇ ਅੱਧਾ ਚਿੱਟਾ ਸੀ। ਖਾਕਸਾਰ ਅੰਦੋਲਨ 'ਚ ਮੈਂਬਰਾਂ ਦੀ ਵਰਦੀ ਖਾਕੀ ਪਜ਼ਾਮਾ, ਖਾਕੀ ਕਮੀਜ਼ ਪੈਂਗੀ ਬੂਟ ਤੇ ਇਕ ਬੈਲਟ ਹੁੰਦੀ ਸੀ ਉਨ੍ਹਾਂ ਖਾਕੀ ਰੰਗ ਇਸ ਲਈ ਚੁਣਿਆ ਕਿਉਂਕਿ ਇਹ ਰੰਗ ਹਰ ਵਿਵਾਦ ਤੋਂ ਮੁਕਤ ਰੰਗ ਹੈ। ਸਿਰ ਉਤੇ ਸਫ਼ੈਦ ਪਰਨਾ ਬੰਨ੍ਹਦੇ ਸਨ। ਜੋ ਸੂਤੀ ਕਪਾਹ ਦੇ ਕੱਪੜੇ ਦਾ ਹੁੰਦਾ ਸੀ ਅਤੇ ਹੱਥ ਵਿਚ ਇਕ ਕਸ਼ੀਆ (ਗੋਡਾਈ ਵਾਲਾ) ਰੱਖਦੇ ਸਨ। ਇਹ ਬਰਾਬਰਤਾ ਦਾ ਪ੍ਰਤੀਕ ਸੀ ਕਿ ਜਿਵੇਂ ਜ਼ਮੀਨ ਪੱਧਰ ਕਰਨ ਦੇ ਕੰਮ ਆਉਂਦਾ ਹੈ। ਉਵੇਂ ਸਮਾਜ ਬਰਾਬਰ ਕਰਨ ਲਈ ਅਮੀਰਾਂ ਅਤੇ ਗਰੀਬਾਂ ਦਰਮਿਆਨ ਵੰਡ ਨੂੰ ਹਟਾ ਕੇ ਬਰਾਬਰਤਾ ਤੇ ਸਮਾਨਤਾ ਲਿਆਉਣ ਦੇ ਇਕ ਪ੍ਰਤੀਕ ਵਜੋਂ, ਡੰਡੇ ਦੀ ਵਧੇਰੇ ਸ਼ਕਲ ਤਰਕੀ ਦੀ ਇਨਕਲਾਬੀ ਤਹਿਰੀਕ ਨਾਲ ਜੁੜਦੀ ਸੀ।

ਵਹਾਬੀ ਅੰਦੋਲਨ, ਅਲੀਗੜ੍ਹ ਅੰਦੋਲਨ, ਅਹਿਮਦੀਆ ਅੰਦੋਲਨ ਵਾਂਗੂੰ ਹੀ ਮੁਸਲਮਾਨਾਂ ਅੰਦਰ ਸੁਧਾਰਕ ਲਹਿਰਾਂ ਵਜੋਂ ਖਾਕਸਾਰ ਅੰਦੋਲਨ ਦੀ ਆਪਣੀ ਇਕ ਵਿਲੱਖਣ ਪਹਿਚਾਨ ਹੈ ਇਸ ਦਾ ਕਾਰਨ ਇਹ ਕਿ ਉਹਦਾ ਆਗੂ ਇਨਾਇਤ ਉਲਾ ਖਾਂ ਮਸ਼ਰਿਕੀ ਇਕ ਉਚ ਪਾਏ ਦਾ ਗਣਿਤ ਮਾਹਿਰ ਤੇ ਚਿੰਤਕ ਸੀ ਜਿਹਨੇ ਜ਼ਮੀਨੀ ਪੱਧਰ ਉਤੇ ਲਹਿਰ ਲਾਮਬੰਦ ਕੀਤੀ ਅਤੇ ਕੁਝ ਵੱਖਰੀ ਪਹਿਚਾਨ ਵੀ ਸਥਾਪਤ ਕੀਤੀ। ਉਨ੍ਹਾਂ ਦੇ ਅੰਦੋਲਨ ਤੇ ਪੰਜਾਬ ਦੀ ਤਹਿਰੀਕ ਵਿਚ 313 ਖਾਕਸਾਰਾਂ ਨੂੰ ਪੁਲਿਸ ਵਲੋਂ ਗੋਲੀਆਂ ਨਾਲ ਉਡਾ ਦੇਣ ਦੀ ਘਟਨਾ ਪੰਜਾਬ ਵਿਚ ਵਾਪਰੇ 1919 ਦੇ ਜਲ੍ਹਿਆਂਵਾਲੇ ਕਾਂਡ ਤੋਂ ਪਿਛੋਂ ਵਾਪਰੀ ਦੂਸਰੀ ਘਟਨਾ ਸੀ। ਜਿਸ ਬਾਰੇ ਕਿਤੇ ਅਲੱਗ ਲੇਖ ਵਿਚ ਜ਼ਿਕਰ ਕਰਾਂਗੇ।

ਅਲਾਮਾ ਮਸ਼ਰਿਕੀ ਨੇ 27 ਅਗਸਤ 1963 ਨੂੰ ਲਾਹੌਰ ਦੇ ਮਿਊ ਹਸਪਤਾਲ ਵਿਚ ਆਖਰੀ ਸਾਹ ਲਿਆ। ਉਮਰ ਭਰ ਆਪਣੇ ਅਸੂਲਾਂ 'ਤੇ ਪਹਿਰਾ ਦੇਣ ਵਾਲੇ ਇਨਾਇਤ ਉਲਾ ਖਾਂ ਮਸ਼ਰਿਕੀ ਜਿਨ੍ਹਾਂ ਨੇ ਬ੍ਰਿਟਿਸ਼ ਹਕੂਮਤ ਵਿਰੁੱਧ ਅਹਿਮ ਭੂਮਿਕਾ ਨਿਭਾਈ। ਪੰਜਾਬ ਦੀ ਤਹਿਰੀਕ 'ਚੋਂ ਵਿਸਾਰੇ ਨਹੀਂ ਸੀ ਜਾਣੇ ਚਾਹੀਦੇ। ਇਤਿਹਾਸ ਸਾਰੇ ਰੰਗਾਂ ਨਾਲ ਮਿਲ ਕੇ ਹੀ ਬਣਦਾ ਹੈ।

# ਇਤਿਹਾਸ ਦੀ ਅਹਿਮ ਪਾਤਰ : ਗ਼ਦਰੀ ਬੀਬੀ ਗੁਲਾਬ ਕੌਰ



-ਅਮੋਲਕ ਸਿੰਘ
98778-68710

ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ 35 ਵਰ੍ਹਿਆਂ ਦੇ ਸੰਗਰਾਮੀ ਜੀਵਨ ਸਫ਼ਰ ਦੀਆਂ ਅਮਿੱਟ ਪੈੜਾਂ ਦੀ ਮਾਣਮੱਤੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਲਈ ਪਿੱਛੇ ਛੱਡ ਕੇ ਆਪਣੇ ਪਿਆਰੇ ਵਤਨ ਦੀ ਆਜ਼ਾਦੀ ਤਵਾਰੀਖ਼ ਦੇ ਅੰਬਰ ਦਾ ਚਮਕਦਾ ਸਿਤਾਰਾ ਬਣ ਗਈ।

ਸੰਗਰੂਰ ਜ਼ਿਲ੍ਹੇ ਦੇ ਕਸਬਾ ਸੁਨਾਮ ਲਾਗੇ ਪਿੰਡ ਬਖ਼ਸ਼ੀਵਾਲਾ ਵਿਖੇ 1890 'ਚ ਜਨਮੀ ਗ਼ੁਲਾਬ ਕੌਰ 28 ਜੁਲਾਈ 1925 ਨੂੰ ਆਜ਼ਾਦੀ ਘੁਲਾਟੀਆਂ ਦੇ ਪਿੰਡ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਵਿਖੇ ਆਜ਼ਾਦੀ ਦੇ ਨਾਮ ਆਖ਼ਰੀ ਸਾਹ ਸਮਰਪਿਤ ਕਰ ਗਈ।

ਗ਼ਦਰ ਲਹਿਰ ਅੰਦਰ ਗੌਰਵਮਈ ਇਤਿਹਾਸ ਸਿਰਜਣ ਵਾਲੇ ਹਾਫ਼ਿਜ਼ ਅਬਦੁੱਲਾ, ਜੀਵਨ ਸਿੰਘ ਦੌਲਾ ਸਿੰਘ ਵਾਲਾ, ਸ਼ਹੀਦ ਬਖਸ਼ੀਸ ਸਿੰਘ ਖ਼ਾਨਪੁਰ (ਲੁਧਿਆਣਾ), ਸ਼ਹੀਦ ਧਿਆਨ ਸਿੰਘ ਉਮਰਪੁਰਾ, ਸ਼ਹੀਦ ਰਹਿਮਤ ਅਲੀ ਵਜੀਦਕੇ (ਨੇੜੇ ਬਰਨਾਲਾ), ਸ਼ਹੀਦ ਧਿਆਨ ਸਿੰਘ ਬੰਗਸੀਪੁਰਾ, ਚੰਦਾ ਸਿੰਘ ਵੜੈਚ, ਬਾਬਾ ਅਮਰ ਸਿੰਘ ਕੋਟਲਾ ਨੌਧ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗੇ ਅਨੇਕਾਂ ਗ਼ਦਰੀ ਦੇਸ਼ ਭਗਤਾਂ ਦੇ ਜੱਥਿਆਂ ਵਿੱਚ ਜਾਣੀ ਪਹਿਚਾਣੀ ਸ਼ਖ਼ਸੀਅਤ ਗ਼ੁਲਾਬ ਕੌਰ ਦਾ ਸੁਨਹਿਰੀ ਇਤਿਹਾਸ ਸਾਡੀ ਸ਼ਾਨਾਂਮੱਤੀ ਵਿਰਾਸਤ ਦਾ ਕੱਲ੍ਹ ਅੱਜ ਅਤੇ ਆਉਣ ਵਾਲਾ ਕੱਲ੍ਹ ਹੈ। ਔਰਤ ਵਰਗ ਜੇਕਰ ਮੋਢੇ ਨਾਲ ਮੋਢਾ ਜੋੜ ਕੇ ਨਾ ਤੁਰੇ ਤਾਂ ਕੋਈ ਵੀ ਸਮਾਜ ਸੁਧਾਰਕ, ਦੇਸ਼ ਭਗਤ ਅਤੇ ਇਨਕਲਾਬੀ ਲਹਿਰ ਸਫ਼ਲਤਾ ਦਾ ਮੱਥਾ ਨਹੀਂ ਚੁੰਮ ਸਕਦੀ। ਅੱਜ ਤੋਂ ਸੌ ਵਰ੍ਹੇ ਪਹਿਲਾਂ ਤਾਂ ਔਰਤ ਦੇ ਪੈਰਾਂ ਵਿਚ ਹੋਰ ਵੀ ਮਜ਼ਬੂਤ ਬੇੜੀਆਂ ਸਨ। ਅੱਜ ਨਾਲੋਂ ਵੀ ਕਿਤੇ ਜ਼ਿਆਦਾ ਮਾਪਿਆਂ, ਪਤੀ, ਬੱਚਿਆਂ ਅਤੇ ਸਮਾਜ ਦੀਆਂ ਬੇਹਿਸਾਬ ਰੋਕਾਂ ਟੋਕਾਂ ਨੂੰ ਝੱਲਦੀਆਂ ਔਰਤਾਂ ਵਰਗੀ ਗ਼ੁਲਾਬ ਕੌਰ ਨੇ ਆਪਣੀ ਜਿੰਦੜੀ ਲੋਕਾਂ ਲੇਖੇ ਲਗਾ ਕੇ ਇਤਿਹਾਸ ਵਿਚ ਨਵਾਂ ਨਕੋਰ ਵਰਕਾ ਜੜ ਦਿੱਤਾ।

ਉਹਨਾਂ ਸਮਿਆਂ ਦੀਆਂ ਰਹੁ ਰੀਤਾਂ ਵਿਚ ਬੱਧੀ ਗ਼ੁਲਾਬ ਕੌਰ ਦਾ ਵਿਆਹ ਮਾਪਿਆਂ ਨੇ ਜਖੇਪਲ ਪਿੰਡ ਦੇ ਮਾਨ ਸਿੰਘ ਨਾਲ ਕਰ ਦਿੱਤਾ। ਮਾਨ ਸਿੰਘ ਮਨੀਲਾ ਤੋਂ ਆਇਆ ਸੀ। ਉਸ ਵੇਲੇ ਸ਼ੰਘਾਈ, ਬਰਮਾ, ਹਾਂਗਕਾਂਗ, ਮਲਾਇਆ, ਸਿੰਘਾਪੁਰ, ਫਿਲਪਾਈਨ ਆਦਿ ਮੁਲਕਾਂ ਵਿੱਚ ਦਰਬਾਨ, ਚੌਕੀਦਾਰ ਅਤੇ ਪੁਲਸ ਦੀ ਨੌਕਰੀ ਲੱਭ ਜਾਇਆ ਕਰਦੀ ਸੀ। ਗਰੀਬੀ, ਕਰਜ਼ੇ, ਥੁੜਾਂ ਅਤੇ ਤੰਗੀਆਂ ਦੇ ਭੰਨੇ ਪੰਜਾਬੀ ਪ੍ਰਦੇਸੀ ਹੋ ਜਾਂਦੇ। ਇਉਂ ਹੀ ਮਾਨ ਸਿੰਘ ਵਿਆਹ ਮਗਰੋਂ ਗੁਲਾਬ ਕੌਰ ਨੂੰ ਮਨੀਲਾ ਲੈ ਗਿਆ। ਮਾਨ ਸਿੰਘ ਵੀ ਹੋਰਨਾਂ ਵਾਂਗ ਮਨੀਲਾ ਤੋਂ ਅਮਰੀਕਾ ਜਾਣ ਦੀ ਤਾਂਘ ਰੱਖਦਾ ਸੀ। ਇਸ ਤਾਂਘ ਦੀ ਪੂਰਤੀ ਲਈ ਟੱਕਰਾਂ ਮਾਰਦੇ ਮਾਨ ਸਿੰਘ ਅਤੇ ਗੁਲਾਬ ਕੌਰ ਨੂੰ ਹਾਲਾਤ ਦੇ ਝਟਕਿਆਂ ਨੇ ਇਹ ਟਣਕਾ ਦਿੱਤਾ ਕਿ ਇਸ ਦਮ ਘੁੱਟਵੇਂ ਵਾਤਾਵਰਣ ਵਿੱਚ ਗੁਲਾਮਾਂ ਦੀਆਂ ਸੱਧਰਾਂ, ਉਮੰਗਾਂ ਦੇ ਕਦੇ ਫੁੱਲ ਨਹੀਂ ਖਿੜਦੇ। ਅਮਰੀਕਾ ਨੇ ਆਨੇ ਬਹਾਨੇ, ਸ਼ਰਤਾਂ ਮੜ੍ਹ ਕੇ ਅਮਰੀਕਾ ਜਾਣ ਦੇ ਰਾਹ ਬੰਦ ਕਰ ਦਿੱਤੇ। ਇਹਨਾਂ ਰੋਕਾਂ ਨੇ ਮਨੀਲਾ ਅਤੇ ਹੋਰ ਥਾਵਾਂ ਮਜ਼ਬੂਰੀਆਂ ਅਤੇ ਬੰਦਸ਼ਾਂ ਦੇ ਕੌੜੇ ਘੁੱਟ ਭਰਦੇ ਲੋਕਾਂ ਦੇ ਮਨਾਂ ਅੰਦਰ ਚੇਤਨਾ ਦੇ ਝਰਨੇ ਵਹਿ ਤੁਰੇ।

ਉਹਨਾਂ ਨੂੰ ਅਨੁਭਵ ਹੋਇਆ ਕਿ ਸਾਡੇ ਨਾਲ? ਜੋ ਜੱਗੋਂ ਤੇਰ੍ਹਵੀਂ ਹੋ ਰਹੀ ਹੈ ਇਸਦਾ ਕਾਰਨ ਗ਼ੁਲਾਮੀ ਹੈ। ਉਹਨਾਂ ਸੋਚਿਆ ਕਿ ਜ਼ਿੰਦਗੀ ਦੀ ਪਰਵਾਜ਼ ਭਰਨ ਲਈ ਸਾਡੇ ਪੈਰਾਂ ਅਤੇ ਖੰਭਾਂ ਨੂੰ ਜਿਹਨਾਂ ਡਾਢਿਆਂ ਨੇ ਜਕੜ ਪੰਜਾ ਮਾਰ ਰੱਖਿਆ ਹੈ ਉਸਨੂੰ ਤੋੜਨ ਲਈ ਸਾਨੂੰ ਆਜ਼ਾਦੀ ਲਹਿਰ ਦੀ ਲੋੜ ਹੈ।



ਅਜੇਹੀ ਲਹਿਰ ਉਸਾਰਨ ਵੱਲ ਉਡਾਰੀ ਭਰਨ ਲਈ 'ਸੁਸਾਇਟੀ ਫਿਲਪਾਈਨ' ਬਣੀ। ਕਾਮਾਗਾਟਾਮਾਰੂ ਜਹਾਜ਼ ਨੂੰ ਵੈਨਕੂਵਰ ਸਮੁੰਦਰ ਦੇ ਵਿਚਕਾਰ ਰੋਕਾਂ ਮੜ੍ਹਕੇ, ਲੋਕਾਂ ਨੂੰ ਮਰਨ ਲਈ ਮਜਬੂਰ ਕਰ ਕੇ ਅਤੇ ਅਖੀਰ ਉਸਨੂੰ ਪਿੱਛੇ ਮੋੜ ਕੇ ਜੋ ਮਾਨਵਤਾ ਖ਼ਿਲਾਫ਼ ਅਪਰਾਧ ਕਰਨ ਅਤੇ ਲੋਕਾਂ ਦੀ ਸੰਘੀ ਨੱਪਣ ਦੇ ਯਤਨ ਕੀਤੇ ਗਏ ਉਹਨਾਂ ਖ਼ਿਲਾਫ਼ ਲੋਕਾਂ ਵਿਚ ਵਿਆਪਕ ਰੋਸ ਜਾਗਿਆ।

ਵੱਖੋ ਵੱਖਰੇ ਜਹਾਜ਼ਾਂ ਰਾਹੀਂ 'ਦੇਸ਼ ਨੂੰ ਚੱਲੋ' ਦੇ ਨਾਅਰੇ ਲਾਉਂਦੇ ਅਤੇ ਗ਼ਦਰੀ ਗੂੰਜਾਂ ਗਾਉਂਦੇ ਦੇਸ਼ ਭਗਤ ਆਪਣੀਆਂ ਨੌਕਰੀਆਂ, ਘਰ ਬਾਰ ਜਾਇਦਾਦ ਗੱਲ ਕੀ ਤਨ ਮਨ ਧਨ ਸਭ ਕੁਝ ਕੁਰਬਾਨ ਕਰਨ ਲਈ ਸਿਦਕ ਦਿਲੀ ਨਾਲ ਸੁੱਤੇ ਪਾਣੀਆਂ ਵਿੱਚ ਸੁਨਾਮੀ ਲਿਆਉਣ ਨਿੱਕਲ ਤੁਰੇ।

ਇਹਨਾਂ ਬਾਗ਼ੀ ਪੌਣਾਂ ਵਿਚ ਗ਼ੁਲਾਬ ਕੌਰ ਅਤੇ ਉਸਦਾ ਪਤੀ ਮਾਨ ਸਿੰਘ ਵੀ ਭਿੱਜ ਗਏ। ਉਹਨਾਂ ਨੇ ਵੀ ਆਪਣੀ ਨਵੀਂ ਜ਼ਿੰਦਗੀ ਦਾ ਮਾਰਗ ਚੁਣਦਿਆਂ ਦੇਸ਼ ਵੱਲ ਚਾਲੇ ਪਾਉਣ ਵਾਲੇ ਨਵੇਂ ਕਾਫ਼ਲਿਆਂ ਵਿਚ ਆਪਣਾ ਨਾਂਅ ਦਰਜ਼ ਕਰਵਾ ਦਿੱਤਾ। ਕਨੇਡਾ ਦੀਆਂ ਭਰੀਆਂ ਕਚਹਿਰੀਆਂ ਵਿਚ ਭਾਈ ਮੇਵਾ ਸਿੰਘ ਵੱਲੋਂ ਹਾਪਕਿਨਸਨ ਨੂੰ ਗੋਲੀਆਂ ਦਾਗ਼ ਦੇਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ।

ਫਿਲਪਾਈਨ ਸਮੇਤ ਅਨੇਕਾਂ ਥਾਵਾਂ ਤੇ ਗ਼ਦਰੀ ਗੂੰਜ ਪਈ। ਗ਼ੁਲਾਬ ਕੌਰ ਲਈ ਅਗਨ ਪ੍ਰੀਖਿਆ ਦੀ ਘੜੀ ਉਸ ਵੇਲੇ ਆਈ ਜਦੋਂ ਜਹਾਜ਼ ਤੇ ਚੜ੍ਹਨ ਵੇਲੇ ਉਸਦੇ ਪਤੀ ਮਾਨ ਸਿੰਘ ਦਾ ਮਨ ਡੋਲ ਗਿਆ। ਉਸਨੇ ਗੁਲਾਬ ਕੌਰ ਨੂੰ ਵੀ ਰੋਕਣ ਲਈ ਪੂਰਾ ਤਾਣ ਲਾਇਆ। ਗੁਲਾਬ ਕੌਰ ਨੇ ਮਾਨ ਸਿੰਘ ਨੂੰ ਸਾਫ਼ ਸ਼ਬਦਾਂ ਵਿਚ ਸੁਣਾਉਣੀ ਕਰ ਦਿੱਤੀ ਕਿ ਤੂੰ ਜੇ ਆਜ਼ਾਦੀ ਲਈ ਭਾਰਤ ਜਾ ਰਹੇ ਜੱਥਿਆਂ ਨਾਲ ਨਹੀਂ ਜਾਣਾ ਤਾਂ ਤੇਰੀ ਮਰਜ਼ੀ ਪਰ ਤੂੰ ਮੇਰੀ ਜ਼ਿੰਦਗੀ ਦੇ ਫੈਸਲਿਆਂ ਵਿਚ ਪਤੀ ਹੋਣ ਦੇ ਜ਼ੋਰ ਕੋਈ ਰੋਕਾਂ ਨਹੀਂ ਮੜ੍ਹ ਸਕਦਾ। ਮਾਈ ਭਾਗੋ ਦੇ ਇਤਿਹਾਸ ਦੀ ਵਾਰਿਸ ਗ਼ੁਲਾਬ ਕੌਰ ਸ਼ੀਹਣੀ ਬਣ ਆਜ਼ਾਦੀ ਦੇ ਨਗ਼ਮੇ ਗਾਉਂਦੀ ਕਾਫ਼ਲੇ ਦੀ ਸਾਥਣ ਬਣ ਕੇ ਗ਼ਦਰੀ ਦੇਸ਼ ਭਗਤਾਂ ਨਾਲ ਆਪਣੇ ਵਤਨ ਨੂੰ ਤੁਰ ਪਈ। ਮਨੀਲਾ ਦੇ ਗੁਰਦੁਆਰਾ ਸਾਹਿਬ ਨੇ ਆਪਣੀ ਬੁੱਕਲ ਵਿਚ ਆਜ਼ਾਦੀ ਦਾ ਇਹ ਵਰਕਾ ਸੰਭਾਲ ਲਿਆ। ਗੁਲਾਬ ਕੌਰ ਨੂੰ ਮਾਨ ਸਿੰਘ ਤੋਂ ਕੀ ਕੀ ਸੁਣਨਾ ਪਿਆ ਹੋਏਗਾ ਇਸਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਗੁਲਾਬ ਕੌਰ ਅਮਰੀਕਾ ਜਾਣ ਦੇ ਸੁਪਨਿਆਂ ਨੂੰ ਵਗਾਹ ਮਾਰ ਕੇ ਆਪਣੇ ਮੁਲਕ ਨੂੰ ਆਜ਼ਾਦ ਕਰਵਾਉਣ ਦੀ ਸੁਪਨਸਾਜ਼ ਹੋ ਗਈ। ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ, ਕੇਸਰ ਸਿੰਘ ਠੱਠਗੜ੍ਹ, ਪ੍ਰਿਥਵੀ ਸਿੰਘ, ਜਗਤ ਰਾਮ ਵਰਗੇ ਦੇਸ਼ ਭਗਤ ਬੀਬੀ ਗੁਲਾਬ ਕੌਰ ਵਰਗੀਆਂ ਸੰਗਰਾਮਣਾਂ ਨੇ ਖੜ੍ਹੇ ਪਾਣੀਆਂ ਵਿੱਚ ਕੁਹਰਾਮ ਮਚਾ ਦਿੱਤਾ।

ਬੀਬੀ ਗੁਲਾਬ ਕੌਰ ਨਾਲ ਮਨੀਲਾ ਦੀ ਗ਼ਦਰ ਪਾਰਟੀ ਦੇ ਜਾਣੇ ਪਹਿਚਾਣੇ ਚਿਹਰੇ ਸਨ। 'ਜੇ ਤਉ ਪ੍ਰੇਮ ਖੇਲਣ ਕਾ ਚਾਓ, ਸਿਰ ਧਰ ਤਲੀ ਗਲੀ ਮੇਰੀ ਆਓ' ਵਰਗੀਆਂ ਸਤਰਾਂ ਬੁਲੰਦ ਕਰਦੇ ਜੱਥੇ ਵਤਨਾਂ ਨੂੰ ਤੁਰੇ ਸਨ।

ਬੀਬੀ ਗੁਲਾਬ ਕੌਰ ਜੱਥਿਆਂ ਨੂੰ ਸੰਬੋਧਨ ਕਰਦੀ ਕਹਿੰਦੀ ਕਿ, ਬੀਬੀਓ ਭੈਣੋਂ, ਮੈਂ ਤੁਹਾਨੂੰ ਕਹਿਣਾ ਚਾਹੁੰਦੀ ਹਾਂ ਕਿ 'ਔਰਤ ਅਤੇ ਮਰਦ ਬਰਾਬਰ ਹਨ। ਕਿਹਾ ਜਾਂਦਾ ਹੈ ਕਿ ਪੰਥ ਵਿੱਚ ਸਭ ਬਰਾਬਰ ਹਨ ਪਰ ਪੰਥ ਦੇ ਅਸੂਲਾਂ ਨੂੰ ਮੰਨਦਾ ਕੌਣ ਹੈ। ਇਥੇ ਹਾਲਤ ਇਹ ਹੈ ਕਿ ਔਰਤ ਪਹਿਲਾਂ ਬਾਪ ਦੇ ਡੰਡੇ ਹੇਠ ਹੈ, ਫੇਰ ਪਤੀ ਦੇ ਵਸ ਹੈ ਉਹ ਭਾਵੇਂ ਸ਼ਰਾਬੀ ਕਬਾਬੀ, ਬੁਜ਼ਦਿਲ ਕਿਉਂ ਨਾ ਹੋਵੇ। ਮੇਰੇ ਮਾਪਿਆਂ ਨੇ ਮੇਰੇ ਲਈ ਵਰ ਲੱਭ ਕੇ ਚਾਰ ਭੁਆਟਣੀਆਂ ਦੇ ਦਿੱਤੀਆਂ। ਮੈਂ ਆਪਣੇ ਆਦਮੀ ਆਖੇ ਲੱਗ ਕੇ ਟਾਪੂਆਂ ਨੂੰ ਤੁਰ ਪਈ। ਉਸ ਕਿਹਾ ਚੀਨ ਜਾਵਾਂਗੇ, ਮੈਂ ਕਿਹਾ ਸੱਤ ਬਚਨ। ਫੇਰ ਕਹਿੰਦਾ ਲੋਕ ਅਮਰੀਕਾ ਜਾ ਰਹੇ ਆਪਾਂ ਵੀ ਜਾਣਾਂ ਮੈਂ ਸਭ ਗੱਲਾਂ ਮੰਨਦੀ ਰਹੀ। ਆਖ਼ਰ ਹੋਇਆ ਕੀ ਪਤੀ ਨੇ ਪਹਿਲਾਂ ਦੇਸ਼ ਜਾਣ ਦਾ, ਗ਼ਦਰ ਦਾ ਸਾਥੀ ਬਣਨ ਦਾ ਵਾਅਦਾ ਕੀਤਾ ਸੀ ਪਰ ਉਹ ਪੈਰ ਤੇ ਮੁੱਕਰ ਗਿਆ'।

ਅਜਿਹੇ ਹਾਲਾਤ ਵਿਚ ਗ਼ੁਲਾਬ ਕੌਰ ਨੂੰ ਕਿੰਨੀਆਂ ਹੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਇਤਿਹਾਸ ਬੋਲਦਾ ਹੈ ਕਿ ਜਹਾਜ਼ ਤੋਂ ਉਤਰਨ ਵੇਲੇ ਸੂਹੀਆਂ ਏਜੰਸੀਆਂ ਦੀ ਨਜ਼ਰ ਤੋਂ ਬਚਣ ਲਈ ਜੀਵਨ ਸਿੰਘ ਦੌਲੇਵਾਲਾ ਨੂੰ ਗ਼ੁਲਾਬ ਕੌਰ ਦਾ ਪਤੀ ਹੋਣ ਦਾ ਪ੍ਰਪੰਚ ਰਚਣਾ ਪਿਆ।

ਬਹਾਦਰ ਗ਼ੁਲਾਬ ਕੌਰ ਨੇ ਅੰਮ੍ਰਿਤਸਰ ਅਤੇ ਲਾਹੌਰ ਗ਼ਦਰ ਪਾਰਟੀ ਦੇ ਦਫ਼ਤਰਾਂ ਵਿਚ ਸੇਵਾਵਾਂ ਦਿੱਤੀਆਂ। ਉਹ ਚਰਖਾ ਕੱਤਣ ਦਾ ਵਿਖਾਵਾ ਕਰਦੀ ਅਤੇ ਪੂਣੀਆਂ ਹੇਠ ਗ਼ਦਰੀ ਸਾਹਿਤ ਲੁਕਾ ਕੇ ਰੱਖਦੀ। ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗੇ ਸਾਈਕਲਾਂ ਉਪਰ ਜਾ ਕੇ ਫ਼ੌਜੀ ਛਾਉਣੀਆਂ ਅਤੇ ਲੋਕਾਂ ਵਿਚ ਗ਼ਦਰ ਦਾ ਹੋਕਾ ਦਿੰਦੇ ਅਤੇ ਗ਼ੁਲਾਬ ਕੌਰ ਇਹਨਾਂ ਉਡਦੇ ਪੰਖੇਰੂਆਂ ਨੂੰ ਸੰਭਾਲਣ ਦਾ ਕੰਮ ਕਰਦੀ। ਉਹ ਗ਼ੁਲਾਬ ਦੇਵੀ, ਬਸੰਤ ਕੌਰ ਕਦੇ ਕਿਰਪੋ ਨਾਵਾਂ ਹੇਠ ਵਿਚਰੀ ਤਾਂ ਜੋ ਹਕੂਮਤ ਦੀ ਨਜ਼ਰ ਤੋਂ ਬਚ ਕੇ ਆਜ਼ਾਦੀ ਲਈ ਜੂਝਦੇ ਪ੍ਰਵਾਨਿਆਂ ਦੀ ਮੱਦਦ ਕੀਤੀ ਜਾਂ ਸਕੇ। ਉਹ ਕੋਟਲਾ ਨੌਧ ਸਿੰਘ ਤੋਂ 1 ਮਾਰਚ 1915 ਨੂੰ ਕੋਟਲਾ ਨੌਧ ਸਿੰਘ ਦੇ ਹੀ ਜੈਲਦਾਰ ਨਰਿੰਦਰ ਸਿੰਘ ਦੀ ਸੂਹ ਤੇ ਫੜੀ ਗਈ। ਜਦੋਂ ਉਹ ਜੇਲ੍ਹ ਤੋਂ ਰਿਹਾਅ ਹੋ ਕੇ ਆਈ ਤਾਂ ਅੰਗਰੇਜ਼ ਹਕੂਮਤ ਦੇ ਝੋਲੀ ਚੁੱਕ ਨਰਿੰਦਰ ਸਿੰਘ ਜੈਲਦਾਰ ਨੇ ਸ਼ਰਤ ਰੱਖੀ ਕਿ ਇਹ ਜਿਸ ਅਮਰ ਸਿੰਘ ਦੇਸ਼ ਭਗਤ ਦੇ ਘਰ ਰਹਿੰਦੀ ਹੈ ਜੇ ਇਹ ਉਸਦੀ ਪਤਨੀ ਹੋਣ ਦੇ ਕਾਗਜ਼ ਬਣਾਏਗੀ ਫੇਰ ਹੀ ਪਿੰਡ ਵਿੱਚ ਰੱਖ ਸਕਦੇ ਹਾਂ। ਅਜਿਹਾ ਹੀ ਕਰਨਾ ਪਿਆ। ਅਮਰ ਸਿੰਘ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਨਾਲ ਚਾਦਰ ਦਾਰੀ ਵੀ ਕਰਨੀ ਪਈ। ਉਹਨਾਂ ਦਾ ਰਿਸ਼ਤਾ ਗ਼ਦਰ ਦੇ ਸਾਥੀਆਂ ਵਾਲਾ ਰਿਹਾ।

ਚੰਦਰਾ ਨਿਜ਼ਾਮ ਬਹੁਤ ਕੁਝ ਬੋਲਦਾ ਰਿਹਾ। ਆਖਿਰ ਅਮਰ ਸਿੰਘ ਨੇ ਆਪਣਾ ਚੁਬਾਰਾ ਬੀਬੀ ਗੁਲਾਬ ਕੌਰ ਦੇ ਨਾਂਅ ਕਰਵਾ ਦਿੱਤਾ ਅਤੇ ਆਪ ਵੱਖਰਾ ਰਹਿਣ ਲੱਗਾ।

ਗੁਲਾਬ ਕੌਰ ਕਰਤਾਰ ਸਿੰਘ ਸਰਾਭਾ ਵਰਗੇ ਫਾਂਸੀ ਚੜ੍ਹਨ, ਜੇਲ੍ਹ ਵਿਚ ਸੜਨ ਵਾਲਿਆਂ ਨੂੰ ਯਾਦ ਕਰਦੀ ਰਹਿੰਦੀ। ਅਜਿਹੀ ਹਾਲਤ ਵਿੱਚ ਉਹਦੇ ਸੀਨੇ ਵਿਚ ਨਾਸੂਰ ਬਣ ਗਿਆ। ਇਹ ਨਾਸੂਰ ਕੈਂਸਰ ਦਾ ਰੂਪ ਧਾਰ ਗਿਆ। ਇੱਕ ਦਿਨ ਬੀਬੀ ਗੁਲਾਬ ਕੌਰ ਆਪਣਾ ਜੀਵਨ ਸਫ਼ਰ ਗ਼ਦਰ, ਆਜ਼ਾਦੀ ਅਤੇ ਲੋਕ-ਪੱਖੀ ਰਾਜ ਅਤੇ ਸਮਾਜ ਦੀ ਸਿਰਜਣਾ ਦੇ ਨਾਮ ਕਰਦੀ ਹੋਈ ਸਦੀਵੀ ਵਿਛੋੜਾ ਦੇ ਗਈ।

28 ਜੁਲਾਈ 1925 ਨੂੰ ਵਿਛੜੀ ਗ਼ੁਲਾਬ ਕੌਰ ਨੂੰ ਦੂਜੇ ਦਿਨ ਅੰਤਿਮ ਵਿਦਾਇਗੀ ਦਿੱਤੀ ਗਈ। ਇਤਿਹਾਸ ਕਦੇ ਮਰਦਾ ਨਹੀਂ। ਸੌ ਵਰ੍ਹਿਆਂ ਮਗਰੋਂ ਵੀ ਬੀਬੀ ਗੁਲਾਬ ਕੌਰ ਦਿੱਲੀ ਕਿਸਾਨ ਘੋਲ ਮੌਕੇ ਕਿਸਾਨਾਂ ਮਜ਼ਦੂਰਾਂ ਦੇ ਸੰਗਰਾਮ ਵਿਚ ਸਮੋਈ ਰਹੀ ਹੈ। ਉਸਦੀ ਯਾਦ 'ਚ ਟਿੱਕਰੀ ਬਾਰਡਰ ਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨਗਰ ਵਸਾਇਆ ਗਿਆ। ਜਿੱਥੇ ਹਰ ਰੋਜ ਭਾਸ਼ਣ, ਨਾਟਕ, ਗੀਤ ਸੰਗੀਤ ਪੂਰੇ ਕਿਸਾਨ ਘੋਲ ਵਿਚ ਚੱਲਦਾ ਰਿਹਾ। ਇਤਿਹਾਸ, ਵਿਰਾਸਤ ਅਤੇ ਸਾਡੇ ਸਮਿਆਂ ਦੀ ਸੁਰ ਤਾਲ ਹੋਈ ਗਾਥਾ ਲੋਕ ਮਨਾਂ ਉਪਰ ਗ਼ੁਲਾਬ ਕੌਰ ਅਮਿੱਟ ਦੇਣ ਨੂੰ ਸਜਦਾ ਕਰਦੀ ਰਹੀ।

ਅੱਜ ਜਦੋਂ ਅਰੁੰਧਤੀ ਰਾਏ ਦੀ ਗੱਲ ਚੱਲਦੀ ਹੈ, ਜਦੋਂ ਲਿਖਣ ਬੋਲਣ ਦੀ ਆਜ਼ਾਦੀ ਦੀ ਗੱਲ ਚੱਲਦੀ ਹੈ ਤਾਂ ਮੁਲਕ ਦੀ ਨਾਮਵਰ ਪੱਤਰਕਾਰ ਭਾਸ਼ਾ ਸਿੰਘ ਆਪਣਾ ਭਾਸ਼ਣ ਗ਼ਦਰੀ ਦੇਸ਼ ਭਗਤਾਂ ਅਤੇ ਬੀਬੀ ਗੁਲਾਬ ਕੌਰ ਨੂੰ ਸਜਦਾ ਕਰਨ ਨਾਲ ਕਰਦੀ ਹੈ।

ਪੰਜਾਬ ਦਾ ਮਹਿਬੂਬ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਗ਼ਦਰੀ ਬਾਬਿਆਂ ਦੇ ਮੇਲੇ ਅਤੇ ਗੁਰਸ਼ਰਨ ਸਿੰਘ ਦੀ ਯਾਦ ਚ ਇਨਕਲਾਬੀ ਰੰਗ ਮੰਚ ਦਿਹਾੜੇ ਮੌਕੇ 27 ਸਤੰਬਰ ਨੂੰ ਬਰਨਾਲਾ ਵਿਖੇ ਗੁਲਾਬ ਕੌਰ ਬਾਰੇ ਨਾਟਕ ਪੇਸ਼ ਕਰਕੇ ਆਉਣ ਵਾਲੇ ਕੱਲ੍ਹ ਲਈ ਅਰਥਭਰਪੂਰ ਸੁਨੇਹਾ ਦਿੰਦੇ ਹਨ ਜਦੋਂ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਨਾਟਕ ਕਹਿੰਦਾ ਹੈ ਕਿ:

ਤੂੰ ਚਰਖ਼ਾ ਘੁਕਦਾ ਰੱਖ ਜ਼ਿੰਦੇ...

# ਅਮਰੀਕੀ ਚੋਣਾਂ : ਨਵੇਂ ਦੌਰ ਦੀ ਸ਼ੁਰੂਆਤ

ਪ੍ਰੋ. ਡੇਵਿਡ



*ਦੁਨੀਆ ਦਾ ਬੇਤਾਜ਼ ਬਾਦਸ਼ਾਹ ਰਾਸ਼ਟਰਪਤੀ ਦੀ ਚੋਣ ਲਈ ਕਮਲਾ ਹੈਰਿਸ ਨੂੰ ਬਤੌਰ ਰਾਸ਼ਟਰਪਤੀ ਦੇ ਤੌਰ 'ਤੇ ਦੇਖਣ ਵਾਲਾ ਅਜਿਹਾ ਮੁਲਕ ਹੋਵੇਗਾ ਜਿਸ ਦੀ ਬਣਾਈ ਹੋਈ ਪੁਰਾਣਾ ਪ੍ਰੰਪਰਾ ਕਿ ਔਰਤ ਇਸ ਅਹੁਦੇ 'ਤੇ ਕਦੇ ਵੀ ਨਹੀਂ ਪਹੁੰਚੀ ਅਤੇ ਜੇ ਪਹੁੰਚਦੀ ਹੈ ਤਾਂ ਔਰਤਾਂ ਦੇ ਹੱਕ ਬੜੀ ਤੇਜ਼ੀ ਨਾਲ ਸੱਤਾ ਦਾ ਹਿੱਸਾ ਬਣ ਜਾਣਗੇ। ਇਸ ਦੇ ਨਾਲ ਹੀ ਕਿਸਮ ਨਾਲ ਵੱਖ ਵੱਖ ਪਰਵਾਸ ਦੀ ਵਿਰਾਸਤਤਾ ਵਿਚ ਕਮਲਾ ਹੈਰਿਸ ਵਿਕਸਿਤ ਹੋ ਕੇ ਪਹੁੰਚੀ ਹੈ। ਉਸ ਦੀ ਵੀ ਆਪਣੀ ਇਕ ਸੰਘਰਸ਼ਮਈ ਕਹਾਣੀ ਹੈ। ਹਾਲਾਂਕਿ ਬਹੁਤ ਜ਼ਿਆਦਾ ਇਸ ਗੱਲ 'ਤੇ ਕਿੰਤੂ ਪ੍ਰੰਤੂ ਹੋ ਰਿਹਾ ਹੈ ਕਿ ਕਿਸ ਤਾਕਤ ਦੇ ਨਾਲ ਇਸ ਨੂੰ ਆਪਣੀ ਵਿਰਾਸਤ ਅਤੇ ਜਮਹੂਰੀਅਤ ਸਮੇਤ ਮਾਨਵੀ ਹੱਕਾਂ ਲਈ ਇਕ ਪ੍ਰੰਪਰਾ ਰਹੀ ਹੈ ਉਸ ਨੂੰ ਵੀ ਅੱਗੇ ਲਿਆਉਣਾ ਚਾਹੀਦਾ ਹੈ ਪ੍ਰੰਤੂ ਇਸ ਦੇ ਨਾਲ ਹੀ ਅਮਰੀਕਨ ਆਰਥਿਕਤਾ ਅਤੇ ਰਾਜਨੀਤੀ ਦੇ ਚਿਹਨ ਚੱਕਰ ਨੂੰ ਸਮਝਣਾ ਜ਼ਰੂਰੀ ਹੈ – ਸੰਪਾਦਕ*

ਰਾਸ਼ਟਰਪਤੀ ਜੋਅ ਬਿਡੇਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਬਾਹਰ ਹੋਣ ਦੇ ਨਾਲ, ਉਨ੍ਹਾਂ ਡੈਮੋਕਰੇਟਿਕ ਸਿਆਸਤਦਾਨਾਂ ਲਈ ਦਰਵਾਜ਼ਾ ਖੁੱਲ੍ਹ ਗਿਆ ਹੈ ਜੋ ਸੋਚਦੇ ਸਨ ਕਿ ਉਨ੍ਹਾਂ ਦਾ ਸਮਾਂ ਹੁਣ ਤੋਂ ਚਾਰ ਸਾਲ ਬਾਅਦ ਹੈ। ਪਹਿਲਾਂ ਹੀ, ਪਾਰਟੀ ਦੇ ਵੱਡੇ-ਵੱਡੇ ਲੋਕ, ਮੀਡੀਆ, ਦਾਨੀ ਅਤੇ ਖੁਦ ਬਿਡੇਨ, ਹੈਰਾਨੀ ਦੀ ਗੱਲ ਨਹੀਂ, ਇੱਕ ਨਾਮ ਦੇ ਦੁਆਲੇ ਰੈਲੀ ਕਰ ਰਹੇ ਹਨ: ਕਮਲਾ ਹੈਰਿਸ, ਬਿਡੇਨ ਦੀ ਉਪ ਪ੍ਰਧਾਨ। ਕਿਉਂਕਿ ਦੇਸ਼ ਨੂੰ ਡੈਮੋਕਰੇਟਿਕ ਟਿਕਟ 'ਤੇ ਹੈਰਿਸ ਦੀ ਨਾਮਜ਼ਦਗੀ ਅਤੇ ਇੱਥੋਂ ਤੱਕ ਕਿ ਹੈਰਿਸ ਦੇ ਰਾਸ਼ਟਰਪਤੀ ਬਣਨ ਦੀ ਅਸਲ ਸੰਭਾਵਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਪੱਸ਼ਟ ਸਵਾਲ ਇਹ ਹੈ ਕਿ ਕਮਲਾ ਹੈਰਿਸ ਅਸਲ ਵਿੱਚ ਕੌਣ ਹੈ? ਇਹ ਇੱਕ ਅਜਿਹਾ ਸਵਾਲ ਹੈ ਜਿਸ ਦਾ ਜਵਾਬ ਦੇਣ ਵਿੱਚ ਉਨ੍ਹਾਂ ਨੂੰ ਵੀ ਮੁਸ਼ਕਲ ਆ ਸਕਦੀ ਹੈ। ਬਹੁਤ ਸਾਰੇ ਡੈਮੋਕਰੇਟਿਕ ਸਿਆਸਤਦਾਨਾਂ ਵਾਂਗ ਜਿਨ੍ਹਾਂ ਨੇ ਬਰਾਕ ਓਬਾਮਾ ਦੇ ਸਾਲਾਂ ਤੋਂ ਬਰਨੀ ਸੈਂਡਰਜ਼ ਦੇ ਰਾਸ਼ਟਰੀ ਉਭਾਰ ਤੱਕ ਤਬਦੀਲੀ ਦਾ ਮੌਸਮ ਕੀਤਾ ਹੈ, ਹੈਰਿਸ ਨੇ ਕਦੇ-ਕਦੇ ਅਜੀਬ ਰੂਪਾਂਤਰਣ ਕੀਤਾ ਹੈ, ਜੋ ਕਿ ਸਖ਼ਤ-ਅਪਰਾਧ ਦੇ ਵਕੀਲ ਤੋਂ ਅਗਾਂਹਵਧੂ ਕੱਟੜਪੰਥੀ ਵਿੱਚ ਬਦਲ ਗਿਆ ਹੈ, ਜੋ ਕਿ ਇਹ ਵੀ ਨਵੀਨਤਮ ਦੁਹਰਾਓ ਹੈ। ਇਸ ਸਮੇਂ ਦੌਰਾਨ, ਉਸਨੇ ਮਹੱਤਵਪੂਰਨ ਪ੍ਰਗਤੀਸ਼ੀਲ ਜਿੱਤਾਂ ਪ੍ਰਾਪਤ ਕੀਤੀਆਂ ਹਨ, ਜਿਵੇਂ ਕਿ ਲਾਲਚੀ ਕਾਰਪੋਰੇਟ ਮੁਨਾਫਾਖੋਰਾਂ ਵਿਰੁੱਧ ਸਫਲ ਕਾਨੂੰਨੀ ਕਾਰਵਾਈ ਕਰਨਾ ਅਤੇ ਕੁਝ ਪੁਲਿਸ ਸੁਧਾਰਾਂ ਨੂੰ ਅੱਗੇ ਵਧਾਉਣਾ। ਪਰ ਹੈਰਿਸ ਦੇ ਕੈਰੀਅਰ ਨੂੰ ਲੈ ਕੇ ਬੇਚੈਨ ਹੋਣ ਦੇ ਕਾਰਨ ਹਨ, ਖਾਸ ਤੌਰ 'ਤੇ ਇਕ ਵਕੀਲ ਵਜੋਂ ਉਸ ਦੇ ਕਾਰਜਕਾਲ ਨੂੰ ਲੈ ਕੇ, ਜੋ ਉਸ ਦੇ ਕੈਰੀਅਰ ਦਾ ਵੱਡਾ ਹਿੱਸਾ ਰਿਹਾ ਹੈ ਅਤੇ ਹੁਣ ਉਹ ਕਥਿਤ ਤੌਰ 'ਤੇ ਡੋਨਾਲਡ ਟਰੰਪ ਦੇ ਖਿਲਾਫ ਲੜਾਈ ਦੀ ਤਿਆਰੀ ਲਈ ਇਸ ਸਾਲ ਛੱਡਣ ਦੀ ਯੋਜਨਾ ਬਣਾ ਰਿਹਾ ਹੈ। ਆਪਣੇ ਪੂਰੇ ਕੈਰੀਅਰ ਦੌਰਾਨ, ਹੈਰਿਸ, ਜਿਸਨੇ ਮਸ਼ਹੂਰ ਤੌਰ 'ਤੇ ਆਪਣੀ 2020 ਦੀ ਰਾਸ਼ਟਰਪਤੀ ਮੁਹਿੰਮ ਨੂੰ ਸਭ ਲਈ ਮੈਡੀਕੇਅਰ ਦੀ ਮੰਗ ਕਰਨ ਅਤੇ ਨਸਲੀ ਵਿਤਕਰੇ ਨੂੰ ਖਤਮ ਕਰਨ ਲਈ ਬੱਸਾਂ 'ਤੇ ਬਿਤਾਇਆ, ਨੇ ਅਕਸਰ ਆਪਣੇ ਆਪ ਨੂੰ ਇੱਕ ਰਾਜਨੇਤਾ ਦੇ ਰੂਪ ਵਿੱਚ ਆਪਣੇ ਵਿਸ਼ਵਾਸਾਂ ਦੀ ਹਿੰਮਤ ਨਾਲ ਬਿਆਨ ਕੀਤਾ ਹੈ ਜਾਂ ਸਾਰਥਕ ਲੈਣ ਲਈ ਤਿਆਰ ਨਹੀਂ ਹੈ ਉਹਨਾਂ ਢਾਂਚਿਆਂ ਨੂੰ ਚੁਣੌਤੀ ਦੇਣ ਲਈ ਕਦਮ ਜੋ ਕੰਮ ਕਰਨ ਵਾਲੇ ਅਮਰੀਕੀਆਂ ਨੂੰ ਪਰੇਸ਼ਾਨ ਕਰਦੇ ਹਨ। ਡੈਮੋਕਰੇਟਿਕ ਵੋਟਰਾਂ ਲਈ ਅਗਲਾ ਸਵਾਲ ਇਹ ਹੈ ਕਿ ਇਸ ਵਾਰ ਉਨ੍ਹਾਂ ਨੂੰ ਕਿਹੜਾ ਹੈਰਿਸ ਮਿਲੇਗਾ? ਹੈਰਿਸ ਦੇ ਸਿਧਾਂਤਾਂ ਦਾ ਪਹਿਲਾ ਟੈਸਟ 2004 ਵਿੱਚ ਆਇਆ, ਜਦੋਂ ਉਸਨੂੰ ਕਦੇ ਵੀ ਮੌਤ ਦੀ ਸਜ਼ਾ ਨਾ ਦੇਣ ਦਾ ਵਾਅਦਾ ਕਰਨ ਦੇ ਬਾਵਜੂਦ ਸੈਨ ਫਰਾਂਸਿਸਕੋ ਦੀ ਜ਼ਿਲ੍ਹਾ ਅਟਾਰਨੀ (41) ਵਜੋਂ ਚੁਣਿਆ ਗਿਆ। ਆਪਣੇ ਕਾਰਜਕਾਲ ਵਿੱਚ ਛੇ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ, ਹੈਰਿਸ ਨੇ ਸ਼ਹਿਰ ਦੇ ਪੁਲਿਸ ਮੁਖੀ ਅਤੇ ਪੁਲਿਸ ਰੈਂਕ ਅਤੇ ਫਾਈਲ ਤੋਂ ਲੈ ਕੇ ਡੈਮੋਕ੍ਰੇਟਿਕ ਸੈਨੇਟਰ ਡਾਇਨੇ ਫੇਨਸਟਾਈਨ ਤੱਕ ਆਵਾਜ਼ਾਂ ਦਾ ਵਿਰੋਧ ਕੀਤਾ – ਇੱਕ 21 ਸਾਲਾ ਵਿਅਕਤੀ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਜਿਸਨੇ ਇੱਕ ਗੁਪਤ ਕਤਲ ਕੀਤਾ ਸੀ। ਇੱਕ ਪੁਲਿਸ ਅਧਿਕਾਰੀ। ਅਧਿਕਾਰੀ ਦੇ ਅੰਤਮ ਸੰਸਕਾਰ ਦੌਰਾਨ, ਦੋ ਹਜ਼ਾਰ ਅਫਸਰਾਂ ਨੇ ਫਾਈਨਸਟਾਈਨ ਨੂੰ ਖੜ੍ਹੇ ਹੋ ਕੇ ਤਾੜੀਆਂ ਦਿੱਤੀਆਂ ਜਦੋਂ ਉਸਨੇ ਹੈਰਿਸ ਦੀ ਆਲੋਚਨਾ ਕੀਤੀ, ਜੋ ਅੰਤਿਮ ਸੰਸਕਾਰ ਵਿੱਚ ਵੀ ਮੌਜੂਦ ਸੀ। ਸਟੇਟ ਅਟਾਰਨੀ ਜਨਰਲ ਅਤੇ ਸਾਬਕਾ ਸੈਨੇਟਰ ਬਾਰਬਰਾ ਬਾਕਸਰ (ਜਿਸ ਦੀ ਸੀਟ ਬਾਅਦ ਵਿੱਚ ਹੈਰਿਸ ਨੇ ਲਈ ਸੀ) ਨੇ ਹੈਰਿਸ ਦੇ ਫੈਸਲੇ ਨੂੰ ਰੋਕਣ ਦੇ ਤਰੀਕੇ ਲੱਭੇ, ਪਰ ਆਖਰਕਾਰ ਅਸਫਲ ਰਿਹਾ। ਹੈਰਿਸ ਦੇ ਜ਼ਿੱਦ ਕਾਰਨ, ਕਾਤਲ ਨੂੰ ਮੌਤ ਦੀ ਸਜ਼ਾ ਤੋਂ ਬਚਾਇਆ ਗਿਆ ਸੀ। ਦੂਜੇ ਸ਼ਬਦਾਂ ਵਿੱਚ, ਆਪਣੇ ਕੈਰੀਅਰ ਦੇ ਸ਼ੁਰੂ ਵਿੱਚ, ਹੈਰਿਸ ਨੇ ਆਪਣੀ ਪਾਰਟੀ ਅਤੇ ਆਪਣੇ ਸ਼ਹਿਰ ਦੇ ਪੁਲਿਸ ਵਿਭਾਗ ਦੀ ਉਲੰਘਣਾ ਕੀਤੀ ਅਤੇ ਪ੍ਰਤੀਕਿਰਿਆਵਾਦੀ ਮੰਗਾਂ ਦਾ ਵਿਰੋਧ ਕਰਨ ਲਈ ਜਨਤਕ ਅਪਮਾਨ ਸਹਿਣ ਕੀਤਾ। ਬਾਅਦ ਵਿੱਚ, 2009 ਵਿੱਚ, ਅਟਾਰਨੀ ਜਨਰਲ ਲਈ ਹੈਰਿਸ ਦੇ ਰਿਪਬਲਿਕਨ ਵਿਰੋਧੀ ਨੇ ਉਸਦੇ ਵਿਰੁੱਧ ਮੌਤ ਦੀ ਸਜ਼ਾ ਵਿਰੋਧੀ ਰੁਖ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦੌੜ ਨੂੰ ਉਸਦੇ ਸ਼ਬਦਾਂ ਵਿੱਚ, 'ਮੌਤ ਦੀ ਸਜ਼ਾ 'ਤੇ ਜਨਮਤ ਸੰਗ੍ਰਹਿ' ਵਿੱਚ ਬਦਲਣ ਦੀ ਕੋਸ਼ਿਸ਼ ਕੀਤੀ। ਹੈਰਿਸ ਨੇ ਹਾਰ ਨਹੀਂ ਮੰਨੀ। ਹੈਰਿਸ ਅਪਰਾਧਿਕ-ਨਿਆਂ ਪ੍ਰਣਾਲੀ ਦਾ ਅਕਸਰ ਆਲੋਚਕ ਰਿਹਾ ਹੈ, ਜੋ ਕਿ ਇੱਕ ਉਤਸ਼ਾਹਜਨਕ ਸੰਕੇਤ ਹੈ। ਉਸਨੇ ਆਪਣੀ 2009 ਦੀ ਕਿਤਾਬ, ਸਮਾਰਟ ਆਨ ਕ੍ਰਾਈਮ: ਏ ਕਰੀਅਰ ਪ੍ਰੋਸੀਕਿਊਟਰਜ਼ ਪਲਾਨ ਟੂ ਮੇਕ ਅਸ ਸੇਫ਼ ਵਿੱਚ ਆਪਣੇ ਫ਼ਲਸਫ਼ੇ ਦੀ ਰੂਪਰੇਖਾ ਦਿੱਤੀ, ਜਿਸਦਾ ਸਿਰਲੇਖ ਹੈਰਿਸ ਲਈ ਇੱਕ ਆਮ ਪਰਹੇਜ਼ ਬਣ ਗਿਆ। ਕਿਤਾਬ ਦੇ ਅਨੁਸਾਰ, ਉਹਨਾਂ ਦੀ 'ਸਮਾਰਟ' ਪਹੁੰਚ ਵਿੱਚ 'ਅਪਰਾਧੀਆਂ ਦੇ ਅਪਰਾਧਿਕ ਕਰੀਅਰ ਨੂੰ ਬਹੁਤ ਜਲਦੀ ਘਟਾਉਣਾ', 'ਅਪਰਾਧੀਆਂ ਨੂੰ ਸਥਾਈ ਤੌਰ 'ਤੇ ਸਿਸਟਮ ਤੋਂ ਬਾਹਰ ਕੱਢਣਾ', 'ਅਪਰਾਧੀਆਂ ਦੀ ਘੱਟ ਦਰਾਂ' ਨੂੰ ਯਕੀਨੀ ਬਣਾਉਣਾ, ਅਤੇ 'ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਦਾਖਲੇ ਨੂੰ ਘਟਾਉਣਾ' ਸ਼ਾਮਲ ਹੈ। 'ਨੌਜਵਾਨ ਅਪਰਾਧੀਆਂ ਦੀ ਗਿਣਤੀ ਨੂੰ ਘਟਾਉਣ ਲਈ ਵਿਆਪਕ ਯਤਨਾਂ ਵਿੱਚ ਨਿਵੇਸ਼ ਕਰਨਾ'। ਉਨ੍ਹਾਂ ਦਾ ਇੱਕ ਸੁਝਾਅ ਸੀ ਕਿ ਅਹਿੰਸਾਵਾਦੀ ਕੈਦੀਆਂ ਅਤੇ ਕੁਝ ਨਾਬਾਲਗ ਅਪਰਾਧੀਆਂ ਨੂੰ ਰੁਜ਼ਗਾਰ ਲਈ ਹੁਨਰ ਸਿਖਾਉਣਾ। ਇਸ ਲਈ, ਹੈਰਿਸ ਨੇ ਕੈਲੀਫੋਰਨੀਆ ਦੇ ਤਿੰਨ-ਹੜਤਾਲਾਂ ਦੇ ਕਾਨੂੰਨ ਦੇ ਸੁਧਾਰ ਦਾ ਸਮਰਥਨ ਕੀਤਾ, ਅਹਿੰਸਕ 'ਤੀਜੀ ਹੜਤਾਲਾਂ' ਕਰਨ ਵਾਲੇ ਅਪਰਾਧੀਆਂ ਲਈ ਉਮਰ ਕੈਦ ਦੀ ਸਜ਼ਾ ਦੀ ਮੰਗ ਕਰਨ ਤੋਂ ਗੁਰੇਜ਼ ਕੀਤਾ ਅਤੇ 2004 ਵਿੱਚ ਬੈਕ ਆਨ ਟਰੈਕ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਜਿਸਦਾ ਉਦੇਸ਼ ਅਪਰਾਧਾਂ ਦੇ ਜੋਖਮ ਨੂੰ ਘਟਾਉਣਾ ਹੈ। ਅਠਾਰਾਂ ਸਾਲ ਤੋਂ ਘੱਟ ਉਮਰ ਦੇ ਅਪਰਾਧੀਆਂ ਦੁਆਰਾ 24 ਅਤੇ 24 ਸਾਲ ਦੀ ਉਮਰ ਦੇ ਵਿਚਕਾਰ ਪਹਿਲੀ ਵਾਰ ਦੇ ਅਪਰਾਧੀਆਂ ਨੂੰ ਅਠਾਰਾਂ-ਮਹੀਨੇ-ਲੰਬੇ ਸਿਟੀ-ਕਾਲਜ ਅਪ੍ਰੈਂਟਿਸਸ਼ਿਪ ਪ੍ਰੋਗਰਾਮਾਂ ਵਿੱਚ ਦਾਖਲ ਕੀਤਾ ਗਿਆ ਸੀ, ਜਿਸਨੇ ਸ਼ਹਿਰ ਦੀ ਮੁੜ-ਮੁੜਤਾ ਦੀ ਦਰ ਨੂੰ 54 ਪ੍ਰਤੀਸ਼ਤ ਤੋਂ ਘਟਾ ਕੇ 10 ਕਰਨ ਵਿੱਚ ਯੋਗਦਾਨ ਪਾਇਆ।

ਛੇ ਸਾਲਾਂ ਵਿੱਚ ਪ੍ਰਤੀਸ਼ਤ ਬਾਅਦ ਵਿੱਚ ਉਸਨੇ ਪੈਰੋਲ ਅਫਸਰਾਂ ਨੂੰ ਯੌਨ ਅਪਰਾਧੀਆਂ ਦੇ ਖਿਲਾਫ ਨਿਵਾਸ ਪਾਬੰਦੀਆਂ ਨੂੰ ਲਾਗੂ ਨਾ ਕਰਨ ਦਾ ਆਦੇਸ਼ ਦਿੱਤਾ। ਡੀਏ ਅਤੇ ਬਾਅਦ ਵਿੱਚ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਵਜੋਂ ਆਪਣੇ ਕਾਰਜਕਾਲ ਦੌਰਾਨ, ਉਸਨੇ ਕਈ ਪ੍ਰਗਤੀਸ਼ੀਲ ਰੁਖ ਅਪਣਾਏ। ਉਸਨੇ ਸਮਲਿੰਗੀ ਵਿਰੋਧੀ ਪ੍ਰਸਤਾਵ 8 ਦਾ ਵਿਰੋਧ ਕੀਤਾ, ਅਦਾਲਤ ਵਿੱਚ ਓਬਾਮਾਕੇਅਰ ਦੀ ਰੱਖਿਆ ਵਿੱਚ ਮਦਦ ਕੀਤੀ, ਇੱਕ ਕਾਨੂੰਨ ਲਾਇਸੈਂਸ ਲਈ ਇੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਦੀ ਬੋਲੀ ਦਾ ਸਮਰਥਨ ਕੀਤਾ, ਪ੍ਰਾਯੋਜਿਤ ਕਾਨੂੰਨ ਜਿਸ ਨਾਲ ਵੈਬਸਾਈਟਾਂ ਦੇ ਡੇਟਾ ਇਕੱਤਰ ਕਰਨ ਬਾਰੇ ਪਾਰਦਰਸ਼ਤਾ ਵਧੀ ਅਤੇ ਕੈਲੀਫੋਰਨੀਆ ਦੇ ਪ੍ਰਧਾਨ ਵਜੋਂ ਘਿਣਾਉਣੇ 'ਸਮਲਿੰਗੀ ਨੂੰ ਗੋਲੀ ਮਾਰੋ' ਦਾ ਵਿਰੋਧ ਕੀਤਾ। ਬੈਲਟ ਪਹਿਲਕਦਮੀ ਕੀਤੀ ਅਤੇ ਸਰਵਉੱਚ ਅਦਾਲਤ ਵਿੱਚ ਇੱਕ ਸੰਖੇਪ ਦਾਇਰ ਕਰਕੇ ਇਸਨੂੰ ਜਨਤਕ ਯੂਨੀਵਰਸਿਟੀਆਂ ਨੂੰ ਦਾਖਲਿਆਂ ਵਿੱਚ ਦੌੜ 'ਤੇ ਵਿਚਾਰ ਕਰਨ ਦੀ ਇਜਾਜ਼ਤ ਦੇਣ ਲਈ ਉਤਸ਼ਾਹਿਤ ਕੀਤਾ। ਉਸ ਦੇ ਨਿਰਦੇਸ਼ਾਂ ਹੇਠ, ਰਾਜ ਦੇ ਨਿਆਂ ਵਿਭਾਗ ਨੇ ਕੈਲੀਫੋਰਨੀਆ ਪੁਲਿਸ ਵਿਚਕਾਰ ਨਸਲੀ ਪੱਖਪਾਤ ਬਾਰੇ ਸਵਾਲ ਉਠਾਉਂਦੇ ਹੋਏ ਬਾਡੀ ਕੈਮਰੇ ਅਪਣਾਏ।

ਉਸਦੇ ਦਫਤਰ ਨੂੰ ਬਲਾਤਕਾਰ ਦੀਆਂ ਕਿੱਟਾਂ ਦੀ ਤੇਜ਼ੀ ਨਾਲ ਜਾਂਚ ਕਰਨ ਲਈ ਇੱਕ ਪੁਰਸਕਾਰ ਮਿਲਿਆ। ਹੈਰਿਸ ਦਾ ਕਾਰਪੋਰੇਟ ਦੁਰਵਿਹਾਰ ਦੇ ਵਿਰੁੱਧ ਖੜ੍ਹੇ ਹੋਣ ਦਾ ਵੀ ਇੱਕ ਸਨਮਾਨਯੋਗ ਰਿਕਾਰਡ ਸੀ। ਉਸਨੇ 2011 ਵਿੱਚ ਸੁਪਰੀਮ ਕੋਰਟ ਦੇ ਇੱਕ ਕੇਸ ਵਿੱਚ, 31 ਹੋਰ ਸਟੇਟ ਅਟਾਰਨੀ ਜਨਰਲਾਂ ਦੁਆਰਾ ਹਸਤਾਖਰ ਕੀਤੇ ਇੱਕ ਦੋਸਤ-ਦਾ-ਕੋਰਟ ਸੰਖੇਪ ਦਾਇਰ ਕੀਤਾ, ਜਿਸ ਵਿੱਚ ਡਰੱਗ ਕੰਪਨੀਆਂ ਦੇ ਆਪਣੇ ਜੈਨਰਿਕ ਸੰਸਕਰਣਾਂ ਨੂੰ ਮਾਰਕੀਟ ਤੋਂ ਦੂਰ ਰੱਖਣ ਲਈ ਪ੍ਰਤੀਯੋਗੀਆਂ ਨੂੰ ਭੁਗਤਾਨ ਕਰਨ ਦੇ ਅਭਿਆਸ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਸੀ। 2012 ਵਿੱਚ ਉਸਨੇ ਅਟਾਰਨੀ ਜਨਰਲ ਦੇ ਦਫ਼ਤਰ ਵਿੱਚ ਇੱਕ ਪ੍ਰਾਈਵੇਸੀ ਇਨਫੋਰਸਮੈਂਟ ਪ੍ਰੋਟੈਕਸ਼ਨ ਯੂਨਿਟ ਦੀ ਸਥਾਪਨਾ ਕੀਤੀ, ਜਿਸ ਨੇ ਇੱਕ ਸਮੇਂ ਇੱਕ ਕੰਪਨੀ ਨੂੰ ਆਪਣੇ ਗਾਹਕਾਂ ਦੇ ਕੰਪਿਊਟਰਾਂ 'ਤੇ ਗੁਪਤ ਤੌਰ 'ਤੇ ਸਪਾਈਵੇਅਰ ਸਥਾਪਤ ਕਰਨ ਲਈ ਜੁਰਮਾਨਾ ਕੀਤਾ ਸੀ। 2011 ਵਿੱਚ, ਉਸਨੇ ਇੱਕ ਅਜਿਹੀ ਕੰਪਨੀ ਦੇ ਵਿਰੁੱਧ ਦਹਾਕਿਆਂ ਵਿੱਚ ਸਭ ਤੋਂ ਵੱਡਾ ਧੋਖਾਧੜੀ ਦਾ ਨਿਪਟਾਰਾ ਜਿੱਤਿਆ ਜਿਸ ਨੇ ਪੰਦਰਾਂ ਸਾਲਾਂ ਲਈ ਗਰੀਬਾਂ ਅਤੇ ਅਪਾਹਜਾਂ ਲਈ ਰਾਜ ਦੇ ਬੀਮਾ ਪ੍ਰੋਗਰਾਮ ਦਾ ਵੱਧ ਖਰਚਾ ਲਿਆ ਸੀ। ਉਸਨੇ ਹਿੰਸਕ ਉਧਾਰ 'ਤੇ ਦੋ ਸਾਬਕਾ ਦੇਸ਼ ਵਿਆਪੀ ਐਗਜ਼ੈਕਟਿਵਜ਼ ਨਾਲ $6.5 ਮਿਲੀਅਨ ਦਾ ਸਮਝੌਤਾ ਕੀਤਾ ਅਤੇ ਇੱਕ ਹੋਮਓਨਰਜ਼ ਬਿੱਲ ਆਫ ਰਾਈਟਸ ਦੀ ਮੰਗ ਕੀਤੀ, ਜਿਸ ਨਾਲ ਰਾਜ ਵਿੱਚ ਬੰਦਸ਼ਾਂ ਵਿੱਚ ਗਿਰਾਵਟ ਆਈ ਅਤੇ ਡੇਲੀ ਕੋਸ ਨੇ ਉਸਨੂੰ 'ਬੈਂਕਸਟਰ ਦਾ ਸਭ ਤੋਂ ਬੁਰਾ ਸੁਪਨਾ' ਘੋਸ਼ਿਤ ਕਰਨ ਲਈ ਅਗਵਾਈ ਕੀਤੀ। ਹੈਰਿਸ ਦਾ ਪ੍ਰਦੂਸ਼ਣ ਫੈਲਾਉਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਦਾ ਵੀ ਮਜ਼ਬੂਤ ਇਤਿਹਾਸ ਰਿਹਾ ਹੈ। ਜ਼ਿਲ੍ਹਾ ਅਟਾਰਨੀ ਵਜੋਂ, ਉਸਨੇ ਸੈਨ ਫਰਾਂਸਿਸਕੋ ਦੀ ਪਹਿਲੀ ਵਾਤਾਵਰਣ ਨਿਆਂ ਇਕਾਈ ਬਣਾਈ ਅਤੇ ਗੈਰ ਕਾਨੂੰਨੀ ਡੰਪਿੰਗ ਅਤੇ ਹਵਾ ਪ੍ਰਦੂਸ਼ਣ ਨਾਲ ਜੁੜੇ ਮਾਮਲਿਆਂ ਦੀ ਜਾਂਚ ਕੀਤੀ। ਅਟਾਰਨੀ ਜਨਰਲ ਵਜੋਂ, ਉਸਨੇ ਬੀਪੀ, ਸ਼ੇਵਰੋਨ, ਕਾਮਕਾਸਟ, ਕੋਸਕੋ ਬੁਸਾਨ, ਐਕਸੋਨਮੋਬਿਲ, ਅਤੇ ਦੱਖਣੀ ਕੈਲੀਫੋਰਨੀਆ ਗੈਸ ਕੰਪਨੀ ਵਰਗੀਆਂ ਕੰਪਨੀਆਂ ਦੇ ਵਿਰੁੱਧ ਕਾਰਵਾਈ ਕੀਤੀ, ਜਿਸ ਨਾਲ ਕੋਸਕੋ ਬੁਸਾਨ ਨੇ 2007 ਵਿੱਚ ਸੈਨ ਫਰਾਂਸਿਸਕੋ ਬੇ ਵਿੱਚ ਆਪਣੀ ਕਿਸਮ ਦਾ ਸਭ ਤੋਂ ਵੱਡਾ ਬੰਦੋਬਸਤ ਜਿੱਤਿਆ। ਡੋਨਾਲਡ ਟਰੰਪ ਦੇ ਕਾਰਜਕਾਲ ਦੌਰਾਨ, ਹੈਰਿਸ ਹੋਰ ਵੀ ਬੋਲੇ ਹੋ ਗਏ ਸਨ। ਉਹ ਸਲਾਨਾ £140,000 ਤੋਂ ਘੱਟ ਕਮਾਉਣ ਵਾਲੇ ਪਰਿਵਾਰਾਂ ਲਈ ਸਿੰਗਲ-ਪੇਅਰ ਹੈਲਥਕੇਅਰ ਅਤੇ ਮੁਫਤ ਕਾਲਜ ਟਿਊਸ਼ਨ ਦੇ ਸਮਰਥਨ ਵਿੱਚ ਸਾਹਮਣੇ ਆਈ ਹੈ। ਉਹ ਅਕਸਰ ਟਰੰਪ ਦੀਆਂ ਨੀਤੀਆਂ ਦੀ ਆਲੋਚਨਾ ਕਰਦੀ ਰਹੀ ਹੈ। ਸੀਨੇਟ ਵਿੱਚ ਆਪਣੇ ਛੋਟੇ ਕਾਰਜਕਾਲ ਵਿੱਚ ਉਸਨੇ ਕਾਲੀਆਂ ਔਰਤਾਂ ਲਈ ਤਨਖਾਹ ਦੇ ਅੰਤਰ ਨੂੰ ਖਤਮ ਕਰਨ ਅਤੇ ਅਮਰੀਕੀ ਬੰਦਰਗਾਹਾਂ 'ਤੇ ਨਜ਼ਰਬੰਦ ਲੋਕਾਂ ਦੇ ਅਧਿਕਾਰਾਂ ਨੂੰ ਸਪੱਸ਼ਟ ਕਰਨ ਲਈ ਅਤੇ ਸੰਘੀ ਘੱਟੋ-ਘੱਟ ਉਜਰਤ ਨੂੰ ਵਧਾਉਣ ਲਈ ਬਿੱਲ ਪੇਸ਼ ਕੀਤੇ, ਵੱਡੇ ਤੇਲ ਲਈ ਟੈਕਸ ਦੀਆਂ ਕਮੀਆਂ ਨੂੰ ਬੰਦ ਕੀਤਾ ਕੀਟਨਾਸ਼ਕਾਂ ਦੀ ਵਰਤੋਂ ਨੂੰ ਖਤਮ ਕਰਨ, ਖਤਰਨਾਕ ਕੀਟਨਾਸ਼ਕਾਂ ਦੀ ਖੇਤੀਬਾੜੀ ਵਰਤੋਂ 'ਤੇ ਪਾਬੰਦੀ ਅਤੇ ਆਰਕਟਿਕ ਮਹਾਂਸਾਗਰ ਵਿੱਚ ਨਵੇਂ ਤੇਲ ਅਤੇ ਗੈਸ ਲੀਜ਼ਾਂ ਦੇ ਨਾਲ-ਨਾਲ ਪੁਰਾਣੇ ਲੀਜ਼ਾਂ ਦੇ ਨਵੀਨੀਕਰਨ ਨੂੰ ਰੋਕਣ ਲਈ ਬਿੱਲ। ਇਸ ਸਭ ਨੂੰ ਦੇਖਦੇ ਹੋਏ ਹੈਰਿਸ ਦਾ ਰਿਕਾਰਡ ਸ਼ਾਨਦਾਰ ਲੱਗ ਰਿਹਾ ਹੈ। ਪਰ ਇਹ ਅਤੇ ਅਸਲ ਵਿੱਚ, ਉਸਦੇ ਦੱਸੇ ਸਿਧਾਂਤਾਂ ਪ੍ਰਤੀ ਉਸਦੀ ਵਚਨਬੱਧਤਾ, ਨੇੜਿਓਂ ਜਾਂਚ ਕਰਨ 'ਤੇ ਘੱਟ ਸਪੱਸ਼ਟ ਹੈ। ਪਰ ਹੈਰਿਸ ਦੇ ਰਿਕਾਰਡ ਨੂੰ ਉਹਨਾਂ ਨੀਤੀਆਂ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਉਸਦੇ ਦੱਸੇ ਗਏ ਦ੍ਰਿਸ਼ਟੀਕੋਣ ਨੂੰ ਕਮਜ਼ੋਰ ਕਰਦੀਆਂ ਹਨ। ਮੌਤ ਦੀ ਸਜ਼ਾ ਇਸ ਦੀ ਪ੍ਰਮੁੱਖ ਉਦਾਹਰਣ ਹੈ। ਹੈਰਿਸ ਅਜਿਹਾ ਕਰਨ ਦੇ ਤੀਬਰ ਦਬਾਅ ਦੇ ਬਾਵਜੂਦ ਇੱਕ ਆਦਮੀ ਨੂੰ ਮੌਤ ਦੀ ਸਜ਼ਾ ਦੇਣ ਤੋਂ ਇਨਕਾਰ ਕਰਨ ਲਈ ਸਿਹਰਾ ਦਾ ਹੱਕਦਾਰ ਹੈ। ਪਰ ਆਪਣੇ ਨਿੱਜੀ ਵਿਰੋਧ ਦੇ ਬਾਵਜੂਦ, ਉਸਨੇ ਅਟਾਰਨੀ ਜਨਰਲ ਦੇ ਤੌਰ 'ਤੇ ਆਪਣੇ ਕਾਰਜਕਾਲ ਦੌਰਾਨ ਕਦੇ ਵੀ ਮੌਤ ਦੀ ਸਜ਼ਾ ਨੂੰ ਚੁਣੌਤੀ ਨਹੀਂ ਦਿੱਤੀ – ਅਤੇ ਅਸਲ ਵਿੱਚ ਇਸ ਦੇ ਬਿਲਕੁਲ ਉਲਟ ਕੀਤਾ, ਇਸਨੂੰ ਹੋਂਦ ਵਿੱਚ ਰੱਖਣ ਲਈ ਸਰਗਰਮੀ ਨਾਲ ਕੰਮ ਕੀਤਾ। ਜਦੋਂ ਇੱਕ ਸੰਘੀ ਜੱਜ ਨੇ ਕੈਲੀਫੋਰਨੀਆ ਵਿੱਚ ਮੌਤ ਦੀ ਸਜ਼ਾ ਨੂੰ ਲਾਗੂ ਕਰਨ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ, ਹੈਰਿਸ ਨੇ ਅਪੀਲ ਕੀਤੀ ਜਿਸਨੂੰ ਉਸਨੇ 'ਨੁਕਸਦਾਰ' ਫੈਸਲਾ ਕਿਹਾ। ਉਸਨੇ ਮੌਤ ਦੀ ਸਜ਼ਾ ਦਾ ਬਚਾਅ ਕਰਨਾ ਜਾਰੀ ਰੱਖਿਆ ਕਿਉਂਕਿ ਕੇਸ ਸੰਘੀ ਅਦਾਲਤਾਂ ਵਿੱਚ ਜਾਰੀ ਰਿਹਾ। ਕੋਈ ਕਹਿ ਸਕਦਾ ਹੈ ਕਿ ਅਟਾਰਨੀ ਜਨਰਲ ਦਾ ਕੰਮ ਰਾਜ ਦੇ ਕਾਨੂੰਨ ਦੀ ਰੱਖਿਆ ਕਰਨਾ ਹੈ, ਭਾਵੇਂ ਉਸ ਦੇ ਵਿਚਾਰ ਕੁਝ ਵੀ ਹੋਣ। ਪਰ ਹੈਰਿਸ ਨੇ ਇਸਦੇ ਉਲਟ, ਅਦਾਲਤ ਵਿੱਚ ਸਮਲਿੰਗੀ ਵਿਰੋਧੀ ਪ੍ਰਸਤਾਵ 8 ਦਾ ਬਚਾਅ ਕਰਨ ਤੋਂ ਇਨਕਾਰ ਕਰ ਦਿੱਤਾ, ਇਸਨੂੰ 'ਇੱਕ ਪ੍ਰਸਤਾਵ ਜੋ ਜੱਜ ਨੂੰ ਗੈਰ-ਸੰਵਿਧਾਨਕ ਪਾਇਆ' ਕਿਹਾ। ਤੁਸੀਂ ਅਪਰਾਧਿਕ ਨਿਆਂ ਪ੍ਰਤੀ ਹੈਰਿਸ ਦੀ ਪਹੁੰਚ ਵਿੱਚ ਇਹ ਪੈਟਰਨ ਦੇਖ ਸਕਦੇ ਹੋ। ਉਦੋਂ ਤੋਂ ਹੈਰਿਸ ਨੇ ਅਕਸਰ ਚੰਗੀਆਂ ਗੱਲਾਂ ਕਹੀਆਂ ਹਨ। ਉਸਨੇ ਬਾਰਬਰਾ ਬਾਕਸਰ ਦੀ ਸੈਨੇਟ ਸੀਟ ਲਈ 'ਵਧੇਰੇ ਬੱਚਿਆਂ ਨੂੰ ਜੇਲ੍ਹ ਭੇਜਣ, ਹੋਰ ਜੇਲ੍ਹਾਂ ਬਣਾਉਣ ਅਤੇ ਅਹਿੰਸਕ ਅਪਰਾਧਾਂ ਲਈ ਲਾਜ਼ਮੀ ਘੱਟੋ ਘੱਟ ਵਧਾਉਣ ਲਈ ਵੋਟਿੰਗ ਕਰਕੇ ਅਮਰੀਕਾ ਦੇ ਜਨਤਕ ਕੈਦ ਦੇ ਸੰਕਟ ਨੂੰ ਹੱਲਾਸ਼ੇਰੀ ਦੇਣ' ਲਈ ਆਪਣੇ ਵਿਰੋਧੀ 'ਤੇ ਹਮਲਾ ਕੀਤਾ। ਉਸਨੇ ਔਰਤਾਂ ਦੀ ਕੈਦ ਦੀ ਤ੍ਰਾਸਦੀ ਬਾਰੇ ਇੱਕ ਲੇਖ ਲਿਖਿਆ, ਜੇਲ੍ਹਾਂ ਵਿੱਚ ਔਰਤਾਂ ਨਾਲ ਹੁੰਦੇ ਬਦਸਲੂਕੀ ਦੇ ਨਾਲ-ਨਾਲ ਉਨ੍ਹਾਂ ਦੇ ਆਸ਼ਰਿਤਾਂ 'ਤੇ ਜੇਲ੍ਹ ਦੇ ਆਰਥਿਕ ਖਰਚੇ ਵੱਲ ਇਸ਼ਾਰਾ ਕੀਤਾ। ਉਸਨੇ ਅਕਸਰ ਕਿਹਾ ਹੈ ਕਿ ਜੁਰਮ 'ਤੇ 'ਨਰਮ' ਜਾਂ 'ਸਖਤ' ਹੋਣ ਦਾ ਸਵਾਲ ਇੱਕ ਗਲਤ ਵਿਕਲਪ ਹੈ, ਅਤੇ ਇਸ ਦੀ ਬਜਾਏ ਅਪਰਾਧ 'ਤੇ 'ਸਮਾਰਟ' ਹੋਣਾ ਚਾਹੀਦਾ ਹੈ। ਫਿਰ ਵੀ ਹੈਰਿਸ ਦੀ 'ਅਪਰਾਧ ਉੱਤੇ ਚੁਸਤ' ਪਹੁੰਚ 'ਅਪਰਾਧ ਉੱਤੇ ਸਖ਼ਤ' ਪਹੁੰਚ ਦੇ ਸਮਾਨ ਜਾਪਦੀ ਹੈ। ਅਭਿਆਸ ਵਿੱਚ, ਹੈਰਿਸ ਨੇ ਕੈਲੀਫੋਰਨੀਆ ਦੇ ਵਿਲੱਖਣ ਤੌਰ 'ਤੇ ਬੇਰਹਿਮ ਤਿੰਨ-ਹੜਤਾਲਾਂ

ਦੇ ਕਾਨੂੰਨ ਦਾ ਬਚਾਅ ਕੀਤਾ, ਦੇਸ਼ ਦਾ ਇੱਕੋ ਇੱਕ ਕਾਨੂੰਨ ਹੈ ਜੋ ਕਿਸੇ ਵੀ ਮਾਮੂਲੀ ਅਪਰਾਧ ਦੇ ਤੀਜੇ 'ਹੜਤਾਲ' ਲਈ ਉਮਰ ਕੈਦ ਦੀ ਸਜ਼ਾ ਦਿੰਦਾ ਹੈ। ਉਸਨੇ ਵੋਟਰਾਂ ਨੂੰ ਪ੍ਰਸਤਾਵ 66 ਨੂੰ ਰੱਦ ਕਰਨ ਦੀ ਅਪੀਲ ਕੀਤੀ, ਇੱਕ ਬੈਲਟ ਪਹਿਲਕਦਮੀ ਜੋ ਸਿਰਫ ਗੰਭੀਰ ਜਾਂ ਹਿੰਸਕ ਅਪਰਾਧਾਂ ਲਈ ਉਮਰ ਕੈਦ ਦੀ ਸਜ਼ਾ ਦੇ ਕੇ ਕਠੋਰ ਕਾਨੂੰਨ ਵਿੱਚ ਸੁਧਾਰ ਕਰੇਗੀ। ਹੈਰਿਸ ਨੇ ਵਾਅਦਾ ਕੀਤਾ ਕਿ ਜੇਕਰ ਵੋਟਰ ਪਹਿਲਕਦਮੀ ਨੂੰ ਰੱਦ ਕਰਦੇ ਹਨ, ਤਾਂ ਉਹ ਆਪਣਾ, ਵੱਖਰਾ ਸੁਧਾਰ ਪੇਸ਼ ਕਰੇਗੀ। ਪਰ ਹੈਰਿਸ ਦੀ ਤਜਵੀਜ਼ ਇੱਕ ਕਮਜ਼ੋਰ ਅੱਧਾ-ਮਾਪ ਸੀ: ਇਸਨੇ ਸਿਰਫ ਕੁਝ ਤੀਜੇ ਹਮਲੇ ਨੂੰ ਖਤਮ ਕੀਤਾ।

ਇੱਕ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ ਉਸਨੇ ਰਾਸ਼ਟਰੀ ਕਨੂੰਨੀਕਰਣ ਅਤੇ ਨਸ਼ਿਆਂ ਵਿਰੁੱਧ ਜੰਗ ਦੀ ਅਸਫਲਤਾ ਬਾਰੇ ਚੇਤਾਵਨੀ ਦਿੱਤੀ ਸੀ। ਹੈਰਿਸ ਹੱਸਿਆ। ਜਿਵੇਂ ਕਿ ਤਿੰਨ-ਹੜਤਾਲਾਂ ਦੇ ਕਾਨੂੰਨ ਬਾਰੇ ਮਾਮਲਾ ਸੀ, ਉਸਦਾ 2014 ਰਿਪਬਲਿਕਨ ਵਿਰੋਧੀ ਇਸ ਮੁੱਦੇ 'ਤੇ ਉਸਦੇ ਖੱਬੇ ਪਾਸੇ ਚਲਾ ਗਿਆ। ਹੈਰਿਸ ਦੀ ਪਹੁੰਚ ਦੀਆਂ ਸੀਮਾਵਾਂ ਪੁਲਿਸ ਗੋਲੀਬਾਰੀ 'ਤੇ ਉਸ ਦੀਆਂ ਕਾਰਵਾਈਆਂ ਤੋਂ ਵੀ ਸਪੱਸ਼ਟ ਹੁੰਦੀਆਂ ਹਨ। ਉਸਨੇ ਇੱਕ ਬਿੱਲ ਦਾ ਸਮਰਥਨ ਕੀਤਾ ਜਿਸ ਵਿੱਚ ਅਫਸਰ-ਸ਼ਾਮਲ ਗੋਲੀਬਾਰੀ ਦੀਆਂ ਰਿਪੋਰਟਾਂ ਨੂੰ ਜਨਤਕ ਤੌਰ 'ਤੇ ਔਨਲਾਈਨ ਪੋਸਟ ਕਰਨ ਦੀ ਲੋੜ ਹੋਵੇਗੀ ਅਤੇ ਪੱਖਪਾਤ ਦੀ ਸਿਖਲਾਈ ਲਾਜ਼ਮੀ ਹੋਵੇਗੀ ਅਤੇ ਨਿਆਂ ਵਿਭਾਗ ਦੇ ਏਜੰਟਾਂ ਨੂੰ ਬਾਡੀ ਕੈਮਰੇ ਪਹਿਨਣ ਦੀ ਲੋੜ ਹੋਵੇਗੀ। ਪਰ ਜ਼ਿਲ੍ਹਾ ਅਟਾਰਨੀ ਹੋਣ ਦੇ ਨਾਤੇ, ਉਸਨੇ ਪੁਲਿਸ ਅਫਸਰਾਂ ਦੇ ਨਾਮ ਸੌਂਪਣ ਤੋਂ ਇਨਕਾਰ ਕਰ ਦਿੱਤਾ ਜਿਨ੍ਹਾਂ ਦੀ ਗਵਾਹੀ ਨੇ ਅਫਸਰਾਂ ਦੀ ਗ੍ਰਿਫਤਾਰੀ ਦੇ ਰਿਕਾਰਡ ਅਤੇ ਦੁਰਵਿਹਾਰ ਦੇ ਇਤਿਹਾਸ ਦੇ ਬਾਵਜੂਦ, ਦੋਸ਼ੀ ਠਹਿਰਾਇਆ। ਅਟਾਰਨੀ ਜਨਰਲ ਹੋਣ ਦੇ ਨਾਤੇ, ਉਸਨੇ ਰਾਜ ਭਰ ਵਿੱਚ ਪੁਲਿਸ ਬਾਡੀ ਕੈਮਰਿਆਂ ਦੀ ਸਥਾਪਨਾ ਦਾ ਵੀ ਵਿਰੋਧ ਕੀਤਾ ਅਤੇ ਇੱਕ ਬਿੱਲ ਦੇ ਵਿਰੁੱਧ ਖੜ੍ਹੀ ਸੀ ਜਿਸ ਵਿੱਚ ਘਾਤਕ ਪੁਲਿਸ ਗੋਲੀਬਾਰੀ ਦੀ ਜਾਂਚ ਕਰਨ ਲਈ ਉਸਦੇ ਦਫਤਰ ਦੀ ਲੋੜ ਹੁੰਦੀ ਸੀ। ਕੈਲੀਫੋਰਨੀਆ ਲੈਜਿਸਲੇਟਿਵ ਬਲੈਕ ਕਾਕਸ (ਜੋ ਸਾਥੀ ਡੈਮੋਕਰੇਟਸ ਹਨ) ਦੇ ਮੈਂਬਰਾਂ ਨੇ ਬਾਅਦ ਵਿੱਚ ਉਸਦੀ ਆਲੋਚਨਾ ਕੀਤੀ, ਜਿਵੇਂ ਕਿ ਬਲੈਕ ਲਾਈਵਜ਼ ਮੈਟਰ ਕਾਰਕੁਨ ਅਤੇ ਪੈਨ-ਅਫਰੀਕਨ ਸਟੱਡੀਜ਼ ਦੀ ਪ੍ਰੋਫੈਸਰ ਮੇਲਿਨਾ ਅਬਦੁੱਲਾ, ਜਿਸ ਨੇ ਟਿੱਪਣੀ ਕੀਤੀ: 'ਇਹ ਡਰਪੋਕ ਹੋਣ ਦਾ ਸਮਾਂ ਨਹੀਂ ਹੈ।... ਜੇ ਤੁਸੀਂ ਕਾਲੇ ਲੋਕਾਂ ਨੂੰ ਇੰਤਜ਼ਾਰ ਕਰਨ ਲਈ ਕਹੋ, ਇਸਦਾ ਮਤਲਬ ਕਦੇ ਨਹੀਂ।' ਇਹ ਨਾਗਰਿਕ ਅਧਿਕਾਰਾਂ ਦੇ ਵਕੀਲਾਂ ਅਤੇ ਕਾਰਕੁਨਾਂ ਦੇ ਕੁਝ ਵੱਡੇ ਸਮੂਹ ਹਨ ਜਿਨ੍ਹਾਂ ਨੇ ਇਸ ਮਾਮਲੇ 'ਤੇ ਉਸ ਦੀ ਆਲੋਚਨਾ ਕੀਤੀ ਹੈ, ਜਿਸ ਵਿੱਚ ਸੈਨ ਫਰਾਂਸਿਸਕੋ ਦੇ ਜਨਤਕ ਅਟਾਰਨੀ ਜੈਫ ਅਡਾਚੀ ਅਤੇ ਫੇਲਿਸੀਆ ਜੋਨਸ, ਜਸਟਿਸ ਫਾਰ ਮਾਰੀਓ ਵੂਡਜ਼ ਗੱਠਜੋੜ ਦੇ ਇੱਕ ਪ੍ਰਬੰਧਕ ਅਤੇ ਇੱਕ ਸਾਬਕਾ ਹੈਰਿਸ ਸਮਰਥਕ ਹਨ ਹੈਰਿਸ ਦੇ ਦਖਲ ਦੇਣ ਤੋਂ ਪਹਿਲਾਂ 'ਕਿੰਨੇ ਹੋਰ ਲੋਕਾਂ ਨੂੰ ਮਰਨ ਦੀ ਲੋੜ ਹੈ' ਅਤੇ ਉਸ 'ਤੇ 'ਉਨ੍ਹਾਂ ਲੋਕਾਂ ਤੋਂ ਮੂੰਹ ਮੋੜਨ ਦਾ ਦੋਸ਼ ਲਗਾਇਆ ਜਿਨ੍ਹਾਂ ਨੇ ਤੁਹਾਨੂੰ ਉੱਥੇ ਪਹੁੰਚਾਇਆ ਜਿੱਥੇ ਤੁਸੀਂ ਹੋ।' ਹਾਲਾਂਕਿ ਹੈਰਿਸ ਦੇ ਸਮਰਥਕਾਂ ਨੇ ਉਸ ਦੇ ਕੁਝ ਆਲੋਚਕਾਂ ਨੂੰ ਚੁਣਿਆ ਹੈ ਜੋ ਗੋਰੇ ਹਨ, ਸ਼ਿਕਾਇਤ ਕਰਦੇ ਹਨ ਕਿ ਇਹ 'ਉਹੀ ਤਿੰਨ ਲੋਕ' ਹਨ ਜੋ ਉਸ ਦੀ ਆਲੋਚਨਾ ਕਰ ਰਹੇ ਹਨ, ਬਹੁਤ ਸਾਰੇ ਲੋਕਾਂ ਨੂੰ ਲੱਭਣਾ ਮੁਸ਼ਕਲ ਨਹੀਂ ਹੈ ਜੋ ਉਸ ਦੇ ਰਿਕਾਰਡ ਦੀ ਆਲੋਚਨਾ ਕਰਦੇ ਹਨ ਜਿਨ੍ਹਾਂ ਵਿੱਚੋਂ ਰੰਗ ਦੇ ਲੋਕ ਹਨ। ਦਰਅਸਲ, ਕੈਲੀਫੋਰਨੀਆ ਦੀ ਅਪਰਾਧਿਕ-ਨਿਆਂ ਪ੍ਰਣਾਲੀ ਨੂੰ ਸੁਧਾਰਨ ਲਈ ਚੰਗੀ ਸਥਿਤੀ ਦੇ ਬਾਵਜੂਦ, ਹੈਰਿਸ ਦੀ ਰਾਜ ਵਿੱਚ ਇਸ ਮੁੱਦੇ 'ਤੇ ਇੱਕ ਮੱਧਮ ਵਜੋਂ ਪ੍ਰਸਿੱਧੀ ਹੈ। ਜਿਵੇਂ ਕਿ ਔਰੇਂਜ ਕਾਊਂਟੀ ਰਜਿਸਟਰ ਨੇ ਕਿਹਾ, ਉਸ ਨੂੰ ਕੁਝ ਲੋਕਾਂ ਦੁਆਰਾ 'ਬਹੁਤ ਹੀ ਸਾਵਧਾਨ ਅਤੇ ਅਕਸਰ ਗਣਨਾ ਕਰਨ ਵਾਲੇ ਰਾਜਨੇਤਾ' ਵਜੋਂ ਦੇਖਿਆ ਗਿਆ ਸੀ ਜਿਸ ਨੇ ਗਰਮ ਮੁੱਦਿਆਂ ਤੋਂ ਬਚਿਆ ਹੈ। ਲਾਸ ਏਂਜਲਸ ਅਰਬਨ ਪਾਲਿਸੀ ਰਾਉਂਡਟੇਬਲ ਦੇ ਪ੍ਰਧਾਨ ਅਰਲ ਓਫਰੀ ਹਚਿਨਸਨ ਨੇ ਸੈਕਰਾਮੈਂਟੋ ਬੀ ਨੂੰ ਦੱਸਿਆ ਕਿ ਹੈਰਿਸ 'ਪੂਰੇ ਅਪਰਾਧਿਕ ਨਿਆਂ ਸੁਧਾਰ ਲਈ ਵਧੇਰੇ ਜ਼ੋਰਦਾਰ ਵਕੀਲ' ਹੋ ਸਕਦਾ ਸੀ ਅਤੇ ਉਹ 'ਵੱਡੀ ਅਤੇ ਦਲੇਰ ਬਣਨ ਲਈ ਤਿਆਰ ਨਹੀਂ ਸੀ।' ਅਖਬਾਰ ਨੇ ਲਿਖਿਆ ਕਿ 'ਅਪਰਾਧਿਕ-ਨਿਆਂ ਪ੍ਰਣਾਲੀ ਨੂੰ ਮੁੜ ਆਕਾਰ ਦੇਣ ਵਿੱਚ ਹੈਰਿਸ ਦੀ ਭੂਮਿਕਾ ਮਹੱਤਵਪੂਰਨ ਨਹੀਂ ਰਹੀ'। 'ਪਿਰਾਮਿਡ ਹਿੱਲ ਗਿਆ, ਪਰ ਅਕਸਰ ਇਹ ਉਹ ਨਹੀਂ ਸੀ ਜੋ ਹਿੱਲ ਰਹੀ ਸੀ।' ਹੈਰਿਸ ਨੇ ਕੈਲੀਫੋਰਨੀਆ ਦੇ ਕੈਦੀਆਂ ਦੁਆਰਾ ਰਾਜ ਦੁਆਰਾ ਇਕਾਂਤ ਕੈਦ ਦੀ ਵਰਤੋਂ ਨੂੰ ਲੈ ਕੇ ਦਾਇਰ ਕੀਤੇ ਮੁਕੱਦਮੇ ਨੂੰ ਖਾਰਜ ਕਰਨ ਦੀ ਕੋਸ਼ਿਸ਼ ਕੀਤੀ, ਉਸਦੇ ਦਫਤਰ ਨੇ ਜ਼ੋਰ ਦੇ ਕੇ ਕਿਹਾ ਕਿ 'ਕੈਲੀਫੋਰਨੀਆ ਦੀਆਂ ਜੇਲ੍ਹਾਂ ਵਿੱਚ ਕੋਈ 'ਇਕਾਂਤ ਕੈਦ' ਨਹੀਂ ਹੈ' (ਇਸ ਦੇ ਬਾਵਜੂਦ, ਕੇਸ ਆਖਰਕਾਰ ਇੱਕ ਇਤਿਹਾਸਕ ਸਮਝੌਤੇ ਵਿੱਚ ਬਦਲ ਗਿਆ। ਜਿਸਨੇ ਇਸ ਅਭਿਆਸ ਦੇ ਵਿਰੁੱਧ ਇੱਕ ਝਟਕਾ ਦਿੱਤਾ)। ਉਸਨੇ ਇੱਕ ਟਰਾਂਸਜੈਂਡਰ ਕੈਦੀ ਦੀ ਲਿੰਗ-ਪੁਨਰ-ਅਸਾਈਨਮੈਂਟ ਸਰਜਰੀ ਦੀ ਬੇਨਤੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਜਦੋਂ ਇੱਕ ਮੁਕੱਦਮੇ ਦੇ ਵਕੀਲ ਨੇ ਬਚਾਓ ਪੱਖ ਦੇ ਕਬੂਲਨਾਮੇ ਦੀ ਪ੍ਰਤੀਲਿਪੀ ਵਿੱਚ ਇੱਕ ਝੂਠਾ ਕਬੂਲਨਾਮਾ ਪਾਇਆ, ਜਿਸ ਨੂੰ ਅਪੀਲ ਅਦਾਲਤ ਨੇ 'ਘਾਤਕ ਸਰਕਾਰੀ ਦੁਰਵਿਹਾਰ' ਕਿਹਾ, ਹੈਰਿਸ ਨੇ ਇਸ ਕੇਸ ਦੀ ਅਪੀਲ ਕੀਤੀ, ਇਹ ਦਲੀਲ ਦਿੱਤੀ ਕਿ ਇਹ 'ਘਾਬਰ' ਨਹੀਂ ਸੀ ਕਿਉਂਕਿ ਇਸ ਵਿੱਚ ਸਰੀਰਕ ਬੇਰਹਿਮੀ ਸ਼ਾਮਲ ਨਹੀਂ ਸੀ। ਹੈਰਿਸ ਦੇ ਰਿਕਾਰਡ 'ਤੇ ਸਭ ਤੋਂ ਗੰਭੀਰ ਦੋਸ਼ਾਂ ਵਿੱਚੋਂ ਇੱਕ ਹੈ ਸੈਕਸ ਵਰਕਰਾਂ ਦੇ ਅਧਿਕਾਰਾਂ ਪ੍ਰਤੀ ਉਸਦੀ ਦੁਸ਼ਮਣੀ। ਹੈਰਿਸ ਨੇ ਕੈਲੀਫੋਰਨੀਆ ਵਿੱਚ ਵੇਸਵਾਗਮਨੀ ਨੂੰ ਕਾਨੂੰਨੀ ਮਾਨਤਾ ਦੇਣ ਲਈ ਇੱਕ ਸੈਕਸ ਵਰਕਰਾਂ ਦੇ ਅਧਿਕਾਰ ਸੰਗਠਨ ਦੁਆਰਾ ਦਾਇਰ ਇੱਕ ਮੁਕੱਦਮਾ ਲੜਿਆ। ਪਰ ਬੈਕਪੇਜ ਦਾ ਪਿੱਛਾ ਕਰਨਾ ਇਸ ਤੋਂ ਵੀ ਮਾੜਾ ਸੀ, ਇੱਕ ਔਨਲਾਈਨ ਵਰਗੀਕ੍ਰਿਤ ਵੈਬਸਾਈਟ ਜੋ ਅਕਸਰ ਸੈਕਸ ਵਰਕਰਾਂ ਦੁਆਰਾ ਵਰਤੀ ਜਾਂਦੀ ਹੈ, ਜਿਸਨੂੰ ਹੈਰਿਸ ਨੇ ਆਪਣੀ ਸੀਨੇਟ ਚੋਣ ਦੇ ਨੇੜੇ ਅਪਰਾਧਿਕ ਦੋਸ਼ਾਂ ਦਾ ਸ਼ੱਕੀ ਤੌਰ 'ਤੇ ਦੋਸ਼ੀ ਠਹਿਰਾਇਆ, ਜਿਸ ਵਿੱਚ ਉਸਨੇ ਇਸਨੂੰ 'ਦੁਨੀਆ ਦਾ ਚੋਟੀ ਦਾ ਔਨਲਾਈਨ ਵੇਸ਼ਵਾਘਰ' ਦੱਸਿਆ। ਲਗਾਤਾਰ ਦਬਾਅ ਨੇ ਅੰਤ ਵਿੱਚ ਵੈਬਸਾਈਟ ਨੂੰ ਇਸਦੇ ਬਾਲਗ ਵਿਗਿਆਪਨ ਭਾਗ ਨੂੰ ਬੰਦ ਕਰਨ ਲਈ ਮਜਬੂਰ ਕੀਤਾ। ਬੈਕਪੇਜ ਕਿਸੇ ਵੀ ਤਰ੍ਹਾਂ ਇੱਕ ਪ੍ਰਸ਼ੰਸਾਯੋਗ ਸੰਸਥਾ ਨਹੀਂ ਸੀ-ਇਸਦੀ ਵਰਤੋਂ ਆਮ ਸੈਕਸ ਕੰਮ ਦੇ ਨਾਲ-ਨਾਲ ਬਾਲ ਸੈਕਸ ਤਸਕਰੀ ਲਈ ਕੀਤੀ ਜਾਂਦੀ ਸੀ (ਹਾਲਾਂਕਿ ਲੋਇਸ ਲੀ, ਜਿਸ ਨੇ ਸੈਕਸ-ਤਸਕਰੀ ਦੇ ਪੀੜਤਾਂ ਲਈ ਇੱਕ ਪਨਾਹਗਾਹ ਦੀ ਅਗਵਾਈ ਕੀਤੀ, ਇਸਨੂੰ 'ਇੱਕ ਦੁਖਦਾਈ ਦਿਨ' ਕਿਹਾ ਜਾਂਦਾ ਸੀ)। ਕਿਉਂਕਿ ਇਹ ਲਾਪਤਾ ਬੱਚਿਆਂ ਨੂੰ ਮੁੜ ਪ੍ਰਾਪਤ ਕਰਨ ਅਤੇ ਦਲਾਲਾਂ ਉੱਤੇ ਮੁਕੱਦਮਾ ਚਲਾਉਣ ਲਈ ਕਾਨੂੰਨ ਲਾਗੂ ਕਰਨ ਲਈ ਇੱਕ 'ਮਹੱਤਵਪੂਰਨ ਜਾਂਚ ਸੰਦ' ਸੀ)। ਪਰ ਇਹ ਸੈਕਸ ਵਰਕਰਾਂ ਲਈ ਸੜਕਾਂ 'ਤੇ ਆਉਣ ਜਾਂ ਦਲਾਲਾਂ ਨਾਲ ਕੰਮ ਕੀਤੇ ਬਿਨਾਂ ਗਾਹਕਾਂ ਨੂੰ ਲੱਭਣ ਦਾ ਇੱਕ ਸਸਤਾ, ਆਸਾਨ ਅਤੇ ਸੁਰੱਖਿਅਤ ਤਰੀਕਾ ਵੀ ਸੀ। ਇਸ ਦੇ ਬੰਦ ਹੋਣ ਨੇ ਸੈਕਸ ਵਰਕਰਾਂ ਨੂੰ ਅਨਿਸ਼ਚਿਤਤਾ ਅਤੇ ਸੰਕਟ ਵਿੱਚ ਛੱਡ ਦਿੱਤਾ। 'ਕਮਲਾ ਹੈਰਿਸ ਨੇ ਉਸ ਜਗ੍ਹਾ ਨੂੰ ਬੰਦ ਕਰਨ ਲਈ ਜ਼ੋਰ ਦਿੱਤਾ, ਪਰ ਉਸਨੇ ਅਜਿਹਾ ਪ੍ਰੋਗਰਾਮ ਨਹੀਂ ਬਣਾਇਆ ਜੋ ਕੈਲੀਫੋਰਨੀਆ ਦੀਆਂ ਮਾਵਾਂ ਨੂੰ ਸੁਰੱਖਿਅਤ ਰਿਹਾਇਸ਼, ਸਿੱਖਿਆ, ਸਿਹਤ ਦੇਖਭਾਲ ਤੱਕ ਬਿਹਤਰ ਆਰਥਿਕ ਪਹੁੰਚ ਦੇ ਨਾਲ ਆਪਣੇ ਪਰਿਵਾਰਾਂ ਦੀ ਬਿਹਤਰ ਦੇਖਭਾਲ ਕਰਨ ਵਿੱਚ ਮਦਦ ਕਰੇ' ਇੱਕ ਸੈਕਸ ਵਰਕਰ ਨੇ ਸ਼ਿਕਾਇਤ ਕੀਤੀ। 'ਸੈਕਸ ਵਰਕਰ ਇਹ ਕੰਮ ਕਰਨ ਦੀ ਚੋਣ ਕਰਦੇ ਹਨ ਤਾਂ ਜੋ ਅਸੀਂ ਉਹਨਾਂ ਚੀਜ਼ਾਂ ਲਈ ਭੁਗਤਾਨ ਕਰ ਸਕੀਏ।' ਹੈਰਿਸ ਨੇ ਘੱਟੋ-ਘੱਟ ਕੁਝ ਮੁੱਦਿਆਂ 'ਤੇ ਸਹੀ ਦਿਸ਼ਾ 'ਚ ਅੱਗੇ ਵਧਣ ਦੀ ਸਮਰੱਥਾ ਦਿਖਾਈ ਹੈ। 2017 ਵਿੱਚ, ਉਸਦੀ ਮੁਲਾਕਾਤ ਨਿਊਯਾਰਕ ਵਿੱਚ ਰੈਂਡ ਪਾਲ ਨਾਲ ਹੋਈ।

ਕੁਝ ਸਮਾਂ ਪਹਿਲਾਂ, ਨਿਊ ਡੈਮੋਕਰੇਟਿਕ ਪਾਰਟੀ ਆਫ ਕੈਨੇਡਾ (ਐਨਡੀਪੀ) ਓਟਾਵਾ ਵਿੱਚ ਸੱਤਾ ਦੇ ਦਰਵਾਜ਼ੇ ’ਤੇ ਸੀ। ਹਾਲਾਂਕਿ ਪਿਛਲੇ ਦਹਾਕੇ ਦੌਰਾਨ ਉਨ੍ਹਾਂ ਦੀਆਂ ਸੀਟਾਂ 103 ਤੋਂ ਘਟ ਕੇ 24 ਰਹਿ ਗਈਆਂ ਹਨ। ਜੇਕਰ ਅੱਜ ਚੋਣਾਂ ਹੁੰਦੀਆਂ ਹਨ ਤਾਂ ਉਹ ਹੋਰ ਵੀ ਸੀਟਾਂ ਗੁਆ ਸਕਦੇ ਹਨ। ਇਹ ਦੇਖਣਾ ਮੁਸ਼ਕਲ ਹੈ ਕਿ ਪਾਰਟੀ ਆਪਣੇ ਨਿਘਾਰ ਦੇ ਰੁਝਾਨ ਨੂੰ ਕਿਵੇਂ ਉਲਟਾ ਸਕੇਗੀ। ਐਨਡੀਪੀ ਲੀਡਰ ਜਗਮੀਤ ਸਿੰਘ ਦਾ ਇਸ ਗਰਮੀ ਵਿੱਚ ਮੁੱਖ ਸੰਦੇਸ਼ ਇਹ ਹੈ ਕਿ ‘ਚੀਜ਼ਾਂ ਨੂੰ ਬਦਲਣ ਦੀ ਲੋੜ ਹੈ।’ ਸਿੰਘ ਲਿਬਰਲਾਂ ਤੋਂ ਅਸੰਤੁਸ਼ਟ ਵੋਟਰਾਂ ਨੂੰ ਯਕੀਨ ਦਿਵਾਉਣ ਲਈ ਦੇਸ਼ ਭਰ ਦੇ ਕਈ ਸ਼ਹਿਰਾਂ ਅਤੇ ਜ਼ਿਲ੍ਹਿਆਂ ਦਾ ਦੌਰਾ ਕਰਨਗੇ ਕਿ ਉਨ੍ਹਾਂ ਦੀ ਪਾਰਟੀ ਭਰੋਸੇਯੋਗ ਬਦਲ ਹੈ। ਇਹ ਦੌਰਾ ਅਗਲੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਇੱਕ ਕਿਸਮ ਦੀ ਪੂਰਵ-ਚੋਣ ਮੁਹਿੰਮ ਵਜੋਂ ਕੰਮ ਕਰੇਗਾ, ਜਿਸਦਾ ਐਲਾਨ ਅਕਤੂਬਰ 2025 ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ। ਜਦੋਂ ਵੀ ਚੋਣਾਂ ਦਾ ਐਲਾਨ ਕੀਤਾ ਜਾਂਦਾ ਹੈ, ਇਹ ਕੈਨੇਡਾ ਵਿੱਚ ਵੱਡੀਆਂ ਤਬਦੀਲੀਆਂ ਲਿਆਵੇਗੀ। ਪਿਏਰੇ ਪੋਇਲੀਵਰ ਦੀ ਅਗਵਾਈ ਵਾਲੇ ਕੰਜ਼ਰਵੇਟਿਵ ਹੁਣ ਸਾਰੀਆਂ ਚੋਣਾਂ ਵਿੱਚ ਅੱਗੇ ਹਨ ਅਤੇ ਬਹੁਮਤ ਵੀ ਜਿੱਤ ਸਕਦੇ ਹਨ। ਉਨ੍ਹਾਂ ਨੂੰ ਇਸ ਵੇਲੇ ਲਗਭਗ 42 ਪ੍ਰਤੀਸ਼ਤ ਵੋਟਾਂ ਦਾ ਸਿਹਰਾ ਦਿੱਤਾ ਜਾਂਦਾ ਹੈ, ਜਦੋਂ ਕਿ ਅੱਜ ਚੋਣ ਹੋਈ ਤਾਂ ਲਿਬਰਲਾਂ ਲਈ ਸਿਰਫ 24 ਪ੍ਰਤੀਸ਼ਤ ਵੋਟ ਹੈ। ਕਰੀਬ ਦਸ ਸਾਲ ਸੱਤਾ ਵਿੱਚ ਰਹਿਣ ਤੋਂ ਬਾਅਦ, ਜਸਟਿਨ ਟਰੂਡੋ ਦੀ ਸਿਆਸੀ ਵਿਹਾਰਕਤਾ ਸਵਾਲਾਂ ਦੇ ਘੇਰੇ ਵਿੱਚ ਹੈ, ਖਾਸ ਤੌਰ ’ਤੇ ਪਿਛਲੇ ਮਹੀਨੇ ਟੋਰਾਂਟੋ-ਸੇਂਟ ਪਾਲ ਦੀ ਤੀਹ ਸਾਲ ਪੁਰਾਣੀ ਲਿਬਰਲ ਸਵਾਰੀ ਨੂੰ ਕੰਜ਼ਰਵੇਟਿਵਾਂ ਹੱਥੋਂ ਹਾਰਨ ਤੋਂ ਬਾਅਦ। ਟਰੂਡੋ ਨੇ ਲਿਬਰਲਾਂ ਲਈ ਇਸ ਨੂੰ ‘ਮੁਸ਼ਕਲ ਪਲ’ ਦੱਸਿਆ, ਪਰ ਭਰੋਸਾ ਦਿਵਾਇਆ ਕਿ ਉਹ ਆਪਣੀ ਪਾਰਟੀ ਦੀ ਆਲੋਚਨਾ ਅਤੇ ਉਨ੍ਹਾਂ ਦੇ ਅਸਤੀਫੇ ਦੀ ਮੰਗ ਦੇ ਬਾਵਜੂਦ ਸੱਤਾ ਵਿੱਚ ਬਣੇ ਰਹਿਣਗੇ। ਐਨਡੀਪੀ ਟਰੂਡੋ ਦੀ ਪਾਰਟੀ ਲਈ ਜਨਤਕ ਰਾਏ ਵਿੱਚ ਕਮਜ਼ੋਰੀ ਦੇ ਇਸ ਪਲ ਦਾ ਫਾਇਦਾ ਉਠਾਉਣ ਦਾ ਇਰਾਦਾ ਰੱਖਦੀ ਹੈ। ਹਾਲਾਂਕਿ, ਚੁਣੌਤੀ ਬਹੁਤ ਵੱਡੀ ਹੈ, ਕਿਉਂਕਿ ਉਸ ਕੋਲ ਇਸ ਸਮੇਂ ਸਿਰਫ 17 ਪ੍ਰਤੀਸ਼ਤ ਵੋਟਰਾਂ ਦਾ ਸਮਰਥਨ ਹੈ। ਕੈਨੇਡੀਅਨ ਪਾਰਲੀਮੈਂਟ ਵਿੱਚ 338 ਵਿੱਚੋਂ ਸਿਰਫ 24 ਸੰਸਦ ਮੈਂਬਰਾਂ ਨਾਲ ਪਾਰਟੀ ਲਈ ਹਾਲ ਹੀ ਵਿੱਚ ਸਮਾਂ ਮੁਸ਼ਕਲ ਰਿਹਾ ਹੈ। 2015 ਵਿੱਚ ਟਰੂਡੋ ਦੇ ਆਲੇ-ਦੁਆਲੇ ਉਤਸ਼ਾਹ ਵਧਣ ਤੋਂ ਪਹਿਲਾਂ, ਐਨਡੀਪੀ ਨੂੰ ਚੋਣ ਜਿੱਤਣ ਦਾ ਪੱਖ ਮੰਨਿਆ ਜਾਂਦਾ ਸੀ। ਹਾਲਾਂਕਿ, 2019 ਦੀਆਂ ਸੰਘੀ ਚੋਣਾਂ ਵਿੱਚ, ਪਾਰਟੀ ਨੂੰ 2004 ਤੋਂ ਬਾਅਦ ਸਭ ਤੋਂ ਮਾੜੇ ਨਤੀਜੇ ਦਾ ਸਾਹਮਣਾ ਕਰਨਾ ਪਿਆ। ਹੁਣ ਸੰਸਦ ਵਿੱਚ ਚੌਥੀ ਸਭ ਤੋਂ ਵੱਡੀ ਪਾਰਟੀ, ਐਨਡੀਪੀ ਅਧਿਕਾਰਤ ਵਿਰੋਧੀ ਧਿਰ ਦੇ ਰੁਤਬੇ ਵਿੱਚ ਸੀ, 103 ਚੁਣੇ ਹੋਏ ਸੰਸਦ ਮੈਂਬਰਾਂ ਦੇ ਨਾਲ ਤੇਰਾਂ ਸਾਲ ਪਹਿਲਾਂ ਤੋਂ ਵੱਧ ਰਹੀ ਸੀ। 2021 ਦੀਆਂ ਸਨੈਪ ਚੋਣਾਂ ਵਿੱਚ ਸਿਰਫ 20 ਪ੍ਰਤੀਸ਼ਤ ਤੋਂ ਘੱਟ ਵੋਟਾਂ ਪ੍ਰਾਪਤ ਕਰਨ ਦੇ ਬਾਵਜੂਦ ਪਾਰਟੀ ਨੇ ਤਾਜ਼ਾ ਟਰੂਡੋ ਸਰਕਾਰ ਉੱਤੇ ਕਾਫ਼ੀ ਪ੍ਰਭਾਵ ਪਾਇਆ ਹੈ। ਅਜਿਹਾ ਇਸ ਲਈ ਕਿਉਂਕਿ ਐਨਡੀਪੀ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਸਮਰਥਨ ਦੇਣ ਲਈ ਭਰੋਸੇ ਅਤੇ ਸਪਲਾਈ ਸੌਦੇ ਲਈ ਸਹਿਮਤ ਹੋ ਗਈ ਸੀ। ਇਕਰਾਰਨਾਮੇ ਦੇ ਅਨੁਸਾਰ ਐਨਡੀਪੀ ਚੋਣ ਸ਼ੁਰੂ ਹੋਣ ਤੋਂ ਬਚਣ ਲਈ ਕਾਮਨਜ਼ ਵਿੱਚ ਮੁੱਖ ਵੋਟਾਂ ’ਤੇ ਸਰਕਾਰ ਦਾ ਸਮਰਥਨ ਕਰਦੀ ਹੈ ਅਤੇ ਬਦਲੇ ਵਿੱਚ, ਲਿਬਰਲ ਐਨਡੀਪੀ ਲਈ ਮੁੱਖ ਪਹਿਲਕਦਮੀਆਂ ਪਾਸ ਕਰਦੇ ਹਨ। ਜੂਨ 2025 ਤੱਕ ਪ੍ਰਭਾਵੀ, ਇਹ ਸੌਦਾ ਮੁੱਖ ਨੀਤੀਗਤ ਖੇਤਰਾਂ ਜਿਵੇਂ ਕਿ ਸਿਹਤ ਸੰਭਾਲ ਖਰਚ, ਜਲਵਾਯੂ ਪਰਿਵਰਤਨ, ਆਦਿਵਾਸੀਆਂ ਨਾਲ ਮੇਲ-ਮਿਲਾਪ, ਆਰਥਿਕ ਵਿਕਾਸ ਅਤੇ ਜੀਵਨ ਨੂੰ ਹੋਰ ਕਿਫਾਇਤੀ ਬਣਾਉਣ ਦੇ ਯਤਨਾਂ ’ਤੇ ਦੋਵਾਂ ਧਿਰਾਂ ਵਿਚਕਾਰ ਸਹਿਯੋਗ ਦੀ ਸਹੂਲਤ ਦਿੰਦਾ ਹੈ। ਇਸ ਸਮਝੌਤੇ ਲਈ ਧੰਨਵਾਦ, ਐਨਡੀਪੀ ਕੈਨੇਡੀਅਨ ਹੈਲਥ ਕੇਅਰ ਵਿੱਚ ਮਹੱਤਵਪੂਰਨ ਤਰੱਕੀ ਕਰਨ ਲਈ ਲਿਬਰਲ ਸਰਕਾਰ ਨੂੰ ਧੱਕਣ ਦੇ ਯੋਗ ਸੀ। ਉਸਨੇ ਘੱਟ ਆਮਦਨ ਵਾਲੇ ਕੈਨੇਡੀਅਨਾਂ ਲਈ ਇੱਕ ਨਵਾਂ ਰਾਸ਼ਟਰੀ ਦੰਦਾਂ ਦੀ ਦੇਖਭਾਲ ਪ੍ਰੋਗਰਾਮ ਸ਼ੁਰੂ ਕੀਤਾ, ਜਿਨ੍ਹਾਂ ਦੀ ਸਾਲਾਨਾ ਪਰਿਵਾਰਕ ਆਮਦਨ 90,000 ਕੈਨੇਡੀਅਨ ਡਾਲਰ ਤੋਂ ਘੱਟ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਪ੍ਰੋਗਰਾਮ ਦੀ ਆਮਦਨ ਸੀਮਾ 4.4 ਮਿਲੀਅਨ ਕੈਨੇਡੀਅਨਾਂ ਨੂੰ ਬੀਮਾ ਰਹਿਤ ਛੱਡ ਦੇਵੇਗੀ। ਆਲੋਚਕਾਂ ਤੋਂ ਨਿਰਾਸ਼, ਸਿੰਘ ਨੇ ਇਸ ਪ੍ਰੋਗਰਾਮ ਦੀ ਪ੍ਰਸ਼ੰਸਾ ਕੀਤੀ ਅਤੇ ਇਸਨੂੰ ‘ਜੀਵਨ ਬਦਲਣ ਵਾਲਾ’ ਕਿਹਾ। ਨਿਊ ਡੈਮੋਕਰੇਟਸ ਅਤੇ ਲਿਬਰਲ ਨਵੀਂ ਫੈਡਰਲ ਡੈਂਟਲ ਯੋਜਨਾ ਦੇ ਰੋਲਆਊਟ ਨੂੰ ਲੈ ਕੇ ਮਤਭੇਦ ਹਨ, ਕਿਉਂਕਿ ਸਰਕਾਰ ਨੇ ਐਲਾਨ ਕੀਤਾ ਹੈ ਕਿ ਇਹ ਐਨਡੀਪੀ ਨਾਲ ਕੀਤੇ ਗਏ ਸਮਝੌਤੇ ਦੇ ਉਲਟ, 2025 ਤੱਕ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾਵੇਗਾ। ਪ੍ਰੋਗਰਾਮ ਨੂੰ ਕਿਊਬਿਕ ਵਰਗੇ ਪ੍ਰਾਂਤਾਂ ਤੋਂ ਵੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ, ਜੋ ਓਟਵਾ ਦੀ ਦਖਲਅੰਦਾਜ਼ੀ ਦੀ ਨਿੰਦਾ ਕਰਦੇ ਹਨ, ਕਿਉਂਕਿ ਸਿਹਤ ਦੇਖਭਾਲ ਇੱਕ ਸੂਬਾਈ ਅਧਿਕਾਰ ਖੇਤਰ ਹੈ। ਹਾਲਾਂਕਿ ਇਸ ਦੀਆਂ ਕਮੀਆਂ ਹਨ, ਐਨਡੀਪੀ ਇੱਕ ਯੂਨੀਵਰਸਲ ਫਾਰਮਾਕੇਅਰ ਯੋਜਨਾ ਨੂੰ ਅੱਗੇ ਵਧਾਉਣ ਲਈ ਆਪਣੇ ਆਪ ਨੂੰ ਵਧਾਈ ਦੇ ਸਕਦੀ ਹੈ। ਇਹ ਯੋਜਨਾ ਯੂਨੀਵਰਸਲ, ਸਿੰਗਲ-ਪੇਅਰ ਡਰੱਗ ਬੀਮੇ ਦੀ ਨੀਂਹ ਰੱਖਦੀ ਹੈ ਅਤੇ ਸ਼ੂਗਰ ਦੇ ਇਲਾਜ ਲਈ ਗਰਭ ਨਿਰੋਧ ਅਤੇ ਦਵਾਈਆਂ ਨੂੰ ਵੀ ਕਵਰ ਕਰੇਗੀ। ਮਹਾਂਮਾਰੀ ਦੇ ਦੌਰਾਨ, ਐਨਡੀਪੀ ਨੇ ਲਿਬਰਲਾਂ ਨੂੰ ਕੈਨੇਡੀਅਨਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਿੱਚ ਵਧੇਰੇ ਉਦਾਰ ਹੋਣ ਲਈ ਦਬਾਅ ਪਾ ਕੇ ਪ੍ਰਭਾਵ ਪਾਇਆ। ਇਸ ਵਿੱਚ ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ (ਸੀ.ਈ.ਆਰ.ਬੀ.) ਦੇ ਵਿਸਥਾਰ ਦੀ ਵਕਾਲਤ ਕਰਨਾ ਸ਼ਾਮਲ ਹੈ, ਇੱਕ ਪ੍ਰੋਗਰਾਮ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਵਿੱਚ, ਜਿਸ ਵਿੱਚ ਇਸਦੇ ਭੈਣ ਪ੍ਰੋਗਰਾਮ, ਕੈਨੇਡਾ ਐਮਰਜੈਂਸੀ ਵੇਜ ਸਬਸਿਡੀ ਵਰਗੇ ਡਿਜ਼ਾਈਨ ਦੀਆਂ ਕਮੀਆਂ ਹਨ। ਹਾਲਾਂਕਿ ਇਸ ਸਮਝੌਤੇ ਨੇ ਐਨਡੀਪੀ ਨੂੰ ਇਸਦੇ ਦੰਦਾਂ ਅਤੇ ਡਰੱਗ ਬੀਮਾ ਪ੍ਰੋਜੈਕਟਾਂ, ਪਾਰਟੀ ਲਈ ਦੋ ਸਮਾਜਿਕ ਪ੍ਰੋਜੈਕਟਾਂ ਨੂੰ ਲਾਗੂ ਕਰਨ ਦੀ ਇਜਾਜ਼ਤ ਦਿੱਤੀ, ਪਰ ਇਹ ਅਜੇ ਵੀ ਬਹੁਤ ਸਾਰੇ ਕੈਨੇਡੀਅਨਾਂ ਲਈ ਇੱਕ ਵਿਹਾਰਕ ਵਿਕਲਪ ਨਹੀਂ ਜਾਪਦਾ ਹੈ। ਲਿਬਰਲਾਂ ਤੋਂ ਆਪਣੇ ਆਪ ਨੂੰ ਵੱਖ ਕਰਨ ਵਿੱਚ ਅਸਫਲ ਰਹਿਣ ਦੇ ਬਾਅਦ ਐਨਡੀਪੀ ਨੂੰ ਅਕਸਰ ਉਹਨਾਂ ਨਾਲ ਬਹੁਤ ਨਜ਼ਦੀਕੀ ਤੌਰ ’ਤੇ ਦੇਖਿਆ ਜਾਂਦਾ ਹੈ, ਜੋ ਅੰਸ਼ਕ ਤੌਰ ’ਤੇ ਇਸਦੇ ਮਾੜੇ ਪੋਲਿੰਗ ਨੰਬਰਾਂ ਦੀ ਵਿਆਖਿਆ ਕਰ ਸਕਦਾ ਹੈ। ਐਂਗਸ ਰੀਡ ਇੰਸਟੀਚਿਊਟ ਦੇ ਇੱਕ ਸਰਵੇਖਣ ਅਨੁਸਾਰ, ਐਨਡੀਪੀ ਦੇ 36 ਪ੍ਰਤੀਸ਼ਤ ਵੋਟਰਾਂ ਨੇ ਕਿਹਾ ਕਿ ਉਹ ਲਿਬਰਲਾਂ ਵੱਲ ਮੁੜਨ ਦੀ ਸੰਭਾਵਨਾ ਰੱਖਦੇ ਹਨ। ਪੋਇਲੀਵਰ ਦੀ ਕੰਜ਼ਰਵੇਟਿਵ ਪਾਰਟੀ ਰਵਾਇਤੀ ਐਨਡੀਪੀ ਅਧਾਰਾਂ, ਜਿਵੇਂ ਕਿ ਮਜ਼ਦੂਰ ਵਰਗ ਦੇ ਵੋਟਰਾਂ ਅਤੇ ਯੂਨੀਅਨਾਂ ਨੂੰ ਵੀ ਅਪੀਲ ਕਰ ਰਹੀ ਹੈ।

ਪਾਰਟੀ ਨੇਤਾ ਦੀ ਲੋਕਪ੍ਰਿਅਤਾ ਵਿੱਚ ਵੀ ਤਿੱਖੀ ਗਿਰਾਵਟ ਆਈ ਹੈ, ਜਿਸ ਵਿੱਚ ਸਿੰਘ ਦੇ 7 ਪ੍ਰਤੀਸ਼ਤ ਦੇ ਮੁਕਾਬਲੇ ਪੌਲੀਵਰੇ ਦੀ ਮਜ਼ਦੂਰ ਜਮਾਤ ਦੀ ਰਾਏ 18 ਪ੍ਰਤੀਸ਼ਤ ਬਹੁਤ ਸਕਾਰਾਤਮਕ ਹੈ। ਵਿਚਾਰ-ਪਰਿਵਰਤਨ ਦਾ ਇਹ ਵਰਤਾਰਾ ਜਿਸ ਨੂੰ ਜਮਾਤੀ ਵੰਡ ਕਿਹਾ ਜਾਂਦਾ ਹੈ, ਵਰਤਮਾਨ ਵਿੱਚ ਪੂਰੀ ਦੁਨੀਆ ਵਿੱਚ ਪ੍ਰਤੱਖ ਹੈ। ਭਾਵੇਂ ਇਹ ਕੈਨੇਡਾ ਲਈ ਨਵਾਂ ਜਾਪਦਾ ਹੈ, ਪਰ ਦੂਜੇ ਦੇਸ਼ਾਂ ਵਿੱਚ ਇਹ ਪਹਿਲਾਂ ਹੀ ਚੰਗੀ ਤਰ੍ਹਾਂ ਸਥਾਪਤ ਹੈ। ਕਿਰਤੀ-ਸ਼੍ਰੇਣੀ ਦੇ ਵੋਟਰ, ਇਤਿਹਾਸਕ ਤੌਰ ’ਤੇ ਖੱਬੀ ਧਿਰ ਨਾਲ ਜੁੜੇ ਹੋਏ, ਟੁੱਟੇ ਹੋਏ ਵਾਅਦਿਆਂ ਕਾਰਨ ਨਿਰਾਸ਼ ਅਤੇ ਤਿਆਗਿਆ ਮਹਿਸੂਸ ਕਰਦੇ ਹਨ, ਜਿਵੇਂ ਕਿ ਯੂਰਪ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਰੁਝਾਨ ਹੈ। ਇਹ ਅਸੰਤੁਸ਼ਟੀ ਉਹਨਾਂ ਨੂੰ ਉਹਨਾਂ ਪਾਰਟੀਆਂ ਨੂੰ ਵੋਟ ਦੇਣ ਲਈ ਲੈ ਜਾਂਦੀ ਹੈ ਜੋ ਉਹਨਾਂ ਦੇ ਜਮਾਤੀ ਹਿੱਤਾਂ ਨੂੰ ਸਾਂਝਾ ਨਹੀਂ ਕਰਦੀਆਂ ਹਨ। ਹਾਲ ਹੀ ਦੇ ਮਹੀਨਿਆਂ ਵਿੱਚ ਐਨਡੀਪੀ ਦੇ ਕਈ ਸੰਸਦ ਮੈਂਬਰਾਂ ਨੇ ਐਲਾਨ ਕੀਤਾ ਹੈ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਦੁਬਾਰਾ ਨਹੀਂ ਲੜਨਗੇ, ਜਿਸ ਨਾਲ ਪਾਰਟੀ ਹੋਰ ਕਮਜ਼ੋਰ ਹੋ ਗਈ ਹੈ।

ਕੈਲਗਰੀ ਦੀ ਸਾਬਕਾ ਐਨਡੀਪੀ ਮੇਅਰ ਅਤੇ ਅਲਬਰਟਾ ਪ੍ਰੋਵਿੰਸ਼ੀਅਲ ਐਨਡੀਪੀ ਦੀ ਨਵੀਂ ਆਗੂ ਨਾਹੀਦ ਨੇਨਸ਼ੀ ਨੇ ਸਥਿਤੀ ਨੂੰ ਹੋਰ ਬਦਤਰ ਬਣਾ ਦਿੱਤਾ ਹੈ, ਜਿਸ ਨੇ ਸੰਘੀ ਐਨਡੀਪੀ ਤੋਂ ਦੂਰੀ ਬਣਾਉਣ ਦੀ ਆਪਣੀ ਇੱਛਾ ਦਾ ਐਲਾਨ ਕੀਤਾ ਹੈ। ਨੈਨਸੀ ਨੇ ਰਿਪੋਰਟ ਦਿੱਤੀ ਹੈ ਕਿ ਅਲਬਰਟਾ ਵਿੱਚ ਬਹੁਤ ਸਾਰੇ ਮੈਂਬਰ ਸਿੰਘ ਤੋਂ ਆਪਣੇ ਆਪ ਨੂੰ ਦੂਰ ਕਰਨਾ ਚਾਹੁੰਦੇ ਹਨ, ਜਿਸਦੀ ਆਪਣੇ ਭਰੋਸੇ ਅਤੇ ਸਪਲਾਈ ਸਮਝੌਤੇ ਰਾਹੀਂ ਲਿਬਰਲ ਸਰਕਾਰ ਨੂੰ ਸਮਰਥਨ ਦੇਣ ਲਈ ਸਖ਼ਤ ਆਲੋਚਨਾ ਕੀਤੀ ਜਾਂਦੀ ਹੈ। ਕਿਊਬਿਕ ਵਿੱਚ ਵੀ ਸਥਿਤੀ ਮੁਸ਼ਕਲ ਹੈ, ਜਿੱਥੇ ਪਾਰਟੀ ਦਾ ਸਿਰਫ਼ ਇੱਕ ਚੁਣਿਆ ਹੋਇਆ ਐਮਪੀ ਹੈ। ਅਗਲੀਆਂ ਸੰਘੀ ਚੋਣਾਂ ਪਾਰਟੀ ਅਤੇ ਇਸ ਦੇ ਨੇਤਾ ਦੇ ਭਵਿੱਖ ਲਈ ਨਿਰਣਾਇਕ ਹੋਣਗੀਆਂ। ਜਦੋਂ ਸਿੰਘ ਨੇ 2017 ਵਿੱਚ ਐਨਡੀਪੀ ਆਗੂ ਵਜੋਂ ਅਹੁਦਾ ਸੰਭਾਲਿਆ ਸੀ ਤਾਂ ਉਸ ਵਿੱਚ ਘੱਟ ਗਿਣਤੀ ਵਿੱਚੋਂ ਪਹਿਲੀ ਫੈਡਰਲ ਪਾਰਟੀ ਆਗੂ ਵਜੋਂ ਉਮੀਦ ਅਤੇ ਤਬਦੀਲੀ ਦੀ ਹਵਾ ਸੀ। ਉਸ ਨੇ ਆਪਣੇ ਸੋਸ਼ਲ ਮੀਡੀਆ ਦੇ ਸਿਆਣਪ ਦੁਆਰਾ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ, ਖਾਸ ਕਰਕੇ ਨੌਜਵਾਨਾਂ ਵਿੱਚ। ਹਾਲਾਂਕਿ, ਸੱਤ ਸਾਲ ਬਾਅਦ, ਉਹ ਹੁਣ 1974 ਤੋਂ ਬਾਅਦ ਸਭ ਤੋਂ ਗੈਰ-ਪ੍ਰਸਿੱਧ ਐਨਡੀਪੀ ਨੇਤਾ ਹੈ, ਜਿਸਦੀ ਰੇਟਿੰਗ ਨੈਗੇਟਿਵ 14 ਹੈ। ਐਨਡੀਪੀ ਨੇ ਟਰੂਡੋ ਦੀ ਘੱਟ ਗਿਣਤੀ ਲਿਬਰਲਾਂ ਨਾਲ ਆਪਣੀਆਂ ਸਿਆਸੀ ਜਿੱਤਾਂ ਨੂੰ ਚੋਣਾਂ ਵਿੱਚ ਵਧੇ ਹੋਏ ਸਮਰਥਨ ਵਿੱਚ ਅਨੁਵਾਦ ਕਰਨ ਲਈ ਸੰਘਰਸ਼ ਕੀਤਾ ਹੈ। ਇਸ ਦੌਰਾਨ, ਕੰਜ਼ਰਵੇਟਿਵਾਂ ਨੇ ਬ੍ਰਿਟਿਸ਼ ਕੋਲੰਬੀਆ ਅਤੇ ਉੱਤਰੀ ਓਨਟਾਰੀਓ ਵਿੱਚ ਐਨਡੀਪੀ ਸੀਟਾਂ ਨੂੰ ਨਿਸ਼ਾਨਾ ਬਣਾਉਣ ਦਾ ਮੌਕਾ ਲਿਆ ਹੈ, ਉਹਨਾਂ ਦੀਆਂ ‘ਆਮ ਸੂਝ’ ਮੁਹਿੰਮਾਂ ਨੂੰ ਖਰਚ-ਆਫ-ਲਿਵਿੰਗ ਮੁੱਦਿਆਂ ’ਤੇ ਕੇਂਦਰਿਤ ਕੀਤਾ ਹੈ। ਇਹ ਕੈਨੇਡੀਅਨਾਂ ਵਿੱਚ ਜ਼ੋਰਦਾਰ ਗੂੰਜਦਾ ਹੈ, ਖਾਸ ਤੌਰ ’ਤੇ ਜਦੋਂ ਦੇਸ਼ ਨੇ 2022 ਵਿੱਚ ਮਹਿੰਗਾਈ ਵਿੱਚ ਚਾਲੀ ਸਾਲਾਂ ਦੇ ਉੱਚੇ ਪੱਧਰ ਦਾ ਅਨੁਭਵ ਕੀਤਾ, 8.1 ਪ੍ਰਤੀਸ਼ਤ ਤੱਕ ਪਹੁੰਚ ਗਿਆ। ਕੰਜ਼ਰਵੇਟਿਵ ਲਿਬਰਲਾਂ ਅਤੇ ਐਨਡੀਪੀ ਨੂੰ ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ ਅਤੇ ਸਪਲਾਈ ਅਤੇ ਭਰੋਸੇ ਦੇ ਸਮਝੌਤੇ ਦੇ ਕਾਰਨ, ਐਨਡੀਪੀ ਨੂੰ ਮੌਜੂਦਾ ਸਰਕਾਰ ਦਾ ਹਿੱਸਾ ਸਮਝ ਕੇ ਨੁਕਸਾਨ ਹੋ ਰਿਹਾ ਹੈ। ਇੱਕ ਹੈਰਾਨੀਜਨਕ ਕਦਮ ਵਿੱਚ, ਐਨ.ਡੀ.ਪੀ. ਨੇ ਟਰੂਡੋ ਕਾਰਬਨ ਟੈਕਸ ਲਈ ਆਪਣਾ ਸਮਰਥਨ ਵਾਪਸ ਲੈ ਲਿਆ। 2019 ਵਿੱਚ ਜਲਵਾਯੂ ਤਬਦੀਲੀ ਨਾਲ ਨਜਿੱਠਣ ਦੇ ਉਪਾਅ ਵਜੋਂ ਟੈਕਸ ਦੇ ਹੱਕ ਵਿੱਚ ਪ੍ਰਚਾਰ ਕਰਨ ਵਾਲੀ ਪਾਰਟੀ ਨੇ ਹੁਣ ਆਪਣਾ ਰੁਖ ਨਰਮ ਕਰ ਲਿਆ ਹੈ। ਕੰਜ਼ਰਵੇਟਿਵਾਂ ਨੇ ਇਸ ਤਬਦੀਲੀ ਦੀ ਆਲੋਚਨਾ ਕਰਦਿਆਂ ਕਿਹਾ, ‘ਇਹ ਸਪੱਸ਼ਟ ਹੈ ਕਿ ਜਗਮੀਤ ਸਿੰਘ ਇੱਕ ਕਮਜ਼ੋਰ ਨੇਤਾ ਹੈ ਜੋ ਆਪਣੇ ਹੀ ਰਿਕਾਰਡ ਤੋਂ ਭੱਜਣ ਦੀ ਸਖ਼ਤ ਕੋਸ਼ਿਸ਼ ਕਰ ਰਿਹਾ ਹੈ।’ ਹਾਲਾਂਕਿ ਆਉਣ ਵਾਲੇ ਮਹੀਨਿਆਂ ਵਿੱਚ ਚੋਣਾਂ ਹੋ ਸਕਦੀਆਂ ਹਨ, ਐਨਡੀਪੀ ਨੂੰ ਇਸ ਬਾਰੇ ਇੱਕ ਨਾਜ਼ੁਕ ਫੈਸਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਕੀ ਆਪਣੀ ਰਾਜਨੀਤਿਕ ਕਿਸਮਤ ’ਤੇ ਮੁੜ ਕਬਜ਼ਾ ਕਰਨਾ ਹੈ ਜਾਂ ਨਹੀਂ। ਕੀ ਉਨ੍ਹਾਂ ਨੂੰ ਲਿਬਰਲਾਂ ਨਾਲ ਸਮਝੌਤਾ ਤੋੜ ਲੈਣਾ ਚਾਹੀਦਾ ਹੈ ਜਾਂ ਆਪਣਾ ਨੇਤਾ ਬਦਲ ਲੈਣਾ ਚਾਹੀਦਾ ਹੈ? ਸਾਰੇ ਵਿਕਲਪ ਮੇਜ਼ ’ਤੇ ਹਨ. ਸਮਝੌਤੇ ਵਿੱਚ ਸ਼ਾਮਲ ਚੌਵੀ ਤੱਤਾਂ ਵਿੱਚੋਂ ਸਿਰਫ਼ ਤਿੰਨ ਹੀ ਲਾਗੂ ਕੀਤੇ ਜਾਣੇ ਬਾਕੀ ਹਨ: ਲੰਮੇ ਸਮੇਂ ਦੀ ਦੇਖਭਾਲ ਬਾਰੇ ਇੱਕ ਕਾਨੂੰਨ ਨੂੰ ਅਪਣਾਉਣ, ਕਿਫਾਇਤੀ ਰਿਹਾਇਸ਼ ਨੂੰ ਮਾਰਕੀਟ ਮੁੱਲ ਦੇ 80 ਪ੍ਰਤੀਸ਼ਤ ਜਾਂ ਘੱਟ ਵਜੋਂ ਪਰਿਭਾਸ਼ਿਤ ਕਰਨਾ ਅਤੇ ਲਾਪਤਾ ਅਤੇ ਕਤਲ ਕੀਤੀਆਂ ਸਵਦੇਸ਼ੀ ਔਰਤਾਂ ਨੂੰ ਸੰਬੋਧਿਤ ਕਰਨਾ, ਇੱਕ ਸਥਾਈ ਸੰਘੀ ਬਣਾਉਣਾ। ਕੁੜੀਆਂ ਅਤੇ LGBTQ ਲੋਕਾਂ ’ਤੇ ਸੂਬਾਈ-ਖੇਤਰੀ ਸਾਰਣੀ। ਅਸੀਂ ਉਮੀਦ ਕਰ ਸਕਦੇ ਹਾਂ ਕਿ ਜਦੋਂ ਗਰਮੀਆਂ ਤੋਂ ਬਾਅਦ ਸੰਸਦੀ ਕੰਮਕਾਜ ਮੁੜ ਸ਼ੁਰੂ ਹੋਵੇਗਾ ਤਾਂ ਸਿੰਘ ਹੋਰ ਮੰਗਾਂ ਕਰਨਗੇ। ਉਹ ਸੰਭਾਵਤ ਤੌਰ ’ਤੇ ਤਲਾਕ ਲਈ ਦਾਇਰ ਕਰਨ ਤੋਂ ਪਹਿਲਾਂ ਲਿਬਰਲਾਂ ਨਾਲ ਆਪਣੇ ਸੌਦੇ ਤੋਂ ਹੋਰ ਉਪਾਅ ਕੱਢਣ ਦੀ ਕੋਸ਼ਿਸ਼ ਕਰੇਗਾ। ਪਰ ਪਾਰਟੀ ਦੀ ਸਫ਼ਲਤਾ ਵਿੱਚ ਅਸਲ ਵਿੱਚ ਕੋਈ ਫ਼ਰਕ ਪਾਉਣ ਲਈ, ਐਨਡੀਪੀ ਨੂੰ ਆਪਣੇ ਮਜ਼ਦੂਰ-ਸ਼੍ਰੇਣੀ ਦੇ ਹਿੱਸਿਆਂ ਨਾਲ ਤਾਲਮੇਲ ਬਣਾਉਣ ਅਤੇ ਜਨਤਕ ਰਿਹਾਇਸ਼, ਉਦਯੋਗਿਕ ਨੀਤੀ ਅਤੇ ਜਲਵਾਯੂ ਪਰਿਵਰਤਨ ਕਾਰਵਾਈ ਵਰਗੀਆਂ ਅਭਿਲਾਸ਼ੀ ਸਮਾਜਿਕ ਜਮਹੂਰੀ ਪਹਿਲਕਦਮੀਆਂ ਲਈ ਵਚਨਬੱਧ ਹੋਣ ਦੀ ਲੋੜ ਹੋਵੇਗੀ। ਡੋਨਾਲਡ ਟਰੰਪ ਦੇ ਸੰਯੁਕਤ ਰਾਜ ਵਿੱਚ ਵ੍ਹਾਈਟ ਹਾਊਸ ਵਿੱਚ ਵਾਪਸ ਆਉਣ ਅਤੇ ਕੈਨੇਡੀਅਨ ਅਧਿਕਾਰਾਂ ਨੂੰ ਸੰਭਾਵੀ ਤੌਰ ’ਤੇ ਮਜ਼ਬੂਤ ਕਰਨ ਦੀ ਸੰਭਾਵਨਾ ਕੈਨੇਡੀਅਨ ਸੋਸ਼ਲ ਡੈਮੋਕਰੇਟਸ ਲਈ ਆਪਣੇ ਕੰਮ ਨੂੰ ਇਕੱਠੇ ਕਰਨ ਦੀ ਤੁਰੰਤ ਲੋੜ ਨੂੰ ਦਰਸਾਉਂਦੀ ਹੈ।

**ਧੰਨਵਾਦ ਸਹਿਤ ਜੈਕੋਬਿਨ ਮੈਗਜ਼ੀਨ**

## ਵਿਗਿਆਨ ਦੌਰ 'ਚ ਗੈਰ ਵਿਗਿਆਨਕ ਸ਼ਕਤੀ

# ਅਧਿਆਤਮਿਕ ਬਾਬਿਆਂ ਦੀ ਹਕੀਕਤ

**ਪ੍ਰੋ. ਰੌਣਕੀ ਰਾਮ**



*ਜਿਸ ਕਿਸਮ ਨਾਲ ਗਿਆਨ ਅਤੇ ਵਿਗਿਆਨ ਨੇ ਇਥੋਂ ਤੱਕ ਆਰਟੀਫਿਸਲ ਇੰਟੈਲੀਜੈਂਸ ਨੇ ਗਿਆਨ ਦੀ ਥਾਂ ਪਾ ਲਈ ਹੈ । ਸਦੀਆਂ ਤੋਂ ਵਿਗਿਆਨੀਆਂ ਨੇ ਆਪਣੀ ਸਖਤ ਮਿਹਨਤ ਨਾਲ ਵਿਗਿਆਨਕ ਖੋਜਾਂ ਕੀਤੀਆਂ ਅਤੇ ਇਸ ਧਰਤੀ 'ਤੇ ਮਨੁੱਖ ਲਈ ਹਰ ਕਿਸਮ ਦੀ ਸਹੂਲਤ ਵਾਸਤੇ ਵਿਗਿਆਨਕ ਸਿਧਾਂਤਾਂ ਦੀ ਵਰਤੋਂ ਕੀਤੀ । ਦੁਨੀਆ ਦੇ ਹਰੇਕ ਕੋਨੇ 'ਤੇ ਵਿਗਿਆਨ ਪ੍ਰਾਪਤੀਆਂ ਰਾਹੀਂ ਵਿਕਸਿਤ ਹੋਈ ਸੋਚ ਨੇ ਨਵੇਂ ਮਨੁੱਖਾਂ ਦੀ ਸਿਰਜਨਾ ਵਿਚ ਅਹਿਮ ਯੋਗਦਾਨ ਪਾਇਆਹੈ । ਇਹ ਇਤਿਹਾਸ ਦੀ ਵਿਡੰਬਨਾ ਹੀ ਹੈ ਕਿ ਇਕ ਵੱਡਾ ਵਪਾਰ ਜੋ ਕਿ ਡੇਰਿਆਂ, ਸਾਧਾਂ, ਸੰਤਾਂ ਅਤੇ ਅੰਧਵਿਸ਼ਵਾਸ ਵਿਚਾਰਾਂ ਰਾਹੀਂ ਸਮਾਜ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਚੁੱਕਾ ਹੈ । ਉਸ ਦੀਆਂ ਬਾਰੀਕ ਤੰਦਾਂ ਨੂੰ ਸਮਝਣ ਲਈ ਪ੍ਰਸਿੱਧ ਰਾਜਨੀਤਕ ਸਮਾਜਿਕ ਵਿਗਿਆਨੀ ਪ੍ਰੋ. ਰੌਣਕੀ ਰਾਮ ਦੀ ਲਿਖਤ ਦੇ ਕੇ ਮਾਣ ਹਾਸਲ ਕਰ ਰਹੇ ਹਾਂ । – ਸੰਪਾਦਕ*

ਅਧਿਆਤਮਿਕ ਗੁਰੂਆਂ ਜਾਂ ਬਾਬਿਆਂ ਵਿੱਚ ਵਿਲੱਖਣ ਇਲਾਜ ਸ਼ਕਤੀਆਂ ਹੋਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ ਅਤੇ ਉਹ ਆਮ ਤੌਰ 'ਤੇ ਉਨ੍ਹਾਂ ਲੋਕਾਂ ਵਿੱਚ ਪ੍ਰਸਿੱਧ ਹਨ ਜੋ ਸਮਾਜਿਕ ਤੌਰ 'ਤੇ ਵਾਂਝੇ ਅਤੇ ਆਰਥਿਕ ਤੌਰ 'ਤੇ ਅਸੁਰੱਖਿਅਤ ਹਨ। ਬਹੁਤ ਸਾਰੇ ਗੁਰੂ ਅਤੇ ਬਾਬੇ ਲੋੜਵੰਦਾਂ ਨੂੰ ਦਾਨ ਦੇ ਕੇ ਜਾਂ ਹਾਸ਼ੀਏ 'ਤੇ ਪਏ ਲੋਕਾਂ ਨੂੰ ਉਮੀਦ ਦੇ ਕੇ ਆਪਣੇ ਪੈਰੋਕਾਰਾਂ ਦੇ ਜੀਵਨ ਵਿੱਚ ਸਕਾਰਾਤਮਕ ਭੂਮਿਕਾ ਨਿਭਾਉਂਦੇ ਹਨ। ਬਹੁਤ ਸਾਰੇ ਲੋਕ ਇਹਨਾਂ ਧਾਰਮਿਕ ਨੇਤਾਵਾਂ ਕੋਲ ਆਉਂਦੇ ਹਨ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਮੁੱਖ ਧਾਰਾ ਦੀ ਰਾਜਨੀਤੀ ਅਤੇ ਧਰਮ ਨੇ ਉਹਨਾਂ ਨੂੰ ਨੀਵਾਂ ਕਰ ਦਿੱਤਾ ਹੈ ਅਤੇ ਨਤੀਜੇ ਵਜੋਂ, ਬਹੁਤ ਸਾਰੇ ਗੁਰੂਆਂ ਅਤੇ ਬਾਬਿਆਂ ਦੇ ਪੈਰੋਕਾਰਾਂ ਦੀ ਹੈਰਾਨੀਜਨਕ ਗਿਣਤੀ ਖਤਮ ਹੋ ਜਾਂਦੀ ਹੈ। ਪੰਜਾਬ/ਹਰਿਆਣਾ ਦੇ ਕੁਝ ਡੇਰੇ – ਮੁੱਖ ਤੌਰ 'ਤੇ ਡੇਰਾ ਸੱਚ ਸੌਦਾ, ਸਿਰਸਾ, ਡੇਰਾ ਰਾਧਾਸਵਾਮੀ, ਬਿਆਸ ਅਤੇ ਡੇਰਾ ਸੱਚਖੰਡ, ਬੱਲਾਂ – ਸਮਾਜ ਦੇ ਇਤਿਹਾਸਕ ਤੌਰ 'ਤੇ ਵਾਂਝੇ ਵਰਗਾਂ ਦੇ ਸਸ਼ਕਤੀਕਰਨ ਲਈ ਸਮਾਜਿਕ ਪੂੰਜੀ ਪੈਦਾ ਕਰ ਰਹੇ ਹਨ। ਫਰਾਂਸੀਸੀ ਸਮਾਜ-ਵਿਗਿਆਨੀ ਪੀਅਰੇ ਬੋਰਡਿਊ ਦੇ ਸ਼ਬਦਾਂ ਵਿੱਚ, ਇਹ 'ਆਪਸੀ ਜਾਣ-ਪਛਾਣ ਅਤੇ ਮਾਨਤਾ ਦੇ ਘੱਟ ਜਾਂ ਘੱਟ ਸੰਸਥਾਗਤ ਸਬੰਧਾਂ ਦਾ ਇੱਕ ਟਿਕਾਊ ਨੈੱਟਵਰਕ ਹੈ।' ਸਮਾਜਿਕ ਪੂੰਜੀ ਵੱਖ-ਵੱਖ ਸਮਾਜਿਕ-ਧਾਰਮਿਕ ਅਤੇ ਸੱਭਿਆਚਾਰਕ ਨੈੱਟਵਰਕਾਂ ਅਤੇ ਵਿਅਕਤੀਆਂ ਵਿਚਕਾਰ ਸਬੰਧਾਂ ਵਿੱਚ ਮੌਜੂਦ ਪਰਸਪਰਤਾ ਅਤੇ ਭਰੋਸੇਯੋਗਤਾ ਦੇ ਨਿਯਮਾਂ ਤੋਂ ਪੈਦਾ ਹੁੰਦੀ ਹੈ। ਇਹ ਨਾ ਤਾਂ ਖੁਦ ਅਭਿਨੇਤਾਵਾਂ ਵਿੱਚ ਸਥਿਤ ਹੈ (ਜਿਵੇਂ ਕਿ ਘੱਟ ਠੋਸ ਮਨੁੱਖੀ ਪੂੰਜੀ ਦੇ ਮਾਮਲੇ ਵਿੱਚ, ਜੋ ਕਿ ਇੱਕ ਵਿਅਕਤੀ ਦੁਆਰਾ ਹਾਸਲ ਕੀਤੇ ਹੁਨਰ ਅਤੇ ਗਿਆਨ ਵਿੱਚ ਸ਼ਾਮਲ ਹੁੰਦਾ ਹੈ) ਜਾਂ ਉਤਪਾਦਨ ਦੇ ਭੌਤਿਕ ਯੰਤਰਾਂ ਵਿੱਚ (ਜਿਵੇਂ ਕਿ ਭੌਤਿਕ ਪੂੰਜੀ ਦੇ ਮਾਮਲੇ ਵਿੱਚ ਹੈ, ਜੋ ਕਿ ਹੈ। ਪੂਰੀ ਤਰ੍ਹਾਂ ਨਾਲ ਠੋਸ, ਜੋ ਦੇਖਣਯੋਗ ਭੌਤਿਕ ਰੂਪ ਵਿੱਚ ਸਰੂਪ ਹੈ)। ਫਿਰ ਵੀ ਭੌਤਿਕ ਅਤੇ ਮਨੁੱਖੀ ਪੂੰਜੀ ਦੋਵਾਂ ਨਾਲੋਂ ਘੱਟ ਠੋਸ ਹੋਣ ਦੇ ਬਾਵਜੂਦ, ਸਮਾਜਿਕ ਪੂੰਜੀ ਅਨੁਯਾਈਆਂ ਦੀ ਉਹਨਾਂ ਦੇ ਆਪਸੀ ਸਬੰਧਾਂ ਨੂੰ ਵਧਾ ਕੇ ਉਹਨਾਂ ਦੇ ਚੁਣੇ ਹੋਏ ਜੀਵਨ ਦੇ ਖੇਤਰ ਵਿੱਚ ਉੱਤਮ ਹੋਣ ਦੀ ਯੋਗਤਾ ਨੂੰ ਵਧਾਉਂਦੀ ਹੈ। ਅਮਰੀਕੀ ਸਮਾਜ-ਵਿਗਿਆਨੀ ਜੇਮਜ਼ ਸੈਮੂਅਲ ਕੋਲਮੈਨ ਨੇ ਇਸਨੂੰ 'ਇਸਦੇ ਕਾਰਜ ਦੁਆਰਾ' ਪਰਿਭਾਸ਼ਿਤ ਕੀਤਾ, ਜੋ ਕਿ 'ਸਮਾਜਿਕ ਢਾਂਚੇ ਦੇ ਕੁਝ ਪਹਿਲੂਆਂ' ਦੇ ਦਾਇਰੇ ਦੇ ਅੰਦਰ ਵੱਖ-ਵੱਖ ਰੂਪਾਂ ਰਾਹੀਂ ਪ੍ਰਗਟ ਹੁੰਦਾ ਹੈ – ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਵਿਆਪਕ ਭਰੋਸੇਯੋਗਤਾ ਅਤੇ ਅੰਤਰ-ਵਿਅਕਤੀਗਤ ਵਿਸ਼ਵਾਸ ਨਾਲ ਮੇਲ ਖਾਂਦਾ ਹੈ। ਦੋਨਾਂ 'ਬੰਧਨ (ਨਿਵੇਕਲੇ)' ਅਤੇ 'ਬ੍ਰਿਜਿੰਗ' (ਸਮੇਤ) ਸੋਸ਼ਲ ਪੂੰਜੀ ਨੈੱਟਵਰਕਾਂ ਦੇ ਸੁਮੇਲ ਨਾਲ, ਕੁਝ ਡੇਰਿਆਂ ਨੇ ਆਪਣੇ ਹਸਪਤਾਲ, ਵਿਦਿਅਕ ਸੰਸਥਾਵਾਂ, ਤਕਨੀਕੀ ਸਿਖਲਾਈ ਕੇਂਦਰ, ਪ੍ਰੋਵੀਜ਼ਨ ਸਟੋਰ, ਸਥਾਨਕ ਆਵਾਜਾਈ ਪ੍ਰਣਾਲੀਆਂ, ਹਫ਼ਤਾਵਾਰੀ ਰਸਾਲੇ ਅਤੇ ਲਾਇਬ੍ਰੇਰੀਆਂ ਦੀ ਸਥਾਪਨਾ ਕੀਤੀ ਹੈ। ਅਜਿਹੇ ਡੇਰਿਆਂ ਦੇ ਵਿਆਪਕ ਸੰਸਥਾਗਤ ਪ੍ਰਬੰਧ ਉਨ੍ਹਾਂ ਦੇ ਪੈਰੋਕਾਰਾਂ ਵਿਚਕਾਰ ਸੰਘਣੇ ਪਰਸਪਰ ਸਮਾਜਿਕ ਅਤੇ ਧਾਰਮਿਕ ਸਬੰਧਾਂ ਦੇ ਇੱਕ ਨੈਟਵਰਕ ਨੂੰ ਅੱਗੇ ਵਧਾਉਂਦੇ ਹਨ। ਬਹੁਤ ਸਾਰੇ ਡੇਰਿਆਂ ਵਿੱਚ, ਡੇਰਿਆਂ ਦੇ ਬਾਬਿਆਂ/ਮੁਖੀਆਂ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਵਿਚਕਾਰ ਰੋਜ਼ਾਨਾ ਨਿਯਮਤ ਦਰਸ਼ਨ ਸੈਸ਼ਨ (ਆਹਮਣੇ-ਸਾਹਮਣੇ ਗੱਲਬਾਤ) ਹੁੰਦੇ ਹਨ – ਇੱਕ ਅਜਿਹਾ ਅਭਿਆਸ ਜੋ ਇੱਕ ਪਾਸੇ ਡੇਰਿਆਂ ਦੇ ਪੈਰੋਕਾਰਾਂ ਅਤੇ ਉਨ੍ਹਾਂ ਦੇ ਬਾਬਿਆਂ ਵਿਚਕਾਰ ਸਬੰਧਾਂ ਵਿੱਚ ਆਪਸੀ ਸਾਂਝ ਨੂੰ ਵਧਾਉਂਦਾ ਹੈ। ਦੂਜੇ ਪਾਸੇ ਡੇਰਿਆਂ ਵਿੱਚ ਗੁਰੂ ਅਤੇ ਭਰੋਸੇਯੋਗਤਾ ਲਈ ਮਾਪਦੰਡ ਵਿਕਸਿਤ ਕਰਦਾ ਹੈ। ਇਸ ਤੋਂ ਇਲਾਵਾ, ਬਹੁਤ ਸਾਰੇ ਡੇਰੇ ਨਿਯਮਿਤ ਤੌਰ 'ਤੇ ਮਾਸਿਕ/ਸਾਲਾਨਾ ਸਮਾਗਮਾਂ (ਧਾਰਮਿਕ ਸਭਾਵਾਂ) ਦਾ ਆਯੋਜਨ ਕਰਦੇ ਹਨ, ਖਾਸ ਤੌਰ 'ਤੇ ਉਨ੍ਹਾਂ ਦੇ ਸੰਤਾਂ/ਬਾਬਿਆਂ ਦੇ ਜਨਮ/ਮਰਨ ਦੀ ਬਰਸੀ 'ਤੇ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਪੈਰੋਕਾਰਾਂ ਦੇ ਨਾਲ-ਨਾਲ ਪ੍ਰਸਿੱਧ ਰਾਜਨੀਤਿਕ ਹਸਤੀਆਂ ਸ਼ਾਮਲ ਹੁੰਦੀਆਂ ਹਨ। ਇਹ ਅਜਿਹੇ ਨਿਯਮਤ ਇਕੱਠਾਂ ਦੌਰਾਨ ਹੁੰਦਾ ਹੈ ਕਿ ਉਨ੍ਹਾਂ ਦੇ ਸ਼ਰਧਾਲੂ – ਜਿਸ ਵਿੱਚ ਸਾਰੇ ਸਮਾਜਿਕ ਵਰਗ ਦੇ ਲੋਕ ਸ਼ਾਮਲ ਹੁੰਦੇ ਹਨ – ਡੇਰਿਆਂ ਨੂੰ ਇੱਕ ਵਿਲੱਖਣ ਸਮਾਜਿਕ-ਧਾਰਮਿਕ ਅਤੇ ਸੱਭਿਆਚਾਰਕ ਦਰਜਾ ਦੇਣ ਦੇ ਨਾਲ-ਨਾਲ ਮੁੱਖ ਧਾਰਾ ਦੇ ਧਾਰਮਿਕ ਆਦੇਸ਼ਾਂ ਦਾ ਇੱਕ ਮਹੱਤਵਪੂਰਨ ਹਿੱਸਾ ਬਣਾਉਂਦੇ ਹਨ ਆਪਸ ਵਿੱਚ ਪਰਸਪਰਤਾ ਅਤੇ ਭਰੋਸੇਯੋਗਤਾ ਦੇ ਤੱਤ ਪ੍ਰਦਾਨ ਕਰਦੇ ਹਨ। ਹਾਲਾਂਕਿ ਜ਼ਿਆਦਾਤਰ ਅਜਿਹੇ ਸਬੰਧ ਸਮਾਜ ਦੇ ਹਾਸ਼ੀਏ 'ਤੇ ਅਤੇ ਇਤਿਹਾਸਕ ਤੌਰ 'ਤੇ ਪਛੜੇ ਵਰਗਾਂ ਵਿਚਕਾਰ ਬਣਦੇ ਹਨ, ਪਰ ਉਨ੍ਹਾਂ ਦੀ ਸੰਪੂਰਨ ਸੰਖਿਆ, ਚੋਣ ਗਣਿਤ ਦੇ ਸੰਦਰਭ ਵਿੱਚ, 'ਬੰਧਨ ਸਮਾਜਿਕ ਪੂੰਜੀ' ਦਾ ਇੱਕ ਅਮੀਰ ਭੰਡਾਰ ਪੈਦਾ ਕਰਦੀ ਹੈ ਜੋ ਇੱਕ ਕਿਸਮ ਦਾ ਸਮਾਜਕ 'ਸੁਪਰਗਲੂ' ਹੈ, ਅਮਰੀਕੀ ਸਿਆਸੀ ਦਲੀਲ ਵਿਗਿਆਨੀ ਰੌਬਰਟ ਪੁਟਨਮ ਡੇਰਿਆਂ ਨੇ ਸਮੇਂ ਦੇ ਨਾਲ ਵੱਖ-ਵੱਖ ਰੀਤੀ ਰਿਵਾਜਾਂ, ਰਸਮਾਂ, ਪਰੰਪਰਾਵਾਂ, ਨਾਅਰੇ, ਚਿੰਨ੍ਹ, ਸ਼ੁਭ ਤਾਰੀਖਾਂ, ਰੀਤੀ-ਰਿਵਾਜਾਂ, ਅਰਦਾਸਾਂ (ਅਰਦਾਸ), ਕੀਰਤਨ (ਪਵਿੱਤਰ ਭਜਨਾਂ ਦੀ ਸੰਗੀਤਕ ਪੇਸ਼ਕਾਰੀ), ਧਾਰਮਿਕ ਤਿਉਹਾਰਾਂ, ਮੂਰਤੀ-ਵਿਗਿਆਨ ਅਤੇ ਬਾਬਿਆਂ ਦੇ ਪਹਿਰਾਵੇ ਨੂੰ ਅਪਣਾਉਣ ਨਾਲ ਵਿਕਾਸ ਕੀਤਾ ਹੈ। ਨਾਲ ਵਿਲੱਖਣ ਪ੍ਰੋਫਾਈਲ ਹਾਸਲ ਕੀਤੀ ਹੈ। ਡੇਰਿਆਂ ਦੇ ਬਾਬਿਆਂ ਦੁਆਰਾ ਸਾਵਧਾਨੀ ਨਾਲ ਬਣਾਏ ਗਏ ਵਿਲੱਖਣ ਪਛਾਣ ਚਿੰਨ੍ਹਾਂ ਨੂੰ ਡੇਵਿਨ ਅਤੇ ਡੇਨੁਲਿਨ ਨੇ ਇੱਕ ਉੱਭਰ ਰਹੇ ਵਿਕਲਪਕ ਸਮਾਜਿਕ-ਧਾਰਮਿਕ ਸਮਾਜ (ਸਮਾਜ) ਦਾ 'ਨੈਤਿਕ ਜ਼ਾਬਤਾ' ਕਿਹਾ ਹੈ, ਜੋ ਕਿ ਵਿਸ਼ਾਲ ਭੌਤਿਕ ਢਾਂਚੇ ਦੇ ਨਾਲ ਮਿਲ ਕੇ, ਸਮਾਜ ਦੀ ਸੁਰੱਖਿਆ ਲਈ ਕੰਮ ਕਰਦਾ ਹੈ। ਸਮਾਜਕ ਤੌਰ 'ਤੇ ਵਿਤਕਰੇ ਵਾਲਾ ਸਮਾਜ ਅਤੇ ਆਰਥਿਕ ਤੌਰ 'ਤੇ ਗਰੀਬ ਵਰਗਾਂ ਲਈ ਉੱਪਰ ਵੱਲ ਸਮਾਜਿਕ ਗਤੀਸ਼ੀਲਤਾ ਦੀ ਇੱਕ ਵਿਹਾਰਕ ਏਜੰਸੀ ਬਣਾਉਂਦਾ ਹੈ। ਡੇਰਿਆਂ ਦੇ ਪੈਰੋਕਾਰਾਂ ਨੂੰ ਆਪਸ ਵਿਚ ਬੰਨ੍ਹਣ ਵਾਲੇ ਨਿਯਮਾਂ ਅਤੇ ਕਦਰਾਂ-ਕੀਮਤਾਂ ਦੇ ਇਹ ਗੈਰ-ਰਸਮੀ ਸੈੱਟ ਡੇਰਿਆਂ ਦੇ ਅਹਾਤੇ ਦੇ ਅੰਦਰ ਲੰਬੇ ਸਮੇਂ ਤੋਂ ਬਣਾਏ ਗਏ ਸਨ, ਜਿੱਥੇ ਮੁੱਖ ਅਧਿਆਤਮਿਕ ਭਾਸ਼ਣ ਦੇਣ ਤੋਂ ਪਹਿਲਾਂ, ਨਸ਼ਾਖੋਰੀ, ਕੰਨਿਆ ਭਰੂਣ ਹੱਤਿਆ, ਦਾਜ ਦੀ ਦੁਰਵਰਤੋਂ ਅਤੇ ਸੰਗਤ ਸੀ। ਅਤੇ ਫਿਰਕੂ ਨਿੰਦਿਆ ਦੇ ਖਿਲਾਫ ਘੋਸ਼ਣਾਵਾਂ ਨਾਲ ਮਨੋਰੰਜਨ ਕੀਤਾ ਜਾਂਦਾ ਹੈ। ਨਤੀਜਾ ਇਹ ਨਿਕਲਿਆ ਕਿ ਹੌਲੀ-ਹੌਲੀ ਵਿਸ਼ਵਾਸ ਕਰਨ ਵਾਲੇ ਆਮ ਹੋ ਗਏ

ਨੈਤਿਕਤਾ ਦਾ ਸਿਧਾਂਤ, ਜਿਸ ਨੇ ਉਨ੍ਹਾਂ ਨੂੰ ਕੈਂਪ ਸੱਭਿਆਚਾਰ ਨਾਲ ਹੋਰ ਵੀ ਜੋੜਿਆ, ਜਿਸਦਾ ਨਤੀਜਾ ਅਮਰੀਕੀ ਰਾਜਨੀਤਿਕ ਵਿਗਿਆਨੀ ਫਰਾਂਸਿਸ ਫੁਕੁਯਾਮਾ ਨੇ 'ਸਮਾਜਿਕ ਪੂੰਜੀ ਦੇ ਖੁਦ ਦੇ ਗਠਨ' ਦੀ ਦਲੀਲ ਦਿੱਤਾ। ਸਮਾਜਿਕ ਤੌਰ 'ਤੇ ਚਾਰਜ ਕੀਤੇ ਗਏ ਅਧਿਆਤਮਿਕ ਭਾਸ਼ਣ '...ਲੋਕਾਂ ਨੂੰ ਉਹਨਾਂ ਦੇ ਜੀਵਨ ਨੂੰ ਸਹੀ ਢੰਗ ਨਾਲ ਜੀਉਣ ਵਿੱਚ ਮਦਦ ਕਰਨ ਲਈ ਇੱਕ ਕਿਸਮ ਦਾ ਨੈਤਿਕ ਕੰਪਾਸ ਪ੍ਰਦਾਨ ਕਰਦਾ ਹੈ' ਵਿਸ਼ਵਾਸੀਆਂ ਨੂੰ ਉਹਨਾਂ ਦੀ ਵੱਧ ਤੋਂ ਵੱਧ ਸਮਰੱਥਾ ਦਾ ਅਹਿਸਾਸ ਕਰਨ ਵਿੱਚ ਮਦਦ ਕਰਨ ਦੇ ਉਦੇਸ਼ ਨਾਲ ਜੋ ਕੈਂਪਾਂ ਦੀ ਸਮਾਜਿਕ ਪੂੰਜੀ ਦਾ ਨਤੀਜਾ ਹੈ। ਡੇਰਿਆਂ ਦੇ ਵੰਨ-ਸੁਵੰਨੇ ਪੈਰੋਕਾਰ ਵੱਖ-ਵੱਖ ਜਾਤਾਂ, ਵਰਗਾਂ, ਧਰਮਾਂ, ਲਿੰਗ, ਰੁਤਬੇ ਅਤੇ ਖੇਤਰਾਂ ਦੇ ਲੋਕਾਂ ਨੂੰ ਨਾ ਸਿਰਫ਼ ਡੇਰਿਆਂ ਦੇ ਅਹਾਤੇ ਵਿੱਚ ਵਿਸ਼ੇਸ਼ ਮੌਕਿਆਂ 'ਤੇ ਇਕੱਠੇ ਬੈਂਡ ਕਰਨ ਲਈ (ਇੱਕ ਬੰਧਨ/ਨਿਵੇਕਲੇ ਸਮਾਜਿਕ ਪੂੰਜੀ ਨੈੱਟਵਰਕ ਵਜੋਂ) ਪ੍ਰੇਰਦੇ ਹਨ, ਸਗੋਂ ਉਨ੍ਹਾਂ ਦਾ ਲੰਮਾ ਵਿਕਾਸ ਵੀ ਹੁੰਦਾ ਹੈ। – ਵਿਹਾਰਕ ਆਪਸੀ ਸਸ਼ਕਤੀਕਰਨ ਲਈ ਉਹਨਾਂ ਦੇ ਆਂਢ-ਗੁਆਂਢ ਦੇ ਅੰਦਰ ਅੰਤਰ-ਭਾਈਚਾਰਕ ਸਬੰਧਾਂ (ਬ੍ਰਿਜਿੰਗ/ਸਮੂਹਿਕ ਸਮਾਜਿਕ ਪੂੰਜੀ ਨੈੱਟਵਰਕ)। ਡੇਰਿਆਂ ਦੇ ਅੰਦਰ ਦੀਆਂ ਸਾਰੀਆਂ ਗਤੀਵਿਧੀਆਂ, ਜਿਸ ਵਿੱਚ ਸਫ਼ਾਈ ਦਾ ਕੰਮ, ਪ੍ਰਸ਼ਾਸਨ, ਸੁਰੱਖਿਆ ਪ੍ਰਬੰਧ, ਡੇਰੇ ਦੇ ਸਮਾਗਮਾਂ ਦੌਰਾਨ ਜਨਤਕ ਅਤੇ ਡੇਰੇ ਦੀਆਂ ਸੜਕਾਂ ਦੋਵਾਂ 'ਤੇ ਆਵਾਜਾਈ ਦਾ ਪ੍ਰਬੰਧਨ ਅਤੇ ਲੰਗਰ (ਜੋ ਕਿ ਸ਼ਰਧਾਲੂਆਂ ਨੂੰ ਉਨ੍ਹਾਂ ਦੀ ਜਾਤ, ਵਰਗ ਅਤੇ ਧਰਮ ਦੀ ਪਰਵਾਹ ਕੀਤੇ ਬਿਨਾਂ ਦਿੱਤਾ ਜਾਂਦਾ ਹੈ) ਮੁਫਤ ਭੋਜਨ ਹੈ), ਸਾਰੇ ਸੇਵਾਦਾਰਾਂ ਦੁਆਰਾ ਪ੍ਰਬੰਧਿਤ ਕੀਤੇ ਜਾਂਦੇ ਹਨ (ਡੇਰੇ ਦੇ ਮੈਂਬਰਾਂ ਵਿੱਚੋਂ ਚੁਣੇ ਗਏ ਵਾਲੰਟੀਅਰ ਵਰਕਰ) – ਜੋ ਇਸ ਤਰ੍ਹਾਂ ਡੇਰਿਆਂ ਦੀ ਸਮਾਜਿਕ ਰਾਜਧਾਨੀ ਦੇ ਅਸਲ ਰਾਜਦੂਤ ਬਣ ਜਾਂਦੇ ਹਨ। ਅਜਿਹੇ ਕੰਮ ਨੂੰ ਪੂਰਾ ਕਰਨਾ ਕੋਈ ਮਾੜਾ ਕਾਰਨਾਮਾ ਨਹੀਂ ਹੈ ਕਿਉਂਕਿ ਕਈ ਵਾਰ ਸੈਲਾਨੀਆਂ ਦੀ ਗਿਣਤੀ 10 ਲੱਖ ਤੱਕ ਪਹੁੰਚ ਜਾਂਦੀ ਹੈ, ਖਾਸ ਕਰਕੇ ਸਾਲਾਨਾ ਭੰਡਾਰਿਆਂ (ਧਰਮ ਦੇ ਸੰਸਥਾਪਕਾਂ ਦੀਆਂ ਬਰਸੀ ਨੂੰ ਸ਼ਰਧਾਂਜਲੀ ਦੇਣ ਲਈ ਸਾਲਾਨਾ ਧਾਰਮਿਕ ਇਕੱਠ) ਦੌਰਾਨ। ਉਪਰੋਕਤ ਸੰਸਥਾਗਤ ਬੁਨਿਆਦੀ ਢਾਂਚਾ, ਡੇਰਿਆਂ ਦੇ ਵਿਭਿੰਨ ਨਜ਼ਦੀਕੀ ਸਮਾਜਿਕ ਨੈਟਵਰਕਾਂ ਦੇ ਨਾਲ-ਨਾਲ ਸਮਾਜਿਕ ਕਦਰਾਂ-ਕੀਮਤਾਂ 'ਤੇ ਜ਼ੋਰ ਦਿੱਤਾ ਗਿਆ ਹੈ – ਜਿਵੇਂ ਕਿ ਇਮਾਨਦਾਰ ਜੀਵਨ ਜਿਊਣਾ, ਆਪਣੀ ਮਿਹਨਤ ਨਾਲ ਕਮਾਈ ਕਰਨਾ, ਮੁੱਖ ਧਾਰਾ ਦੇ ਧਰਮਾਂ ਦਾ ਸਤਿਕਾਰ ਕਰਨਾ, ਗੈਰ-ਵਿਤਕਰੇ ਰਹਿਤ ਵਿਵਹਾਰ ਅਤੇ ਸਮਾਨਤਾ –। ਉਹ ਹਨ ਜੋ ਅਥਾਹ ਠੋਸ ਅਤੇ ਅਟੱਲ ਸਮਾਜਿਕ ਪੂੰਜੀ ਪੈਦਾ ਕਰਦੇ ਹਨ, ਜਿਸ ਨੂੰ 'ਪਵਿੱਤਰ ਸਰਪਲੱਸ' ਵੀ ਕਿਹਾ ਜਾਂਦਾ ਹੈ, ਜੋ ਇੱਕ ਪ੍ਰਗਤੀਸ਼ੀਲ ਸਮਾਜਿਕ ਚੱਕਰ ਰਾਹੀਂ ਡੇਰਿਆਂ ਦੀ ਜਨਤਕ ਅਪੀਲ ਨੂੰ ਹੋਰ ਵਧਾਉਂਦਾ ਹੈ। ਹਾਲਾਂਕਿ, ਇੱਕ ਨਨੁਕਸਾਨ ਵੀ ਹੈ – ਸਮਾਜਿਕ ਪੂੰਜੀ – ਪੁਟਨਮ ਨੇ ਚੇਤਾਵਨੀ ਦਿੱਤੀ। ਇਹ 'ਮਜ਼ਬੂਤ ਆਊਟ-ਗਰੁੱਪ ਵਿਰੋਧ' ਵੀ ਪੈਦਾ ਕਰ ਸਕਦਾ ਹੈ ਅਤੇ ਅੰਤ ਵਿੱਚ ਸਿੱਧੇ ਸੰਘਰਸ਼ ਦੇ ਗਠਨ ਦਾ ਕਾਰਨ ਬਣ ਸਕਦਾ ਹੈ। ਰੋਮ ਸੇਜ ਦੇ ਨਾਲ ਇੱਕ ਦਰਸ਼ਕ, ਲਗਭਗ 1700–1725। ਕਲਾਕਾਰ ਅਣਜਾਣ। – ਗੈਟਟੀ ਚਿੱਤਰ ਵਿਸ਼ਵਾਸ ਦੀ ਲੀਪ: ਗੁਰੂ, ਦੇਵਤੇ ਅਤੇ ਧਰਮ ਨਿਰਪੱਖ ਭਾਰਤ ਪਵਨ ਮਾਲਰੈਡੀ ਦੁਆਰਾ ਪਹਿਲਾਂ ਚਰਚਾ ਕੀਤੀ ਗਈ ਸਮਾਜਿਕ ਪੂੰਜੀ ਬਾਰੇ ਕੋਲਮੈਨ ਦੀ ਵਿਆਖਿਆ ਤੋਂ ਇੱਕ ਸੰਕੇਤ ਲੈਂਦੇ ਹੋਏ, ਇਹ ਸੁਰੱਖਿਅਤ ਢੰਗ ਨਾਲ ਦਲੀਲ ਦਿੱਤੀ ਜਾ ਸਕਦੀ ਹੈ ਕਿ ਕੈਂਪ 'ਸਮਾਜਿਕ ਢਾਂਚੇ ਦੇ ਕੁਝ ਪਹਿਲੂਆਂ' ਨੂੰ ਦਰਸਾਉਂਦੇ ਹਨ ਜੋ ਉਹਨਾਂ ਦੇ ਅਨੁਯਾਈਆਂ ਵਿੱਚ ਵਿਹਾਰਕ ਤਬਦੀਲੀਆਂ ਨੂੰ ਦਰਸਾਉਂਦੇ ਹਨ, ਇਸ ਤਰ੍ਹਾਂ ਸਮੂਹਿਕ ਸਰੀਰਕ ਕਿਰਤ ਸਮੇਤ, ਵੱਖ-ਵੱਖ ਕਾਰਜਾਂ ਦੇ ਪ੍ਰਦਰਸ਼ਨ ਦੀ ਸਹੂਲਤ ਦਿੰਦੇ ਹਨ। ਬਦਲੇ ਵਿੱਚ, ਪੁਟਨਾਮ ਜਿਸਨੂੰ 'ਪਰਸਪਰਤਾ ਅਤੇ ਭਰੋਸੇਯੋਗਤਾ ਦੇ ਮਾਪਦੰਡ', ਆਪਸੀ ਸਤਿਕਾਰ ਅਤੇ ਸੱਚਾ ਵਿਵਹਾਰ ਕਹਿੰਦੇ ਹਨ, ਨੂੰ ਵਿਕਸਤ ਕਰਦਾ ਹੈ, ਅੰਤ ਵਿੱਚ ਇੱਕ ਨਾਜ਼ੁਕ ਪੁੰਜ ਬਣ ਜਾਂਦਾ ਹੈ। ਡੇਰੇ-ਅਧਾਰਤ ਸਮਾਜਿਕ ਢਾਂਚੇ ਅਜਿਹੇ ਡੇਰਿਆਂ ਦੀਆਂ ਠੋਸ ਭੌਤਿਕ ਸੀਮਾਵਾਂ ਦੇ ਅੰਦਰ ਵਿਸ਼ਵਾਸਯੋਗਤਾ ਅਤੇ ਆਪਸੀ ਸਤਿਕਾਰ ਵਰਗੇ ਗੁਣਾਂ ਨੂੰ ਉਤਸ਼ਾਹਿਤ ਕਰਦੇ ਹਨ (ਸਮਾਜਿਕ ਪੂੰਜੀ ਜੋੜਦੇ ਹਨ), ਉਹ ਵਿਆਹ ਦੇ ਗੱਠਜੋੜ ਦੀ ਸਹੂਲਤ ਦਿੰਦੇ ਹਨ ਅਤੇ ਜਾਤ, ਵਰਗ ਅਤੇ ਨਸਲਾਂ ਦੇ ਵਿਭਾਜਨ (ਸਮਾਜਿਕ ਪੂੰਜੀ ਨੂੰ ਜੋੜਦੇ ਹਨ) ਨੂੰ ਵੀ ਪ੍ਰਭਾਵਿਤ ਕਰਦੇ ਹਨ ਨਜ਼ਦੀਕੀ ਸਮਾਜਿਕ ਐਸੋਸੀਏਸ਼ਨਾਂ ਦੇ ਰੂਪ ਵਿੱਚ ਅਨੁਯਾਈਆਂ ਵਿਚਕਾਰ ਸਮਾਜਿਕ, ਭਾਈਚਾਰਕ ਅਤੇ ਪਰਿਵਾਰਕ ਸਬੰਧਾਂ ਦਾ। ਕੋਲਮੈਨ ਅੱਗੇ ਦੱਸਦਾ ਹੈ ਕਿ ਸਮਾਜਿਕ ਪੂੰਜੀ 'ਕੁਝ ਖਾਸ ਟੀਚਿਆਂ ਨੂੰ ਪ੍ਰਾਪਤ ਕਰਨਾ ਸੰਭਵ ਬਣਾਉਂਦੀ ਹੈ ਜੋ ਇਸਦੀ ਅਣਹੋਂਦ ਵਿੱਚ ਸੰਭਵ ਨਹੀਂ ਹੋਣਗੇ'। ਇਹ ਇਸ ਮਹੱਤਵਪੂਰਨ ਸੰਦਰਭ ਵਿੱਚ ਹੈ ਕਿ ਡੇਰਿਆਂ ਨੂੰ ਹੋਰ ਸਮਾਜਿਕ ਬਣਤਰਾਂ ਜਿਵੇਂ ਕਿ ਸਹਿਕਾਰੀ ਸਭਾਵਾਂ, ਸਪੋਰਟਸ ਕਲੱਬਾਂ, ਨਸਲੀ ਸਮੂਹਾਂ, ਸਾਹਿਤਕ ਸਭਾਵਾਂ, ਸਵੈ-ਸਹਾਇਤਾ ਸਮੂਹਾਂ, ਸੱਭਿਆਚਾਰਕ ਸੰਸਥਾਵਾਂ, ਵਾਤਾਵਰਣ ਸੁਰੱਖਿਆ ਸੰਸਥਾਵਾਂ ਅਤੇ ਵੱਖ-ਵੱਖ ਸਮਾਜ ਸੁਧਾਰ ਸੰਸਥਾਵਾਂ ਤੋਂ ਵੱਖਰਾ ਕੀਤਾ ਜਾ ਸਕਦਾ ਹੈ। ਡੇਰਿਆਂ ਦੇ ਵਰਤਾਰੇ ਨੂੰ ਸਮਾਜਿਕ ਪੂੰਜੀ ਦੇ ਨਿਰਮਾਣ ਵਿੱਚ ਉਹਨਾਂ ਦੇ ਯੋਗਦਾਨ ਦੇ ਨਜ਼ਰੀਏ ਤੋਂ ਅਧਿਐਨ ਕੀਤਾ ਜਾਣਾ ਚਾਹੀਦਾ ਹੈ – ਅਤੇ ਖਾਸ ਤੌਰ 'ਤੇ ਨਿਮਨ ਜਾਤੀ ਅਤੇ ਮੱਧ ਵਰਗ ਦੇ ਲੋਕਾਂ ਦੀ ਮੁਕਤੀ ਅਤੇ ਸਸ਼ਕਤੀਕਰਨ – ਅਤੇ ਸਿਆਸੀ ਆਰਥਿਕਤਾ ਦੇ ਨਤੀਜੇ ਵਜੋਂ ਸਮਾਜਿਕ ਟਕਰਾਵਾਂ ਦੇ ਮੰਦਭਾਗੇ ਪਰ ਅਟੱਲ ਗਠਨ। ਧਰਮ ਦੇ. ਸਮਾਜਿਕ ਅਤੇ ਆਰਥਿਕ ਵਿਤਕਰੇ ਦੇ ਧੋਖੇਬਾਜ਼ ਅਤੇ ਲਗਾਤਾਰ ਫੈਲਦੇ ਢਾਂਚੇ ਦਾ ਸਾਹਮਣਾ ਕਰਨਾ, ਖਾਸ ਤੌਰ 'ਤੇ 90 ਦੇ ਦਹਾਕੇ ਦੇ ਸ਼ੁਰੂ ਵਿੱਚ ਨਵ-ਉਦਾਰਵਾਦੀ ਸ਼ਾਸਨ ਦੀ ਸ਼ੁਰੂਆਤ ਤੋਂ ਬਾਅਦ ਗਰੀਬ ਅਤੇ ਨੀਵੀਆਂ ਜਾਤਾਂ ਚੰਗੀ ਤਨਖਾਹ ਵਾਲੀਆਂ ਨਿੱਜੀ ਖੇਤਰ ਦੀਆਂ ਨੌਕਰੀਆਂ ਲਈ ਮੁਕਾਬਲੇਬਾਜ਼ੀ ਦਾ ਸ਼ਿਕਾਰ ਹੋ ਰਹੀਆਂ ਹਨ। ਇੱਕ ਪਾਸੇ ਕਾਰਪੋਰੇਟ ਖੇਤਰ ਵਿੱਚ ਢੁੱਕਵੀਂ ਨੁਮਾਇੰਦਗੀ ਤੋਂ ਵਾਂਝੇ ਅਤੇ ਦੂਜੇ ਪਾਸੇ ਜਨਤਕ ਖੇਤਰ ਵਿੱਚ ਰੁਜ਼ਗਾਰ ਦੇ ਘਟਦੇ ਮੌਕਿਆਂ ਕਾਰਨ ਸਮਾਜ ਦੇ ਇਹ ਸਮਾਜਿਕ ਅਤੇ ਆਰਥਿਕ ਤੌਰ 'ਤੇ ਅਲੱਗ-ਥਲੱਗ ਹੋਏ ਵਰਗ ਸਮੂਹਿਕ ਤੌਰ 'ਤੇ ਡੇਰਿਆਂ ਵੱਲ ਮੁੜ ਗਏ, ਜਿਸ ਨਾਲ ਉਨ੍ਹਾਂ ਨੂੰ

ਸਿਹਤਯਾਬ ਹੋਣ ਲਈ ਸਮਾਨਤਾਵਾਦ ਦਾ ਸਹਾਰਾ ਮਿਲਿਆ ਅਤੇ ਸਿੱਖਿਆ ਸਹੂਲਤਾਂ – ਅਰਥਾਤ, ਠੋਸ ਸਮਾਜਿਕ ਪੂੰਜੀ। ਇਸ ਲਈ, ਕੈਂਪਾਂ ਦੀ ਇੱਕ ਮੁੱਖ ਵਿਸ਼ੇਸ਼ਤਾ ਮੁੱਖ ਧਾਰਾ ਤੋਂ ਅਲੱਗ-ਥਲੱਗ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਉਹਨਾਂ ਦੀ ਯੋਗਤਾ ਹੈ, ਜੋ ਕਿ ਕਿਸੇ ਤਰੀਕੇ ਨਾਲ ਪੇਸ਼ਾਵਰ ਸੇਵਾਵਾਂ ਜਿਵੇਂ ਕਿ ਵਿਆਹ ਸਲਾਹਕਾਰ, ਮਨੋਵਿਗਿਆਨੀ ਅਤੇ ਦੇਖਭਾਲ ਕਰਨ ਵਾਲੇ ਵਧੇਰੇ ਵਿਕਸਤ ਦੇਸ਼ਾਂ ਵਿੱਚ ਪ੍ਰਦਾਨ ਕਰਦੇ ਹਨ।

ਕੈਂਪਾਂ ਦੁਆਰਾ ਬਣਾਈ ਗਈ ਕਲਾ ਕੰਪਨੀਆਂ ਦੁਆਰਾ ਟੀਮ-ਨਿਰਮਾਣ ਯਾਤਰਾਵਾਂ ਅਤੇ ਅਭਿਆਸਾਂ ਦੁਆਰਾ ਸੰਭਾਵਤ ਤੌਰ ’ਤੇ ਪ੍ਰਾਪਤ ਕੀਤੇ ਜਾ ਸਕਣ ਨਾਲੋਂ ਜ਼ਿਆਦਾ ਲੋਕਾਂ ਵਿਚਕਾਰ ਮਜ਼ਬੂਤ ਬੰਧਨ ਅਤੇ ਸੰਪਰਕ ਬਣਾਉਂਦੇ ਹਨ। ਡੇਰਿਆਂ ਦੁਆਰਾ ਉਤਪੰਨ ਸਮਾਜਿਕ ਅਤੇ ਭੌਤਿਕ ਸਹਾਇਤਾ ਢਾਂਚੇ ਨੂੰ ਇੱਕ ਤਿਕੋਣੀ ਮੈਟ੍ਰਿਕਸ ਦੁਆਰਾ ਦਰਸਾਇਆ ਜਾ ਸਕਦਾ ਹੈ ਜਿਸ ਵਿੱਚ ਰੋਜ਼ਾਨਾ ਜੀਵਨ ਦੇ ਪੈਰੋਕਾਰਾਂ, ਸਿਆਸਤਦਾਨਾਂ ਅਤੇ ਡੇਰਿਆਂ ਦੇ ਬਾਬਿਆਂ ਅਤੇ ਉਹਨਾਂ ਦੇ ਪ੍ਰਬੰਧਕੀ ਸਟਾਫ ਸ਼ਾਮਲ ਹੁੰਦੇ ਹਨ। ਆਰਥਿਕ ਮੰਦਹਾਲੀ ਅਤੇ ਸਮਾਜਿਕ ਵਿਤਕਰੇ ਕਾਰਨ ਜ਼ਿਆਦਾਤਰ ਮਾਮਲਿਆਂ ਵਿੱਚ ਪੈਦਾ ਹੋਣ ਵਾਲੇ ਸਮਾਜਿਕ-ਧਾਰਮਿਕ ਅਤੇ ਮਨੋਵਿਗਿਆਨਕ ਸਦਮੇ ਤੋਂ ਰਾਹਤ ਲੈਣ ਲਈ ਵੱਖ-ਵੱਖ ਵਰਗਾਂ ਦੇ ਲੋਕ ਕੈਂਪਾਂ ਵਿੱਚ ਜਾਂਦੇ ਹਨ। ਡੇਰਾ ਪੈਰੋਕਾਰਾਂ ਦੀ ਲਗਾਤਾਰ ਵੱਧ ਰਹੀ ਸ਼ਕਤੀ ਡੇਰਿਆਂ ਦੀ ਕਾਸ਼ਤ ਨੂੰ ਤਿਕੋਣੀ ਮੈਟ੍ਰਿਕਸ ਦੇ ਦੂਜੇ ਹਿੱਸੇ ਅਰਥਾਤ ਸਿਆਸਤਦਾਨਾਂ ਲਈ ਮਜਬੂਰੀ ਬਣਾਉਂਦੀ ਹੈ। ਡੇਰਿਆਂ ਦੇ ਬਾਬੇ ਅਤੇ ਉਨ੍ਹਾਂ ਦੇ ਪ੍ਰਬੰਧਕੀ ਅਮਲੇ, ਇਸ ਤਿਕੋਣੀ ਮੈਟ੍ਰਿਕਸ ਦਾ ਤੀਜਾ ਨੋਡ, ਰਾਜਨੀਤਿਕ ਅਤੇ ਪ੍ਰਸ਼ਾਸਨਿਕ ਸ਼ਕਤੀ ਦੇ ਗਲਿਆਰਿਆਂ ਵਿਚ ਆਪਣੀ ਵਧੀ ਹੋਈ ਪ੍ਰਤਿਸ਼ਠਾ ਅਤੇ ਮਹੱਤਤਾ ਨੂੰ ਪੇਸ਼ ਕਰਕੇ ਜਨਤਾ ਅਤੇ ਸਿਆਸਤਦਾਨਾਂ ਵਿਚ ਆਪਣੀ ਪਾਲਣਾ ਬਣਾਈ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਡੇਰਿਆਂ ਦੀ ਲੋਕਪ੍ਰਿਅਤਾ ਨੂੰ ਵਧਾਉਣ ਦਾ ਢੰਗ ਇਹ ਹੈ ਕਿ ਅਜਿਹੇ ਬਾਬਿਆਂ ਦੀਆਂ ਅਸੀਮ ਅਧਿਆਤਮਿਕ ਸ਼ਕਤੀਆਂ ਬਾਰੇ ਮਿੱਥਾਂ ਨੂੰ ਸਿਵਲ, ਵਪਾਰਕ ਅਤੇ ਪ੍ਰਸ਼ਾਸਨਿਕ ਖੇਤਰਾਂ ਵਿੱਚ ਸੱਤਾ ਦੇ ਕੇਂਦਰਾਂ ਨਾਲ ਨੇੜਤਾ ਨਾਲ ਜੋੜ ਕੇ ਇੱਕ ‘ਪਾਵਰ-ਹਾਲੋ’ ਪ੍ਰਭਾਵ ਪੈਦਾ ਕਰਨਾ ਹੈ। ਇਸ ਤਿਕੋਣ ਦੇ ਤਿੰਨੇ ਪੱਖ-ਬਾਬੇ, ਪੈਰੋਕਾਰ ਅਤੇ ਸਿਆਸਤਦਾਨ-ਇਸ ਲਈ ਇੱਕ ਦੂਜੇ ਨੂੰ ਮਜ਼ਬੂਤ ਕਰਦੇ ਹਨ, ਸਿਆਸੀ ਪਾਰਟੀਆਂ ਡੇਰਿਆਂ ਦੇ ਵੱਡੇ ਪੈਰੋਕਾਰਾਂ ਨੂੰ ਇੱਕ ਸੰਭਾਵੀ ਵੋਟ ਬੈਂਕ ਵਜੋਂ ਮੰਨਦੀਆਂ ਹਨ ਅਤੇ ਇਸ ਲਈ ਸਿਆਸੀ ਸਰਪ੍ਰਸਤੀ ਦੇ ਮਾਮਲੇ ਵਿੱਚ ਇੱਕ ਚੰਗਾ ਨਿਵੇਸ਼ ਹੈ। ਰਾਜਨੀਤਿਕ ਸ਼ਕਤੀ ਨਾਲ ਨੇੜਤਾ ਅਤੇ ਵਿਅਕਤੀਗਤ ਡੇਰਿਆਂ ਦੀ ਰਾਜਨੀਤਿਕ ਮਾਨਤਾ ਦੀ ਧਾਰਨਾ, ਬਦਲੇ ਵਿੱਚ, ਉਹਨਾਂ ਦੇ ਪ੍ਰੋਫਾਈਲ ਅਤੇ ਇਸ ਲਈ ਪੈਰੋਕਾਰਾਂ ਨੂੰ ਵਧਾਉਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਇਸ ਤਰ੍ਹਾਂ ਆਪਸੀ ਮਜ਼ਬੂਤੀ ਦਾ ਇੱਕ ਪੈਟਰਨ ਕਿਰਿਆਸ਼ੀਲ ਹੁੰਦਾ ਹੈ. ਡੇਰਿਆਂ ਦਾ ਬਾਬਾ ਨਿਰਾ ਮਨੁੱਖ ਨਹੀਂ, ਸਗੋਂ ਆਪਣੇ ਪੈਰੋਕਾਰਾਂ ਦੀਆਂ ਨਜ਼ਰਾਂ ਵਿਚ ਬ੍ਰਹਮਤਾ ਦੀ ਕਿਰਨ ਹੈ। ਡੇਰਿਆਂ ਦੇ ਅਹਾਤੇ ਵਿੱਚ ਨਿਯਮਤ ਸਤਿਸੰਗਾਂ (ਅਧਿਆਤਮਿਕ ਪ੍ਰਵਚਨਾਂ ਲਈ ਪਵਿੱਤਰ ਇਕੱਠ) ਦੇ ਦੌਰਾਨ, ਇਸ ਗੱਲ ’ਤੇ ਵਾਰ-ਵਾਰ ਜ਼ੋਰ ਦਿੱਤਾ ਜਾਂਦਾ ਹੈ ਕਿ ਬਾਬਾ/ਗੁਰੂ ਨਿਰਾਕਾਰ ਪਰਮਾਤਮਾ ਨਾਲ ਸਰੀਰਕ ਸੰਪਰਕ ਹੈ ਅਤੇ ਕੇਵਲ ਉਸ ਦੁਆਰਾ ਹੀ ਸ਼ਰਧਾਲੂ ਪਰਮਾਤਮਾ ਨੂੰ ਮਿਲ ਸਕਦਾ ਹੈ ਜਾਂ ਤੁਸੀਂ ਆਸਾਨੀ ਨਾਲ ਆਪਣੇ ਸੰਸਾਰ ਨੂੰ ਹੱਲ ਕਰ ਸਕਦੇ ਹੋ ਦੁੱਖ ਅਤੇ ਤੁਹਾਡੀਆਂ ਇੱਛਾਵਾਂ ਦਾ ਅਹਿਸਾਸ ਕਰੋ। ਸੰਤ ਮਤਿ (ਭਕਤੀ ਸੰਤਾਂ ਦੀ ਸੱਚਾਈ ਦਾ ਮਾਰਗ/ਸੱਚੀਆਂ ਸਿੱਖਿਆਵਾਂ) ਸਾਹਿਤ ਦੇ ਪਵਿੱਤਰ ਗ੍ਰੰਥਾਂ ਵਿੱਚ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਹੈ ਕਿ ਗੁਰੂ ਦੀ ਅਧਿਆਤਮਿਕ ਉਪਯੋਗਤਾ ਸ਼ਬਦ ਗੁਰੂ (ਅਧਿਆਤਮਿਕ ਧੁਨੀ) ਦੇ ਅਦਿੱਖ ਰੂਪ ਵਿੱਚ ਹੈ, ਜਿਸ ਨੂੰ ਕੇਵਲ ਗੁਰੂ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਗੁਰੂ ਜਾਂ ਬਾਬਾ ਦੀ ਮੂਰਤ, ਪਰ ਇਹ ਕੇਵਲ ਗੁਰੂ ਦੁਆਰਾ ਸਾਂਝੇ ਕੀਤੇ ਗਏ ਪਵਿੱਤਰ ਨਾਮ (ਪਵਿੱਤਰ ਸ਼ਬਦ) ਦਾ ਸਿਮਰਨ ਕਰਨ ਅਤੇ ਚੁੱਪਚਾਪ ਪਾਠ ਕਰਨ ਦੁਆਰਾ ਅਨੁਭਵ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ, ਸੰਸਾਰਕ ਸੰਸਾਰ ਵਿੱਚ, ਸ਼ਬਦ ਗੁਰੂ ਜਾਂ ਬਾਬਾ ਅਟੁੱਟ ਰੂਪ ਵਿੱਚ ਗੁਰੂ ਨਾਲ ਜੁੜਿਆ ਹੋਇਆ ਹੈ ਜੋ ਪਰਮਾਤਮਾ ਅਤੇ ਖੁਦ ਪਰਮਾਤਮਾ ਦਾ ਸਰੀਰਕ ਰੂਪ ਹੈ। ਸ਼ਰਧਾਲੂਆਂ ਨੂੰ ਆਪਣੇ ਬਾਬਿਆਂ/ਗੁਰੂਆਂ ਦੀ ਆਲੋਚਨਾ ਤੋਂ ਬਚਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਕਿਉਂਕਿ ਉਹ ਪਰਮਾਤਮਾ ਨਾਲ ਜੁੜੇ ਹੋਏ ਅਤੇ ਦੁਨਿਆਵੀ ਚਿੰਤਾਵਾਂ ਅਤੇ ਰਸਮਾਂ ਤੋਂ ਪਰੇ ਮੰਨੇ ਜਾਂਦੇ ਹਨ। ਇਹ ਅਜਿਹੀ ਡੂੰਘੀ ਭਾਵਨਾ ਸੀ ਜਿਸ ਨੇ ਹਰਿਆਣਾ ਦੇ ਸਿਰਸਾ ਸਥਿਤ ਡੇਰਾ ਸੱਚਾ ਸੌਦਾ ਦੇ ਮੁਖੀ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦੇ ਹਜ਼ਾਰਾਂ ਪੈਰੋਕਾਰਾਂ ਨੂੰ ਪੰਚਕੂਲਾ ਦੇ ਸੈਕਟਰ 23 ਵਿੱਚ ਡੇਰੇ ਲਾਉਣ ਲਈ ਪ੍ਰੇਰਿਆ, ਜਿਸ ਨਾਲ ਤਿੰਨ ਦਿਨਾਂ ਲਈ ਪੰਜਾਬ ਦਾ ਮਿੰਨੀ-ਮਾਲਵਾ ਬਣਿਆ। ਗਯਾ – ਜਦੋਂ ਤੱਕ ਉਸ ਦੇ ਦਹਾਕਿਆਂ ਪੁਰਾਣੇ ਬਲਾਤਕਾਰ ਦੇ ਕੇਸ ਵਿੱਚ 25 ਅਗਸਤ, 2017 ਨੂੰ ਫੈਸਲਾ ਨਹੀਂ ਸੁਣਾਇਆ ਗਿਆ ਸੀ। ਇਸ ਤੋਂ ਬਾਅਦ, ਜਦੋਂ ਉਨ੍ਹਾਂ ਦੇ ਬਾਬੇ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਸਜ਼ਾ ਦੇ ਐਲਾਨ ਲਈ ਹਰਿਆਣਾ ਪੁਲਿਸ ਦੀ ਹਿਰਾਸਤ ਵਿਚ ਲਿਆ ਜਾ ਰਿਹਾ ਸੀ, ਤਾਂ ਉਨ੍ਹਾਂ ਨੇ ਪੰਚਕੂਲਾ ਸਥਿਤ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਅਦਾਲਤ ਦੇ ਆਲੇ-ਦੁਆਲੇ ਦੇ ਖੇਤਰ ਵਿਚ ਹਫੜਾ-ਦਫੜੀ ਮਚਾ ਦਿੱਤੀ। ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੁਲਿਸ ਅਤੇ ਅਰਧ ਸੈਨਿਕ ਬਲਾਂ ਦੀ ਭਾਰੀ ਤਾਇਨਾਤੀ ਦੇ ਬਾਵਜੂਦ, ਫੈਸਲੇ ਦੇ ਐਲਾਨ ਦੇ ਤਿੰਨ ਘੰਟਿਆਂ ਦੇ ਅੰਦਰ ਭੀੜ ਹਿੰਸਾ ਭੜਕ ਗਈ, ਜਿਸ ਨਾਲ ਵੱਡੀ ਗਿਣਤੀ ਵਿੱਚ ਲੋਕ ਮਾਰੇ ਗਏ ਅਤੇ ਜ਼ਖਮੀ ਹੋ ਗਏ। ਇਹ ਅਜਿਹੇ ਅਨਿਸ਼ਚਿਤ ਸੰਦਰਭਾਂ ਵਿੱਚ ਹੈ ਕਿ ਕੈਂਪਾਂ ਦੀ ਸਮਾਜਿਕ ਪੂੰਜੀ, ਪੁਟਨਾਮ ਦੇ ਅਨੁਸਾਰ, ‘ਕਿਸੇ ਹੋਰ ਕਿਸਮ ਦੀ ਪੂੰਜੀ ਵਾਂਗ ਹੀ ਅਸ਼ਲੀਲ, ਸਮਾਜ ਵਿਰੋਧੀ ਉਦੇਸ਼ਾਂ’ ਵੱਲ ਮੁੜ ਸਕਦੀ ਹੈ, ਨਤੀਜੇ ਵਜੋਂ ਸਮਾਜ ਵਿੱਚ ਸੰਘਰਸ਼ ਹੋ ਸਕਦਾ ਹੈ।

**(ਇਹ ਲੇਖ ਇੱਕ ਵੱਡੇ ਅਧਿਐਨ ਦਾ ਹਿੱਸਾ ਹੈ, ਜੋ ਕਿ ਤਿਆਰੀ ਅਧੀਨ ਹੈ)**

**(ਵਿਅਕਤੀਗਤ ਵਿਚਾਰ ਨਿੱਜੀ ਹਨ)**

ਲੇਖਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਰਾਜਨੀਤੀ ਸ਼ਾਸਤਰ ਦੇ ਸ਼ਹੀਦ ਭਗਤ ਸਿੰਘ ਚੇਅਰ ਪ੍ਰੋਫ਼ੈਸਰ ਹਨ।

**ਆਊਟਲੁੱਕ ’ਚੋਂ ਧੰਨਵਾਦ ਸਹਿਤ**

# ਤਕਨੀਕ ਰਾਹੀਂ ਨਵੀਂ ਲੁੱਟ



ਨਰਾਇਣ ਦੱਤ
8427511770



ਅੱਜ ਤਕਨੀਕ ਦਾ ਯੁੱਗ ਹੈ। ਜਿਸ ਨਾਲ ਸੰਚਾਰ ਕਰਾਂਤੀ ਵਿੱਚ ਵੱਡੀਆਂ ਬਦਲਾਅ ਆਇਆ ਹੈ। ਇਸ ਸੰਚਾਰ ਕ੍ਰਾਂਤੀ ਨੇ ਮਨੁੱਖ ਦੀ ਇੱਕ ਦੂਜੇ ਕੋਲ ਪਹੁੰਚ ਤੋਂ ਅੱਗੇ ਸੰਸਾਰ ਨੂੰ ਇੱਕ ਦੂਜੇ ਬਹੁਤ ਨੇੜੇ ਲੈ ਆਦਾ ਹੈ। ਸੰਸਾਰ ਪੱਧਰ ’ਤੇ ਵਾਪਰ ਰਹੇ ਵਰਤਾਰਿਆਂ ਦੀਆਂ ਬਹੁਤ ਲੰਬਾ ਬਾਅਦ ਪਹੁੰਚਣ ਵਾਲੀਆਂ ਸੂਚਨਾਵਾਂ ਮਿੰਟਾਂ-ਸਕਿੰਟਾਂ ਦੇ ਫਾਸਲੇ ਨਾਲ ਹਰ ਸੈਲ ਫੋਨ ਧਾਰਕ ਕੋਲ ਪਹੁੰਚਣ ਲੱਗ ਗਈਆਂ ਹਨ। ਵੱਡੇ ਕਾਰੋਬਾਰੀਆਂ ਕੋਲ ਤਾਂ ਸੂਚਨਾ ਦੇ ਸਾਧਨ ਪਹਿਲਾਂ ਵੀ ਸਨ। ਪਰ ਸਮੇਂ-ਸਮੇਂ ਅਨੁਸਾਰ ਤਕਨੀਕ ਮੋਬਾਈਲ ਫੋਨ ਅੱਜ ਹਰ ਗਰੀਬ ਅਤੇ ਮੱਧ ਵਰਗ ਦੀ ਲੋੜ ਬਣਾ ਦਿੱਤੀ ਗਈ ਹੈ। ਰੇੜੀ, ਫੜੀ ਤੋਂ ਲੈਕੇ ਦਿਹਾੜੀਦਾਰ ਕਾਮਾ ਵੀ ਇਸ ਤੋਂ ਵਾਂਝਾ ਨਹੀਂ ਰਹਿ ਗਿਆ ਹੈ। ਬਿਜਲੀ ਖੇਤਰ ਤੋਂ ਸੂਚਨਾ ਤਕਨੀਕ ਤੱਕ ਦਾ ਵਿਕਾਸ ਜਨਤਕ ਖੇਤਰ ਦੇ ਅਦਾਰਿਆਂ ਦੇ ਹਜਾਰਾਂ ਇੰਜਨੀਅਰਾਂ ਅਤੇ ਲੱਖਾਂ ਕਾਮਿਆਂ ਦੀ ਅਣਥੱਕ ਦਿਮਾਗੀ ਅਤੇ ਸਰੀਰਕ ਮਿਹਨਤ ਦਾ ਸਿੱਟਾ ਹੈ। ਸਰਕਾਰੀ ਖੇਤਰ ਵਿੱਚ ਚਲਦੇ ਇਨ੍ਹਾਂ ਅਦਾਰੇ ਵਿੱਚ 1990-91 ਤੋਂ ਰਾਓ-ਮਨਮੋਹਣ ਸਿੰਘ ਵੱਲੋਂ ਵਿਸ਼ਵ ਵਪਾਰ ਸੰਸਥਾ ਦੀਆਂ ਲੋਕ ਵਿਰੋਧੀ ਨੀਤੀਆਂ ਰਾਹੀਂ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀ ਨੀਤੀ ਲਾਗੂ ਕਰਕੇ ਮੁਕਾਬਲੇਬਾਜ਼ੀ ਰਾਹੀਂ ਵਧੀਆਂ ਸੇਵਾਵਾਂ ਦੇਣ ਦੇ ਬਹਾਨੇ ਹੇਠ ਪ੍ਰਾਈਵੇਟ ਟੈਲੀਫੋਨ ਕੰਪਨੀਆਂ ਦੇ ਦਾਖ਼ਲੇ ਲਈ ਰਾਹ ਪੱਧਰਾ ਕੀਤਾ ਗਿਆ।

3 ਅਤੇ 4 ਜੁਲਾਈ 2024 ਤੋਂ ਮਨਮਾਨੇ ਢੰਗ ਨਾਲ ਕੀਤੇ ਵਾਧੇ ਨਾਲ ਤਿੰਨ ਟੈਲੀਫੋਨ ਕੰਪਨੀਆਂ ਵੱਲੋਂ ਲੋਕਾਂ ਦੀਆਂ ਜੇਬਾਂ ’ਤੇ 34824 ਕਰੋੜ ਰੁਪੈ ਦਾ ਡਾਕਾ ਮਾਰ ਲਿਆ ਹੈ। ਇਨ੍ਹਾਂ ਤਿੰਨੇ ਜੀਓ, ਏਅਰਟੈੱਲ, ਵੋਡਾਫੋਨ-ਆਈਡੀਆ ਮੋਬਈਲ ਕੰਪਨੀਆਂ ਦਾ ਮੋਬਾਈਲ ਵਰਤਣ ਵਾਲੇ ਭਾਰਤੀ ਲੋਕਾਂ ਵਾਲੀ ਵੱਡੀ ਮੰਡੀ ਦੇ ਵੱਡੇ ਹਿੱਸੇ ਵਿੱਚੋਂ 109 ਕਰੋੜ ਸੈਲ ਫੋਨ ਵਰਤਣ ਵਾਲਿਆਂ ਉੱਪਰ ਏਕਾਅਧਿਕਾਰ ਕਬਜ਼ਾ ਹੈ। ਜਿਸ ਵਿੱਚੋਂ ਜੀਓ ਦਾ 48 ਕਰੋੜ, ਏਅਰਟੈੱਲ ਦਾ 39 ਕਰੋੜ, ਵੋਡਾਫੋਨ-ਆਈਡੀਆ ਦਾ 22 ਕਰੋੜ 37 ਲੱਖ ਗ੍ਰਾਹਕਾਂ ਦੀ ਮੰਡੀ ਦੀ ਮੰਡੀ ਉੱਪਰ ਕਬਜ਼ਾ ਹੈ। ਇਹ ਮੋਬਾਈਲ ਸੇਵਾਵਾਂ ਦੇਣ ਵਾਲੀਆਂ ਤਿੰਨੇ ਕੰਪਨੀਆਂ ਨੇ 3 ਅਤੇ 4 ਜੁਲਾਈ 2024 ਤੋਂ ਔਸਤ 15% ਤੋਂ 20% ਤੱਕ ਦਾ ਵਾਧਾ ਕਰਕੇ ਸਿੱਧੇ ਰੂਪ ’ਚ ਲੋਕਾਂ ਦੀ ਜੇਬਾਂ ਤੇ 34824 ਕਰੋੜ ਰੁਪੈ ਦਾ ਡਾਕਾ ਮਾਰ ਲਿਆ ਹੈ ਜਾਂ ਇਹ ਕਹਿ ਲਵੋ ਕਿ 34824 ਕਰੋੜ ਰੁਪੈ ਪ੍ਰਤੀ ਸਾਲ ਆਪਣੀ ਝੋਲੀ ਪਾਉਣ ਲਈ ਰਾਹ ਤਿਆਰ ਕਰ ਲਿਆ ਹੈ। ਇਹ ਬੇਮੁਹਾਰੀ ਲੁੱਟ ਜਾਂ ਰੇਟਾਂ ਵਿੱਚ ਵਾਧਾ ਕਰਨ ਲਈ ਇਨ੍ਹਾਂ ਕੰਪਨੀਆਂ ਨੂੰ ਮੋਦੀ ਸਰਕਾਰ ਨੇ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ। ਇਨ੍ਹਾਂ ਨੂੰ ਟੈਲੀਕਾਮ ਰੈਗੂਲੇਟਰੀ ਅਥਾਰਿਟੀ ਕੋਲੋਂ ਵੀ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ। ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿੱਚ ਲੱਗਾ ਹੋਇਆ ਗੋਦੀ ਮੀਡੀਆ ਦੋ ਸਾਲ ਤੋਂ ਵਾਧਾ ਨਾਂ ਕਰਨ ਦੇ ਬਹਾਨੇ ਹੇਠ ਟੈਲੀਫੋਨ ਕੰਪਨੀਆਂ ਵੱਲੋਂ 35 ਸੌ ਕਰੋੜ ਰੁ. ਦੇ ਡਾਕੇ ਨੂੰ ਜਾਇਜ ਠਹਿਰਾ ਰਿਹਾ ਹੈ। ਹੁਣ ਮੋਦੀ ਸਰਕਾਰ ਵੱਲੋਂ ਬੀਐਸਐਨਐਲ (ਸਰਕਾਰੀ ਖੇਤਰ ਦੇ ਅਦਾਰੇ) ਨੂੰ ਬਿਲਕੁਲ ਹੀ ਦਰਕਿਨਾਰ ਕਰ ਦਿੱਤਾ ਗਿਆ ਹੈ। ਇਨ੍ਹਾਂ ਤਿੰਨੇ ਪ੍ਰਾਈਵੇਟ ਟੈਲੀਫੋਨ ਕੰਪਨੀਆਂ ਵਿੱਚ ਸਰਕਾਰੀ ਅਦਾਰੇ ਦੇ ਟਾਵਰਾਂ ਨੂੰ ਵਰਤਕੇ 5 ਜੀ ਤੋਂ ਅੱਗੇ 6 ਜੀ ਸੇਵਾਵਾਂ ਦੇਣ ਦੀ ਹੋੜ ਲੱਗੀ ਹੋਈ ਹੈ ਜਦਕਿ ਬੀਐਸਐਨਐਲ ਨੂੰ ਹਾਲੇ ਤੱਕ ਵੀ 5ਜੀ ਦੀਆਂ ਸੇਵਾਵਾਂ ਦੇਣ ਤੋਂ ਵਾਂਝਿਆਂ ਰੱਖਿਆ ਹੋਇਆ ਹੈ। ਜਿਸ ਦਾ ਸਿੱਟਾ ਇਹ ਹੈ ਕਿ ਬੀਐਸਐਨਐਲ ਦੇ ਸੈਲ ਫੋਨ ਵਰਤਣ ਵਾਲਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ/ਖਤਮ ਹੋਣ ਦੇ ਕੰਢੇ ਹੈ। ਹਾਲਾਂ ਕਿ ਇਹ ਤਿੰਨੇ ਪ੍ਰਾਈਵੇਟ ਟੈਲੀਫੋਨ ਕੰਪਨੀਆਂ ਬੀਐਸਐਨਐਲ ਦੇ ਹੀ 12901 ਮੋਬਾਈਲ ਟਾਵਰਾਂ ਨੂੰ ਵਰਤ ਕੇ ਹੀ ਅੰਨ੍ਹੇ ਮੁਨਾਫ਼ੇ ਕਮਾ ਰਹੀਆਂ ਹਨ।

ਇੱਕ ਹੋਰ ਪੱਖ ਧਿਆਨ ਮੰਗਦਾ ਹੈ ਕਿ ਕੀ ਹਰ ਸਹੀ ਸੂਚਨਾ ਹਰ ਵਿਅਕਤੀ ਤੱਕ ਦਾ ਪਹੁੰਚਣ ਦਾ ਅਧਿਕਾਰ ਸਾਡੇ ਕੋਲ ਹੋਣਾ ਚਾਹੀਦਾ ਹੈ। ਪਿਛਲੇ ਸਮੇਂ ਤੋਂ ਕੁੱਝ ਘਟਨਾਵਾਂ (ਮਨੀਪੁਰ, ਕਸ਼ਮੀਰ) ਅਜਿਹੀਆਂ ਵਾਪਰੀਆਂ ਹਨ ਜਦੋਂ ਮਹੀਨਿਆਂ ਬੱਧੀ ਸੂਚਨਾਵਾਂ ਤੋਂ ਆਮ ਲੋਕਾਈ ਨੂੰ ਮਹਿਰੂਮ ਰੱਖਿਆ ਗਿਆ। ਮੋਦੀ ਸਰਕਾਰ ਦਾ ਢਿੱਡ ਇਸ ਨਾਲ ਨਹੀਂ ਭਰਿਆ। ਹੁਣ ਬਰੌਡਕਾਸਟਿੰਗ ਅਤੇ ਕਮਿਊਨੀਕੇਸ਼ਨ ਬਿੱਲ ਸੰਸਦ ਵਿੱਚ ਲੈ ਆਂਦਾ ਹੈ। ਇਸ ਬਿੱਲ ਰਾਹੀਂ ਜਿੱਥੇ ਵਟਸਐਪ ਰਾਹੀਂ ਭੇਜੀਆਂ ਗਈਆਂ ਸੂਚਨਾਵਾਂ ਨੂੰ ਸੁਨਣ ਦਾ ਅਧਿਕਾਰ ਆਪਣੇ ਹੱਥ ਵਿੱਚ ਲੈਕੇ ਵਿਅਕਤੀ ਦੀ ਨਿੱਜਤਾ ਦੇ ਅਧਿਕਾਰ ਉੱਪਰ ਹੱਲਾ ਬੋਲਣਾ ਚਾਹੁੰਦੀ ਹੈ। ਗੋਦੀ ਮੀਡੀਆ ਦੇ ਚੈਨਲਾਂ ਦੀ ਕਾਰਪੋਰੇਟ ਘਰਾਣਿਆਂ ਅਤੇ ਹਕੂਮਤ ਦੀ ਬੋਲੀ ਬੋਲਣ ਕਰਕੇ ਘੱਟ ਰਹੀ ਲੋਕਪ੍ਰਿਅਤਾ ਕਰਕੇ ਯੂ ਟਿਊਬਰਾਂ ਨੂੰ ਕਰੋੜਾਂ-ਕਰੋੜ ਲੋਕਾਈ ਨੇ ਵੇਖਣਾ ਸ਼ੁਰੂ ਕਰ ਦਿੱਤਾ ਹੈ। ਜਿਸ ਰਾਹੀਂ ਸੂਚਨਾਵਾਂ ਦਾ ਅਦਾਨ ਪ੍ਰਦਾਨ ਲੋਕਾਂ ਤੱਕ ਹੋ ਰਿਹਾ ਹੈ। ਹਾਕਮਾਂ ਲਈ ਇਹ ਬਹੁਤ ਵੱਡੀ ਪ੍ਰੇਸ਼ਾਨੀ ਬਣਿਆ ਹੋਇਆ ਹੈ। ਇਸ ਬਿੱਲ ਰਾਹੀਂ ਮੋਦੀ ਸਰਕਾਰ ਯੂ ਟਿਊਬਰਾਂ ਉੱਪਰ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਮੜ੍ਹਕੇ ਲੋਕਾਂ ਤੱਕ ਸਥਾਪਤੀ ਵਿਰੋਧੀ ਸੂਚਨਾਵਾਂ ਪਹੁੰਚਣ ਉੱਪਰ ਨਕੇਲ ਪਾਉਣਾ ਚਾਹੁੰਦੀ ਹੈ।

ਯਾਦ ਰੱਖਣ ਯੋਗ ਗੱਲ ਇਹ ਹੈ ਕਿ ਇਹੀ ਕੰਪਨੀਆਂ ਲੋਕਾਂ ਦੀਆਂ ਜੇਬਾਂ ਉੱਪਰ ਡਾਕਾ ਮਾਰਕੇ ਸਿਆਸੀ ਪਾਰਟੀਆਂ ਖਾਸ ਕਰਕੇ ਭਾਰਤੀ ਜਨਤਾ ਪਾਰਟੀ ਨੂੰ 150 ਕਰੋੜ ਦਾ ਚੋਣ ਬਾਂਡ ਮੁਹੱਈਆ ਕਰਵਾਉਣ ਵਾਲਿਆਂ ਦੀ ਮੋਹਰੀ ਕਤਾਰ ਵਿੱਚ ਹਨ। ‘ਚੰਦਾ ਦੋ-ਧੰਦਾ ਲੋ’ ਵਾਲੀ ਕਹਾਵਤ ਇਨ੍ਹਾਂ ਕੰਪਨੀਆਂ ਉੱਪਰ ਐਨ ਢੁੱਕਦੀ ਹੈ। ਇਹ ਇਕੱਲੇ ਟੈਲੀਕਾਮ ਖੇਤਰ ਦੀ ਹੀ ਗੱਲ ਨਹੀਂ ਹੈ। ਇਨਾਂ ਨੀਤੀਆਂ ਰਾਹੀਂ ਜਨਤਕ ਖੇਤਰ ਦੇ ਸਾਰੇ ਅਦਾਰੇ ਕੋਇਲਾ ਖਾਣਾਂ, ਊਰਜਾ ਖੇਤਰ, ਰੇਲਵੇ, ਜਹਾਜਰਾਨੀ, ਬੈਂਕ, ਬੀਮਾ, ਸੜਕਾਂ, ਸਿਹਤ ਅਤੇ ਸਿੱਖਿਆ, ਤੇਲ ਅਤੇ ਕੁਦਰਤੀ ਗੈਸ ਖੋਜ ਜਿਹੇ ਬੁਨਿਆਦੀ ਸੱਭੇ ਅਦਾਰੇ ਕੋਡੀਆਂ ਦੇ ਭਾਅ ਇਨ੍ਹਾਂ ਦੇਸ਼ੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਰਾਹ ਪੱਧਰਾ ਕਰ ਲਿਆ ਹੈ। 18ਵੀਂ ਲੋਕ ਸਭਾ ਚੋਣਾਂ ਦੀ ਹਾਲੇ ਤਾਂ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਮੋਦੀ ਸਰਕਾਰ ਨੇ ਹਕੂਮਤੀ ਗੱਦੀ ਸਾਂਭਦਿਆ ਸਾਰ ਹੀ 35 ਸੌ ਕਰੋੜ ਦਾ ਤੋਹਫਾ ਦੇ ਦਿੱਤਾ ਹੈ। ਇਹ ਟਰੇਲਰ ਮਾਤਰ ਹੈ, ਆਉਣ ਵਾਲੇ ਸਮੇਂ ਲਈ ਸੂਚਨਾ ਮਾਤਰ ਹੈ। ਮੋਦੀ ਹਕੂਮਤ ਦਾ ਇਹ ਕਾਰਜਕਾਲ ਵੀ ਖ਼ਤਰੇ ਭਰਪੂਰ ਰਹੇਗਾ ਕਿਉਂਕਿ ਗੰਭੀਰ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੇ ਹਾਕਮ ਇਸ ਦਾ ਭਾਰ ਲੋਕਾਈ ਉੱਪਰ ਹੀ ਲੱਦਣਗੇ ਅਤੇ ਦੇਸ਼ੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਮਾਲੋ-ਮਾਲ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡਣਗੇ। ਕਰੋਨਾ ਕਾਲ ਸਮੇਂ ਦੀ ਉਦਾਹਰਣ ਬਹੁਤ ਪੁਖ਼ਤਾ ਸਬੂਤ ਹੈ। ਜਦ ਇਸ ਸਮੇਂ ਦੌਰਾਨ ਆਮ ਲੋਕਾਈ ਬੇਹੱਦ ਮੁਸ਼ਕਿਲਾਂ ਭਰੇ ਦੌਰ ਵਿੱਚੋਂ ਲੰਘਣ ਲਈ ਮਜ਼ਬੂਰ ਕੀਤੀ ਗਈ ਤਾਂ ਦੂਜੇ ਪਾਸੇ ਇਸੇ ਸਮੇਂ ਦੌਰਾਨ ਭਾਰਤ ਦੇ ਕਾਰਪੋਰੇਟ ਘਰਾਣਿਆਂ ਵਿੱਚੋਂ ਸਭ ਤੋਂ ਅਮੀਰ ਮੁਕੇਸ਼ ਅੰਬਾਨੀ 90 ਕਰੋੜ ਰੁ. ਦੀ ਕਮਾਈ ਕਰਕੇ ਆਪਣੇ ਸਾਮਰਾਜ ਨੂੰ ਚਾਰ ਚੰਨ ਲਾਉਂਦਾ ਰਿਹਾ।

ਅਜਿਹਾ ਨਹੀਂ ਕਿ ਸੂਚਨਾ ਤਕਨੀਕ ਜਾਂ ਕਿਸੇ ਵੀ ਹੋਰ ਖੇਤਰ ਵਿੱਚ ਤਕਨੀਕੀ ਵਿਕਾਸ ਹੋਣਾ ਨਹੀਂ ਚਾਹੀਦਾ। ਵੱਡਾ ਸਵਾਲ ਇਹ ਹੈ ਕਿ ਕੀ ਇਸ ਤਕਨੀਕ ਦਾ ਫਾਇਦਾ ਆਮ ਲੋਕਾਈ ਨੂੰ ਮਿਲੇ ਜਾਂ ਕਾਰਪੋਰੇਟ ਅਮੀਰ ਘਰਾਣਿਆਂ ਦੀ ਦੌਲਤ ਦੇ ਅੰਬਾਰਾਂ ਵਿੱਚ ਓੜਕਾਂ ਦਾ ਵਾਧਾ ਕਰਨ ਦਾ ਜ਼ਰੀਆ ਬਣੇ। ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀ ਲੋਕ ਵਿਰੋਧੀ ਨੀਤੀ ਬਹੁਤ ਤੇਜ਼ੀ ਨਾਲ ਲਾਗੂ ਕਰਨ ਕਰਕੇ ਕਾਰਪੋਰੇਟ ਘਰਾਚਣਆਂ ਨੇ ਅੰਨ੍ਹੀ ਲੁੱਟ ਮਚਾਈ ਹੋਈ ਹੈ। ਗਰੀਬੀ-ਅਮੀਰੀ ਦਾ ਪਾੜਾ ਪਿਛਲੇ ਸਮਿਆਂ ਦੇ ਕਿਸੇ ਵੀ ਦੌਰ ਨਾਲੋਂ ਤੇਜ਼ੀ ਨਾਲ ਤਿੱਖਾ ਹੋ ਰਿਹਾ ਹੈ। ਭਾਰਤ ਦੇ 80 ਕਰੋੜ ਗਰੀਬ ਲੋਕ 5 ਕਿਲੋ ਅਨਾਜ ਅਤੇ ਇੱਕ ਕਿਲੋ ਦਾਲ ਲਈ ਮੁਥਾਜ ਹਨ। ਹੁਣ ਇੰਡੀਆ ਦੀ ਰਿਪੋਰਟ 2023 ਅਨੁਸਾਰ ਅਰਬਪਤੀ ਦੀਆਂ ਗਿਣਤੀ ਅਮਰ ਵੇਲ ਵਾਂਗ ਵਧਕੇ 200 ਨੂੰ ਢੁੱਕ ਗਈ ਹੈ।

ਇਹ ਨੀਤੀਆਂ ਲਾਗੂ ਕਰਨ ਲਈ ਕਰਦੇ ਸਮੇਂ ਲੋਕਾਂ ਦੇ ਬੁਨਿਆਦੀ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਫ਼?ਰਕੂ ਫਾਸ਼ੀ ਹੱਲੇ ਵੀ ਤੇਜ਼ ਕਰਨਗੇ। ਅਰੁੰਧਤੀ ਰਾਏ ਅਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ ਉੱਪਰ 14 ਸਾਲ ਪੁਰਾਣਾ ਕੇਸ ਚਲਾਉਣ ਦੀ ਯੂਏਪੀਏ ਤਹਿਤ ਮਨਜ਼ੂਰੀ ਦੇਣ ਤੋਂ ਬਾਅਦ ਸਮਾਜਿਕ ਕਾਰਕੁਨ ਮੇਧਾ ਪਾਟੇਕਰ ਨੂੰ 5 ਮਹੀਨੇ ਦੀ ਸਜ਼ਾ ਅਤੇ ਦਸ ਲੱਖ ਰੁ. ਦਾ ਜ਼ੁਰਮਾਨਾ ਇਸ ਦੀਆਂ ਆਹਲਾ ਉਦਾਹਰਣਾਂ ਹਨ। ਅਜਿਹਾ ਹੀ ਤਿੰਨ ਨਵੀਂ ਨਾਵਾਂ ਥੱਲੇ ਲਾਗੂ ਕੀਤੇ ਜਾਬਰ ਕਾਨੂੰਨਾਂ ਦੀ ਦਾਸਤਾਂ ਹੈ। ਇਨ੍ਹਾਂ ਕਾਨੂੰਨਾਂ ਦੀ ਸਭ ਤੋਂ ਵਧੇਰੇ ਮਾਰ ਲਿਖਣ, ਬੋਲਣ, ਵਿਚਾਰ ਪ੍ਰਗਟਾਉਣ ਤੋਂ ਅੱਗੇ ਸੰਘਰਸ਼ਸ਼ੀਲ ਤਬਕਿਆਂ ਨੂੰ ਸਹਿਣੀ ਕਰਨੀ ਪਵੇਗੀ। ਮਿਹਨਤਕਸ਼ ਲੋਕਾਈ ਨੂੰ ਮੋਦੀ ਹਕੂਮਤ ਦੇ ਆਰਥਿਕ ਅਤੇ ਫਿਰਕੂ ਫਾਸ਼ੀ ਹੱਲੇ ਖ਼ਿਲਾਫ਼ ਇੱਕਜੁੱਟ ਸਾਂਝੇ ਸੰਘਰਸ਼ਾਂ ਦਾ ਪਿੜ ਮੱਲਣ ਨਾਲ ਹੀ ਆਪਣੇ ਹੱਕਾਂ ਦੀ ਰਾਖ਼ੀ ਕਰਨੀ ਪਵੇਗੀ।

ਵਿਚਾਰ ਆਪੋ-ਆਪਣੇ

# ਵਿਰਾਸਤ : ਇਤਿਹਾਸ ਦੇ ਇਕ ਪਾਤਰ ਨੂੰ ਸਮਝਣ ਹਿਤ

-ਲਾਭ ਸਿੰਘ ਅਕਲੀਆ
ਮੋ. 94636-10661

ਸੀ.ਪੀ.ਆਈ. (ਐੱਮ.ਐੱਲ.) ਦੇ ਪਹਿਲੇ ਜਨਰਲ ਸਕੱਤਰ ਕਾਮਰੇਡ ਚਾਰੂ ਮਜੂਮਦਾਰ ਨੂੰ 28 ਜੁਲਾਈ 1972 ਨੂੰ ਕਲਕੱਤਾ ਦੇ ਲਾਲ ਬਾਜ਼ਾਰ ਪੁਲਿਸ ਹੈੱਡਕੁਆਟਰ ਵਿਚ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਯਾਦ ਕਮਿਊਨਿਸਟ ਇਨਕਲਾਬੀਆਂ ਦੇ ਹਿਰਦੇ ਵਿਚ ਹਮੇਸ਼ਾ ਬਣੀ ਰਹੇਗੀ। ਭਾਰਤ ਦੇ ਕਮਿਊਨਿਸਟ ਇਨਕਲਾਬੀ ਇਸ ਦਿਨ ਨੂੰ 'ਸ਼ਹਾਦਤ ਦਿਵਸ' ਦੇ ਤੌਰ 'ਤੇ ਮਨਾਉਂਦੇ ਆ ਰਹੇ ਹਨ। ਇਸ ਦਿਨ ਨਕਸਲਬਾੜੀ ਲਹਿਰ ਦੇ ਉਨ੍ਹਾਂ ਹਜ਼ਾਰਾਂ ਮਹਾਨ ਸ਼ਹੀਦਾਂ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਲੋਕਾਂ ਲਈ ਕੁਰਬਾਨ ਕਰ ਦਿੱਤੀ। ਇਨ੍ਹਾਂ ਸਾਰੇ ਮਹਾਨ ਸ਼ਹੀਦਾਂ ਨੇ ਭਾਰਤ ਨੂੰ ਸਾਮਰਾਜਵਾਦ ਦੇ ਖ਼ੂਨੀ ਪੰਜੇ ਤੋਂ ਮੁਕਤ ਕਰਵਾਉਣ ਲਈ ਜਮਹੂਰੀ ਇਨਕਲਾਬ ਲਈ ਲੰਬਾ ਸੰਘਰਸ਼ ਕੀਤਾ।

ਕਾਮਰੇਡ ਚਾਰੂ ਮਜੂਮਦਾਰ ਦੀ ਅਗਵਾਈ ਹੇਠ ਨਕਸਲਬਾੜੀ ਦੀ 'ਇਤਿਹਾਸਕ ਗਰਜ' ਨੇ ਦੇਸ਼ ਦੇ ਲੋਕ ਵਿਰੋਧੀ ਹਾਕਮਾਂ ਨੂੰ ਪਿੱਪਲ ਦੇ ਪੱਤੇ ਦੀ ਤਰ੍ਹਾਂ ਕੰਬਾ ਦਿੱਤਾ ਸੀ ਅਤੇ ਇਨਕਲਾਬ ਦੇ ਕਾਰਜ ਨੂੰ ਮੁੜ ਦੇਸ਼ ਦੀ ਰਾਜਨੀਤਕ ਪਟੜੀ ਉੱਪਰ ਲਿਆ ਖੜ੍ਹਾ ਕੀਤਾ ਸੀ। ਉਨ੍ਹਾਂ ਨੇ ਇਸ ਮਹਾਨ ਕਾਰਜ ਤੋਂ ਜਨਤਾ ਨੂੰ ਜਾਣੂੰ ਕਰਵਾਇਆ ਕਿ ਜਮਹੂਰੀ ਇਨਕਲਾਬ ਹੀ ਜਨਤਾ ਦੀ ਮੁਕਤੀ ਦਾ ਇਕੋ-ਇਕ ਸੱਚਾ ਅਤੇ ਜਮਹੂਰੀ ਰਾਜਨੀਤਕ ਬਦਲ ਹੈ, ਜੋ ਦੇਸ਼ ਦੀ ਜਨਤਾ ਦੀ ਮ੍ਰਿਗ-ਤ੍ਰਿਸ਼ਨਾ ਨੂੰ ਨਾ ਸਿਰਫ਼ ਸੰਤੁਸ਼ਟ ਕਰ ਸਕਦਾ ਹੈ, ਬਲਕਿ ਜਮਹੂਰੀ ਵਿਕਾਸ ਦੇ ਬੰਦ ਪਏ ਦਰਵਾਜ਼ੇ ਨੂੰ ਵੀ ਖੋਲ੍ਹਦਾ ਹੈ।

ਕਿਸੇ ਨੇ ਸੱਚ ਕਿਹਾ ਸੀ....'ਡਿਗਦੇ ਹਨ ਸਹਿਸਵਾਰ ਹੀ ਮੈਦਾਨੇ ਜੰਗ ਵਿਚ....।' ਕਾਮਰੇਡ ਮਾਓ ਨੇ ਵੀ ਕਿਹਾ ਸੀ...'ਜੋ ਹਜ਼ਾਰ ਜ਼ਖ਼ਮ ਖਾ ਕੇ ਵੀ ਹਿੰਮਤ ਨਹੀਂ ਹਾਰਦਾ, ਓਹੀ ਸਮਰਾਟ ਨੂੰ ਘੋੜੇ ਤੋਂ ਉਤਾਰ ਸਕਦਾ ਹੈ।' ਭਾਵੇਂ ਨਕਸਲਬਾੜੀ ਲਹਿਰ ਦੇ ਸ਼ੁਰੂਆਤੀ ਦੌਰ 'ਚ ਹੀ ਖੱਬਾ ਸੰਕੀਰਣਤਾਵਾਦੀ ਰੁਝਾਨ ਪੈਦਾ ਹੋ ਗਿਆ ਸੀ ਅਤੇ ਬਹੁਤ ਸਾਰੀਆਂ ਗਲਤੀਆਂ ਸਾਹਮਣੇ ਆ ਗਈਆਂ ਸਨ। ਕਾਮਰੇਡ ਚਾਰੂ ਮਜੂਮਦਾਰ ਨੂੰ ਇਹ ਅਹਿਸਾਸ ਹੋਣ ਲੱਗ ਪਿਆ ਸੀ ਕਿ ਜੇਕਰ ਪਾਰਟੀ ਵਿਚ ਇਕਜੁਟਤਾ ਬਣਾਈ ਰੱਖਣੀ ਹੈ ਤਾਂ ਦਾਅ-ਪੇਚਕ ਲਾਈਨ ਨੂੰ ਠੀਕ ਕਰਨਾ ਪਵੇਗਾ। ਉਹ ਇਸ ਦੇ ਲਈ ਲਗਾਤਾਰ ਯਤਨ ਕਰ ਰਹੇ ਸਨ। 22 ਅਪ੍ਰੈਲ 1969 ਨੂੰ ਜਥੇਬੰਦ ਕੀਤੀ ਭਾਕਪਾ (ਮਾਲੇ) ਵਿਚ ਰਾਜਨੀਤਕ ਵਖਰੇਵੇਂ ਪੈਦਾ ਹੋ ਜਾਣ ਕਰਕੇ 1971 ਵਿਚ ਪਹਿਲੀ ਫੁੱਟ ਪੈ ਗਈ ਸੀ, ਜਿਸ ਨੂੰ ਬਚਾਉਣ ਲਈ ਅਤੇ ਏਕਤਾ ਬਣਾਈ ਰੱਖਣ ਲਈ ਉਨ੍ਹਾਂ ਨੇ ਅਨੇਕਾਂ ਯਤਨ ਕੀਤੇ। ਉਨ੍ਹਾਂ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਲਿਖੇ ਲੇਖ 'ਅੰਤਿਮ ਪੱਤਰ' ਵਿਚ ਵੀ ਇਸ ਦੀ ਝਲਕ ਦਿਖਾਈ ਦਿੰਦੀ ਹੈ, ਜਿਸ ਵਿਚ ਉਸ ਨੇ ਜਨਤਕ ਦਿਸ਼ਾ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਹੈ।

ਇਹੀ ਵਜ੍ਹਾ ਸੀ ਕਿ ਜਦੋਂ ਉਨ੍ਹਾਂ ਨੂੰ 16 ਜੁਲਾਈ 1972 ਨੂੰ ਕਲਕੱਤਾ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਲਗਾਤਾਰ 13 ਦਿਨ ਪੁਲਿਸ ਹਿਰਾਸਤ ਵਿਚ ਰੱਖ ਕੇ ਭਿਆਨਕ ਬਿਮਾਰੀ ਦੀ ਹਾਲਤ ਦੇ ਬਾਵਜੂਦ ਅਣਮਨੁੱਖੀ ਤਸੀਹੇ ਦਿੱਤੇ ਗਏ। ਲੋਕ ਵਿਰੋਧੀ ਸ਼ਾਸ਼ਕ, ਇਨ੍ਹਾਂ ਤੱਥਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਹ ਜਮਹੂਰੀ ਇਨਕਲਾਬ ਦੇ ਲੋਹ-ਪੁਰਸ਼ ਬਣ ਗਏ ਹਨ। ਲੰਬੇ ਸਮੇਂ ਤੱਕ ਉਨ੍ਹਾਂ ਨੂੰ ਜੇਲ੍ਹ ਵਿਚ ਰੱਖ ਕੇ ਮੁਕੱਦਮਾ ਚਲਾਉਣਾ ਸੰਭਵ ਨਹੀਂ ਸੀ। ਇਸ ਲਈ ਉਨ੍ਹਾਂ ਨੂੰ ਦੋ ਹਫ਼ਤੇ ਪੁਲਿਸ ਹਿਰਾਸਤ 'ਚ ਰੱਖ ਕੇ ਘਿਨੌਣੀਆਂ ਸਜ਼ਾਵਾਂ ਦਿੱਤੀਆਂ ਗਈਆਂ ਅਤੇ 28 ਜੁਲਾਈ ਨੂੰ ਉਨ੍ਹਾਂ ਦੀ ਮੌਤ ਹੋ ਗਈ। ਉਸ ਦੀ ਸ਼ਹਾਦਤ ਦੇ ਲਈ 'ਸਿਧਾਰਥ ਸ਼ੰਕਰ ਰਾਏ' ਅਤੇ ਸੀ.ਪੀ.ਐੱਮ. ਦੀ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ। ਸੋਧਵਾਦੀਆਂ ਨੇ ਨਕਸਲਬਾੜੀ ਕਿਸਾਨ ਅੰਦੋਲਨ, ਭਾਕਪਾ (ਮਾਲੇ) ਅਤੇ ਕਾਮਰੇਡ ਚਾਰੂ ਮਜੂਮਦਾਰ ਦੇ ਖਿਲਾਫ਼ ਬੇਹੱਦ ਜ਼ਹਿਰੀਲਾ ਪ੍ਰਚਾਰ ਕੀਤਾ।

ਕਾਮਰੇਡ ਚਾਰੂ ਮਜੂਮਦਾਰ ਦੀ ਸ਼ਹਾਦਤ ਨੇ ਇਹ ਸਾਬਿਤ ਕਰ ਦਿੱਤਾ ਕਿ ਉਨ੍ਹਾਂ ਦੀ ਮੌਤ ਪਹਾੜ ਤੋਂ ਵੀ ਭਾਰੀ ਹੈ, ਜਿਸ 'ਤੇ ਲੋਕ ਵਿਰੋਧੀ ਹਾਕਮਾਂ ਅਤੇ ਸੋਧਵਾਦੀਆਂ ਨੂੰ ਵੀ ਮਗਰਮੱਛ ਦੇ ਹੰਝੂ ਵਹਾਉਣੇ ਪਏ ਸਨ। ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ "ਇਹ ਦਿਲ ਦੀ ਗਤੀ ਰੁਕ ਜਾਣ ਦੇ ਸਮਾਨ ਹੈ, ਇਸ ਦੀ ਨਾਇਕ ਜਾਂਚ ਹੋਣੀ ਚਾਹੀਦੀ ਹੈ।" ਭਾਕਪਾ ਦੇ ਸੰਸਦ 'ਹਿਰੇਨ ਮੁਖਰਜੀ' ਅਤੇ ਮਾਕਪਾ ਦੇ 'ਏ.ਕੇ. ਗੋਪਾਲਨ' ਨੇ ਵੀ ਉਨ੍ਹਾਂ ਦੀ ਮੌਤ ਦੀ ਜਾਂਚ ਕੀਤੇ ਜਾਣ ਦੀ ਮੰਗ ਕੀਤੀ ਸੀ। ਲੇਕਿਨ ਸੋਧਵਾਦੀਆਂ ਵੱਲੋਂ ਕੀਤੀ ਜਾ ਰਹੀ ਸੰਵੇਦਨਾ ਕਿੰਨੀ ਥੋਥੀ ਸੀ, ਪੱਛਮੀ ਬੰਗਾਲ ਵਿਚ ਸੱਤਾ 'ਚ ਹੋਣ ਦੇ ਬਾਵਜੂਦ ਨਿਆਇਕ ਜਾਂਚ ਤਾਂ ਦੂਰ ਪ੍ਰਸ਼ਾਸਨਿਕ ਜਾਂਚ ਵੀ ਨਹੀਂ ਕਰਵਾਈ ਗਈ। ਇੰਨਾ ਹੀ ਨਹੀਂ, ਕਾਮਰੇਡ ਚਾਰੂ ਮਜੂਮਦਾਰ ਦੀ ਯਾਦ 'ਚ ਕਾਨ੍ਹਪੁਰ ਵਿਖੇ ਕਰਵਾਈ ਗਈ ਸ਼ਹਾਦਤ ਸਭਾ ਵਿਚ ਹਿੱਸਾ ਲੈਣ ਦੇ ਦੋਸ਼ ਹੇਠ ਮਾਕਪਾ ਨੇ ਆਪਣੇ ਪ੍ਰਮੁੱਖ ਨੇਤਾ 'ਅਨੰਦ ਮਾਧਵ ਤ੍ਰਿਵੇਦੀ' ਨੂੰ ਪਾਰਟੀ 'ਚੋਂ ਕੱਢ ਦਿੱਤਾ ਸੀ। ਇਨ੍ਹਾਂ ਸਾਰੀਆਂ ਘਟਨਾਵਾਂ ਤੋਂ ਨਕਸਲਬਾੜੀ ਦੀ ਸਾਰਥਿਕਤਾ, ਵਿਆਪਕਤਾ ਅਤੇ ਜਮਹੂਰੀ ਇਨਕਲਾਬ ਦੇ ਮਹਾਨ ਨਾਇਕ ਸ਼ਹੀਦ ਕਾਮਰੇਡ ਚਾਰੂ ਮਜੂਮਦਾਰ ਦੀ ਜਨਤਕ ਲੋਕ-ਪ੍ਰਿਯਤਾ ਉਜਾਗਰ ਹੁੰਦੀ ਹੈ।



ਕਾ. ਚਾਰੂ ਮਜੂਮਦਾਰ ਦਾ ਜਨਮ ਉੱਤਰ ਪ੍ਰਦੇਸ਼ ਦੇ ਬਨਾਰਸ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦੇ ਪਿੰਡ ਮਹਾਨੰਦ ਪਾੜਾ ਦੇ ਮੂਲ ਨਿਵਾਸੀ ਸਨ। ਚਾਰੂ ਮਜੂਮਦਾਰ 7-8 ਸਾਲ ਦੀ ਉਮਰ 'ਚ ਆਪਣੇ ਪਰਿਵਾਰ ਸਮੇਤ ਬਨਾਰਸ ਛੱਡ ਕੇ ਮਹਾਨੰਦ ਪਾੜਾ ਵਾਪਿਸ ਆ ਗਏ ਸਨ। ਉਨ੍ਹਾਂ ਨੇ ਸਿਲੀਗੁੜੀ ਤੋਂ ਦਸਵੀਂ ਜਮਾਤ ਪਹਿਲੇ ਦਰਜੇ 'ਚ ਪਾਸ ਕੀਤੀ ਅਤੇ ਬਾਅਦ ਵਿਚ ਪਾਵਨਾ ਸ਼ਹਿਰ (ਹੁਣ ਬੰਗਲਾ ਦੇਸ਼ 'ਚ) ਦੇ ਐਡਵਰਡ ਕਾਲਜ 'ਚੋਂ ਗ੍ਰੈਜੂਏਸ਼ਨ ਪਾਸ ਕੀਤੀ ਸੀ।

ਕਾ. ਚਾਰੂ ਮਜੂਮਦਾਰ ਵਿਦਿਆਰਥੀ ਜੀਵਨ ਤੋਂ ਹੀ ਖੱਬੇਪੱਖੀ ਪ੍ਰਗਤੀਸ਼ੀਲ ਸਾਹਿਤ ਨਾਲ ਜੁੜਿਆ ਹੋਇਆ ਸੀ। ਉਨ੍ਹਾਂ ਦੇ ਆਜ਼ਾਦੀ ਘੁਲਾਟੀਏ ਪਿਤਾ ਵਿਰੇਸ਼ਵਰ ਮਜੂਮਦਾਰ ਅਤੇ ਉਸ ਦੀ ਮਾਤਾ ਨੇ ਬਚਪਨ ਤੋਂ ਹੀ ਉਨ੍ਹਾਂ ਨੂੰ ਦੇਸ਼ ਅਤੇ ਜਨਤਾ ਪ੍ਰਤੀ ਲਗਾਓ ਰੱਖਣ ਸਬੰਧੀ ਸੰਸਕਾਰ ਦਿੱਤੇ ਹੋਏ ਸਨ। ਸਿੱਟੇ ਵਜੋਂ ਉਹਨਾਂ ਨੇ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਕੈਰੀਅਰ ਬਣਾਉਣ ਦੇ ਖੋਖਲੇ ਰਸਤੇ ਨੂੰ ਤਿਆਗ ਕੇ ਪੇਸ਼ੇਵਰ ਕ੍ਰਾਂਤੀਕਾਰੀ ਸਜੀਵ ਰਸਤੇ ਦੀ ਚੋਣ ਕਰ ਲਈ। ਬੰਗਾਲ ਦਾ ਇਤਿਹਾਸ ਨਿਮਨ (ਮੱਧ) ਪੂੰਜੀਵਾਦੀ ਅਤੇ ਵਿਅਕਤੀਗਤ ਹਿੰਸਾ ਦੀ ਲੋਕ-ਪ੍ਰਿਯਤਾ ਦਾ ਵੀ ਇਤਿਹਾਸ ਰਿਹਾ ਹੈ। ਖ਼ੁਦੀ ਰਾਮ ਬੋਸ ਦੀ ਸ਼ਹਾਦਤ ਤੋਂ ਬਾਅਦ ਨੌਜਵਾਨਾਂ ਵੱਲੋਂ ਰੋਮਾਂਚਕ ਹਥਿਆਰਬੰਦ ਕਾਰਵਾਈਆਂ ਦੇ ਨਾਲ-ਨਾਲ ਬੰਗਾਲ ਦੇ ਨੌਜਵਾਨਾਂ ਦੇ ਦਿਲਾਂ 'ਚ ਦੇਸ਼ ਭਗਤੀ ਦੀ ਭਾਵਨਾ ਇਸ ਦੀ ਗਵਾਹ ਹੈ। ਇਸ ਦੇ ਬਾਵਜੂਦ ਕਾਮਰੇਡ ਚਾਰੂ ਮਜੂਮਦਾਰ ਨੇ ਭਰ ਜਵਾਨੀ ਸਮੇਂ ਹੋਰਨਾਂ ਕ੍ਰਾਂਤੀਕਾਰੀ ਨੌਜਵਾਨਾਂ ਨਾਲ ਮਿਲ ਕੇ ਵਿਅਕਤੀਗਤ ਹਿੰਸਾ ਦੇ ਰਸਤੇ ਨੂੰ ਸਹੀ ਮੋੜਾ ਦੇ ਦਿੱਤਾ ਸੀ। ਯਤਿੰਦਰ ਨਾਥ ਦਾਸ, ਭਗਵਤੀ ਚਰਣ ਵੋਹਰਾ, ਸਰੀਖ਼ੇ ਕ੍ਰਾਂਤੀਕਾਰੀ ਅਤੇ ਅੰਡੇਮਾਨ ਦੀਆਂ ਜੇਲ੍ਹਾਂ 'ਚ ਬੰਦ ਤਮਾਮ ਕ੍ਰਾਂਤੀਕਾਰੀਆਂ ਨੇ ਵਿਅਕਤੀਗਤ ਹਿੰਸਾ ਦੇ ਰਸਤੇ ਦਾ ਤਿਆਗ ਕਰ ਕੇ 'ਅੰਡੇਮਾਨ ਕਮਿਊਨਿਸਟ ਕਨਸੋਲੀਡੇਸ਼ਨ' ਦੇ ਮਾਧਿਅਮ ਰਾਹੀਂ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਲੈ ਲਈ ਸੀ। ਕਾਮਰੇਡ ਚਾਰੂ ਮਜੂਮਦਾਰ ਨੇ ਵੀ ਜਵਾਨੀ ਸਮੇਂ ਤੋਂ ਹੀ ਮਾਰਕਸਵਾਦ-ਲੈਨਿਨਵਾਦ ਦਾ ਅਧਿਐਨ ਸ਼ੁਰੂ ਕਰ ਦਿੱਤਾ ਸੀ।

1938 ਵਿਚ ਕਮਿਊਨਿਸਟ ਪਾਰਟੀ ਗ਼ੈਰ-ਕਾਨੂੰਨੀ ਢੰਗ ਨਾਲ ਕੰਮ ਕਰ ਰਹੀ ਸੀ। ਸਿੱਟੇ ਵਜੋਂ ਉਹ ਪਾਰਟੀ ਦੇ ਨਿਰਦੇਸ਼ ਅਨੁਸਾਰ ਕਾਂਗਰਸ ਸੋਸਲਿਸਟ ਪਾਰਟੀ ਦਾ ਮੈਂਬਰ ਬਣ ਕੇ ਕੰਮ ਕਰ ਰਹੇ ਸਨ। 1939 ਵਿਚ ਦੂਜੇ ਵਿਸ਼ਵ ਯੁੱਧ ਦੌਰਾਨ ਕਮਿਊਨਿਸਟ ਪਾਰਟੀ ਵੱਲੋਂ ਇਸ ਨੂੰ ਸਾਮਰਾਜਵਾਦੀ ਲੁਟੇਰਿਆਂ ਦੀ ਲੜਾਈ ਕਹਿ ਕੇ ਯੁੱਧ ਦਾ ਵਿਰੋਧ ਕੀਤਾ ਗਿਆ। ਸਿੱਟੇ ਵਜੋਂ ਅੰਗਰੇਜ਼ਾਂ ਨੇ ਕਮਿਊਨਿਸਟਾਂ ਦਾ ਦਮਨ ਕਰਨਾ ਸ਼ੁਰੂ ਕਰ ਦਿੱਤਾ। ਕਾ. ਚਾਰੂ ਮਜੂਮਦਾਰ ਭੂਮੀਗਤ ਹੋ ਗਏ। ਉਨ੍ਹਾਂ ਨੇ 1939 ਤੋਂ 43 ਤੱਕ ਭੂਮੀਗਤ ਜੀਵਨ ਦੌਰਾਨ ਗ਼ਰੀਬ ਅਤੇ ਬੇ-ਜ਼ਮੀਨੇ ਕਿਸਾਨਾਂ, ਚਾਹ ਬਾਗਾਂ ਦੇ ਮਜ਼ਦੂਰਾਂ, ਰੇਲਵੇ ਮਜ਼ਦੂਰਾਂ ਵਿਚ ਜਾ ਕੇ ਉਨ੍ਹਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਇਸੇ ਦੌਰ 'ਚ ਉਨ੍ਹਾਂ ਨੇ 'ਤਿਭਾਗਾ' ਅੰਦੋਲਨ ਨੂੰ ਵੀ ਪੈਦਾ ਹੁੰਦੇ ਦੇਖਿਆ।

1943 'ਚ ਬੰਗਾਲ ਵਿਚ ਭਿਆਨਕ ਕਾਲ਼ ਪੈਣ ਦੇ ਸਮੇਂ ਜਿੱਥੇ ਗਾਂਧੀਵਾਦੀ ਲੀਡਰ ਖ਼ੁਦ ਸੇਵਾ ਦੇ ਰੂਪ 'ਚ ਆਦਰਸ਼ਵਾਦੀ ਨੈਤਿਕਤਾ ਦਾ ਪ੍ਰਦਰਸ਼ਨ ਕਰ ਕੇ ਨੌਕਰਸ਼ਾਹੀ ਦਾ ਸਮਰਥਨ ਕਰਨ ਦਾ ਉਪਦੇਸ਼ ਦੇ ਰਹੇ ਸਨ, ਉੱਥੇ ਕਮਿਊਨਿਸਟਾਂ ਨੇ ਕਿਹਾ ਕਿ, "ਭੁੱਖ ਨਾਲ਼ ਮਰਨ ਦੀ ਬਜਾਏ, ਹਕੂਮਤ ਦੀ ਗੋਲ਼ੀ ਖਾ ਕੇ ਮਰਨਾ ਕਿਤੇ ਚੰਗਾ ਹੈ।" ਇਸ ਨਾਅਰੇ ਤਹਿਤ ਉਨ੍ਹਾਂ ਵੱਡੇ ਜਗੀਰਦਾਰਾਂ ਅਤੇ ਸੂਦਖ਼ੋਰਾਂ ਦੇ ਗੁਦਾਮਾਂ ਉੱਪਰ ਹਮਲਾ ਕਰ ਕੇ ਅਨਾਜ ਆਪਣੇ ਕਬਜ਼ੇ ਵਿਚ ਲੈ ਕੇ ਭੁੱਖ ਦੇ ਸਤਾਏ ਲੋਕਾਂ ਵਿਚ ਵੰਡ ਦਿੱਤਾ ਗਿਆ। ਕਾਮਰੇਡ ਚਾਰੂ ਮਜੂਮਦਾਰ ਨੇ ਉਨ੍ਹਾਂ ਸਮਿਆਂ ਵਿਚ ਵੀ ਰਾਜਨੀਤਕ ਅਗਵਾਈ ਕੀਤੀ ਅਤੇ ਪਾਰਟੀ ਢਾਂਚਾ ਤਿਆਰ ਕੀਤਾ।

1948 ਤੋਂ 1951 ਤੱਕ ਕਾਮਰੇਡ ਚਾਰੂ ਮਜੂਮਦਾਰ ਗ੍ਰਿਫ਼ਤਾਰ ਰਹੇ। 1956 'ਚ ਕੇਰਲਾ ਦੇ ਪਾਲਘਾਟ ਵਿਖੇ ਪਾਰਟੀ ਦੇ ਚੌਥੇ ਮਹਾਂ-ਸੰਮੇਲਨ ਸਮੇਂ ਪਾਰਟੀ ਡੈਲੀਗੇਟ ਦੇ ਤੌਰ 'ਤੇ ਸ਼ਾਮਿਲ ਹੋਏ। 1962 ਵਿਚ ਭਾਰਤ-ਚੀਨ ਯੁੱਧ ਸਮੇਂ ਵੀ ਉਨ੍ਹਾਂ ਅੰਧ ਰਾਸ਼ਟਰਵਾਦੀ ਵਿਚਾਰਾਂ ਦਾ ਤਿੱਖਾ ਵਿਰੋਧ ਕੀਤਾ। ਜਿਹਦੇ ਕਰ ਕੇ ਉਨ੍ਹਾਂ ਨੂੰ ਫੇਰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੇ ਜੇਲ੍ਹ ਦੇ ਦੌਰਾਨ ਹੀ 1964 ਦੀਆਂ ਚੋਣਾਂ ਦੌਰਾਨ ਵਿਧਾਨ ਸਭਾ ਦੀ ਚੋਣ ਲੜਨ ਲਈ ਜੇਲ੍ਹ ਦੇ ਅੰਦਰੋਂ ਹੀ ਸਿਲੀਗੁੜੀ ਵਿਧਾਨ ਸਭਾ ਹਲਕੇ ਤੋਂ ਪੇਪਰ ਦਾਖ਼ਲ ਕੀਤੇ। ਉਹ 1966 'ਚ ਜੇਲ੍ਹ ਤੋਂ ਰਿਹਾਅ ਹੋਏ। ਉਨ੍ਹਾਂ ਨੇ ਇਸ ਸਮੇਂ ਦੌਰਾਨ ਅੱਠ ਮਹੱਤਵਪੂਰਨ ਲੇਖ ਲਿਖੇ, ਜੋ ਬਾਅਦ ਵਿਚ 'ਅੱਠ ਦਸਤਾਵੇਜ਼' ਦੇ ਤੌਰ 'ਤੇ ਜਾਣੇ ਜਾਣ ਲੱਗ ਪਏ।

ਕਾ. ਚਾਰੂ ਮਜੂਮਦਾਰ ਸਾਰੀ ਜ਼ਿੰਦਗੀ ਜਮਹੂਰੀ ਇਨਕਲਾਬ ਦੀ ਦਿਸ਼ਾ ਵਿਚ ਆਮ ਜਨਤਾ ਨੂੰ ਲਾਮਬੰਦ ਕਰਨ ਲਈ ਡਟੇ ਰਹੇ। ਉਨ੍ਹਾਂ ਨੇ ਆਪਣੇ ਅਨੇਕਾਂ ਸੀਨੀਅਰ ਕਾਮਰੇਡਾਂ ਦੇ ਸਹਿਯੋਗ ਨਾਲ 1967 ਵਿਚ ਨਕਸਲਬਾੜੀ, ਫਾਸ਼ੀਦੇਵਾ ਅਤੇ ਖ਼ਾਰੀਬਾੜੀ ਦੇ ਇਲਾਕੇ ਵਿਚਲੇ 50 ਤੋਂ ਵੱਧ ਪਿੰਡਾਂ ਵਿਚ ਕਿਸਾਨਾਂ ਦਾ ਜਬਰਦਸਤ ਸੰਗਠਨ ਖੜ੍ਹਾ ਕਰਨ ਵਿਚ ਸਫ਼ਲਤਾ ਹਾਸਿਲ ਕਰ ਲਈ। ਗ਼ਰੀਬ ਤੇ ਬੇ-ਜ਼ਮੀਨੇ ਕਿਸਾਨਾਂ ਨੇ ਜਾਗੀਰਦਾਰਾਂ ਦੀ ਜ਼ਮੀਨ ਉੱਪਰ ਕਬਜ਼ਾ ਕਰਨ ਦਾ ਫ਼ੈਸਲਾ ਕਰ ਲਿਆ। ਇਨਕਲਾਬੀ ਕਿਸਾਨ ਕਮੇਟੀਆਂ ਬਣਾਈਆਂ ਗਈਆਂ ਅਤੇ ਵੱਖ-ਵੱਖ ਥਾਵਾਂ 'ਤੇ ਸੂਦਖੋਰਾਂ ਦੀਆਂ ਬਹੀਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਇਹੀ ਸੰਘਰਸ਼ ਨਕਸਲਬਾੜੀ ਲਹਿਰ ਦੇ ਰੂਪ 'ਚ ਅਮਰ ਹੋ ਗਿਆ। ਮਾਕਪਾ ਤੋਂ ਵੱਖ ਹੋਏ ਕਮਿਊਨਿਸਟ ਕ੍ਰਾਂਤੀਕਾਰੀਆਂ ਨੇ ਮਾਰਕਸਵਾਦ-ਲੈਨਿਨਵਾਦ ਅਤੇ ਸੋਧਵਾਦ ਦਰਮਿਆਨ ਸਪੱਸ਼ਟ ਨਿਖੇੜੇ ਦੀ ਲਕੀਰ ਖਿੱਚ ਦਿੱਤੀ। ਨਕਸਲਬਾੜੀ ਦੀ ਗਰਜਣਾ ਨੇ ਦੇਸ਼-ਵਿਆਪੀ ਪ੍ਰਭਾਵ ਪਾਇਆ ਅਤੇ ਸੋਧਵਾਦ ਦਾ ਡਟ ਕੇ ਵਿਰੋਧ ਕਰ ਰਹੇ ਦੇਸ਼ ਭਰ ਦੇ ਕ੍ਰਾਂਤੀਕਾਰੀਆਂ ਨੇ ਆਪਣੇ ਆਪ ਨੂੰ (ਏ.ਆਈ.ਸੀ.ਸੀ.ਸੀ.ਆਰ. ਦੇ ਰੂਪ 'ਚ) ਇਕਜੁਟ ਕਰ ਲਿਆ। ਲੈਨਿਨ ਦੇ ਜਨਮ ਦਿਨ 'ਤੇ 22 ਅਪ੍ਰੈਲ 1969 ਨੂੰ ਸੀ.ਪੀ.ਆਈ. (ਐੱਮ.ਐੱਲ.) ਦੀ ਸਥਾਪਨਾ ਕੀਤੀ ਗਈ, ਜਿਸ ਦੇ 1970 ਵਿਚ ਹੋਏ ਪਹਿਲੇ ਮਹਾਂ-ਸੰਮੇਲਨ ਵਿਚ ਕਾਮਰੇਡ ਚਾਰੂ ਮਜੂਮਦਾਰ ਨੂੰ ਪਾਰਟੀ ਦਾ ਜਨਰਲ ਸਕੱਤਰ ਚੁਣ ਲਿਆ ਗਿਆ।

ਕਾਮਰੇਡ ਚਾਰੂ ਮਜੂਮਦਾਰ ਦੀ ਸ਼ਹਾਦਤ ਤੋਂ ਲੈ ਕੇ ਹੁਣ ਤੱਕ ਗੰਗਾ-ਜਮਨਾ ਵਿਚ ਢੇਰ ਸਾਰਾ ਪਾਣੀ ਵਹਿ ਚੁੱਕਾ ਹੈ, ਕਮਿਊਨਿਸਟ ਕ੍ਰਾਂਤੀਕਾਰੀ ਅੰਦੋਲਨ ਦੀਆਂ ਅਨੇਕਾਂ ਭੁੱਲਾਂ-ਚੁੱਕਾਂ ਅਤੇ ਵਿਚਾਰਧਾਰਕ ਗ਼ਲਤੀਆਂ ਤੋਂ ਬਾਅਦ ਕਾਮਰੇਡ ਚਾਰੂ ਮਜੂਮਦਾਰ ਅੱਜ ਵੀ ਜਮਹੂਰੀ ਇਨਕਲਾਬ ਦੇ ਮਜ਼ਬੂਤ ਕ੍ਰਾਂਤੀਕਾਰੀ ਸਤੰਭ ਬਣ ਕੇ ਖੜ੍ਹੇ ਹਨ। ਅੱਜ ਜਦੋਂ ਅਸੀਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਯਾਦ ਕਰ ਰਹੇ ਹਾਂ ਅਤੇ ਨਕਸਲਬਾੜੀ ਲਹਿਰ ਦੇ ਯੋਗਦਾਨ ਨੂੰ ਬੁਲੰਦ ਕਰ ਰਹੇ ਹਾਂ ਤਾਂ ਸਾਨੂੰ ਨਾਲ ਹੀ ਉਸ ਸਮੇਂ ਦੀਆਂ ਵਿਚਾਰਧਾਰਕ ਅਤੇ ਵਿਵਹਾਰਕ ਕਮਜ਼ੋਰੀਆਂ ਦੀ ਵੀ ਸਾਹਸ ਦੇ ਨਾਲ ਆਤਮ ਆਲੋਚਨਾ ਕਰਨੀ ਚਾਹੀਦੀ ਹੈ ਕਿਉਂਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪੂਰੀ ਦੁਨੀਆ ਵਿਚ ਆਰਥਿਕ ਅਤੇ ਰਾਜਨੀਤਕ ਖੇਤਰ 'ਚ ਵੱਡੀਆਂ ਤਬਦੀਲੀਆਂ ਸ਼ੁਰੂ ਹੋਈਆਂ ਸਨ। ਅਮਰੀਕੀ ਸਾਮਰਾਜਵਾਦ ਦੀ ਅਗਵਾਈ ਹੇਠ ਸਮੁੱਚੇ ਸਾਮਰਾਜਵਾਦੀਆਂ ਵੱਲੋਂ ਆਪਣੇ ਪੁਰਾਣੇ 'ਬਸਤੀਵਾਦੀ' ਤਰੀਕੇ ਨੂੰ ਤਿਲਾਂਜਲੀ ਦੇ ਕੇ 'ਨਵਾਂ ਬਸਤੀਵਾਦੀ' (ਨਵ-ਬਸਤਵਾਦੀ) ਤਰੀਕਾ ਅਪਨਾ ਲਿਆ ਸੀ ਅਤੇ ਵਰਡ ਬੈਂਕ, ਆਈ.ਐੱਮ.ਐੱਫ., ਨਾਟੋ, ਸੀਟੋ ਅਤੇ ਵਿਸ਼ਵ ਵਪਾਰ ਸੰਸਥਾ ਵਰਗੀਆਂ ਨਵ-ਬਸਤੀਵਾਦੀ ਸੰਸਥਾਵਾਂ ਦਾ ਨਿਰਮਾਣ ਕੀਤਾ ਗਿਆ ਸੀ। ਸਾਮਰਾਜਵਾਦੀਆਂ ਅਤੇ ਵੱਡੇ ਕਾਰਪੋਰੇਟਾਂ ਦੇ ਗੱਠਜੋੜ ਵੱਲੋਂ 'ਵਿਤੀ ਪੂੰਜੀ' ਦੇ ਰਸਤੇ ਪੂੰਜੀ ਬਾਜ਼ਾਰ ਅਤੇ ਤਕਨੀਕ ਉੱਪਰ ਆਪਣੀ ਪਕੜ ਮਜ਼ਬੂਤ ਕਰ ਕੇ ਤਿੱਖੀ ਲੁੱਟ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਸ ਦੇ ਜ਼ਰੀਏ ਪੂਰੀ ਦੁਨੀਆ ਨੂੰ ਗ਼ੁਲਾਮ ਬਣਾ ਕੇ ਰੱਖਣ ਦਾ ਨਵਾਂ ਰਸਤਾ ਅਪਣਾ ਲਿਆ ਸੀ। ਇਸੇ ਘਟਨਾਕ੍ਰਮ ਦੇ ਜ਼ਰੀਏ ਹਰ ਖੇਤਰ 'ਚ ਖ਼ਾਸ ਕਰ ਕੇ ਖੇਤੀ ਖੇਤਰ ਵਿਚ 'ਉੱਪਰੋਂ ਠੋਸੇ ਗਏ ਭੂਮੀ ਸੁਧਾਰ' ਅਤੇ ਹਰੀ ਕ੍ਰਾਂਤੀ ਦੇ ਮਾਧਿਅਮ ਰਾਹੀਂ ਪੂੰਜੀਵਾਦੀ ਸੰਬੰਧਾਂ ਨੂੰ ਪੂਰੀ ਤਰ੍ਹਾਂ ਮਜ਼ਬੂਤ ਕੀਤਾ ਗਿਆ ਹੈ। ਖੇਤੀ ਖੇਤਰ ਵਿਚ ਪੂੰਜੀਵਾਦ ਦੀ ਝਲਕ 1960-70 ਦੇ ਦਹਾਕੇ ਤੋਂ ਸ਼ੁਰੂ ਹੋ ਕੇ ਅੱਜ ਪੂਰਨ ਤੌਰ 'ਤੇ ਪੂੰਜੀਵਾਦ ਦੀ ਜਕੜ ਹੇਠ ਹੈ। ਇਹਨਾਂ ਨੀਤੀਆਂ ਦੇ ਰਾਹੀਂ ਸਾਮਰਾਜਵਾਦੀ ਬਹੁ-ਕੌਮੀ ਕੰਪਨੀਆਂ ਵੱਲੋਂ ਵੱਡੇ 'ਭੂ-ਸਵਾਮੀਆਂ' ਦੀ ਥਾਂ ਇਕ ਨਵਾਂ ਵਰਗ 'ਧਨੀ ਕਿਸਾਨੀ' ਪੈਦਾ ਕੀਤਾ ਗਿਆ ਤਾਂ ਕਿ ਇਸ ਵਰਗ ਦੇ ਰਾਹੀਂ 'ਹਰੀ ਕ੍ਰਾਂਤੀ' ਦੇ ਰਸਤੇ ਖੇਤੀ ਖੇਤਰ ਵਿੱਚ ਸਾਮਰਾਜਵਾਦੀ ਪੂੰਜੀ ਦੀ ਘੁਸਪੈਠ ਕਰਵਾਈ ਜਾ ਸਕੇ। ਇਸ ਲਈ ਅੱਜ ਦੀਆਂ ਠੋਸ ਹਾਲਤਾਂ ਦੇ ਅਨੁਕੂਲ ਰਾਜਨੀਤਕ ਕਾਰਜਨੀਤੀ ਤਿਆਰ ਕਰਨ ਦੀ ਲੋੜ ਹੈ। ਅੱਜ 'ਨਵ-ਬਸਤੀਵਾਦੀ' ਵਿਵਸਥਾ ਦੇ ਤਹਿਤ ਪੂਰੀ ਦੁਨੀਆਂ ਕਾਰਪੋਰੇਟ ਰਾਜ ਦੀ ਜਕੜ ਹੇਠ ਹੈ ਅਤੇ ਨਾਲ਼ੋਂ-ਨਾਲ਼ ਸੰਪਰਦਾਇਕ ਫਾਸ਼ੀਵਾਦੀ ਸ਼ਕਤੀਆਂ ਵੀ ਲਗਾਤਾਰ ਮਜ਼ਬੂਤ ਹੋ ਰਹੀਆਂ ਹਨ। ਇਸ ਜਕੜਬੰਦੀ ਨੂੰ ਖ਼ਤਮ ਕਰਨ ਲਈ ਜਨਤਕ ਦਿਸ਼ਾ ਦੇ ਅਧਾਰਤ ਮਜ਼ਦੂਰਾਂ, ਕਿਸਾਨਾਂ, ਸਾਰੇ ਦੱਬੇ-ਕੁਚਲੇ ਲੋਕਾਂ ਅਤੇ ਪੀੜਤ ਵਰਗਾਂ ਨੂੰ ਇਕਜੁਟ ਕਰਨ ਲਈ ਕਮਿਊਨਿਸਟ ਤਾਕਤਾਂ ਨੂੰ ਇਸ ਦਿਸ਼ਾ 'ਚ ਅੱਗੇ ਵਧਣ ਦੀ ਲੋੜ ਹੈ।

ਭਾਵੇਂ ਰਾਸ਼ਟਰੀ-ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਨੂੰ ਅਨੇਕਾਂ ਰਾਜਨੀਤਕ ਭਟਕਾਵਾਂ ਦੇ ਕਾਰਨ ਵੱਡੇ ਨੁਕਸਾਨ ਝੱਲਣੇ ਪਏ, ਜੀਹਦੇ ਕਰ ਕੇ ਪੂਰੀ ਦੁਨੀਆਂ ਦੀ ਕਮਿਊਨਿਸਟ ਲਹਿਰ ਟੁੱਟਾਂ-ਭੱਜਾਂ ਦਾ ਸ਼ਿਕਾਰ ਹੋ ਗਈ ਹੈ। ਫਿਰ ਵੀ ਨਕਸਲਬਾੜੀ ਲੋਕ ਉਭਾਰ ਦਾ ਪੈਦਾ ਹੋਣਾ, ਸੀ.ਪੀ.ਆਈ. (ਐੱਮ.ਐੱਲ.) ਦਾ ਬਣਨਾ ਅਤੇ ਹਜ਼ਾਰਾਂ ਕਾਮਰੇਡਾਂ ਵੱਲੋਂ ਦਿੱਤੀਆਂ ਸ਼ਹਾਦਤਾਂ ਦੀ ਮਹਾਨਤਾ ਨੂੰ ਕਦੇ ਵੀ ਘੱਟ ਕਰ ਕੇ ਨਹੀਂ ਦੇਖਿਆ ਜਾ ਸਕਦਾ। ਅੱਜ ਜਦੋਂ ਅਸੀਂ ਇਸ ਸ਼ਹਾਦਤ ਦਿਵਸ ਸਮੇਂ ਕਾਮਰੇਡ ਚਾਰੂ ਮਜੂਮਦਾਰ ਨੂੰ ਯਾਦ ਕਰ ਰਹੇ ਹਾਂ। ਉਸੇ ਸਮੇਂ ਹੀ ਇਨਕਲਾਬੀ ਕਮਿਊਨਿਸਟ ਲਹਿਰ ਦੇ ਇਕ ਹੋਰ ਹਰਮਨ ਪਿਆਰੇ ਨੇਤਾ ਕਾਮਰੇਡ ਤਾਰਮਿਲਾ ਨਾਗਾਰੈਡੀ (ਟੀ. ਨਾਗਾਰੈਡੀ) ਦੀ ਵੀ 61 ਸਾਲ ਦੀ ਉਮਰ 'ਚ ਗੁਪਤਵਾਸ ਜ਼ਿੰਦਗੀ ਗੁਜ਼ਾਰਦਿਆਂ ਭਿਆਨਕ ਬਿਮਾਰੀ ਦੇ ਕਾਰਨ 28 ਜੁਲਾਈ 1976 ਨੂੰ ਮੌਤ ਹੋ ਗਈ ਸੀ। ਕਾ. ਟੀ. ਨਾਗਾਰੈਡੀ ਇਕ ਮਹਾਨ ਕ੍ਰਾਂਤੀਕਾਰੀ ਯੋਧਾ ਸੀ, ਜੋ ਲੁਟੇਰੇ ਪ੍ਰਬੰਧ ਨੂੰ ਖ਼ਤਮ ਕਰਨ ਲਈ ਇਕ ਜਗੀਰਦਾਰ ਦੇ ਪੁੱਤਰ ਤੋਂ ਕ੍ਰਾਂਤੀਕਾਰੀ ਕਮਿਊਨਿਸਟ ਬਣਿਆ ਸੀ।

ਇਸੇ ਤਰ੍ਹਾਂ ਪੰਜਾਬ ਦੀ ਨਕਸਲਬਾੜੀ ਲਹਿਰ ਦੇ ਚੋਟੀ ਦੇ ਪ੍ਰਮੁੱਖ ਆਗੂ ਅਤੇ ਬਜ਼ੁਰਗ ਕਮਿਊਨਿਸਟ ਆਗੂ ਬਾਬਾ ਬੂਝਾ ਸਿੰਘ ਨੂੰ ਵੀ ਪਿੰਡ ਨਗਰ ਨੇੜੇ ਫਿਲੌਰ ਤੋਂ 27 ਜੁਲਾਈ ਨੂੰ ਗ੍ਰਿਫ਼ਤਾਰ ਕਰ ਕੇ 27-28 ਜੁਲਾਈ 1970 ਦੀ ਵਿਚਕਾਰਲੀ ਰਾਤ ਨੂੰ ਪਿੰਡ ਨਾਈਮਾਜਰਾ (ਨੇੜੇ ਨਵਾਂਸ਼ਹਿਰ) ਦੇ ਪੁਲ 'ਤੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਸੀ। ਅੱਜ ਅਸੀਂ ਉਨ੍ਹਾਂ ਸਾਰੇ ਮਹਾਨ ਸ਼ਹੀਦਾਂ ਨੂੰ ਯਾਦ ਕਰ ਰਹੇ ਹਾਂ ਅਤੇ ਸਿਜਦਾ ਕਰ ਰਹੇ ਹਾਂ, ਜਿਨ੍ਹਾਂ ਨੇ ਲੁਟੇਰੇ ਰਾਜ ਪ੍ਰਬੰਧ ਨੂੰ ਖ਼ਤਮ ਕਰ ਕੇ ਜਮਹੂਰੀ ਇਨਕਲਾਬ ਅਤੇ ਸਮਾਜਵਾਦ ਦਾ ਸੁਪਨਾ ਸਾਕਾਰ ਕਰਨ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ ਹੋਇਆ ਸੀ।

(ਰੈੱਡ ਸਟਾਰ 'ਚੋਂ ਧੰਨਵਾਦ ਸਹਿਤ)

ਸ਼ਹੀਦ ਊਧਮ ਸਿੰਘ ਸੁਨਾਮ

# ਬਰਤਾਨਵੀ ਸਾਮਰਾਜਵਾਦ ਦੇ ਖਿਲਾਫ਼ ਲੜਾਈ ਦਾ ਅਹਿਮ ਹੀਰੋ

ਜਸਦੇਵ ਸਿੰਘ ਲਲਤੋਂ
9646402470




ਊਧਮ ਸਿੰਘ ਨੇ ਆਪਣੀ ਉਕਤ ਫੋਟੋ 13.03.1940 ਤੋਂ ਕੁੱਝ ਦਿਨ ਪਹਿਲਾਂ ਬਾਵਾ ਨਨਕਾਣਾ ਮਿਸ਼ਨ ਦੇ ਕੈਲੀਫੋਰਨੀਆਂ ਵਾਲੇ ਪਤੇ ਤੇ ਭੇਜੀ ਸੀ, ਜਿਸਦੇ ਪਿਛਲੇ ਪਾਸੇ ਲਿਖਿਆ ਹੈ, "ਆਪਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ।"

ਸ਼ੇਰ ਸਿੰਘ (ਊਧਮ ਸਿੰਘ) ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਮਾਤਾ ਨਰੈਣੀ (ਹਰਨਾਮ ਕੌਰ) ਤੇ ਪਿਤਾ ਚੂਹੜ ਰਾਮ (ਟਹਿਲ ਸਿੰਘ) ਦੇ ਘਰ ਹੋਇਆ। ਆਪ ਦੇ ਪਿਤਾ ਪਹਿਲਾਂ ਸਬਜ਼ੀਆਂ ਦੀ ਖੇਤੀ, ਫਿਰ ਨਹਿਰੀ ਮਹਿਕਮੇ ਦੀ ਨੌਕਰੀ, ਉਪਲੀ ਰੇਲਵੇ ਫਾਟਕ ਦੀ ਨੌਕਰੀ ਕਰਦੇ ਸਨ ਪ੍ਰੰਤੂ ਪਿਛੋਂ ਇਹ ਨੌਕਰੀ ਛੱਡ ਕੇ ਅੰਮ੍ਰਿਤਸਰ ਕੰਮ ਦੀ ਭਾਲ ਲਈ ਚਲੇ ਗਏ। ਜਿੱਥੇ ਜਾ ਕੇ ਉਨ੍ਹਾਂ ਦੀ ਮੌਤ ਹੋ ਗਈ। ਮਾਤਾ ਪਹਿਲਾਂ ਹੀ ਗੁਜ਼ਰ ਚੁੱਕੀ ਸੀ। 24.10.1907 ਤੋਂ ਊਧਮ ਸਿੰਘ ਤੇ ਵੱਡਾ ਭਰਾ ਸਾਧੂ ਸਿੰਘ ਸਿੱਖ ਸੈਂਟਰਲ ਯਤੀਮ ਘਰ ਅੰਮ੍ਰਿਤਸਰ ਵਿਖੇ ਦਾਖਲ ਹੋ ਗਏ। ਯਤੀਮ ਘਰ 'ਚ ਬੱਚਿਆਂ ਨੂੰ ਪੜ੍ਹਾਈ, ਖੇਡਾਂ ਤੋਂ ਇਲਾਵਾ ਤਰਖਾਣਾ, ਰੰਗ ਰੋਗਨ ਆਦਿ ਕੰਮ ਵੀ ਸਿਖਾਏ ਜਾਂਦੇ ਸਨ। ਊਧਮ ਸਿੰਘ ਤਾਕਤਵਰ, ਬੁੱਧੀ ਤੌਰ ਤੇ ਤੇਜ਼, ਮਿਹਨਤੀ ਤੇ ਸਿਰੜੀ ਹੋਣ ਕਰਕੇ ਆਪਣੇ ਗਰੁੱਪ ਦੇ ਬੱਚਿਆਂ ਦਾ ਮੋਹਰੀ ਬਣ ਗਿਆ। ਉਸਦਾ ਆਪਣਾ ਬਿਆਨ ਹੈ ਕਿ ਉਸਨੇ ਕੋਈ ਪੜ੍ਹਾਈ ਨਹੀਂ ਕੀਤੀ। ਬੇਸ਼ੱਕ ਉਹ ਤਿੰਨ ਬੋਲੀਆਂ-ਗੁਰਮੁੱਖੀ, ਉਰਦੂ, ਅੰਗਰੇਜ਼ੀ ਲਿਖਣ ਬੋਲਣ ਦਾ ਵਧੀਆ ਮਾਹਰ ਸੀ। ਯਤੀਮਖਾਨੇ ਰਹਿੰਦਿਆਂ ਉਸ ਨੇ ਸਿੱਖ ਇਤਿਹਾਸ 'ਚ ਹੋਈਆਂ ਕੁਰਬਾਨੀਆਂ ਦਾ ਭਰਪੂਰ ਗਿਆਨ ਪ੍ਰਾਪਤ ਕੀਤਾ। ਉਹ ਸਥਾਨਕ ਦੇਸ਼ ਭਗਤ ਪੰਡਤ ਹਰੀ ਚੰਦ ਦੀਆਂ ਸਭਾਵਾਂ 'ਚ ਤੇ ਗੁਪਤ ਮੀਟਿੰਗਾਂ 'ਚ ਵੀ ਜਾਣ ਲੱਗਿਆ। 1917 'ਚ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਏ ਨਾਲ ਹੋਈ ਮੌਤ ਨੇ ਉਸ ਨੂੰ ਕਾਫੀ ਵੱਡਾ ਸਦਮਾ ਪਹੁੰਚਾਇਆ। ਯਤੀਮ ਘਰ ਦੀ ਸਹਾਇਤਾ ਨਾਲ ਉਹ ਉੱਤਰੀ ਪੱਛਮੀ ਰੇਲਵੇ 'ਚ ਡਰਾਈਵਰ ਦੇ ਸਹਾਇਕ ਦੇ ਰੂਪ 'ਚ ਕੰਮ ਕਰਨ ਲੱਗਿਆ।

1918 'ਚ ਪੂਰਬੀ ਅਫਰੀਕਾ ਦੇ ਸ਼ਹਿਰ ਮੋਬਾਸਾ ਪੁੱਜਾ। ਨੈਰੋਬੀ 'ਚ ਇੱਕ ਜਰਮਨ ਕੰਪਨੀ 'ਚ ਮੋਟਰ ਮਕੈਨਿਕ ਦੀ ਨੌਕਰੀ ਕੀਤੀ 18 ਮਹੀਨੇ। ਜੂਨ 1919 ਨੂੰ ਭਾਰਤ ਵਾਪਸ ਆਇਆ । ਅੰਮ੍ਰਿਤਸਰ ਆ ਕੇ ਉਸ ਨੇ 13 ਅਪ੍ਰੈਲ 1919 ਜਲਿਆਂਵਾਲੇ ਬਾਗ ਦੇ ਕਤਲੇਆਮ ਦੀ ਅਤੇ ਪੂਰਾ ਅਪ੍ਰੈਲ ਮਹੀਨਾ ਪੰਜਾਬ ਦੇ ਜ਼ਿਲਿਆਂ- ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਲਾਇਲਪੁਰ ਤੇ ਗੁਜਰਾਤ ਦੇ ਸ਼ਹਿਰਾਂ ਅਤੇ ਸੈਂਕੜੇ ਪਿੰਡਾਂ 'ਚ ਲੱਗੇ ਮਾਰਸ਼ਲ ਲਾਅ ਦੌਰਾਨ ਹੋਈ ਬੇਦੋਸ਼ੇ ਤੇ ਮਾਸੂਮ ਲੋਕਾਂ ਤੇ ਹੋਈ ਗੋਲੀਬਾਰੀ, ਕਤਲੋਗਾਰਦ, ਜਬਰ-ਤਸ਼ੱਦਦ, ਗ੍ਰਿਫਤਾਰੀਆਂ ਦਾ ਦਮਨ ਚੱਕਰ ਬਾਰੇ ਮੁਕੰਮਲ ਤੇ ਦਰਦਨਾਕ ਕਹਾਣੀ ਸੁਣ ਕੇ ਉਸਦਾ ਕੋਮਲ ਭਾਵੀ ਹਿਰਦਾ ਵਲੂੰਧਰਿਆ ਗਿਆ ਤੇ ਉਸ ਨੇ ਆਪਣੇ ਮਨ ਦੇ ਅੰਦਰ ਹੀ ਇਸ ਦਾ ਬਦਲਾ ਚੁਕਾਉਣ ਦੀ ਸੌਂਹ ਖਾਧੀ। (ਉਸ ਨੇ ਆਪਣੇ 5 ਜੂਨ 1940 ਦੇ ਬਿਆਨ 'ਚ ਦੱਸਿਆ ਕਿ ਜਲਿਆਂ ਵਾਲੇ ਬਾਗ ਦੇ ਸਾਕੇ ਵੇਲੇ ਉਹ ਪੂਰਬੀ ਅਫਰੀਕਾ 'ਚ ਸੀ ਤੇ ਉਸ ਨੂੰ ਇਸਦੀ ਜਾਣਕਾਰੀ ਵਾਪਸ ਆ ਕੇ ਹੀ ਮਿਲੀ ਸੀ)

ਦਸੰਬਰ 1919 'ਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਅੰਮ੍ਰਿਤਸਰ ਸੈਸ਼ਨ 'ਚ ਬਤੌਰ ਵਲੰਟੀਅਰ ਸ਼ਾਮਲ ਹੋਇਆ ਅਤੇ ਬਹੁਤ ਹੀ ਤਿਖੀ ਸੂਝ ਦਾ ਮਾਲਕ ਹੋਣ ਕਰਕੇ ਇਸ ਸਿੱਟੇ ਤੇ ਪੁੱਜਿਆ ਕਿ ਕਾਂਗਰਸ ਪਾਰਟੀ ਅੰਗਰੇਜ਼ਾਂ ਲਈ ਕੋਈ ਚੁਣੌਤੀ ਨਹੀਂ। ਸੋ ਇਸ ਨਾਲੋਂ ਨਾਤਾ ਤੋੜ ਲਿਆ ।

ਊਧਮ ਸਿੰਘ ਗਦਰ ਸਾਹਿਤ ਦੀ ਪ੍ਰਾਪਤੀ ਲਈ ਤੇ ਮਾਸਟਰ ਮੋਤਾ ਸਿੰਘ ਨੂੰ ਮਿਲਣ ਲਈ ਪਤਾਰਾ (ਜ਼ਿਲ੍ਹਾ ਜਲੰਧਰ) ਗਿਆ, ਲੇਕਿਨ ਫੜੋ-ਫੜੀ ਦਾ ਦੌਰ ਹੋਣ ਕਰਕੇ, ਕੋਈ ਭੇਤ ਨਾ ਲੱਗ ਸਕਿਆ ।

ਕੁੱਝ ਮਹੀਨਿਆਂ ਬਾਅਦ ਊਧਮ ਸਿੰਘ ਮੁੜ ਪੂਰਬੀ ਅਫਰੀਕਾ ਗਿਆ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ 'ਚ ਮਕੈਨਿਕ ਵਜੋਂ ਨੌਕਰੀ ਕੀਤੀ। ਮੁੜ ਫੇਰ ਭਾਰਤ ਪਰਤ ਆਇਆ। ਜਲਦੀ ਹੀ 1922 'ਚ ਪ੍ਰੀਤਮ ਸਿੰਘ ਨਾਲ ਲੰਡਨ, ਫਿਰ ਮੈਕਸੀਕੋ ਗਿਆ। 2 ਸਾਲ ਕੈਲੇਫੋਰਨੀਆਂ ਕੰਮ ਕੀਤਾ, ਕੁੱਝ ਮਹੀਨੇ ਡੈਟਰੋਇਟ, ਸ਼ਿਕਾਗੋ ਤੇ ਨਿਊ ਯਾਰਕ ਵੀ। ਕੈਲੇਫੋਰਨੀਆਂ 'ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਇਸ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਲੱਗਾ, ਜੋ ਕਿ ਅੰਤ ਤੱਕ ਜਾਰੀ ਰਿਹਾ। 1923 'ਚ ਸੈਫ-ਉਦ-ਦੀਨ ਕਿਚਲੂ ਰਾਹੀਂ ਉਸਦੀ ਮਿਲਣੀ ਕਾਬਲ ਵਿੱਚ ਮਾਸਟਰ ਮੋਤਾ ਸਿੰਘ ਨਾਲ ਹੋਈ। ਵਾਪਸ ਸੁਨਾਮ ਆ ਕੇ ਆਪਣੇ ਮਿੱਤਰਾਂ ਤੇ ਸਕੇ ਸੰਬਧੀਆਂ ਨਾਲ ਮਿਲਣੀਆਂ ਕੀਤੀਆਂ। ਅੰਮ੍ਰਿਤਸਰ ਆ ਕੇ ਇੱਕ ਦੁਕਾਨ ਲਈ ਜਿਸ ਤੇ 'ਰਾਮ ਮੁਹੰਮਦ ਸਿੰਘ ਅਜ਼ਾਦ' ਲਿਖਿਆ ਹੋਇਆ ਸੀ । ਇਹ ਦੁਕਾਨ ਕਾਫੀ ਦੇਰ ਇਨਕਲਾਬੀਆਂ ਦੇ ਤਾਲਮੇਲ ਦਾ ਕੇਂਦਰ ਬਣੀ ਰਹੀ। ਊਧਮ ਸਿੰਘ ਇਨਕਲਾਬੀ ਸਾਹਿਤ ਪੜ੍ਹਦਾ ਤੇ ਵੱਡੀ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰਦਾ। ਇੱਥੇ ਹੀ ਉਸਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ।

ਇਸ ਤੋਂ ਬਾਅਦ ਊਧਮ ਸਿੰਘ ਬਬਰ ਅਕਾਲੀ ਲਹਿਰ 'ਚ ਸ਼ਾਮਲ ਹੋ ਗਿਆ। ਉਸ ਨੇ ਤੇ ਸ਼ੇਰਜੰਗ ਨੇ ਆਪਣੇ ਨਾਲ 15-16 ਸਾਥੀ ਹੋਰ ਤਿਆਰ ਕਰ ਲਏ ਤੇ ਬੱਬਰ ਸਰਗਰਮੀਆਂ 'ਚ ਰੋਲ ਨਿਭਾਉਣ ਲੱਗੇ। ਇਸ ਤੋਂ ਬਾਅਦ ਊਧਮ ਸਿੰਘ ਨੇ ਮੁੜ ਭਗਤ ਸਿੰਘ ਨਾਲ ਸੰਪਰਕ ਕਾਇਮ ਕੀਤਾ। ਇਨ੍ਹਾਂ ਦਿਨਾਂ 'ਚ ਉਹ ਗਦਰ ਪਾਰਟੀ ਦੇ ਆਗੂ ਬਾਬਾ ਭਾਗ ਸਿੰਘ ਨੂੰ ਵੀ ਮਿਲੇ। ਰਾਵਲਪਿੰਡੀ ਵਿਖੇ ਆਪ ਦੀ ਬਸੰਤ ਸਿੰਘ ਤੇ ਸ. ਅਜੀਤ ਸਿੰਘ ਮੁਲਾਕਾਤ ਹੋਈ। ਊਧਮ ਸਿੰਘ ਨੂੰ ਇਨਕਲਾਬੀ ਸਾਹਿਤ ਦੀ ਸਪਲਾਈ ਲਈ ਅਮਰੀਕਾ ਭੇਜਣ ਦਾ ਫੈਸਲਾ ਹੋਇਆ। ਸੋ ਆਪ 1924 'ਚ ਅਮਰੀਕਾ ਪੁੱਜੇ। ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਗਦਰ ਪਾਰਟੀ ਦੇ ਕਾਰਕੁੰਨਾਂ ਨਾਲ ਮੁੜ ਸੰਪਰਕ ਬਹਾਲ ਕੀਤੇ ਤੇ ਗਦਰ ਸਾਹਿਤ ਭੇਜਣਾ ਸ਼ੁਰੂ ਕੀਤਾ। ਅਮਰੀਕਾ 'ਚ ਰਹਿੰਦਿਆਂ ਊਧਮ ਸਿੰਘ ਨੇ "ਆਜ਼ਾਦ ਪਾਰਟੀ" ਕਾਇਮ ਕੀਤੀ ਜੋ ਕਿ ਗਦਰ ਪਾਰਟੀ ਦੀ ਹੀ ਸਹਾਇਕ ਸੀ। ਉਹ ਗੁਜਾਰੇ ਲਈ 6 ਘੰਟੇ ਕੰਮ ਕਰਦਾ ਤੇ ਬਾਕੀ ਸਮਾਂ ਪਾਰਟੀ ਲਈ ਲਗਾਉਂਦਾ। 1927 ਦੇ ਸ਼ੁਰੂ 'ਚ ਉਸ ਨੂੰ ਭਗਤ ਸਿੰਘ ਦਾ ਪੱਤਰ ਮਿਲਿਆ। ਜਿਸ ਬਾਰੇ ਉਸ ਨੇ ਆਪਣੀ ਪਾਰਟੀ ਨਾਲ ਵਿਚਾਰ ਕੀਤੀ ਤੇ ਫੈਸਲਾ ਕੀਤਾ ਕਿ ਉਸਦੇ ਨਾਲ 25 ਮੈਂਬਰ ਭਾਰਤ ਜਾਣਗੇ, ਜਿੰਨਾਂ 'ਚ ਇੱਕ ਜਰਮਨ ਔਰਤ ਵੀ ਸੀ। ਵਰਣਨਯੋਗ ਹੈ ਕਿ ਉਸ ਨੇ ਦੱਖਣੀ ਇੰਗਲੈਂਡ ਦੇ ਆਈਲ ਆਫ ਵਾਈਟ 'ਚ ਇੰਗਲਿਸ਼ ਚੈਨਲ ਦੇ ਸਮੁੰਦਰੀ ਡਾਕੂਆਂ ਤੋਂ ਹੱਥਿਆਰ ਖਰੀਦੇ ਤੇ ਜਮ੍ਹਾਂ ਕੀਤੇ। ਭਾਰਤ ਵਾਪਸੀ ਮੌਕੇ ਉਹ ਲਾਲਾ ਹਰਦਿਆਲ ਦਾ ਇੱਕ ਪੱਤਰ ਸੁਭਾਸ਼ ਚੰਦਰ ਬੋਸ ਦੇ ਨਾਮ ਲੈ ਕੇ ਆਇਆ। ਆਪਣੇ ਜੱਥੇ ਸਮੇਤ ਉਹ ਸੁਨਾਮ ਪੁੱਜੇ ਤੇ ਆਪਣੇ ਘਰ ਹੀ ਦਫਤਰ ਕਾਇਮ ਕੀਤਾ। ਉਹ ਮੋਟਰ ਸਾਈਕਲ ਤੇ ਅੰਮ੍ਰਿਤਸਰ ਤੇ ਲਾਹੌਰ ਜਾਂਦਾ ਉਸ ਨੇ ਮਾਨਾਂ ਵਾਲਾ ਸਟੇਸ਼ਨ ਦੇ ਨੇੜੇ ਰਾਤ ਨੂੰ ਇੱਕ ਵੱਡਾ ਬਕਸਾ ਸੌਂਪਿਆ ਜਿਸ ਵਿੱਚ ਭਾਰੀ ਕਰੰਸੀ ਤੇ ਪਿਸਤੌਲ ਸਨ। 30.08.1927 ਨੂੰ ਅੰਗਰੇਜ਼ੀ ਭੇਸ ਵਿੱਚ ਉਹ ਅਸਲੇ ਸਮੇਤ ਕਟੜਾ ਸ਼ੇਰ ਸਿੰਘ (ਅੰਮ੍ਰਿਤਸਰ) ਤੋਂ ਫੜਿਆ ਗਿਆ। ਅੰਗਰੇਜ਼ ਪੁਲਿਸ ਨੇ ਉਸ ਤੇ ਭਾਰੀ ਤਸ਼ੱਦਦ ਢਾਹਿਆ ਪਰ ਉਹ ਆਪਣੇ ਮਿਸ਼ਨ ਤੇ ਅਡੋਲ ਰਿਹਾ। ਮੁਕੱਦਮੇ ਉਪਰੰਤ 1928 'ਚ ਨੂੰ 5 ਸਾਲ ਦੀ ਕੈਦ ਹੋਈ। ਜੇਲ੍ਹ 'ਚ ਤਿੰਨ ਵਾਰ ਕੋਰੜੇ ਮਾਰੇ ਗਏ। ਉਹ ਪਿਸ਼ਾਵਰ ਤੇ ਮੁਲਤਾਨ ਜੇਲਾਂ 'ਚ ਰਿਹਾ ਜਿੱਥੇ ਉਹ ਗਦਰੀ ਬਾਬਾ ਜਵਾਲਾ ਸਿੰਘ ਵੱਲੋਂ ਪੜਾਏ ਗਦਰ ਸਾਹਿਤ ਨੂੰ ਬਹੁਤ ਧਿਆਨ ਨਾਲ ਸੁਣਦਾ। 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਫਾਂਸੀ ਤੇ ਉਹ ਰੋਇਆ, ਉਦਾਸ ਤੇ ਗੰਭੀਰ ਹੋਇਆ। 23.10.1931 ਨੂੰ ਰਿਹਾਈ ਤੋਂ ਬਾਅਦ ਉਹ ਸਿੱਧਾ ਹੁਸੈਨੀਵਾਲੇ ਤੇ ਫਿਰ ਸੁਨਾਮ ਪੁੱਜਿਆ।

ਮਨੁੱਖੀ ਸਬੰਧ ਕਲਾ ਦਾ ਉਹ ਚੋਟੀ ਦਾ ਕਲਾਕਾਰ ਸੀ। ਪਹਿਲਾਂ ਵਰਣਨ ਕੀਤੀਆਂ ਹਸਤੀਆਂ ਤੋਂ ਬਿਨ੍ਹਾਂ ਮਹਾਨ ਇਨਕਲਾਬੀ ਅਬਦੁਲ ਸਿੰਧੀ ਨੇ ਉਸ ਨੂੰ ਰਾਜਾ ਮਹਿੰਦਰ ਪ੍ਰਤਾਪ ਕੋਲ ਚਿੱਠੀ ਦੇ ਕੇ ਮਦਦ ਵਾਸਤੇ ਭੇਜਿਆ। ਨਾਨਾ ਫਰਨਵੀਸ, ਸੁਭਾਸ਼ ਚੰਦਰ ਬੋਸ, ਪ੍ਰਜਾ ਮੰਡਲ ਲਹਿਰ ਦੇ ਭਗਵਾਨ ਸਿੰਘ, ਡਾ. ਕਿਚਲੂ ਨਾਲ ਉਸ ਦੇ ਨੇੜਲੇ ਸਬੰਧ ਸਨ। ਸਬੰਧ ਕਲਾ ਦੀ ਇਹ ਸਿਖਰ ਹੀ ਸੀ ਕਿ ਉਸਨੇ ਗੁਪਤ ਭੇਦ ਹਾਸਲ ਕਰਨ ਲਈ ਉਸਨੇ ਜਰਨਲ ਡਾਇਰ ਦੀ ਲੜਕੀ ਨਾਲ ਸਮਾਜਿਕ ਸਬੰਧ ਸਥਾਪਿਤ ਕੀਤੇ ਤੇ ਆਪਣੇ ਸ਼ਿਕਾਰ - ਓਡਵਾਇਰ ਨਾਲ 6-7 ਮੁਲਾਕਾਤਾਂ ਕੀਤੀਆਂ ਤੇ ਇੱਕ ਵਾਰ ਉਸ ਨੂੰ ਆਪਣੀ ਕਾਰ 'ਚ ਸਮੁੰਦਰੀ ਕੰਢੇ ਸੈਰ ਵੀ ਕਰਵਾਈ । ਉਸ ਦੇ ਆਇਰਿਸ਼ ਦੇਸ਼ ਭਗਤਾਂ ਨਾਲ ਵੀ ਗੁਪਤ ਸਬੰਧ ਸਨ।

ਜੂਨ 1932 'ਚ ਊਧਮ ਸਿੰਘ ਸਾਧੂ "ਬਾਵਾ" ਦੇ ਭੇਸ 'ਚ ਜੰਮੂ ਤੋਂ ਸ਼੍ਰੀ ਨਗਰ ਪੈਦਲ ਗਿਆ। 20.03.1933 ਉਹ ਲਾਹੌਰ ਤੋਂ ਊਧਮ ਸਿੰਘ ਦੇ ਨਾਮ ਤੇ ਨਵਾਂ ਪਾਸਪੋਰਟ ਹਾਸਲ ਕਰਨ 'ਚ ਸਫਲ ਹੋਇਆ। 1934 'ਚ ਉਹ ਮੁੜ ਇੰਗਲੈਂਡ ਪੁੱਜਾ। ਉਹ ਇਨ੍ਹਾਂ ਸਾਧਨ ਸੰਪੰਨ, ਆਕਰਸ਼ਕ, ਤਕੜਾ ਤੇ ਘੁਮੱਕੜ ਸੀ ਕਿ ਉਹ 4 ਮਹਾਦੀਪਾਂ ਦੇ ਕਰੀਬ 40 ਦੇਸ਼ਾਂ 'ਚ ਘੁੰਮਿਆ। ਹਰ ਥਾਂ ਗੁਜ਼ਾਰੇ ਲਈ ਨਵੇਂ-ਨਵੇਂ ਕੰਮ ਲੱਭ ਲੈਂਦਾ । ਕੰਮ ਤੋਂ ਵੱਧ ਕੇ ਨਵੇਂ-ਨਵੇਂ ਲੋਕਾਂ ਨਾਲ ਸਬੰਧ ਬਣਾਉਣ ਤੇ ਘੁੰਮਣ ਤੇ ਜ਼ੋਰ ਰੱਖਦਾ। 1937 'ਚ ਗੋਰਿਆਂ ਦੀ ਸੀ.ਆਈ.ਡੀ. ਨੂੰ ਪਤਾ ਲੱਗਾ ਕਿ ਸ਼ੇਰ ਸਿੰਘ, ਉਦੈ ਸਿੰਘ, ਊਧਮ ਸਿੰਘ, ਮੁਹੰਮਦ ਸਿੰਘ ਅਜ਼ਾਦ ਇੱਕੋ ਹੀ ਬੰਦਾ ਹੈ। ਆਪਣੀ ਰਣ ਨੀਤੀ ਅਨੁਸਾਰ ਭਾਰਤੀ ਵਸੋਂ ਦੀ ਬਜਾਏ ਗੋਰਾਂ ਵਸੋਂ 'ਚ ਹੀ ਕਿਰਾਏ ਦੇ ਮਕਾਨਾਂ 'ਚ ਰਹਿੰਦਾ। ਸਰਕਾਰ ਵਿਰੋਧੀ ਖੁੱਲੇ ਇੱਕਠਾਂ 'ਚ ਆਉਣ ਦੀ ਬਜਾਏ ਭਾਰਤੀ ਆਗੂਆਂ ਨੂੰ ਇੱਕਲੇ ਤੌਰ ਤੇ ਹੀ ਮਿਲਦਾ।

ਊਧਮ ਸਿੰਘ ਨੇ 12 ਮਾਰਚ 1940 ਨੂੰ ਆਪਣੇ ਨਜ਼ਦੀਕੀ ਦੋਸਤਾਂ ਨੂੰ ਰਸਮੀ ਵਿਦਾਇਗੀ ਦਿੱਤੀ ਤੇ ਆਖਿਆ, "ਕਲ ਦੀ ਸ਼ਾਮ ਲੰਡਨ ਦੇ ਲੋਕ ਇੱਕ ਅਦਭੁੱਤ ਨਜ਼ਾਰਾ ਦੇਖਣਗੇ ਜੋ ਅੰਗਰੇਜ਼ ਸਾਮਰਾਜ ਦੀ ਨੀਂਹ ਹਿਲਾ ਕੇ ਰੱਖ ਦੇਵੇਗਾ। ਇਹ ਤੁਹਾਡੇ ਪਿਆਰੇ "ਬਾਵੇ" ਲਈ ਸ਼ੁਭ ਦਿਨ ਹੋਵੇਗਾ।" 13 ਮਾਰਚ ਸ਼ਾਮ ਨੂੰ ਨਵਾਂ ਸੂਟ ਪਹਿਨ ਕੇ, ਹੈਟ ਲੈ ਕੇ, ਓਵਰਕੋਟ ਦੀ ਅੰਦਰਲੀ ਜੇਬ 'ਚ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਊਧਮ ਸਿੰਘ ਮੀਟਿੰਗ ਤੋਂ ਪਹਿਲਾਂ ਕੈਕਸਟਨ ਹਾਲ (ਲੰਡਨ) ਵਿਖੇ ਪੁੱਜਾ। ਸੀਟਾਂ ਦੀ ਘਾਟ ਕਾਰਨ ਉਹ ਖੜੇ ਲੋਕਾਂ 'ਚ ਸੱਜੇ ਪਾਸੇ ਪਹਿਲੀ ਕਤਾਰ ਦੇ ਨੇੜੇ ਖੜਾ ਹੋਇਆ। ਹੋਰਨਾਂ ਤੋਂ ਇਲਾਵਾ ਸਰ ਮਾਈਕਲ ਓਡਵਾਇਰ ਨੇ 1913-16 'ਚ ਭਾਰਤ 'ਚ ਆਪਣੇ ਰੋਲ ਬਾਰੇ ਹੰਕਾਰੀ ਭਾਸ਼ਨ ਕੀਤਾ। ਮੀਟਿੰਗ ਮੁੱਕਦੇਸਾਰ ਹੀ ਊਧਮ ਸਿੰਘ ਨੇ ਕੱਢ ਕੇ ਪਿਸਤੌਲ ਚਲਾਈਆਂ 6 ਗੋਲੀਆਂ ਓਡਵਾਇਰ ਮੌਕੇ ਤੇ ਹੀ ਮਾਰਿਆ ਗਿਆ। ਲਾਰਡ ਜੈਟ ਲੈਂਡ, ਲਾਰਡ ਲਮਿੰਗਟਨ, ਸਰ ਲੂਇਸ ਡੇਨ ਫੱਟੜ ਹੋਏ। ਗੋਰਿਆਂ 'ਚ ਭਗਦੜ ਮਚੀ, ਊਧਮ ਸਿੰਘ ਗੇਟ ਤੇ ਫੜਿਆ ਗਿਆ। ਉਹ ਪੂਰਾ ਸ਼ਾਂਤ, ਖੁਸ਼ ਤੇ ਸੰਤੁਸ਼ਟ ਸੀ । ਉਸ ਨੇ ਓਡਵਾਇਰ ਦੀ ਲਾਸ਼ ਵੱਲ ਇਸ਼ਾਰਾ ਕਰਕੇ ਕਿਹਾ, "ਆਹ ਪਿਆ"। ਰਾਤ ਨੂੰ 9 ਵਜੇ ਬੀਬੀਸੀ ਨੇ ਪਹਿਲੀ ਸੰਖੇਪ ਖਬਰ ਦਿੱਤੀ। 9:15 ਤੇ ਜਰਮਨ ਰੇਡੀਓ ਨੇ ਵੱਡੀ ਖਬਰ ਦਿੱਤੀ। ਅਗਲੇ ਦਿਨ ਅਖਬਾਰਾਂ, ਰੇਡੀਓ ਰਾਹੀਂ ਇਹ ਖਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। 13 ਮਾਰਚ ਦੀ ਰਾਤ ਨੂੰ 10:30 ਵਜੇ ਊਧਮ ਸਿੰਘ ਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ। ਮਹੀਨਾ ਭਰ ਉਸਨੂੰ ਅੰਗਰੇਜ਼ੀ ਪੁਲਿਸ ਨੇ ਭਾਰੀ ਤਸੀਹੇ ਦਿੱਤੇ ਪ੍ਰੰਤੂ ਉਹ ਆਪਣੇ ਮਿਸ਼ਨ ਤੇ ਡਟਿਆ ਰਿਹਾ। 26 ਅਪ੍ਰੈਲ ਤੋਂ 7 ਜੂਨ ਤੱਕ ਭੁੱਖ ਹੜਤਾਲ ਕਾਰਨ ਉਸਦਾ ਵਜ਼ਨ 24 ਪੌਂਡ ਘੱਟ ਗਿਆ। 5-6 ਜੂਨ ਨੂੰ ਹੋਈ ਅਦਾਲਤੀ ਕਾਰਵਾਈ ਦੌਰਾਨ ਉਸ ਨੇ ਆਪਣਾ ਲਿਖਤੀ ਬਿਆਨ 12 ਮੈਂਬਰੀ ਜਿਊਰੀ ਸਾਹਮਣੇ ਪੜ੍ਹਨਾ ਸ਼ੁਰੂ ਕੀਤਾ, ਪਰੰਤੂ ਉਸਨੂੰ ਜੱਜਾਂ ਨੇ ਬਾਰ-ਬਾਰ ਟੋਕਿਆ। ਊਧਮ ਸਿੰਘ ਗਰਜਿਆ, ਅਸੀ ਅੰਗਰੇਜ਼ੀ ਗੁਲਾਮੀ ਤੋਂ ਪੀੜ੍ਹਤ ਹਾਂ ਮੈਨੂੰ ਮਰਨ ਦਾ ਕੋਈ ਡਰ ਨਹੀ ਹੈ।..... ਮੈਨੂੰ ਆਪਣੀ ਇਸ ਮੌਤ 'ਤੇ ਨਾਜ਼ ਹੈ, ਜੋ ਮੇਰੀ ਮਾਤਭੂਮੀ ਦੀ ਆਜ਼ਾਦੀ ਖਾਤਰ ਹੈ ਅਤੇ ਆਸ ਕਰਦਾ ਹਾਂ ਕਿ ਜਦੋਂ ਮੈ ਜਾ ਚੁੱਕਾ ਹੋਵਾਂਗਾ, ਤਾਂ ਮੇਰੀ ਥਾਂ ਮੱਲਣ ਲਈ ਮੇਰੇ ਹਜ਼ਾਰਾਂ ਹਮਵਤਨ ਮੈਦਾਨ ਵਿਚ ਨਿਤਰਨਗੇ। ਤਾਂ ਜੁ ਤੁਹਾਨੂੰ (ਅੰਗਰੇਜ਼ੀ) ਗੰਦੇ ਕੁਤਿਆਂ ਨੂੰ ਮਾਰ ਭਜਾ ਕੇ ਮੇਰੇ ਵਤਨ ਨੂੰ ਆਜ਼ਾਦ ਕਰਾ ਸਕਣ।.... ਤੁਸੀ ਲੋਕ ਜਦੋਂ ਹਿੰਦ ਤੋਂ ਵਾਪਸ ਪਰਤਦੇ ਹੋ, ਤਾਂ ਤੁਹਾਨੂੰ ਸਨਮਾਨਿਤ ਕੀਤਾ ਜਾਂਦਾ ਹੈ ਤੇ ਪਾਰਲੀਮੈਂਟ ਵਿਚ ਨਿਵਾਜਿਆ ਜਾਂਦਾ ਹੈ। ਅਸੀ ਇੰਗਲੈਂਡ ਆਉਂਦੇ ਹਾਂ, ਤਾਂ ਮੌਤ ਦੀ ਸਜਾ ਪਾਉਂਦੇ ਹਾਂ।..... ਅੰਤ 'ਚ ਊਧਮ ਸਿੰਘ ਨੇ ਨਾਅਰਾ ਲਾਇਆ, "ਅੰਗਰੇਜ਼ ਸਾਮਰਾਜ ਵਾਦ ਮੁਰਦਾਬਾਦ! ਇਨਕਲਾਬ ਜਿੰਦਾਬਾਦ!!" ਉਨ੍ਹਾਂ ਦਲੀਲ, ਨਾ ਵਕੀਲ, ਨਾ ਅਪੀਲ" ਵਾਲੇ ਸਾਮਰਾਜੀ ਪ੍ਰਬੰਧ ਨੇ ਉਸ ਨੂੰ ਫਾਂਸੀ ਦੇਣਾ ਪਹਿਲਾਂ ਹੀ ਤਹਿ ਕਰ ਲਿਆ ਸੀ। ਸੋ ਐਨਕਿਨਸਨ ਨੇ ਜਿਊਰੀ ਵਲੋਂ ਫਾਂਸੀ ਦਾ ਹੁਕਮ ਸੁਣਾ ਦਿੱਤਾ। ਆਖਰ 31.07.1940 ਨੂੰ ਸਵੇਰੇ 9:00 ਵਜੇ ਪੈਨਟਨਵਿਲ ਜੇਲ ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਦੇਸ਼ ਲਈ ਦਿੱਤੀਆਂ ਮਹਾਨ ਸੇਵਾਵਾਂ ਤੇ ਕੀਤੀਆਂ ਭਾਰੀ ਕੁਰਬਾਨੀਆਂ ਬਦਲੇ ਗਦਰੀ ਸ਼ਹੀਦ ਊਧਮ ਸਿੰਘ ਸਦਾ-ਸਦਾ ਲਈ ਅਮਰ ਰਹੇਗਾ। ਸਾਮਰਾਜੀ ਲੁੱਟ, ਜ਼ੁਲਮ ਤੇ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਜੂਝਨ ਦਾ ਪੈਗਾਮ ਦਿੰਦਾ ਰਹੇਗਾ।

ਇਕ ਯਾਦ

# ਅੰਦੋਲਨਾਂ 'ਚ ਮੋਗਾ ਅੰਦੋਲਨ ਦੀ ਸਾਰਥਿਕਤਾ

ਅਮਰ ਆਫ਼ਤਾਬ




ਅਗਲੇ ਸਾਲ 1972 ਵਿੱਚ ਸਾਥੀ ਰੰਧਾਵਾ ਦੀ ਅਗਵਾਈ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਨੇ ਪੰਜਾਬ ਦੀਆਂ ਅਨੇਕਾਂ ਵਿਦਿਅਕ ਸੰਸਥਾਵਾਂ ਵਿੱਚ ਆਪਣੀਆਂ ਸ਼ਾਖਾਵਾਂ ਬਣਾ ਲਈਆਂ। ਉਨ੍ਹਾਂ ਦੇ ਸਾਥੀ ਭੁਪਿੰਦਰ ਗਿੱਲ, ਨਰਿੰਦਰ ਚਾਹਲ, ਮੁਖਤਿਆਰ ਪੂਹਲਾ, ਯਸ਼ਪਾਲ ਝਬਾਲ, ਹਰਬੰਸ ਸੰਘਾ, ਬਿੱਕਰ ਸਿੰਘ ਕੰਮੇਆਣਾ, ਜਸਪਾਲ ਜੱਸੀ ਵੀ ਪੂਰੇ ਸਰਗਰਮ ਸਨ। ਪੰਜ ਅਕਤੂਬਰ 1972 ਦੇ ਦਿਨ ਮੋਗੇ ਵਿੱਚ ਅਜਿਹਾ ਕੁਝ ਵਾਪਰ ਗਿਆ, ਜਿਸ ਨੇ ਵਰ੍ਹਿਆਂ ਤੋਂ ਅੰਦਰ ਹੀ ਅੰਦਰ ਧੁੱਖ ਰਹੇ ਪੰਜਾਬ ਨੂੰ ਲਾਂਬੂ ਲਾ ਦਿੱਤਾ। ਮੋਗਾ ਦੇ ਰੀਗਲ ਸਿਨੇਮੇ ਵਿੱਚ ਟਿਕਟਾਂ ਦੀ ਬਲੈਕ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਨੂੰ ਸਿਨਮਾ ਮਾਲਕਾਂ ਦੇ ਗੁੰਡਿਆਂ ਨੇ ਬਹੁਤ ਬੇਰਹਿਮੀ ਨਾਲ ਕੁੱਟਿਆ। ਅਗਲੇ ਦਿਨ ਵੱਡੀ ਗਿਣਤੀ ਵਿੱਚ ਵਿਦਿਆਰਥੀ ਜਦੋਂ ਸਿਨਮੇ ਅੱਗੇ ਰੋਸ ਪ੍ਰਦਰਸ਼ਨ ਕਰ ਰਹੇ ਸੀ ਤਾਂ ਪੁਲਸ ਨੇ ਉਨ੍ਹਾਂ ਦੇ ਰੋਸ ਨੂੰ ਸਮਝਣ ਦੀ ਥਾਂ ਗੋਲੀ ਚਲਾ ਦਿੱਤੀ, ਜਿਸ ਨਾਲ ਨੇੜਲੇ ਪਿੰਡ ਚੜਿੱਕ ਦੇ ਵਿਦਿਆਰਥੀ ਹਰਜੀਤ ਸਿੰਘ ਤੇ ਸਵਰਨ ਸਿੰਘ ਮਾਰੇ ਗਏ ਅਤੇ ਦੋ ਬੰਦੇ ਹੋਰ ਵੀ। ਕਈ ਜ਼ਖਮੀ ਹੋ ਗਏ। ਸਾਰੇ ਪੰਜਾਬ ਵਿੱਚ ਹਾਹਾਕਾਰ ਮੱਚ ਗਈ। ਅਗਲੇ ਦਿਨ ਹਰ ਵਿਦਿਅਕ ਸੰਸਥਾ ਵਿੱਚ-ਉੱਚੀਆਂ ਉਠੀਆਂ ਵਿਦਰੋਹੀ ਬਾਹਵਾਂ, ਤਣੇ ਹੋਏ ਮੁੱਕੇ, ਹਰਖੇ ਪਏ ਚਿਹਰੇ, ਅਸਮਾਨ ਗੁੰਜਾਊ ਨਾਅਰੇ। ਸੱਤ ਅਕਤੂਬਰ ਦੇ ਦਿਨ, ਪਰਸੋਂ ਹੋਏ ਗੋਲੀ-ਕਾਂਡ ਦੀ ਦਹਿਸ਼ਤ ਤੋਂ ਮੁਕਤ, ਗੁੱਸੇ ਤੇ ਜੋਸ਼ ਨਾਲ ਕੰਬਦੀ ਹੋਈ ਭੀੜ ਸਿਨਮੇ ਵੱਲ ਵਧੀ ਤੇ ਇਸ ਨੂੰ ਅੱਗ ਲਾ ਦਿੱਤੀ। ਗੋਲੀ ਚਲਾਉਣ ਦਾ ਹੁਕਮ ਦੇਣ ਵਾਲੇ ਅਧਿਕਾਰੀਆਂ ਵਿਰੁੱਧ ਕੋਈ ਵੀ ਕਾਰਵਾਈ ਨਾ ਹੋਣ ਕਾਰਨ ਵਿਦਿਆਰਥੀਆਂ ਦਾ ਗੁੱਸਾ ਵੱਧਦਾ ਹੀ ਚਲਾ ਗਿਆ। ਮੁਜ਼ਾਹਰਿਆਂ ਵਿੱਚ ਵਿਦਿਅਰਥਣਾਂ ਦੀ ਸ਼ਮੂਲੀਅਤ ਇਕ ਨਵਾਂ ਵਰਤਾਰਾ ਸੀ। ਇਸ ਘਟਨਾ ਕਰਮ ਨੂੰ ਦਸਤਾਵੇਜੀ ਨਾਵਲ ਚਾਨਣ ਦੀ ਲੀਕ ਵਿੱਚ ਇਉਂ ਪੇਸ਼ ਕੀਤਾ ਗਿਆ ਹੈ:-

"ਵਿਦਿਆਰਥੀਆਂ ਦਾ ਵਾਜਬ ਗੁੱਸਾ ਪਥਰਾਅ ਜਾਂ ਅਗਜ਼ਨੀ ਦੇ ਰੂਪ ਵਿੱਚ ਪ੍ਰਗਟ ਹੁੰਦਾ ਤਾਂ ਪੁਲਸ ਨੂੰ ਭਾਜੜਾਂ ਪੈ ਜਾਂਦੀਆਂ। ਕਈ ਸ਼ਹਿਰਾਂ ਵਿੱਚ ਸਖਤ ਲਾਠੀਚਾਰਜ ਹੋਏ। ਹੰਝੂ-ਗੈਸ ਦੀ ਵਰਤੋਂ ਰੋਜ਼ ਦਾ ਵਰਤਾਰਾ ਬਣ ਗਿਆ। ਇਹ ਸਖਤੀ ਤੇ ਲਗਾਤਾਰ ਗ੍ਰਿਫਤਾਰੀਆਂ ਵੀ ਅੰਦੋਲਨ ਦੇ ਵੇਗ ਨੂੰ ਰੋਕ ਨਾ ਸਕੇ, ਸਗੋਂ ਇਹ ਹੋਰ ਵੱਧ ਖਾੜਕੂ ਰੂਪ ਲੈਂਦਾ ਗਿਆ। ਪੁਲਸ ਦੇ ਸਾਹਮਣੇ ਹੀ ਵਰੰਟਡ ਆਗੂ ਰੈਲੀਆਂ ਨੂੰ ਸੰਬੋਧਨ ਕਰਦੇ, ਪੁਲਸ ਫੜਨ ਦਾ ਹੌਸਲਾ ਨਾ ਕਰਦੀ ਪਰ ਆਪਣੀ ਕਾਰਵਾਈ ਪਾਉਣ ਲਈ ਉਨ੍ਹਾਂ ਹੀ ਆਗੂਆਂ ਦੇ ਘਰੀਂ ਛਾਪੇ ਮਾਰਦੀ ਰਹਿੰਦੀ। ਕਿਸੇ ਆਗੂ ਨੂੰ ਇਕੱਲਾ ਦੇਖ ਕੇ ਪਿੱਛਾ ਕਰਦੀ ਤਾਂ ਉਹ ਕਿਸੇ ਵੀ ਘਰ ਵਿੱਚ ਵੜ ਜਾਂਦਾ। ਲੋਕ ਆਪ ਮੁਹਾਰੇ ਹੀ ਆਗੂਆਂ ਤੇ ਕਾਰਕੁਨਾਂ ਨੂੰ ਪਨਾਹ ਦੇਣ ਲੱਗ ਪਏ ਸੀ। ਅੰਗਰੇਜਾਂ ਦੇ ਵੇਲਿਆਂ ਤੋਂ ਹੀ ਲੋਕਾਂ ਨੇ ਪੁਲਸ ਨੂੰ ਧੱਕੇਸ਼ਾਹੀਆਂ ਕਰਦਿਆਂ ਦੇਖਿਆ ਸੀ। ਪੁਲਸੀਏ ਸ਼ਰੇਆਮ ਦਹਿਸ਼ਤ ਪਾਉਂਦੇ ਰਹੇ ਨੇ-ਲੋਕਾਂ ਦੇ ਸਾਹਮਣੇ ਘਰ ਦੀ ਸ਼ਰਾਬ ਕੱਢਣ ਵਾਲਿਆਂ ਜਾਂ ਚੋਰਾਂ ਨੂੰ ਕੁੱਟ ਕੇ, ਮਾਲੀਆ ਨਾ ਤਾਰ ਸਕਣ ਵਾਲੇ ਗਰੀਬ ਕਿਸਾਨਾਂ ਨੂੰ ਧੱਕੇ ਮਾਰ ਕੇ, ਗਾਲਾਂ ਕੱਢ ਕੇ। ਲੋਕਾਂ ਦੇ ਆਪਸੀ ਝਗੜਿਆਂ ਵਿੱਚ ਇੱਕ ਧਿਰ ਤੋਂ ਪੈਸੇ ਖਾ ਕੇ ਦੂਜੀ ਧਿਰ ਨੂੰ ਕੁੱਟ ਦੇਣਾ ਆਮ ਵਰਤਾਰਾ ਰਿਹਾ ਹੈ। 1947 ਵਿੱਚ ਅੰਗਰੇਜ਼ਾਂ ਤੇ ਕਾਂਗਰਸ ਵਿਚਕਾਰ ਹੋਏ ਸਮਝੌਤੇ ਅਨੁਸਾਰ ਸਾਰੀ ਹੀ ਅਫਸਰਸ਼ਾਹੀ ਨੂੰ ਮੂਲ ਰੂਪ 'ਚ ਬਰਕਰਾਰ ਰੱਖਣਾ ਲੋਕ-ਵਿਰੋਧੀ ਗੱਲ ਸੀ। ਇਹ ਉਹੀ ਅਫਸਰਸ਼ਾਹੀ ਸੀ ਜਿਸ ਨੇ ਸਾਮਰਾਜੀ ਸ਼ਾਸ਼ਨ ਨੂੰ ਪੱਕੇ ਪੈਰੀਂ ਕਰਨ ਲਈ ਲੰਮਾ ਸਮਾਂ ਲੋਕਾਂ ਤੇ ਜਬਰ ਕੀਤਾ ਸੀ। ਸੋ 1947 ਮਗਰੋਂ ਇਸ ਦੇ ਖਾਸੇ ਵਿੱਚ ਕੋਈ ਵੀ ਫਰਕ ਨਹੀਂ ਆਇਆ। ਪਿਛਲੇ ਤਿੰਨ ਸਾਲਾਂ ਦੌਰਾਨ ਨਕਸਲੀਆਂ ਵਿਰੁੱਧ ਕਾਰਵਾਈ ਕਰਦਿਆਂ ਉਨ੍ਹਾਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਉਪਰ ਪੰਜਾਬ ਪੁਲਸ ਨੇ ਬਹੁਤ ਕਹਿਰ ਢਾਹਿਆ ਸੀ। ਭਗੌੜੇ ਨਕਸਲੀਆਂ ਦੀਆਂ ਮਾਵਾਂ ਭੈਣਾਂ ਨੂੰ ਵੀ ਇਸ ਤਰ੍ਹਾਂ ਜਲੀਲ ਕੀਤਾ ਜਾਂਦਾ ਕਿ ਲੋਕ ਤ੍ਰਾਹ ਤ੍ਰਾਹ ਕਰ ਉੱਠਦੇ। ਦਹਾਕਿਆਂ ਤੋਂ ਪੁਲਸ ਦੀਆਂ ਧੱਕੇਸ਼ਾਹੀਆਂ ਨੂੰ ਘੋਰ ਨਫਰਤ ਨਾਲ ਦੇਖਦੇ ਹੋਏ ਲੋਕ ਕਹਿੰਦੇ ਰਹੇ ਸਨ- ਏਹਨਾਂ ਕਸਾਈਆਂ ਤੋਂ ਤਾਂ ਰੱਬ ਹੀ ਬਚਾਵੇ, ਪਰ ਕਦੇ ਵੀ ਤੇ ਕਿਤੇ ਵੀ ਰੱਬ ਨੇ ਪੀੜਤ ਬੰਦਿਆਂ ਨੂੰ ਨਹੀਂ ਬਚਾਇਆ। ਅਨੇਕਾਂ ਥਾਵਾਂ ਤੇ ਕਾਮਰੇਡਾਂ ਨੇ ਜਾਂ ਹੋਰ ਸੂਝਵਾਨਾਂ ਨੇ ਜਰੂਰ ਬਚਾਇਆ। ਮੋਗਾ ਐਜੀਟੇਸ਼ਨ ਨੇ ਪੰਜਾਬ ਦਾ ਮਾਹੌਲ ਹੀ ਬਦਲ ਦਿੱਤਾ- ਹਰ ਸ਼ਹਿਰ, ਹਰ ਕਸਬੇ 'ਚ ਵੱਡੀਆਂ ਰੈਲੀਆਂ 'ਚ ਪੁਲਸ ਅਫਸਰਾਂ ਦੇ ਸਾਹਮਣੇ ਹੀ ਉਨ੍ਹਾਂ ਨੂੰ ਪੀ.ਐਸ.ਯੂ., ਨੌਜਵਾਨ ਭਾਰਤ ਸਭਾ ਤੇ ਐਸ.ਐਫ.ਆਈ. ਦੇ ਆਗੂ ਲਲਕਾਰਦੇ। ਇਹਨਾਂ ਲਲਕਾਰਿਆਂ ਨਾਲ ਪੰਜਾਬੀਆਂ ਦੇ ਅੰਦਰ ਅਜਿਹੀਆਂ ਤਰੰਗਾਂ ਉੱਠਦੀਆਂ ਜੋ ਉਨ੍ਹਾਂ ਜ਼ਿੰਦਗੀ 'ਚ ਕਦੇ ਵੀ ਅਨੁਭਵ ਨਹੀਂ ਕੀਤੀਆਂ ਸੀ। ਪੰਜਾਬ ਵਿੱਚ ਉੱਠਿਆ ਰੋਹ ਦਾ ਤੂਫਾਨ ਸਿਰਫ ਮੋਗੇ ਦੀ ਘਟਨਾ ਕਾਰਨ ਨਹੀਂ ਸੀ। ਇਹਨਾਂ ਨੌਜਵਾਨਾਂ ਨੇ ਨਕਸਲਵਾਦੀ ਲਹਿਰ ਨੂੰ ਕੁਚਲ ਦੇਣ ਲਈ ਕੀਤੇ ਗਏ ਐਸੇ ਅਤਿਆਚਾਰਾਂ ਬਾਰੇ ਸੁਣਿਆ ਹੋਇਆ ਸੀ, ਜਿਹਨਾਂ ਨੂੰ ਸੁਣ ਕੇ ਔਰੰਗਜੇਬ ਵੀ ਕੰਬ ਜਾਂਦਾ। ਮਹੀਨਿਆਂ ਤੱਕ ਪੰਜਾਬ ਜੰਗ ਦਾ ਅਖਾੜਾ ਬਣਿਆ ਰਿਹਾ। ਮੋਗੇ ਦੇ ਸਾਰੇ ਗੁੰਡੇ ਇੰਨੇ ਡਰ ਗਏ ਕਿ ਉਹ ਪਰਿਵਾਰਾਂ ਸਮੇਤ ਗਾਇਬ ਹੋ ਗਏ। ਉਨ੍ਹਾਂ ਦੀ ਚੌਧਰ ਤੇ ਦਹਿਸ਼ਤ ਸੁੱਕੇ ਪੱਤਿਆਂ ਵਾਂਗ ਉੱਡ ਗਈ ਤੇ ਇਵੇਂ ਹੀ ਉੱਡ ਗਈ ਸਾਰੇ ਪੰਜਾਬ ਵਿਚੋਂ ਪੁਲਸ ਦੀ ਦਹਿਸ਼ਤ।

ਪੰਜਾਬ ਸਰਕਾਰ ਨੇ ਖੇਤੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਮਹਿੰਦਰ ਸਿੰਘ ਰੰਧਾਵਾ ਰਾਹੀਂ ਸਾਥੀ ਪ੍ਰਿਥੀਪਾਲ ਨੂੰ ਗੱਲਬਾਤ ਲਈ ਚੰਡੀਗੜ੍ਹ ਬੁਲਾਇਆ ਅਤੇ ਗ੍ਰਿਫਤਾਰ ਕਰ ਲਿਆ ਤਾਂ ਜੋ ਦਬਾਅ ਪਾ ਕੇ ਅੰਦੋਲਨ ਵਾਪਸ ਕਰਵਾਇਆ ਜਾ ਸਕੇ ਪਰ ਸਰਕਾਰ ਨਹੀਂ ਜਾਣਦੀ ਸੀ ਕਿ ਇਹ ਆਗੂ ਝੁਕਣ ਵਾਲੀ ਸ਼ਖਸ਼ੀਅਤ ਨਹੀਂ। ਗ੍ਰਿਫਤਾਰੀ ਦੀ ਖਬਰ ਨੇ ਯੂਨੀਵਰਸਿਟੀ ਦੇ ਮਾਹੌਲ ਨੂੰ ਅੱਗ ਲਾ ਦਿੱਤੀ। ਗੁੱਸੇ 'ਚ ਆਏ ਵਿਦਿਆਰਥੀਆਂ ਨੇ ਅਜਿਹਾ ਦਬਾਅ ਬਣਾਇਆ ਕਿ ਅਗਲੇ ਹੀ ਦਿਨ ਪ੍ਰਿਥੀਪਾਲ ਰੰਧਾਵਾ ਜੀ ਦੀ ਰਿਹਾਈ ਹੋ ਗਈ।

ਤਿੰਨ ਮਹੀਨੇ ਲੰਘ ਜਾਣ ਤੇ ਵੀ ਅੰਦੋਲਨ ਦਾ ਵੇਗ ਮੱਠਾ ਨਾ ਪਿਆ। ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਬਿਆਨ ਕਿ ਮੋਗੇ 'ਚ ਮੇਰੇ ਆਪਣੇ ਹੀ ਪੁੱਤਰ ਮਰੇ ਨੇ ਦਾ ਕੋਈ ਅਸਰ ਨਾ ਹੋਇਆ। ਰੰਧਾਵਾ ਜੀ ਅਨੇਕਾਂ ਵਿਦਿਅਕ ਸੰਸਥਾਵਾਂ ਵਿੱਚ ਗਏ, ਰੈਲੀਆਂ ਨੂੰ ਸੰਬੋਧਨ ਕੀਤਾ। ਅੰਦੋਲਨ ਨੂੰ ਗਤੀ ਦੇਣ ਲਈ ਤਕਰੀਬਨ ਰੋਜ ਹੀ ਅਖਬਾਰਾਂ ਨੂੰ ਬਿਆਨ ਭੇਜਦੇ। ਛੇਤੀ ਹੀ ਉਨ੍ਹਾਂ ਦਾ ਨਾਂਅ ਤਕਰੀਬਨ ਹਰ ਥਾਂ ਪਹੁੰਚ ਗਿਆ। ਆਖਰ ਜਦੋਂ ਲਾਠੀਚਾਰਜ, ਹੰਝੂ ਗੈਸ, ਦਫਾ 144, ਗ੍ਰਿਫਤਾਰੀਆਂ ਰੋਹ ਦੇ ਇਸ ਤੂਫਾਨ ਅੱਗੇ ਬੇਬਸ ਹੋ ਗਏ ਤਾਂ ਪੰਜਾਬ ਨੂੰ ਫੌਜ ਦੇ ਹਵਾਲੇ ਕਰ ਦਿੱਤਾ ਗਿਆ।

ਮੋਗਾ ਅੰਦੋਲਨ ਦੇ ਤੂਫਾਨੀ ਵੇਗ ਤੋਂ ਘਬਰਾਈ ਹੋਈ ਪੰਜਾਬ ਸਰਕਾਰ ਨੇ ਅੰਦੋਲਨ ਵਿੱਚ ਸਰਗਰਮ ਕਾਰਕੁੰਨਾਂ ਦੀ ਇੱਕ ਲਿਸਟ ਬਣਾ ਲਈ। ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਨੂੰ ਇਹ ਨਾਂਅ ਭੇਜ ਕੇ ਹਦਾਇਤ ਕਰ ਦਿੱਤੀ ਕਿ ਇਹਨਾਂ ਕਾਰਕੁਨਾਂ ਨੂੰ ਅਗਲੇ ਸੈਸ਼ਨ ਵਿੱਚ ਦਾਖਲੇ ਨਾ ਦਿੱਤੇ ਜਾਣ। ਖੇਤੀ 'ਵਰਸਿਟੀ ਵਿੱਚ ਰੰਧਾਵਾ ਜੀ ਸਮੇਤ 27 ਵਿਦਿਆਰਥੀਆਂ ਦੇ ਦਾਖਲੇ ਰੋਕੇ ਗਏ। ਪੀ.ਐਸ.ਯੂ. ਨੇ ਰੰਧਾਵਾ ਜੀ ਦੀ ਅਗਵਾਈ ਹੇਠ ਦਾਖਲਿਆਂ ਲਈ ਲੰਬੀ ਲੜਾਈ ਲੜੀ। ਇੱਕ ਰਾਤ ਜਦੋਂ ਵਿਦਿਆਰਥੀ ਮਸ਼ਾਲਾਂ ਵਾਲਾ ਮੁਜਾਹਰਾ ਕਰ ਰਹੇ ਸੀ ਤਾਂ ਫੁੱਲਦਾਰ ਝਾੜੀਆਂ ਪਿੱਛੇ ਤੋਂ ਉਹਨਾਂ ਵੱਲ ਨੂੰ ਗੋਲੀਆਂ ਚੱਲੀਆਂ। ਅਚਾਨਕ ਹੀ ਵਰ ਪਈ ਇਸ ਅੱਗ ਕਾਰਨ ਵਿਦਿਆਰਥੀ ਘਬਰਾ ਗਏ ਅਤੇ ਖਿੰਡ-ਪੁੰਡ ਗਏ। ਝਾੜੀਆਂ ਪਿੱਛੇ ਤੋਂ ਚਾਰ-ਪੰਜ ਬੰਦੇ ਦਗੜ-ਦਗੜ ਕਰਦੇ ਆਏ ਅਤੇ ਉਹਨਾਂ ਨੇ ਸੰਤੋਖ ਸਿੰਘ ਟਿਵਾਣਾ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਫਿਰ ਇੱਕ ਜਣੇ ਨੇ ਆਪਣੇ ਸਾਥੀਆਂ ਨੂੰ ਕਿਹਾ, "ਓਏ ਦੇਖ ਤਾਂ ਲਵੋ- ਉਹ ਵੀ ਹੈ?" ਦੂਜੇ ਨੇ ਡਿਗੇ ਪਏ ਟਿਵਾਣਾ ਦੇ ਵਾਲਾਂ ਨੂੰ ਫੜ ਕੇ ਉਸ ਦਾ ਸਿਰ ਉੱਪਰ ਨੂੰ ਉਠਾਇਆ ਅਤੇ ਕਿਹਾ- "ਨਹੀਂ, ਉਹ ਨਹੀਂ।" "ਚਲੋ ਫੇਰ ਚੱਲੀਏ।" ਬਾਸ ਨੇ ਹੁਕਮ ਕੀਤਾ ਅਤੇ ਉਹ ਗੁੰਡੇ ਤੇਜ਼ੀ ਨਾਲ ਉਧਰ ਨੂੰ ਚਲੇ ਗਏ ਜਿਧਰੋਂ ਆਏ ਸਨ। ਅਸਲ ਵਿੱਚ ਉਹ ਪ੍ਰਿਥੀਪਾਲ ਉਪਰ ਹਮਲਾ ਕਰਨ ਆਏ ਸਨ। ਜੇ ਉਹ ਦੋ-ਚਾਰ ਮਿੰਟ ਪਹਿਲਾਂ ਮੁਜ਼ਾਹਰੇ ਦੇ ਅਗਲੇ ਹਿੱਸੇ ਤੋਂ ਪਿਛਾਂਹ ਵੱਲ ਨੂੰ ਨਾ ਗਿਆ ਹੁੰਦਾ ਤਾਂ ਸ਼ਾਇਦ ਇਹ ਉਸ ਦੀ ਆਖਰੀ ਰਾਤ ਹੋਣੀ ਸੀ।

ਹਮਲਾ ਕਰਨ ਵਾਲੇ ਗੁੰਡੇ ਉਹ ਵਿਗੜੇ ਹੋਏ ਅਨਸਰ ਸਨ ਜਿਹਨਾਂ ਨੇ ਪੀ.ਐਸ.ਯੂ. ਦੇ ਉਭਾਰ ਤੋਂ ਪਹਿਲਾਂ ਖੇਤੀ ਯੂਨੀਵਰਸਿਟੀ ਨੂੰ ਆਪਣੀਆਂ ਆਪਹੁਦਰੀਆਂ, ਧੱਕੇਸ਼ਾਹੀਆਂ ਦਾ ਅਖਾੜਾ ਬਣਾਇਆ ਹੋਇਆ ਸੀ। ਨਵੇਂ ਵਿਦਿਆਰਥੀਆਂ ਦੀ ਸ਼ਰੇਆਮ ਰੈਗਿੰਗ ਕਰਨੀ, ਕੁੜੀਆਂ ਨਾਲ ਛੇੜਖਾਨੀ ਕਰਨੀ, ਹੋਸਟਲਰਾਂ ਤੋਂ ਮੁਫਤ ਵਿੱਚ ਮੁਰਗੇ ਛਕਣੇ ਆਮ ਗੱਲ ਸੀ। ਵਿਚਾਰੀਆਂ ਕੁੜੀਆਂ ਅਤੇ ਸਾਊ ਮੁੰਡੇ ਹੀਣਭਾਵਨਾ ਵਿੱਚ ਗ੍ਰਸਤ ਹੋਈ ਜਾਂਦੇ। ਅਧਿਕਾਰੀ ਇਸ ਗੁੰਡਾਗਰਦੀ ਬਾਰੇ ਖਾਮੋਸ਼ ਰਹਿੰਦੇ। ਪ੍ਰਿਥੀਪਾਲ ਰੰਧਾਵਾ ਦੀ ਅਗਵਾਈ ਵਿੱਚ ਪੀ.ਐਸ.ਯੂ. ਕਾਰਕੁਨਾਂ ਨੇ ਵਿਦਿਆਰਥੀਆਂ ਨੂੰ ਇਸ ਗੁੰਡਾਗਰਦੀ ਵਿਰੁੱਧ ਲਗਾਤਾਰ ਚੇਤੰਨ ਕੀਤਾ, ਲਾਮਬੰਦ ਕੀਤਾ, ਮਹੀਨਿਆਂ ਵਿੱਚ ਹੀ ਰੈਗਿੰਗ ਦਾ, ਹੋਰ ਬਦਮਾਸ਼ੀਆਂ ਦਾ ਨਾਂਅ ਨਿਸ਼ਾਨ ਮਿਟਾ ਦਿੱਤਾ। ਰੰਧਾਵਾ ਜੀ ਤੇ ਉਹਦੇ ਸਾਥੀਆਂ ਦਾ ਦ੍ਰਿੜ੍ਹ ਵਿਸ਼ਵਾਸ਼ ਸੀ ਕਿ ਗੁੰਡਾਗਰਦੀ ਵਿਦਿਆਰਥੀ ਭਾਈਚਾਰੇ ਦੇ ਅਣਖ ਨਾਲ ਜਿਉਣ ਦੇ ਹੱਕ ਨੂੰ ਕੁਚਲਦੀ ਹੈ। ਜਥੇਬੰਦੀ ਦੀ ਸਮੂਹਕ ਸ਼ਕਤੀ ਨੇ ਗੁੰਡਿਆਂ ਨੂੰ ਸਿੱਧੇ ਕਰ ਦਿੱਤਾ, ਪਰ ਆਗੂਆਂ ਵਿਰੁੱਧ ਨਫਰਤ ਇਹਨਾਂ ਦੇ ਸੀਨਿਆਂ ਅੰਦਰ ਧੁਖਦੀ ਰਹੀ। ਇਹ ਹੀ ਨਫਰਤ ਉਸ ਅਧਿਕਾਰੀ ਨੂੰ ਡੰਗ ਰਹੀ ਸੀ, ਜਿਸ ਨੂੰ ਯੂਨੀਅਨ ਦੇ ਦਬਾਅ ਨੇ ਡੀਨ ਦੇ ਅਹੁਦੇ ਤੋਂ ਹਟਵਾ ਦਿੱਤਾ ਸੀ। ਹਮਲਾਵਰਾਂ ਨੂੰ ਹਥਿਆਰ ਇਸੇ ਅਧਿਕਾਰੀ ਨੇ ਮੁਹੱਈਆ ਕੀਤੇ ਸੀ। ਹਮਲੇ ਤੋਂ ਮਗਰੋਂ ਵੀ ਅੰਦੋਲਨ ਜਾਰੀ ਰਿਹਾ। ਜੀਵਨ ਲਾਲ ਸ਼ਹਿਣਾ, ਜਵਾਹਰ ਸਿੰਘ, ਹਰਬੰਸ ਸੰਘਾ, ਸੰਤੋਸ਼ ਟਿਵਾਣਾ ਤੇ ਹੋਰ ਆਗੂ ਰੰਧਾਵਾ ਜੀ ਦੀ ਅਗਵਾਈ ਵਿੱਚ ਸਰਗਰਮ ਰਹੇ, ਪਰ ਇਹ ਅੰਦੋਲਨ ਸਫਨ ਨਾ ਹੋ ਸਕਿਆ। ਇਹਨੀ ਦਿਨੀਂ ਹੀ ਲੁਧਿਆਣੇ ਦੀ ਫੈਕਟਰੀ ਐਰੋ ਦੇ ਕਾਮਿਆਂ ਦਾ ਸੰਘਰਸ਼ ਚੱਲ ਰਿਹਾ ਸੀ। ਇਹਨਾਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਰੰਧਾਵਾ ਜੀ ਨੇ ਕਿਹਾ "ਮਜਦੂਰ ਸਾਥੀਓ, ਅਸੀਂ ਵਿਦਿਆਰਥੀ ਪੰਜਾਬ ਦੀ ਜਮਹੂਰੀ ਲਹਿਰ ਨੂੰ ਅਗਵਾਈ ਦੇਣ ਲਈ ਯਤਨਸ਼ੀਲ ਆਂ, ਪਰ ਏਸ ਔਖੇ ਕਾਰਜ ਲਈ ਅਸਾਡੇ ਹੱਥ ਬੜੇ ਕਮਜੋਰ ਨੇ। ਅਸੀਂ ਤੁਹਾਨੂੰ ਅਪੀਲ ਕਰਦੇ ਆਂ ਕਿ ਆਪਣੀਆਂ ਮੰਗਾਂ ਲਈ ਲੜਾਈ ਦੇ ਨਾਲ ਨਾਲ ਪੰਜਾਬ ਦੀ ਜਮਹੂਰੀ ਲਹਿਰ ਦੀ ਅਗਵਾਈ ਨੂੰ ਸਾਡੇ ਕਮਜੋਰ ਹੱਥਾਂ ਵਿਚੋਂ ਲੈ ਕੇ ਆਪਣੇ ਮਜਬੂਤ ਹੱਥਾਂ 'ਚ ਸੰਭਾਲੋ।" ਜਨਵਰੀ 1974 ਵਿੱਚ ਆਪਣੀ ਗ੍ਰਿਫਤਾਰੀ ਤੱਕ ਉਹ ਸਾਰੇ ਪੰਜਾਬ ਵਿੱਚ ਪੀ.ਐਸ.ਯੂ. ਦੀਆਂ ਇਕਾਈਆਂ ਬਣਾਉਣ ਲਈ ਸਿਰਤੋੜ ਯਤਨ ਕਰਦਾ ਰਿਹਾ। ਖੇਤੀ ਇੰਸਪੈਕਟਰਾਂ ਦੇ ਸੰਘਰਸ਼ ਦੀ ਹਿਮਾਇਤ ਵਿੱਚ ਉਹ ਚੰਡੀਗੜ੍ਹ ਵਿੱਚ ਸੀ ਕਿ ਇੱਕ ਰਾਤ ਉਹਨੂੰ ਤੇ ਸੰਘਰਸ਼ੀ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹਨਾਂ ਗ੍ਰਿਫਤਾਰੀਆਂ ਵਿਰੁੱਧ ਚੰਡੀਗੜ੍ਹ ਵਿੱਚ ਹੋ ਰਹੇ ਮੁਜਾਹਰੇ ਨੂੰ ਰੋਕਣ ਦਾ ਯਤਨ ਪੁਲਿਸ ਨੇ ਕੀਤਾ ਤਾਂ ਮੁਜਾਹਰਾਕਾਰੀਆਂ ਤੇ ਪੁਲੀਸ ਵਿਚਕਾਰ ਹਿੰਸਕ ਝੜਪ ਹੋ ਗਈ। ਇਸ ਘਟਨਾ ਨੇ ਸਾਰੇ ਪੰਜਾਬ ਵਿੱਚ ਗੁੱਸਾ ਅਤੇ ਰੋਹ ਖਿੰਡਾ ਦਿੱਤਾ। ਤਕਰੀਬਨ ਸਾਰੀਆਂ ਵਿਦਿਅਕ ਸੰਸਥਾਵਾਂ ਵਿੱਚ ਰੋਸ ਮੁਜਾਹਰੇ ਹੋਣ ਲੱਗ ਪਏ। ਆਖਰ ਸਰਕਾਰ ਨੂੰ ਝੁਕਣਾ ਪਿਆ, ਗ੍ਰਿਫਤਾਰ ਆਗੂਆਂ ਨੂੰ ਰਿਹਾਅ ਕਰਨਾ ਪਿਆ।

# ਕਾਰਪੋਰੇਟਾਂ ਅਤੇ ਸੁਪਰ ਅਮੀਰਾਂ ਨੂੰ ਟੈਕਸ ਲਾਉਣ ਲਈ ਤਿਆਰ ਨਹੀਂ ਹੈ ਮੋਦੀ ਸਰਕਾਰ : ਐਸਕੇਐਮ



ਸੰਯੁਕਤ ਕਿਸਾਨ ਮੋਰਚਾ (SKM) ਨੇ ਪਿੰਡਾਂ ਵਿੱਚ ਹਾਲ ਹੀ ਵਿੱਚ ਐਲਾਨੇ ਕੇਂਦਰੀ ਬਜਟ ਦੀਆਂ ਕਾਪੀਆਂ ਸਾੜਨ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਇਹ ਕਿਸਾਨਾਂ ਅਤੇ ਮਜ਼ਦੂਰਾਂ ਦੀ ਕੀਮਤ 'ਤੇ 'ਖੇਤੀਬਾੜੀ ਦਾ ਨਿਗਮੀਕਰਨ' ਵੱਲ ਲੈ ਜਾ ਰਿਹਾ ਹੈ। ਐਸਕੇਐਮ ਨੇ ਇੱਕ ਬਿਆਨ ਵਿੱਚ ਕਿਹਾ, 'ਬਜਟ ਵਿੱਚ ਲੰਬੇ ਸਮੇਂ ਤੋਂ ਲੰਬਿਤ ਐਸਕੇਐਮ 032+50% ਅਤੇ ਗਾਰੰਟੀਸ਼ੁਦਾ ਖਰੀਦ ਲਈ ਕਿਸਾਨਾਂ ਦੀਆਂ ਅਸਲ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ'। ਵਿੱਤ ਮੰਤਰੀ ਨੇ ਬਜਟ ਭਾਸ਼ਣ ਵਿੱਚ ਕਿਹਾ ਕਿ 'ਅੰਨਦਾਤਾ ਲਈ, ਸਰਕਾਰ ਨੇ ਇੱਕ ਮਹੀਨੇ ਦਾ ਸਮਾਂ ਦਿੱਤਾ ਹੈ ਪਹਿਲਾਂ ਸਾਰੀਆਂ ਵੱਡੀਆਂ ਫਸਲਾਂ ਲਈ ਉੱਚੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕੀਤਾ ਸੀ, ਲਾਗਤ 'ਤੇ ਘੱਟੋ-ਘੱਟ 50 ਫੀਸਦੀ ਮਾਰਜਿਨ ਦੇਣ ਦੇ ਵਾਅਦੇ ਨੂੰ ਪੂਰਾ ਕਰਨਾ ਝੂਠ ਹੈ।' ਬਿਆਨ ਵਿੱਚ ਕਿਹਾ ਗਿਆ ਹੈ, 'ਵਾਅਦਾ 032+50% ਦਾ ਸੀ ਅਤੇ ਮੌਜੂਦਾ ਐਸਕੇਐਮ 012+6L+50% ਹੈ। ਐਸਕੇਐਮ ਨੇ ਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਨਿਰਪੱਖਤਾ ਬਰਕਰਾਰ ਰੱਖਣ ਲਈ ਵਿੱਤ ਮੰਤਰੀ ਤੋਂ ਇਸ ਤੱਥ ਨੂੰ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ।' ਚਿੱਠੀਆਂ ਰਾਹੀਂ ਲੋਕਾਂ ਨੂੰ। ਐਸਕੇਐਮ ਨੇ ਕਿਹਾ ਕਿ ਅੰਤਰਰਾਸ਼ਟਰੀ ਵਿੱਤ ਪੂੰਜੀ ਦੇ ਦਬਾਅ ਹੇਠ ਤਿਆਰ ਕੀਤੇ ਗਏ ਬਜਟ ਵਿੱਚ ਬਹੁ-ਰਾਸ਼ਟਰੀ ਕੰਪਨੀਆਂ ਲਈ 5% ਦੀ ਟੈਕਸ ਛੋਟ ਦਾ ਐਲਾਨ ਕੀਤਾ ਗਿਆ ਹੈ ਅਤੇ ਉਹ ਕਾਰਪੋਰੇਟਾਂ ਅਤੇ ਸੁਪਰ ਅਮੀਰਾਂ ਨੂੰ ਟੈਕਸ ਦੇਣ ਲਈ ਤਿਆਰ ਨਹੀਂ ਹੈ ਜਦੋਂ ਕਿ ਅਸਿੱਧੇ ਟੈਕਸਾਂ ਦਾ 67% ਇਕੱਠਾ ਕੀਤਾ ਜਾਂਦਾ ਹੈ ਗਰੀਬ ਆਬਾਦੀ ਦਾ%. ਐਸਕੇਐਮ ਨੇ ਬਿਆਨ 'ਚ ਕਿਹਾ, "ਕਾਰਪੋਰੇਟ ਕੰਪਨੀਆਂ 'ਤੇ ਕੋਈ ਟੈਕਸ ਵਾਧਾ ਨਹੀਂ ਕੀਤਾ ਗਿਆ ਹੈ ਅਤੇ ਨਾ ਹੀ ਕੋਈ ਵੈਲਥ ਟੈਕਸ ਅਤੇ ਵਿਰਾਸਤੀ ਟੈਕਸ ਲਗਾਇਆ ਗਿਆ ਹੈ, ਜੋ ਸਪੱਸ਼ਟ ਤੌਰ 'ਤੇ ਕਿਸਾਨ ਵਿਰੋਧੀ, ਮਜ਼ਦੂਰ ਜਮਾਤ ਵਿਰੋਧੀ ਪੱਖਪਾਤ ਨੂੰ ਉਜਾਗਰ ਕਰਦਾ ਹੈ। ਇਹ ਕਿਸਾਨਾਂ ਦੇ ਨਾਲ ਬਹੁਤ ਵੱਡਾ ਧੱਕਾ ਹੈ। ਦੇਸ਼ ਸਵੀਕਾਰਯੋਗ ਨਹੀਂ ਹੈ। ਕਿਸਾਨ ਸੰਗਠਨ ਨੇ ਕਿਹਾ ਕਿ ਬਜਟ ਵਿੱਚ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਅਤੇ ਐੱਨਡੀਆਰਐੱਫ ਨੂੰ ਜਨਤਕ ਖੇਤਰ ਦੀ ਬੀਮਾ ਯੋਜਨਾ ਨਾਲ ਬਦਲਣ ਅਤੇ ਫਸਲਾਂ ਦੀ ਅਸਫਲਤਾ ਅਤੇ ਕੁਦਰਤੀ ਆਫ਼ਤਾਂ ਨਾਲ ਸਿੱਝਣ ਵਿੱਚ ਮਦਦ ਕਰਨ ਲਈ ਕਿਸਾਨਾਂ ਨੂੰ ਵਿਆਜ ਮੁਕਤ ਕਰਜ਼ੇ ਦੇਣ ਦੀ ਸਭ ਤੋਂ ਮਹੱਤਵਪੂਰਨ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਜੋ ਕਿ ਗਲੋਬਲ ਵਾਰਮਿੰਗ ਕਾਰਨ ਵਧ ਰਹੇ ਹਨ। ਐਸਕੇਐਮ ਨੇ ਕਿਸਾਨਾਂ, ਮਜ਼ਦੂਰਾਂ, ਔਰਤਾਂ, ਨੌਜਵਾਨਾਂ, ਵਿਦਿਆਰਥੀਆਂ ਆਦਿ ਸਮੇਤ ਸਾਰੇ ਵਰਗਾਂ ਦੀ ਵਿਆਪਕ ਏਕਤਾ ਦੀ ਅਪੀਲ ਕੀਤੀ ਹੈ ਕਿਉਂਕਿ ਇਹ ਸਮੇਂ ਦੀ ਲੋੜ ਹੈ। ਐਸਕੇਐਮ ਨੇ ਕਿਹਾ, 'ਸਾਰੇ ਲੋਕਾਂ ਨੂੰ ਇੱਕਜੁੱਟ ਹੋ ਕੇ ਪੂਰੇ ਭਾਰਤ ਵਿੱਚ ਵੱਡੇ ਪੱਧਰ 'ਤੇ ਲੜਨਾ ਪਵੇਗਾ ਅਤੇ ਮੋਦੀ ਸਰਕਾਰ ਨੂੰ ਆਪਣੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਬਦਲਣ ਅਤੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਮਜਬੂਰ ਕਰਨਾ ਹੋਵੇਗਾ।'

ਬਜਟ 2024-25

# ਅੰਕੜਿਆਂ ਦੀ ਅਸਲੀਅਤ



ਪ੍ਰੋ. ਅਰੁਣ ਕੁਮਾਰ

2024-25 ਦਾ ਬਜਟ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਆਇਆ ਹੈ, ਜਿਸ ਨੇ ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਉਹ ਸੱਤਾਧਾਰੀ ਭਾਜਪਾ ਤੋਂ ਖੁਸ਼ ਨਹੀਂ ਹਨ। ਨਰਿੰਦਰ ਮੋਦੀ ਸਰਕਾਰ ਹੁਣ ਗੱਠਜੋੜ ਦੀ ਸਰਕਾਰ ਹੈ, ਜੋ ਮੁੱਖ ਗੱਠਜੋੜ ਭਾਈਵਾਲਾਂ, ਤੇਲਗੂ ਦੇਸ਼ਮ ਪਾਰਟੀ ਅਤੇ ਜਨਤਾ ਦਲ (ਯੂਨਾਈਟਿਡ) 'ਤੇ ਨਿਰਭਰ ਹੈ। ਦੋਵੇਂ ਆਪਣੇ ਰਾਜਾਂ ਲਈ ਵਿਸ਼ੇਸ਼ ਦਰਜੇ ਦੀ ਮੰਗ ਕਰ ਰਹੇ ਸਨ। ਹਾਲਾਂਕਿ ਭਾਰਤੀ ਜਨਤਾ ਪਾਰਟੀ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ ਹੈ ਪਰ ਬਜਟ ਭਾਸ਼ਣ ਵਿੱਚ ਇਨ੍ਹਾਂ ਰਾਜਾਂ ਲਈ ਵਿਸ਼ੇਸ਼ ਯੋਜਨਾਵਾਂ ਦਾ ਐਲਾਨ ਕੀਤਾ ਗਿਆ ਹੈ। ਇਸ ਦਾ ਸੰਘਵਾਦ 'ਤੇ ਅਸਰ ਪੈ ਸਕਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਭਾਜਪਾ ਲਈ ਸਬਕ ਇਹ ਹੈ ਕਿ ਉਸ ਨੂੰ ਬਹੁਮਤ ਨਹੀਂ ਮਿਲਿਆ ਕਿਉਂਕਿ ਮਹਿੰਗਾਈ, ਬੇਰੁਜ਼ਗਾਰੀ ਅਤੇ ਕਿਸਾਨਾਂ ਅਤੇ ਨੌਜਵਾਨਾਂ ਦੇ ਅਸੰਤੁਸ਼ਟੀ ਦੇ ਮੁੱਦੇ ਅਹਿਮ ਸਨ। ਇਸ ਲਈ ਵੋਟਾਂ ਨੂੰ ਭਾਜਪਾ ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਮੰਨਿਆ ਜਾ ਸਕਦਾ ਹੈ। ਸਰਕਾਰ ਨੇ ਇਨ੍ਹਾਂ ਮੁੱਦਿਆਂ ਨੂੰ ਸੰਭਾਲਣ ਲਈ ਕਈ ਗੱਲਾਂ ਦਾ ਐਲਾਨ ਕਰਕੇ ਪ੍ਰਤੀਕਿਰਿਆ ਦਿੱਤੀ ਹੈ। ਵਿੱਤ ਮੰਤਰੀ ਨੇ 'ਵਿਕਸਿਤ ਭਾਰਤ' ਜਾਂ 'ਵਿਕਸਿਤ ਭਾਰਤ' ਨੂੰ ਪ੍ਰਾਪਤ ਕਰਨ ਲਈ 9 ਤਰਜੀਹੀ ਖੇਤਰਾਂ ਦਾ ਐਲਾਨ ਕੀਤਾ ਹੈ। ਕੀ ਇਸ ਦਾ ਮਤਲਬ ਨਵੀਂ ਸਰਕਾਰ ਦੀ ਰਣਨੀਤੀ ਵਿੱਚ ਤਬਦੀਲੀ ਹੈ? ਇਹ ਪਤਾ ਲਗਾਉਣ ਲਈ ਕਿ ਕੀ ਰਣਨੀਤੀ ਬਦਲ ਗਈ ਹੈ, ਫਰਵਰੀ 2024 ਵਿੱਚ ਪੇਸ਼ ਕੀਤੇ ਗਏ ਅੰਤਰਿਮ ਬਜਟ ਵਿੱਚ ਵੰਡ ਦੀ ਮੌਜੂਦਾ ਵੰਡ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਇਹ ਚੋਣਾਂ ਤੋਂ ਪਹਿਲਾਂ ਦਾ ਬਜਟ ਸੀ ਅਤੇ ਪਹਿਲਾਂ ਦੀਆਂ ਤਰਜੀਹਾਂ ਨੂੰ ਦਰਸਾਉਂਦਾ ਸੀ, ਜਿਸ ਕਾਰਨ ਨਾਗਰਿਕਾਂ ਦੇ ਬਹੁਤ ਸਾਰੇ ਵਰਗਾਂ ਵਿੱਚ ਨਾਖੁਸ਼ੀ ਸੀ। ਇਸ ਲਈ ਜੇਕਰ ਸੱਤਾਧਾਰੀ ਧਿਰ ਨੇ ਕੋਈ ਸਬਕ ਸਿੱਖ ਲਿਆ ਹੁੰਦਾ ਤਾਂ ਮੌਜੂਦਾ ਬਜਟ ਵਿੱਚ ਵੱਖ-ਵੱਖ ਅਹਿਮ ਮੱਦਾਂ ਦੀਆਂ ਤਰਜੀਹਾਂ ਮੁੜ ਤੋਂ ਲਾਗੂ ਹੋ ਜਾਣੀਆਂ ਸਨ। ਇਹ ਪੁਨਰ-ਪ੍ਰਾਥਮਿਕਤਾ ਵੰਡ ਵਿੱਚ ਆਪਣੇ ਆਪ ਨੂੰ ਪ੍ਰਤੀਬਿੰਬਤ ਕਰਨਾ ਚਾਹੀਦਾ ਸੀ। ਕੁੱਲ ਬਜਟ ਖਰਚ, ਜਿਸ ਤੋਂ ਵੱਖ-ਵੱਖ ਸੈਕਟਰਾਂ ਨੂੰ ਫੰਡ ਅਲਾਟ ਕੀਤੇ ਜਾਂਦੇ ਹਨ, ਪਿਛਲੇ ਸਾਲ ਦੇ ਖਰਚਿਆਂ ਨਾਲੋਂ 7.1% ਵੱਧ ਅਤੇ ਅੰਤਰਿਮ ਬਜਟ ਖਰਚਿਆਂ ਨਾਲੋਂ 1% ਵੱਧ ਹੈ। ਇਸ ਤਰ੍ਹਾਂ ਵਿਸ਼ੇਸ਼ ਅਲਾਟਮੈਂਟ ਵਿੱਚ ਕਿਸੇ ਵੀ ਵਾਧੇ ਦੀ ਬਹੁਤੀ ਗੁੰਜਾਇਸ਼ ਨਹੀਂ ਹੈ ਜਦੋਂ ਤੱਕ ਤੇਜ਼ੀ ਨਾਲ ਪੁਨਰ-ਪ੍ਰਾਯੋਜਨ ਨਹੀਂ ਹੁੰਦਾ। ਹੋਰਾਂ ਵਿੱਚ, ਤਰਜੀਹੀ ਖੇਤਰਾਂ ਨੂੰ ਹੋਰ ਦੇਣ ਲਈ ਕੁਝ ਅਲਾਟਮੈਂਟਾਂ ਵਿੱਚ ਕਟੌਤੀ ਕਰਨੀ ਪਈ। ਸੂਚੀਬੱਧ ਤਰਜੀਹਾਂ ਵਿੱਚੋਂ ਸਭ ਤੋਂ ਪਹਿਲਾਂ ਖੇਤੀਬਾੜੀ ਹੈ ਜਿਸ ਲਈ 1.52 ਲੱਖ ਕਰੋੜ ਰੁਪਏ ਦਾ ਐਲਾਨ ਕੀਤਾ ਗਿਆ ਹੈ। ਪਰ ਇਹ ਪਿਛਲੇ ਸਾਲ ਦੇ ਖਰਚੇ ਨਾਲੋਂ ਸਿਰਫ 8.6% ਵੱਧ ਹੈ ਅਤੇ ਅੰਤਰਿਮ ਬਜਟ ਵਿੱਚ ਅਲਾਟਮੈਂਟ ਨਾਲੋਂ 4% ਵੱਧ ਹੈ। ਮਹਿੰਗਾਈ ਲਈ ਐਡਜਸਟ ਕੀਤੇ ਜਾਣ 'ਤੇ ਇਹ ਸ਼ਾਇਦ ਹੀ ਕੋਈ ਵਾਧਾ ਹੋਵੇ। ਸੂਚੀਬੱਧ ਅਗਲੀਆਂ ਤਰਜੀਹਾਂ ਰੁਜ਼ਗਾਰ ਅਤੇ ਹੁਨਰ ਹਨ। ਇਸਦੇ ਲਈ ਬਹੁਤ ਸਾਰੀਆਂ ਸਕੀਮਾਂ ਸੂਚੀਬੱਧ ਹਨ - ਅਪ੍ਰੈਂਟਿਸਸ਼ਿਪ, ਇੰਟਰਨਸ਼ਿਪ ਅਤੇ ਹੋਰ। ਅੱਗੇ ਵਧਣ ਲਈ ਇਹ ਚੰਗੀ ਦਿਸ਼ਾ ਹੈ, ਪਰ ਜਦੋਂ ਤੱਕ ਨੌਕਰੀਆਂ ਪੈਦਾ ਨਹੀਂ ਹੁੰਦੀਆਂ, ਨੌਜਵਾਨ ਸਿਖਲਾਈ ਪ੍ਰਾਪਤ ਕਰਕੇ ਬੇਰੁਜ਼ਗਾਰ ਰਹਿ ਸਕਦੇ ਹਨ। ਰੋਜ਼ਗਾਰ ਸਿਰਜਣ ਲਈ ਪੂੰਜੀ ਗੂੜ੍ਹੇ ਖੇਤਰਾਂ ਦੀ ਬਜਾਏ ਕਿਰਤ ਕੇਂਦਰਿਤ ਖੇਤਰਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਪਰ ਮਨਰੇਗਾ ਲਈ ਅਲਾਟਮੈਂਟ ਵਿੱਚ ਵਾਧਾ ਨਹੀਂ ਕੀਤਾ ਗਿਆ ਹੈ, ਇਸ ਲਈ ਅਸਲ ਵਿੱਚ ਇਹ ਪਿਛਲੇ ਸਾਲ ਨਾਲੋਂ ਘੱਟ ਹੋਣ ਜਾ ਰਿਹਾ ਹੈ। ਅੰਤਰਿਮ ਬਜਟ ਦੇ ਮੁਕਾਬਲੇ ਪੇਂਡੂ ਵਿਕਾਸ ਵਿੱਚ ਕੋਈ ਵਾਧਾ ਨਹੀਂ ਹੋਇਆ; ਇਹ ਪਿਛਲੇ ਸਾਲ ਦੇ ਖਰਚੇ ਨਾਲੋਂ 11.3% ਜ਼ਿਆਦਾ ਹੈ। ਪਰ ਇਹ ਵਾਧਾ ਦੋ ਸਾਲਾਂ ਬਾਅਦ ਕੀਤਾ ਗਿਆ ਹੈ, ਕਿਉਂਕਿ ਪਿਛਲੇ ਸਾਲ ਕੋਈ ਵਾਧਾ ਨਹੀਂ ਹੋਇਆ ਸੀ। ਇਸ ਲਈ, ਇਹ ਔਸਤ ਲਗਭਗ 5.6% ਹੈ, ਜੋ ਕਿ ਮਹਿੰਗਾਈ ਤੋਂ ਥੋੜ੍ਹਾ ਉੱਪਰ ਹੈ। ਹੋਰ ਖੇਤਰ ਜੋ ਵਧੇਰੇ ਰੁਜ਼ਗਾਰ ਪੈਦਾ ਕਰ ਸਕਦੇ ਹਨ, ਉਹ ਹਨ ਸਿੱਖਿਆ ਅਤੇ ਸਿਹਤ, ਪਰ ਇਨ੍ਹਾਂ ਦੀ ਵੰਡ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ। ਦਰਅਸਲ, ਸਿਹਤ ਲਈ ਅਲਾਟਮੈਂਟ ਅੰਤਰਿਮ ਬਜਟ ਨਾਲੋਂ ਘੱਟ ਹੈ ਅਤੇ ਸਿੱਖਿਆ ਲਈ ਮਾਮੂਲੀ ਜ਼ਿਆਦਾ ਹੈ। ਪਿਛਲੇ ਸਾਲ ਅਤੇ ਅੰਤਰਿਮ ਬਜਟ ਵਿੱਚ ਵੀ ਉੱਤਰ-ਪੂਰਬ ਦੇ ਵਿਕਾਸ ਲਈ ਕੋਈ ਅਲਾਟਮੈਂਟ ਨਹੀਂ ਕੀਤੀ ਗਈ ਹੈ। ਇਸ ਲਈ, ਜੇਕਰ ਵਿੱਤ ਮੰਤਰੀ ਦਾ ਮਤਲਬ ਹੈ ਕਿ ਆਰਥਿਕਤਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਜਾ ਰਹੀ ਹੈ, ਤਾਂ ਇਹ 2024-25 ਦੇ ਪੂਰੇ ਬਜਟ ਵਿੱਚ ਨਹੀਂ ਝਲਕਦਾ। ਉਚਿਤ ਡਾਟਾ ਇਕੱਠਾ ਕਰਨਾ ਆਰਥਿਕਤਾ ਲਈ ਇੱਕ ਮਹੱਤਵਪੂਰਨ ਖੇਤਰ ਹੈ। ਕਿਹਾ ਗਿਆ ਸੀ ਕਿ ਡਾਟਾ ਅਤੇ ਅੰਕੜਿਆਂ 'ਤੇ ਧਿਆਨ ਦਿੱਤਾ ਜਾਵੇਗਾ। ਪਰ 2021 ਵਿੱਚ ਹੋਣ ਵਾਲੀ ਜਨਗਣਨਾ ਦਾ ਕੋਈ ਜ਼ਿਕਰ ਨਹੀਂ ਸੀ। ਇਸ ਤੋਂ ਬਿਨਾਂ ਹੋਰ ਡੇਟਾ ਵੀ ਗੜਬੜ ਹੋ ਜਾਂਦਾ ਹੈ। ਊਰਜਾ ਦੇ ਮੋਰਚੇ 'ਤੇ, ਸਰਕਾਰ ਦਾ ਕਹਿਣਾ ਹੈ ਕਿ ਉਹ ਸੂਰਜੀ ਅਤੇ ਪ੍ਰਮਾਣੂ ਵਰਗੇ ਵਿਕਲਪਕ ਊਰਜਾ ਸਰੋਤਾਂ ਵੱਲ ਵਧੇਗੀ। ਰੂਫਟਾਪ ਸੋਲਰ ਸਕੀਮ ਸਿਰਫ ਉਨ੍ਹਾਂ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਹੈ ਜਿਨ੍ਹਾਂ ਕੋਲ ਟੋਏ ਵਾਲੀ ਛੱਤ ਹੈ। ਬਹੁਤੇ ਹਾਸ਼ੀਏ 'ਤੇ ਪਏ ਲੋਕਾਂ ਕੋਲ ਪੱਕੀ ਛੱਤ ਨਹੀਂ ਹੈ। ਇਸ ਯੋਜਨਾ ਦਾ ਫਾਇਦਾ ਅਮੀਰ ਵਰਗ ਅਤੇ ਸੋਲਰ ਸੈੱਲ ਨਿਰਮਾਤਾਵਾਂ ਨੂੰ ਹੋਣ ਜਾ ਰਿਹਾ ਹੈ, ਜਿਨ੍ਹਾਂ ਨੇ ਕੀਮਤਾਂ ਵਧਾ ਦਿੱਤੀਆਂ ਹਨ। ਜ਼ਿਆਦਾਤਰ ਸਬਸਿਡੀ ਉਨ੍ਹਾਂ ਨੂੰ ਜਾਵੇਗੀ। ਪ੍ਰਮਾਣੂ ਊਰਜਾ ਪ੍ਰੋਜੈਕਟ ਵਿਸ਼ਵ ਪੱਧਰ 'ਤੇ ਅਨੁਭਵ ਕੀਤੇ ਖ਼ਤਰਿਆਂ ਨਾਲ ਭਰੇ ਹੋਏ ਹਨ। ਹੋਰ ਸਥਿਰਤਾ ਲਈ ਸਾਨੂੰ ਛੋਟੇ ਸ਼ਹਿਰਾਂ ਅਤੇ ਜਨਤਕ ਆਵਾਜਾਈ ਵਿੱਚ ਜਾ ਕੇ ਊਰਜਾ ਬਚਾਉਣ ਦੀ ਲੋੜ ਹੈ। ਇਸ ਦੀ ਬਜਾਏ ਸਰਕਾਰ ਵੱਡੇ ਸ਼ਹਿਰਾਂ ਅਤੇ ਨਿੱਜੀ ਵਾਹਨਾਂ ਵੱਲ ਵਧ ਰਹੀ ਹੈ। ਦੂਜੇ ਸ਼ਬਦਾਂ ਵਿਚ, ਸਰਕਾਰੀ ਪ੍ਰੋਗਰਾਮਾਂ ਵਿਚ ਵਿਰੋਧਾਭਾਸ ਬਹੁਤ ਹੈ। ਅਜਿਹਾ ਇਕਸਾਰ ਸੋਚ ਦੀ ਘਾਟ ਕਾਰਨ ਹੋਇਆ ਹੈ। ਤਰਜੀਹੀ ਖੇਤਰਾਂ ਲਈ ਵਧੇਰੇ ਫੰਡ ਅਲਾਟ ਕਰਨ ਲਈ ਹੋਰ ਸਰੋਤ ਜੁਟਾਉਣ ਦੀ ਲੋੜ ਸੀ। ਕਿਉਂਕਿ ਕੇਂਦਰੀ ਬਜਟ ਵਿੱਚ ਜੀਐਸਟੀ ਨੂੰ ਬਦਲਿਆ ਨਹੀਂ ਜਾ ਸਕਦਾ ਅਤੇ ਜੀਐਸਟੀ ਕੌਂਸਲ ਵਿੱਚ ਫੈਸਲਾ ਕੀਤਾ ਜਾਣਾ ਹੈ, ਇਸ ਲਈ ਸਿੱਧੇ ਟੈਕਸਾਂ ਤੋਂ ਹੋਰ ਫੰਡ ਜੁਟਾਉਣ ਦੀ ਲੋੜ ਹੈ ਤਾਂ ਜੋ ਤਰਜੀਹਾਂ ਨੂੰ ਮੁੜ ਨਿਰਧਾਰਿਤ ਕੀਤਾ ਜਾ ਸਕੇ। ਬਦਕਿਸਮਤੀ ਨਾਲ, ਆਰਬੀਆਈ ਤੋਂ ਪ੍ਰਾਪਤ 2.1 ਲੱਖ ਕਰੋੜ ਰੁਪਏ ਤੋਂ ਇਲਾਵਾ, ਸਿੱਧੇ-ਟੈਕਸ-ਜੀਡੀਪੀ ਅਨੁਪਾਤ ਨੂੰ ਵਧਾਉਣ ਲਈ ਕੋਈ ਯਤਨ ਨਹੀਂ ਕੀਤਾ ਗਿਆ ਹੈ। ਇਹ ਦੇਖਦੇ ਹੋਏ ਕਿ ਮਹਾਂਮਾਰੀ ਤੋਂ ਬਾਅਦ ਅਮੀਰਾਂ ਦੀ ਦੌਲਤ ਅਤੇ ਆਮਦਨੀ ਵਿੱਚ ਭਾਰੀ ਵਾਧਾ ਹੋਇਆ ਹੈ।

ਉਨ੍ਹਾਂ 'ਤੇ ਟੈਕਸ ਲਗਾਉਣ ਲਈ ਹੋਰ ਵੀ ਯਤਨ ਕੀਤੇ ਜਾ ਸਕਦੇ ਸਨ। ਆਰ.ਬੀ.ਆਈ. ਦੁਆਰਾ ਕੀਤੀ ਗਈ ਵੱਡੀ ਰਕਮ ਘਾਟੇ ਦੇ ਵਿੱਤ ਲਈ ਹੈ ਅਤੇ ਇਸਦੇ ਹੋਰ ਪ੍ਰਭਾਵ ਹਨ ਜਿਨ੍ਹਾਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ ਹੈ। ਪੂੰਜੀ ਲਾਭ ਟੈਕਸ ਵਿੱਚ ਬਦਲਾਅ ਅਟਕਲਾਂ ਨੂੰ ਰੋਕਣ ਲਈ ਫਾਇਦੇਮੰਦ ਹਨ। ਥੋੜ੍ਹੇ ਸਮੇਂ ਦੇ ਪੂੰਜੀ ਲਾਭ ਟੈਕਸ ਨੂੰ ਹੋਰ ਵਧਾਉਣ ਦੀ ਲੋੜ ਹੈ, ਜਦੋਂ ਕਿ ਲੰਬੇ ਸਮੇਂ ਲਈ ਪੂੰਜੀ ਲਾਭ ਨੂੰ ਪਰਿਭਾਸ਼ਿਤ ਕੀਤਾ ਜਾਣਾ ਸੀ। ਲੋਕ ਸੈਕੰਡਰੀ ਸਟਾਕ ਮਾਰਕੀਟਾਂ ਵਿੱਚ ਸਪੱਸ਼ਟ ਤੌਰ 'ਤੇ ਉੱਚ ਰਿਟਰਨ ਦੇ ਨਾਲ ਬੈਂਕਾਂ ਜਾਂ ਉਤਪਾਦਕ ਸੰਪਤੀਆਂ ਵਿੱਚ ਨਿਵੇਸ਼ ਕਿਉਂ ਕਰਨਗੇ? ਇਸ ਨਾਲ ਦੇਸ਼ ਵਿੱਚ ਨਿਵੇਸ਼ ਮਾਹੌਲ ਪ੍ਰਭਾਵਿਤ ਹੁੰਦਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਨਿੱਜੀ ਨਿਵੇਸ਼ ਵਧ ਨਹੀਂ ਰਿਹਾ ਹੈ - ਕਿਉਂਕਿ ਭਾਰਤ ਨੂੰ ਤੇਜ਼ ਵਿਕਾਸ ਦੀ ਲੋੜ ਹੈ। ਸੰਖੇਪ ਵਿੱਚ, ਹਾਸ਼ੀਏ 'ਤੇ ਪਏ ਵਰਗਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਜ਼ਿਆਦਾ ਫੰਡ ਅਲਾਟ ਕਰਕੇ ਜੋ ਪੁਨਰ-ਪ੍ਰਾਥਮਿਕਤਾ ਨਿਰਧਾਰਤ ਕੀਤੀ ਜਾਣੀ ਚਾਹੀਦੀ ਸੀ, ਉਹ ਬਜਟ 2024-25 ਵਿੱਚ ਦਿਖਾਈ ਨਹੀਂ ਦੇ ਰਹੀ ਹੈ। ਇਹ ਇੱਕ ਹੋਰ ਖੁੰਝਿਆ ਮੌਕਾ ਹੈ।

**ਜੇਐਨਯੂ ਵਿੱਚ ਅਰਥ ਸ਼ਾਸਤਰ ਦੇ ਸੇਵਾਮੁਕਤ ਪ੍ਰੋਫੈਸਰ ਹਨ।**

# ਦਿੱਲੀ ਕੋਚਿੰਗ ਸੈਂਟਰ ਹਾਦਸਾ : ਵਿਦਿਅਕ ਵਪਾਰ ਦਾ ਕਰੂਪ ਚਿਹਰਾ







27 ਜੁਲਾਈ ਨੂੰ ਦਿੱਲੀ ਦੇ ਪੁਰਾਣੇ ਰਾਜਿੰਦਰ ਨਗਰ ਵਿੱਚ UPSC ਕੋਚਿੰਗ ਸੈਂਟਰ ਦੇ ਹੜ੍ਹ ਨਾਲ ਭਰੇ ਬੇਸਮੈਂਟ ਵਿੱਚ ਫਸਣ ਤੋਂ ਬਾਅਦ ਸ਼੍ਰੇਆ ਯਾਦਵ, ਨੇਵਿਨ ਡਾਲਵਿਨ ਅਤੇ ਤਾਨਿਆ ਸੋਨੀ ਦੀਆਂ ਮੌਤਾਂ ਅਪਰਾਧਿਕ ਅਸਫਲਤਾਵਾਂ ਦੀ ਇੱਕ ਭਿਆਨਕ ਕਹਾਣੀ ਬਿਆਨ ਕਰਦੀਆਂ ਹਨ। ਸਭ ਤੋਂ ਪਹਿਲਾਂ, ਕੋਚਿੰਗ ਸੈਂਟਰ ਨੇ ਮੁਨਾਫੇ ਨਾਲੋਂ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਤਰਜੀਹ ਦੇਣ ਵਿੱਚ ਅਸਫਲਤਾ ਦਿਖਾਈ। ਇਸਨੇ ਬੇਸਮੈਂਟ ਵਿੱਚ ਇੱਕ ਲਾਇਬ੍ਰੇਰੀ ਅਤੇ ਰੀਡਿੰਗ ਰੂਮ ਬਣਾ ਕੇ ਸ਼ਹਿਰ ਦੇ ਬਿਲਡਿੰਗ ਕੋਡਾਂ ਦੀ ਉਲੰਘਣਾ ਕੀਤੀ, ਜਿਸ ਵਿੱਚ ਸਿਰਫ਼ ਇੱਕ ਸਿੰਗਲ ਐਗਜ਼ਿਟ/ਐਂਟਰੀ ਪੁਆਇੰਟ ਸੀ। ਨਜ਼ਦੀਕੀ ਡਰੇਨ ਫਟਣ 'ਤੇ ਜਦੋਂ ਪਾਣੀ ਅੰਦਰ ਵੜਿਆ ਤਾਂ ਦਰਵਾਜ਼ਾ ਬੰਦ ਹੋਣ ਕਾਰਨ ਵਿਦਿਆਰਥੀਆਂ ਕੋਲ ਬਚਣ ਦਾ ਕੋਈ ਰਸਤਾ ਨਹੀਂ ਸੀ। ਫਿਰ, ਸਥਾਨਕ ਅਧਿਕਾਰੀਆਂ ਦੀ ਲਾਪਰਵਾਹੀ ਜਿਸ ਨੇ ਕੋਚਿੰਗ ਉਦਯੋਗ ਨੂੰ ਬੇਰੋਕ ਵਧਣ




ਦੀ ਇਜਾਜ਼ਤ ਦਿੱਤੀ, ਸੁਰੱਖਿਆ ਨਿਯਮਾਂ ਦੀ ਅਣਦੇਖੀ ਕਰਦੇ ਰਿਹਾਇਸ਼ੀ ਇਮਾਰਤਾਂ ਵਿੱਚ ਕੰਮ ਕਰਨ ਵਾਲੇ ਭੀੜ-ਭੜੱਕੇ ਕੇਂਦਰਾਂ ਦੇ ਨਾਲ। ਪਰ ਤ੍ਰਾਸਦੀ ਇੱਕ ਵੱਡੀ ਅਸਫਲਤਾ ਵੱਲ ਵੀ ਇਸ਼ਾਰਾ ਕਰਦੀ ਹੈ - ਇੱਕ ਸਰਕਾਰ ਦੀ ਜੋ ਕਥਿਤ ਤੌਰ 'ਤੇ ਇੱਕ ਜੇਲ੍ਹ ਵਿੱਚ ਬੰਦ ਮੁੱਖ ਮੰਤਰੀ ਦੁਆਰਾ ਚਲਾਈ ਜਾਂਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਭਾਰਤ ਦੀ ਰਾਜਧਾਨੀ ਵਿੱਚ ਸ਼ਾਸਨ ਦੇ ਕੰਮਾਂ ਵੱਲ ਧਿਆਨ ਦੇਣ ਲਈ ਆਪਣੇ ਅੰਦਰੂਨੀ ਝਗੜਿਆਂ ਵਿੱਚ ਉਲਝੀ ਹੋਈ ਜਾਪਦੀ ਹੈ, ਜਿਸ ਵਿੱਚ ਬੁਨਿਆਦੀ ਢਾਂਚੇ ਦੀ ਸਿਰਜਣਾ ਅਤੇ ਰੱਖ-ਰਖਾਅ ਵੀ ਸ਼ਾਮਲ ਹੈ ਜੋ ਵਿਦਿਆਰਥੀਆਂ ਦੀਆਂ ਇੱਛਾਵਾਂ ਦਾ ਸਮਰਥਨ ਕਰ ਸਕਦੇ ਹਨ। ਇਸ ਘਟਨਾ ਨੂੰ ਅੰਜਾਮ ਦੇਣ ਵਾਲੀਆਂ ਕਮੀਆਂ ਦੀ ਜਾਂਚ ਕੀਤੀ ਜਾ ਰਹੀ ਹੈ, ਵੱਡੇ ਪੱਧਰ 'ਤੇ ਲੇਖਾ-ਜੋਖਾ ਦੀ ਮੰਗ ਕੀਤੀ ਜਾ ਰਹੀ ਹੈ, ਕਈ ਪੱਧਰਾਂ 'ਤੇ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ। ਕਰੋੜਾਂ ਰੁਪਏ ਦਾ ਕੋਚਿੰਗ ਕਾਰੋਬਾਰ, ਨੌਕਰੀਆਂ ਦੀ ਭੁੱਖਮਰੀ ਦੀ ਆਰਥਿਕਤਾ ਨੂੰ ਦਰਾੜ ਦੇਣ ਲਈ ਸਿਵਲ ਸੇਵਾਵਾਂ ਦੀ ਪ੍ਰੀਖਿਆ ਪਾਸ ਕਰਨ ਦੀ ਉਮੀਦ ਰੱਖਣ ਵਾਲੇ ਨੌਜਵਾਨਾਂ ਦੀਆਂ ਚਿੰਤਾਵਾਂ 'ਤੇ ਅਧਾਰਤ ਹੈ। ਮੁਨਾਫੇ ਦਾ ਪਿੱਛਾ ਕਰਨਾ ਜਾਇਜ਼ ਹੈ, ਪਰ ਅਕਸਰ, ਇਹ ਪ੍ਰਸ਼ਾਸਨਿਕ ਲਾਪਰਵਾਹੀ ਅਤੇ ਇੱਕ ਰੈਗੂਲੇਟਰੀ ਪ੍ਰਣਾਲੀ ਦੇ ਨਾਲ ਆਉਂਦਾ ਹੈ ਜੋ ਸਿਰਫ ਕਾਗਜ਼ਾਂ 'ਤੇ ਮੌਜੂਦ ਹੈ। ਬੁਨਿਆਦੀ ਸੁਰੱਖਿਆ ਉਪਕਰਨਾਂ, ਜਾਂ ਪਖਾਨੇ ਜਾਂ ਬਿਜਲੀ ਦੀਆਂ ਸਹੀ ਤਾਰਾਂ ਦੀ ਘਾਟ ਵਾਲੇ ਕੇਂਦਰਾਂ 'ਤੇ ਉਦਯੋਗ ਦੇ ਤੇਜ਼ੀ ਨਾਲ ਵਿਕਾਸ ਨੂੰ ਵੇਖੋ, ਜੋ ਕਿ ਪਿਛਲੀਆਂ ਘਟਨਾਵਾਂ ਤੋਂ ਸਪੱਸ਼ਟ ਹੈ - ਜਿਵੇਂ ਕਿ 2019 ਵਿੱਚ ਸੂਰਤ ਵਿੱਚ ਇੱਕ ਕੋਚਿੰਗ ਸੈਂਟਰ ਵਿੱਚ ਅੱਗ ਜਿਸ ਵਿੱਚ 20 ਲੋਕ ਮਾਰੇ ਗਏ ਸਨ ਕਲਾਸ ਰੂਮ ਦੇ ਬਾਹਰ ਛੱਤ 'ਤੇ ਲੱਕੜ ਦੀ ਪੌੜੀ ਅੱਗ ਦੀ ਲਪੇਟ 'ਚ ਆ ਗਈ। ਘਟਨਾ ਤੋਂ ਬਾਅਦ, ਦਿੱਲੀ ਫਾਇਰ ਡਿਪਾਰਟਮੈਂਟ ਦੁਆਰਾ ਕਰਵਾਏ ਗਏ ਨਿਰੀਖਣ ਵਿੱਚ ਪਾਇਆ ਗਿਆ ਕਿ ਸ਼ਹਿਰ ਦੇ ਆਲੇ ਦੁਆਲੇ ਦੇ ਕਈ ਕੋਚਿੰਗ ਸੈਂਟਰਾਂ ਨੇ ਅੱਗ ਸੁਰੱਖਿਆ ਨਿਯਮਾਂ ਦੀ ਉਲੰਘਣਾ ਕੀਤੀ ਸੀ ਅਤੇ ਉਨ੍ਹਾਂ ਨੂੰ ਬੰਦ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਪਰ ਜ਼ਮੀਨੀ ਪੱਧਰ 'ਤੇ ਬਹੁਤ ਘੱਟ ਬਦਲਾਅ ਆਇਆ ਹੈ। ਪਿਛਲੇ ਸਾਲ ਜਦੋਂ ਮੁਖਰਜੀ ਨਗਰ ਵਿੱਚ ਇੱਕ ਕੋਚਿੰਗ ਸੈਂਟਰ ਵਿੱਚ ਅੱਗ ਲੱਗ ਗਈ ਸੀ ਤਾਂ ਵਿਦਿਆਰਥੀਆਂ ਨੂੰ ਇਮਾਰਤ ਤੋਂ ਹੇਠਾਂ ਉਤਰਨ ਲਈ ਰੱਸੀਆਂ ਅਤੇ ਤਾਰਾਂ ਦੀ ਵਰਤੋਂ ਕਰਨੀ ਪਈ ਸੀ। ਦੇਸ਼ ਭਰ ਦੇ ਨੌਜਵਾਨਾਂ ਨੂੰ ਅਸੁਰੱਖਿਅਤ ਸਥਿਤੀਆਂ ਵਿੱਚ ਅਜਿਹੀਆਂ ਸੰਸਥਾਵਾਂ ਵਿੱਚ ਪੜ੍ਹਾਈ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਜੋ ਕਿ ਇੱਕ ਕਾਨੂੰਨ ਦੀ ਲੋੜ ਵੱਲ ਇਸ਼ਾਰਾ ਕਰਦਾ ਹੈ ਜੋ ਉਦਯੋਗ ਨੂੰ ਨਿਯਮਤ ਕਰਨ ਦੇ ਯੋਗ ਬਣਾ ਸਕਦਾ ਹੈ - ਨਾ ਸਿਰਫ਼ ਦਿਸ਼ਾ-ਨਿਰਦੇਸ਼, ਜਿਵੇਂ ਕਿ ਇਸ ਸਾਲ ਦੀ ਸ਼ੁਰੂਆਤ ਵਿੱਚ ਕੇਂਦਰ ਸਰਕਾਰ ਦੁਆਰਾ ਜਾਰੀ ਕੀਤਾ ਗਿਆ ਸੀ। ਰਾਜਿੰਦਰ ਨਗਰ ਦੀਆਂ ਮੌਤਾਂ ਦਾ ਦੁਖਾਂਤ ਉਸ ਤੋਂ ਬਾਅਦ ਪੈਦਾ ਹੋਏ ਸਿਆਸੀ ਮਤਭੇਦ ਨੇ ਹੋਰ ਵਧਾ ਦਿੱਤਾ ਹੈ। ਇਕ ਪਾਸੇ 'ਆਪ' ਅਤੇ ਦੂਜੇ ਪਾਸੇ ਭਾਜਪਾ ਅਤੇ ਦਿੱਲੀ ਦੇ ਉਪ ਰਾਜਪਾਲ ਵਿਚਕਾਰ ਦੋਸ਼-ਖੇਡ ਅਨੁਮਾਨਯੋਗ ਅਤੇ ਬੇਇਨਸਾਫ਼ੀ ਹੈ। ਇਹ ਅਜਿਹੇ ਰਾਜ ਵਿੱਚ ਪ੍ਰਸ਼ਾਸਨ ਦੀਆਂ ਅਸਲ ਸਮੱਸਿਆਵਾਂ ਤੋਂ ਵੀ ਧਿਆਨ ਭਟਕਾਉਂਦਾ ਹੈ ਜਿੱਥੇ ਜਵਾਬਦੇਹੀ ਦੀ ਇੱਕ ਪੱਕੀ ਅਤੇ ਸਪਸ਼ਟ ਲਾਈਨ ਦੀ ਅਣਹੋਂਦ ਵਿੱਚ, ਬੁਨਿਆਦੀ ਮਿਉਂਸਪਲ ਜ਼ਿੰਮੇਵਾਰੀਆਂ, ਜਿਵੇਂ ਕਿ ਡਰੇਨਾਂ ਦੀ ਸਫਾਈ ਅਤੇ ਸਫਾਈ, ਇੰਨੀ ਵਿਵਾਦਗ੍ਰਸਤ ਹੋ ਗਈ ਹੈ ਕਿ ਹਾਈ ਕੋਰਟ ਨੂੰ ਪੁੱਛਣਾ ਪਿਆ ਹੈ। ਇੱਕ ਡੈੱਡਲਾਈਨ ਲਈ ਮਜਬੂਰ ਕੀਤਾ ਗਿਆ ਹੈ. ਤਿੰਨਾਂ ਵਿਦਿਆਰਥੀਆਂ ਦੀ ਮੌਤ ਦੀ ਤੁਰੰਤ ਜਾਂਚ ਹੋਣੀ ਚਾਹੀਦੀ ਹੈ। ਪਰ ਉਹਨਾਂ ਨੂੰ ਨਿਆਂ ਤਾਂ ਹੀ ਮਿਲ ਸਕਦਾ ਹੈ ਜੇਕਰ ਉਹਨਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ ਜ਼ਿੰਮੇਵਾਰ ਲੋਕ ਉਹਨਾਂ ਦੇ ਘਰ ਨੂੰ ਠੀਕ ਕਰਨ ਲਈ ਫੈਸਲਾਕੁੰਨ ਕਦਮ ਚੁੱਕਣ। ਇਮਤਿਹਾਨ ਦੇ ਪੇਪਰ ਲੀਕ ਹੋਣ ਤੋਂ ਬਾਅਦ ਸੁਪਰੀਮ ਕੋਰਟ ਨੂੰ ਇਸ ਗੜਬੜੀ ਦੀ ਸਫਾਈ ਦੇਣੀ ਪਵੇਗੀ, ਸ਼ਾਇਦ ਹੁਣ ਦੁਖੀ ਮਾਪਿਆਂ ਨੂੰ ਇਨਸਾਫ ਲਈ ਇਸ ਦੇ ਦਰਵਾਜ਼ੇ 'ਤੇ ਦਸਤਕ ਦੇਣੀ ਪਵੇਗੀ।

## ਅਨਪੜ੍ਹ ਰਾਜਾ

'ਲੋਕਤੰਤਰਿਕ' ਪਰਜਾ ਨੇ
ਇੱਕ ਵਾਰ ਸੋਚਿਆ

ਕਿ
ਬਹੁਤ ਅਜ਼ਮਾ ਲਏ
ਸਿਆਸਤਦਾਨ
ਬੁੱਧੀਜੀਵੀ
ਅਰਥਸ਼ਾਸਤਰੀ
ਡਿਗਰੀਧਾਰੀ

ਇਸ ਵਾਰ
ਰਾਜਾ ਬਣਾਉਂਦੇ ਹਾਂ
ਕਿਸੇ ਅਨਪੜ੍ਹ ਨੂੰ

ਅਨਪੜ੍ਹ ਦੇ ਮਨ 'ਚ
ਨਾ ਹੁੰਦੀ ਹੈ
ਵਿਦਿਆ ਦੀ ਮੈਲ
ਨਾ ਬੁੱਧੀ ਦਾ ਹੰਕਾਰ
ਨਾ ਗਿਆਨ ਦਾ ਘੁਮੰਡ

ਉਹ ਹੁੰਦਾ ਹੈ
ਨਿਰਛੱਲ
ਨਿਰਮਲ
ਪਵਿੱਤਰ
ਤੇ ਸਾਦ-ਮੁਰਾਦ

ਤੇ
ਪਰਜਾ ਦੇ ਸੁਭਾਗ ਨਾਲ
ਅਨਪੜ੍ਹ
ਰਾਜਾ ਬਣ ਗਿਆ

ਰਾਜਾ ਬਣਦੇ ਹੀ
ਉਹ
ਪੜ੍ਹੇ-ਲਿਖਿਆਂ ਵੱਲ
ਹੋ ਗਿਆ ਘੇਸਲ-ਕੰਨਾ

ਸਭ ਤੋਂ ਪਹਿਲਾਂ
ਉਸਨੇ
'ਕੀਰਤਨ-ਸੋਹਲਾ' ਪੜ੍ਹਨਾ
ਸ਼ੁਰੂ ਕੀਤਾ
ਉਸ ਸਾਰੀ ਪੜ੍ਹਾਈ ਦਾ
ਜਿਸ ਤੱਕ ਉਹ
ਅੱਪੜ ਨਹੀਂ ਸੀ ਸਕਿਆ

ਪੜ੍ਹਾਈ
ਤੇ ਪੜ੍ਹੇ-ਲਿਖਿਆਂ ਤੋਂ
ਇਸ ਕਦਰ ਚਿੜਿਆ
ਕਿ
ਤਮਾਮ ਪੜ੍ਹੇ-ਲਿਖੇ
ਦਰਬਾਰੀਆਂ ਅੰਦਰ
ਹੋੜ ਲੱਗ ਗਈ
ਜਹਾਲਤ ਦੀ

ਤਮਾਮ
ਜਗੀਰਦਾਰਾਂ
ਸੂਬੇਦਾਰਾਂ
ਸਰਮਾਏਦਾਰਾਂ ਨੇ
ਪੇਸ਼ ਕੀਤੇ
ਚੜ੍ਹਦੇ ਤੋਂ ਚੜ੍ਹਦੇ ਨਮੂਨੇ
ਮੂਰਖਤਾ ਤੇ ਜਹਾਲਤ ਦੇ

ਪਹਿਲਾਂ ਪਹਿਲਾਂ
ਖ਼ੂਬ ਖ਼ੁਸ਼ ਹੋਈ
ਪਰਜਾ, ਲੋਕਤੰਤਰ ਦੀ

ਪਲ-ਪਲ
ਕੱਪੜੇ
ਵਾਅਦੇ
ਇਰਾਦੇ
ਬਦਲਨ ਵਾਲਾ ਰਾਜਾ
ਆਨੰਦ ਦੇਣ ਲੱਗਿਆ
ਮਸਖਰਿਆਂ ਵਰਗਾ

ਪਰ ਜ਼ਿੰਦਗੀ
ਮਸਖਰੀ ਤਾਂ ਨਹੀਂ
ਨਾ ਹੀ ਮੁਲਕ
ਭੰਡਾਂ ਦਾ ਅਖਾੜਾ

ਇਸ ਤੋਂ ਪਹਿਲਾਂ
ਕਿ
ਪਰਜਾ ਰਾਜਾ ਬਦਲਦੀ
ਅਨਪੜ੍ਹ
ਪਰ ਧੱਕੜ ਰਾਜੇ ਨੇ
ਆਪਣੇ ਤੇ
ਪਰਜਾ ਵਿਚਕਾਰ
ਲਿਆ ਖੜ੍ਹਾ ਕੀਤਾ
ਇੱਕ ਈਸ਼ਵਰ

ਇੰਨੇ ਸਾਲਾਂ 'ਚ
ਬਾਵਜੂਦ ਅਨਪੜ੍ਹ ਹੋਣ ਦੇ
ਰਾਜਾ ਸਮਝ ਗਿਆ ਸੀ
ਕਿ ਪਰਜਾ ਨੂੰ
ਕਿਵੇਂ ਪੜ੍ਹਾਇਆ ਜਾਂਦਾ ਹੈ

ਇੰਨਾ ਕਹਿਕੇ
ਗੁਰੂ ਰੁਕੇ
ਚੇਲਿਆਂ ਨੂੰ ਕੀਤਾ ਸਵਾਲ

ਕੀ ਸਿੱਖਿਆ ਮਿਲਦੀ ਹੈ
ਕਥਾ ਤੋਂ?

ਜਵਾਬ ਦਿੱਤਾ
ਰਾਜ-ਪੁੱਤਰ ਨੇ

ਪਰਜਾ ਲਈ ਨਸੀਹਤ ਹੈ
ਕਿ
ਉਹ ਘੱਟ ਨਾ ਅੰਗੇ
ਕਿਸੇ ਅਨਪੜ੍ਹ ਨੂੰ



**ਮੂਲ ਲੇਖਕ: ਧ੍ਰੁਬ ਨਾਥ**
**ਅਨੁਵਾਦ : ਯਸ਼ ਪਾਲ**
**98145 35005**

## ਮੈਂ ਮਨਮੱਤਾ

ਸ਼ਰਾਬ ਪੀਣਾ ਮੈਨੂੰ
ਘੋਰ ਪਾਪ ਜਾਪਦਾ
ਪਿਆਕੜ
ਮੇਰੀ ਨਫਰਤ ਦਾ ਪਾਤਰ ਬਣਦਾ,
ਪਰ ਮੈਨੂੰ ਦੌਲਤ ਖਾਤਰ
ਕਿਸੇ ਦਾ ਖ਼ੂਨ ਵੀ ਮਿੱਠਾ ਲਗਦਾ।

ਤਸੱਬਰ ਵਿਚ ਵੀ
ਜੇ ਕਦੀ ਮਾਸ ਖਾਣ ਦਾ
ਖਿਆਲ ਪਨਪਦਾ,
ਮੇਰੀ ਰੂਹ ਕੰਬ ਉੱਠਦੀ
ਪਰ ਹੱਕ ਪਰਾਇਆ ਖਾਣ ਦੀ
ਮੇਰੀ ਹਿਰਸ ਨਾ ਮੁੱਕਦੀ।
ਬਾਬੇ ਅੱਗੇ ਅਰਦਾਸੇ ਕਰਦੇ
ਕਮਾਈਆਂ ਦੇ ਵਿਚ ਵਾਧਾ ਕਰਨਾ
ਪਰ 'ਨੇਕ' ਸ਼ਬਦ ਨੂੰ ਪਾਸੇ ਕਰਦੇ।

'ਤੀਰਥੁ ਤਪੁ ਦਇਆ ਦਤੁ ਦਾਨੁ'
ਮੇਰੀ ਅੰਨ੍ਹੀ ਸਰਧਾ ਦਾ
ਮਨ ਮਸਤਕ ਸਾਖੀ ਹੁੰਦਾ,
ਪਰ ਸੱਚ ਸੁਣਨ ਤੋਂ
ਸੱਚ ਮੰਨਣ ਤੋਂ
ਸੱਚ ਨਿਭਣ ਤੋਂ
ਹਿਰਦਾ ਮੇਰਾ ਆਕੀ ਹੁੰਦਾ।

ਸਿਰਫ ਬਾਣਾ ਵਡਿਆਇਆ
ਬਾਣੇ ਨੂੰ ਖਤਰਾ ਹੈ!
ਰਾਖੀ ਲਈ ਤਰਥੱਲ ਮਚਾਇਆ,
ਬਾਣੀ ਰੌਲੇ ਦੇ ਵਿਚ ਰੁਲ ਗਈ
'ਸ਼ਬਦ' ਜ਼ਿਹਨ ਤੱਕ ਨਾ ਆਇਆ।

ਕਰ ਸਿੱਧੇ ਸੁਆਲ
ਕਰਮਕਾਂਡਾਂ ਨੂੰ ਬਾਬੇ ਵਰਜਿਆ,
ਤੇਰੀ ਫੁਲਕਾ ਚਲਦਾ ਰੱਖਣਾ
ਮੈਂ ਉਨ੍ਹਾਂ ਦਾ ਜਾਲ ਸਿਰਜਿਆ,
ਭਗਤ ਨਾ ਸੋਚਣ ਸੁਆਲਾਂ ਬਾਰੇ
ਸਰਧਾ ਦੀ ਤਾਣਕੇ ਚਾਦਰ
ਅੰਮ੍ਰਿਤ ਸਰੋਵਰ ਮੈਂ ਕੱਜਿਆ ।

ਕਿਉਂਕਿ
ਜੁਆਬ ਦੇਣ ਲਈ ਬਾਣੀ ਬੋਲਦੀ
ਹਰ ਸੁਆਲ ਦਾ ਭੇਤ ਖੋਲਦੀ
ਤੇ ਫਿਰ
ਮੈਂ ਮਨਮੱਤੇ ਦੀ ਕਿਸਤੀ ਡੋਲਦੀ।

**-ਹਰਵਿੰਦਰ ਸਿੰਘ ਸਿੱਧੂ**

## ਚੂਹੇ ਖਾਣੀ ਬਿੱਲੀ

ਨੌਂ ਸੌ ਚੂਹੇ ਖਾ ਬੈਠੀ ਹਾਂ,
ਚਿੱਤ ਅਪਣਾ ਪਰਚਾ ਬੈਠੀ ਹਾਂ।
ਬੜੇ ਪੁਆੜੇ ਪਾ ਬੈਠੀ ਹਾਂ,
ਦੁਸ਼ਮਣ ਕਈ ਬਣਾ ਬੈਠੀ ਹਾਂ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?

ਹੱਜ ਜਾਣ ਦਾ ਹੱਜ ਨਹੀਂ ਰਹਿ ਗਿਆ,
ਭੁੱਲ ਬਖਸ਼ਾਉਣ ਦਾ ਪੱਜ ਨਹੀਂ ਰਹਿ ਗਿਆ।
ਜਿਉਣ ਦਾ ਕੋਈ ਚੱਜ ਨਹੀਂ ਰਹਿ ਗਿਆ,
ਰਲਣ ਲਈ ਕੋਈ ਵੱਗ ਨਹੀਂ ਰਹਿ ਗਿਆ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?

ਜਿੱਧਰ ਜਾਵਾਂ ਕੋਈ ਮੂੰਹ ਨਹੀਂ ਲਾਉਂਦਾ,
ਹਰ ਕੋਈ ਮਿਲਣੋਂ ਕੰਨੀ ਕਤਰਾਉਂਦਾ।
ਸੌ ਬਹਾਨੇ ਘੜ ਦਿਖਲਾਉਂਦਾ,
ਰਿਸ਼ਤੇ ਨਾਤੇ ਤੋੜਨਾ ਚਾਹੁੰਦਾ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?

ਚੂਹੇ ਨਾ ਖਾਂਦੀ ਤਾਂ ਹੋਰ ਕੀ ਖਾਂਦੀ,
ਖੀਰਾਂ ਪੂੜੇ ਕਿੱਥੋਂ ਲਿਆਂਦੀ।
ਢਿੱਡ ਦੀਆਂ ਆਂਦਰਾਂ ਕਿਵੇਂ ਵਰਾਂਦੀ,
ਤੇ ਭੁੱਖ ਦੀ ਅੱਗ ਨੂੰ ਕਿਵੇਂ ਬੁਝਾਂਦੀ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?

ਤੂੰ ਨਿੱਤ ਮੈਨੂੰ ਤੋਹਮਤਾਂ ਲਾਵੇਂ,
ਮੇਰੇ ਔਗੁਣ ਖ਼ੂਬ ਗਿਣਾਵੇਂ।
ਆਪਣੇ ਪਰਦੇ ਵਿੱਚ ਛੁਪਾਵੇਂ,
ਕਿਸ ਤੋਂ ਕਿਹੜਾ ਇਨਸਾਫ਼ ਕਰਾਵੇਂ।
ਤੇਰੇ ਪਰਦੇ ਲਾਹ ਕੇ ਵਿਖਾਵਾਂ,
ਰਹਿੰਦੀ ਉਮਰ ਮੈਂ ਇਵੇਂ ਲੰਘਾਵਾਂ।

ਸੁਣ ਉਏ ਮੇਰਿਆ ਸੁਥਰਿਆ ਲੋਕਾ,
ਦਰ ਦਰ ਦੇਂਦੀ ਹਾਂ ਮੈਂ ਹੋਕਾ।
ਫੇਰ ਆਪਣੀ ਪੀੜ੍ਹੀ ਹੇਠ ਸੋਟਾ,
ਛੱਡ ਕਰਨਾ ਹੰਕਾਰ ਤੂੰ ਫੋਕਾ।
ਹੁਣ ਤੇਰੇ ਸਾਹਮੇਂ ਮੈਂ ਖੜ੍ਹ ਜਾਵਾਂ,
ਰਹਿੰਦੀ ਉਮਰ ਨੂੰ ਇਵੇਂ ਲੰਘਾਵਾਂ।

ਪੋਲ ਤੇਰੇ ਵੀ ਖੋਲ੍ਹ ਦਿਆਂ ਮੈਂ,
ਤੱਕੜੀ ਵਿੱਚ ਤੈਨੂੰ ਤੋਲ ਦਿਆਂ ਮੈਂ।
ਸੱਚ ਤੇਰਾ ਵੀ ਬੋਲ ਦਿਆਂ ਮੈਂ,
ਚੌਰਾਹੇ ਵਿੱਚ ਤੇਰੀ ਰੋਲ਼ ਦਿਆਂ ਮੈਂ।
ਲੋਈ ਸਿਰ ਤੋਂ ਲਾਹ ਦਿਖਾਵਾਂ,
ਰਹਿੰਦੀ ਉਮਰ ਨੂੰ ਇਵੇਂ ਲੰਘਾਵਾਂ।
ਰਹਿੰਦੀ ਉਮਰ ਨੂੰ ਇਵੇਂ ਲੰਘਾਵਾਂ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਚਿੜੀਆਂ ਦੇ ਚੰਬੇ

ਸਾਡੇ ਘਰ ਸੱਜਣ ਆਏ।
ਸੱਜਣ ਜੀ ਘਰ ਆਏ।

ਚਿੜੀਆਂ ਦੇ ਚੰਬੇ ਰੀਬਨ ਉੱਤੇ
ਜੀ ਆਇਆਂ ਨੂੰ ਲਿਖਿਆ।
ਕਾਂਵਾਂ-ਬਾਜਾਂ ਦਾ ਇੱਕ ਟੋਲਾ
ਵੇਖ-ਵੇਖ ਲਲਚਾਏ।

ਵਿਚੋਲਾ ਆਪਣੀ ਮੁੰਦਰੀ ਦੇਖੇ
ਲਾੜਾ ਕਾਰ ਦੀ ਚਾਬੀ।
ਰਾਗੀ ਆਪਣੀ ਮਾਇਆ ਦੇਖੇ
ਸੱਚੇ ਭਾਗ ਮਿਲਾਏ।

ਆਰਕੈਸਟਰਾ ਨੱਚਦੀ ਫਿਰਦੀ
ਜਿਵੇਂ ਗਰੀਬੀ ਨਚਾਵੇ।
ਹੱਥ ਫੜ-ਫੜ ਕੇ ਨੱਚਦੇ ਉਸਦਾ
ਫੁੱਫੜ ਮਾਮੇ ਤਾਏ।

ਲੈਣ-ਦੇਣ ਦਾ ਸੌਦਾ ਹੋਇਆ
ਪੱਲੇ ਤੇਰੇ ਲੱਗੀ।
ਵੇਖੋ ਮਿਹਰਾਂ ਦਾਤੇ ਦੀਆਂ
ਫੜਕੇ ਜੋੜ ਮਿਲਾਏ।

ਜਾਇਦਾਦ ਆਈ ਪੁੱਤਰ ਹਿੱਸੇ
ਧੀ ਨੂੰ ਮਿਲੀ ਫੁਲਕਾਰੀ।
ਧਰਮੀਂ ਬਾਬਲ ਸਦੀਆਂ ਤੋਂ
ਏਦਾਂ ਹੀ ਫਰਜ਼ ਨਿਭਾਏ।

**- ਕੁਲਦੀਪ ਸਿਰਸਾ**

**ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ ਦੀ ਪਾਸ਼ ਬਾਰੇ ਲਿਖਤ-**

## ਹੈਂ ਤੂੰ ਅਮਰ ਹੋ ਗਿਆ ਪਾਸ਼







ਤੇਰੀ ਬਰਸੀ ਉੱਤੇ ਥਾਂ ਥਾਂ, ਮੇਲੇ ਲਗ ਰਹੇ ਨੇ ਯੋਧੇ
ਭਾਵੇਂ ਕਾਤਲ ਜਦ ਲੋਕਾਂ ਨੇ, ਨਾਕਾ ਲਾ ਕੇ ਪੁਲਾਂ ਤੇ ਸੋਧੇ
ਕੋਈ ਭੜੂਆ ਨਾ ਸੀ ਬਹੁੜਿਆ, ਕਿਸੇ ਇੱਕ ਦੀ ਮੰਗਣ ਲਾਸ਼, ਹੈਂ ਤੂੰ ਅਮਰ ਹੋ ਗਿਆ ਪਾਸ਼!

ਕਾਮਿਆਂ ਦੀ ਮੁਕਤੀ ਦੇ ਰਾਹ ਦਾ, ਸੀ ਤੂੰ ਮੋੜ ਮੋੜ ਦਾ ਸੂਹਾਂ ਗਲੀਆਂ ਯਾਦ ਰੱਖਣਗੀਆਂ
ਸਦੀਆਂ, ਨਾ ਭੁੱਲਣਗੀਆਂ ਲੰਬੀਆਂ ਜੂਹਾਂ
'ਮਾਂ' ਧਰਤੀ ਨੇ ਰੋਂਦੀ ਰਹਿਣਾ, ਹਉਕੇ ਲੈਂਦਾ ਰਹੂ ਆਕਾਸ਼,
ਹੈਂ ਤੂੰ ਅਮਰ ਹੋ ਗਿਆ ਪਾਸ਼ !

ਕੱਚੇ-ਕੱਦੂ ਕਰ ਨਾ ਸਕਣ, ਤਿੱਖੀ ਧਾਰ ਛੁਰੀ ਦੀ ਕੁੰਦੀ
ਮਗਜ਼ ਚੜ੍ਹੀ-ਚਰਬੀ ਕੀ ਜਾਣੇ, ਸੋਚ-ਪਵਿੱਤਰ ਕਤਲ ਨਾ ਹੁੰਦੀ
ਹਤਿਆਰਿਆਂ ਦੇ ਮੋਢੀ ਆਪਣੀ, ਕਰ ਬੈਠੇ ਸਨ ਬੁੱਧ-ਵਿਨਾਸ਼, ਹੈਂ ਤੂੰ ਅਮਰ ਹੋ ਗਿਆ ਪਾਸ਼ !

ਮਰਦੇ ਰਹੇ ਮੂਰਖਾਂ ਹੱਥੋਂ, ਪੀਰ, ਪੈਗੰਬਰ, ਬੁੱਧੀਜੀਵੀ
ਨੇਕੀ ਅਤੇ ਬਦੀ ਦੀ ਫਸਵੀਂ, ਟੱਕਰ ਲੱਗੀ ਰਹੀ ਸਦੀਵੀ
ਅੰਤ ਕਾਤਲਾਂ ਦੇ ਟੋਲੇ ਨੂੰ, ਹੋਣਾ ਪੈਂਦਾ ਰਿਹਾ ਨਿਰਾਸ਼।
ਹੈਂ ਤੂੰ ਅਮਰ ਹੋ ਗਿਆ ਪਾਸ਼ !

ਤੂੰ ਸੀ ਖੂਹਾਂ, ਖੇਤ, ਸਿਆੜਾਂ, ਤੇ ਆਡਾਂ ਦਾ ਕਾਮਾ ਬੇਟਾ
ਮਹਾਂ-ਪੁਜਾਰੀ ਮਾਨਵਤਾ ਦਾ, ਹੋ ਗਿਐਂ ਦੈਂਤਵਾਦ ਦੀ ਭੇਟਾ
ਤੈਨੂੰ ਮਾਰਨ ਵਾਲੇ ਅਸਲ 'ਚ, ਸਨ ਬਸਤਾ 'ਬੇ' ਦੇ ਬਦਮਾਸ਼।
ਹੈਂ ਤੂੰ ਅਮਰ ਹੋ ਗਿਆ ਪਾਸ਼ !

ਲੰਮੀਆਂ ਕਲਮਾਂ ਵਾਲਿਆਂ ਦੇ ਸਨ, ਬਰਫ਼ਾਂ ਰੁੱਤੇ ਛੁੱਟੇ ਪਸੀਨੇ
ਸ਼ਿਕਰਿਆਂ ਤੋਂ ਡਰ ਖੁੱਡੀਂ ਵੜਗੇ, ਬੁਧੀਮਾਨ ਕਬੂਤਰ ਚੀਨੇ
ਬਘਿਆੜਾਂ ਦੀ 'ਜੂਹ' 'ਚ ਰਹਿੰਦਿਆਂ, ਡੋਲਿਆ ਨਾ ਤੇਰਾ ਵਿਸ਼ਵਾਸ।
ਹੈਂ ਤੂੰ ਅਮਰ ਹੋ ਗਿਆ ਪਾਸ਼!

ਬਣਦੇ ਸਨ ਸਿੱਖੀ ਦੇ ਹੱਫੇ, ਗੁਰ ਮਰਿਯਾਦਾ ਵੱਲੋਂ ਵਾਂਝੇ
ਕੂਕਿਆਂ ਦੇ ਗੜਵੇ ਦੇ ਵਾਂਗਣ, ਗਏ ਦਰਿੰਦੇ ਖ਼ੁਦ ਵੀ ਮਾਂਜੇ
ਨੇਰ੍ਹ ਗਲੀ ਸਨ, ਚੱਲੇ ਅੰਨ੍ਹੇ, ਕਾਲੀ ਬਿੱਲੀ ਕਰਨ ਤਲਾਸ਼।
ਹੈਂ ਤੂੰ ਅਮਰ ਹੋ ਗਿਆ ਪਾਸ਼ !

ਤੇਰਾ ਸੋਚ-ਮੰਡਲ ਸੀ ਲੱਖਾਂ ਬ੍ਰਹਿਮੰਡਾਂ ਦੇ ਜਿੰਨਾ ਚੌੜਾ
ਮਜ਼੍ਹਬਾਂ ਨੂੰ ਪੜ੍ਹ ਸਮਝ ਲਿਆ ਸੀ, ਨਰਕ ਸੁਰਗ ਦਾ ਗੱਪ ਗਪੌੜਾ
ਸਾਇੰਸ ਦੇ ਸੂਰਜ ਦਾ ਤੇਰੇ, ਅੰਦਰ ਸੀ ਨੂਰੀ ਪਰਕਾਸ਼।
ਹੈਂ ਤੂੰ ਅਮਰ ਹੋ ਗਿਆ ਪਾਸ਼ !

ਤੇਰੇ ਲੋਹ-ਕਦਮਾਂ ਦੇ ਪਿੱਛੇ, ਪਏ ਸਿਦਕੀਏ ਚੱਲ ਬਹਾਦਰ
ਡਿੱਗਿਆਂ ਲਿਤੜਿਆਂ ਦੇ ਮੰਜਿਆਂ ਤੇ ਬਣ ਜਾਵਣ ਲਈ ਚਿੱਟੀ ਚਾਦਰ
ਲੋਕ ਲਹਿਰ ਨਾ ਮੱਠੀ ਪੈ ਜੇ, ਸੀ ਜੋ ਤੇਰੀ ਤੀਬਰ ਖਾਸ਼
ਹੈਂ ਤੂੰ ਅਮਰ ਹੋ ਗਿਆ ਪਾਸ਼ !

ਬੇ-ਦੋਸ਼ਾਂ ਦੇ ਖ਼ੂਨ 'ਚ ਚੁੱਭੀ ਲਾ ਲਾ ਨਾਉਂਦੇ ਖ਼ੁਦ ਵੀ ਮਰ ਗਏ
ਬਿਨਾਂ-ਸਿਧਾਂਤ ਤੇ ਦਿਸ਼ਾ-ਵਿਹੂਣੇ, ਸਿੱਖ ਰਵਾਇਤ ਕਲੰਕਿਤ ਕਰ ਗਏ
'ਪਾਰਸ' ਰਹਿ ਗਈ ਦੁੱਕੀ, ਤਿੱਕੀ, ਬਾਕੀ ਖਿੰਡ ਗਈ ਸਾਰੀ ਤਾਸ਼।
ਹੈਂ ਤੂੰ ਅਮਰ ਹੋ ਗਿਆ ਪਾਸ਼ !

**- ਪੁਸਤਕ 'ਪਾਸ਼ ਤਾਂ ਸੂਰਜ ਸੀ' ਵਿੱਚੋਂ**

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਜਮਹੂਰੀ ਹੱਕ : ਜਨਤਕ ਜਮਹੂਰੀ ਜਥੇਬੰਦੀਆਂ ਦੀ ਸਾਂਝੀ ਕਨਵੈਨਸ਼ਨ

- ਫਾਸ਼ੀਵਾਦੀ ਕਦਮ ਵਾਪਸ ਨਾ ਲੈਣ ਦੀ ਸੂਰਤ 'ਚ ਭਵਿੱਖ ਵਿਚ ਸੰਘਰਸ਼ ਨੂੰ ਹੋਰ ਵਿਆਪਕ ਅਤੇ ਤਿੱਖਾ ਹੋਣ ਦੀ ਦਿੱਤੀ ਚੇਤਾਵਨੀ
- ਅਰੁੰਧਤੀ ਰਾਏ ਵਰਗੀਆਂ ਆਵਾਜ਼ਾਂ ਅਤੇ ਲੋਕਾਂ ਤੋਂ ਖ਼ੌਫ਼ ਖਾਂਦੀ ਹੈ ਸੱਤਾ : ਭਾਸ਼ਾ ਸਿੰਘ






ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : 21 ਜੁਲਾਈ ਨੂੰ ਦੇਸ਼ ਭਗਤ ਯਾਦਗਾਰ ਵਿਖੇ ਤਿੰਨ ਦਰਜਨ ਤੋਂ ਵੱਧ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਸਾਹਿਤਕ-ਸੱਭਿਆਚਾਰਕ ਸੰਸਥਾਵਾਂ 'ਤੇ ਆਧਾਰਤ ਕਾਲੇ ਕਾਨੂੰਨਾਂ ਵਿਰੁੱਧ ਸਾਂਝੀ ਕਮੇਟੀ ਵੱਲੋਂ ਸੂਬਾ ਕਨਵੈਨਸ਼ਨ ਆਯੋਜਤ ਕੀਤੀ ਗਈ ਜਿਸ ਵਿਚ ਉੱਘੀ ਪੱਤਰਕਾਰ ਅਤੇ ਜਮਹੂਰੀ ਕਾਰਕੁਨ ਭਾਸ਼ਾ ਸਿੰਘ ਮੁੱਖ ਵਕਤਾ ਵਜੋਂ ਸ਼ਾਮਲ ਹੋਏ। ਪੰਜਾਬ ਦੇ ਕੋਨੇ-ਕੋਨੇ ਤੋਂ ਉਪਰੋਕਤ ਜਥੇਬੰਦੀਆਂ ਆਗੂ ਅਤੇ ਕਾਰਕੁਨ ਕਾਫ਼ਲੇ ਬੰਨ੍ਹ ਕੇ ਪਹੁੰਚੇ। ਕਨਵੈਨਸ਼ਨ ਦੀ ਪ੍ਰਧਾਨਗੀ ਪ੍ਰੋਫੈਸਰ ਜਗਮੋਹਣ ਸਿੰਘ, ਮਾਸਟਰ ਰਾਜਿੰਦਰ ਭਦੌੜ, ਮੁੱਖ ਵਕਤਾ ਭਾਸ਼ਾ ਸਿੰਘ ਐਡਵੋਕੇਟ ਐੱਨ.ਕੇ.ਜੀਤ, ਐਡਵੋਕੇਟ ਦਲਜੀਤ ਸਿੰਘ ਨਵਾਂਸ਼ਹਿਰ, ਡਾ. ਪਰਮਿੰਦਰ, ਅਮੋਲਕ ਸਿੰਘ, ਸੁਖਦੇਵ ਸਿੰਘ ਕੋਕਰੀ ਕਲਾਂ, ਜਤਿੰਦਰ ਸਿੰਘ ਛੀਨਾ, ਮੇਜਰ ਸਿੰਘ ਕਾਲੇਕੇ, ਅਜਮੇਰ ਸਿੰਘ, ਮਨਜੀਤ ਸਿੰਘ ਧਨੇਰ, ਡਾ. ਸੁਖਦੇਵ ਸਿਰਸਾ, ਪਵਨ ਹਰਚੰਦਪੁਰੀ, ਵਿਕਰਮਦੇਵ ਸਿੰਘ, ਹੰਸ ਰਾਜ ਪੱਬਵਾਂ, ਸ਼ਮਸ਼ੇਰ ਸਿੰਘ ਬਟਾਲਾ, ਡਾ. ਸਰਬਜੀਤ ਸਿੰਘ, ਦਰਸ਼ਨ ਬੁੱਟਰ, ਬਲਦੇਵ ਸਿੰਘ ਜ਼ੀਰਾ, ਗੁਰਮੀਤ ਸਿੰਘ ਮਹਿਮਾ, ਪ੍ਰਗਟ ਸਿੰਘ ਢੀਂਡਸਾ, ਗੁਰਵਿੰਦਰ ਸਿੰਘ, ਜਸਵੀਰ ਸਿੰਘ ਬਠਿੰਡਾ, ਸਤਵੰਤ ਸਿੰਘ ਖੰਡੇਬਾਦ, ਗੁਰਬਖ਼ਸ਼ ਕੌਰ ਸੰਘਾ, ਯਸ਼ਪਾਲ, ਰਘਬੀਰ ਸਿੰਘ ਬੈਨੀਪਾਲ, ਸ਼ਿੰਦਰਪਾਲ, ਕੁਲਵੰਤ ਸਿੰਘ ਸੇਲਬਰਾਹ, ਜਗਰੂਪ ਸਿੰਘ, ਕੁਲਵਿੰਦਰ ਵੜੈਚ, ਜਗਸੀਰ ਸਿੰਘ ਸ਼ੀਰਾ, ਸੁਰਿੰਦਰ ਸਿੰਘ, ਐਡਵੋਕੇਟ ਦਰਸ਼ਨ ਸਿੰਘ ਧਾਲੀਵਾਲ, ਗੁਰਵਿੰਦਰ ਸਿੰਘ, ਕ੍ਰਿਸਨ ਸਿੰਘ, ਸੁਖਪਾਲ ਸਿੰਘ ਖਿਆਲੀਵਾਲਾ, ਲਖਵਿੰਦਰ, ਸੰਜੀਵ ਮਿੰਟੂ, ਧੰਨਾ ਮੱਲ ਗੋਇਲ, ਬਲਜੀਤ ਸਿੰਘ, ਜਰਮਨਜੀਤ ਸਿੰਘ, ਜਗਦੀਸ਼ ਸਿੰਘ, ਹਰਜਿੰਦਰ ਸਿੰਘ ਨੇ ਕੀਤੀ। ਮੁੱਖ ਵਕਤਾ ਭਾਸ਼ਾ ਸਿੰਘ ਨੇ ਭਾਰਤ ਦੇ ਅੱਜ ਦੇ ਹਾਲਾਤ ਬਾਰੇ ਬਹੁਤ ਹੀ ਬੇਬਾਕੀ ਨਾਲ ਆਪਣੇ ਵਿਚਾਰ ਪੇਸ਼ ਕੀਤੇ ਅਤੇ ਭਗਵਾ ਹਕੂਮਤ ਵੱਲੋਂ ਚੁੱਕੇ ਜਾ ਰਹੇ ਫਾਸ਼ੀਵਾਦੀ ਕਦਮਾਂ ਦਾ ਤਿੱਖੇ ਰੂਪ 'ਚ ਵਿਰੋਧ ਕੀਤਾ। ਤੀਜੀ ਵਾਰ ਸੱਤਾ ਵਿਚ ਆਈ ਮੋਦੀ ਸਰਕਾਰ ਦੇ ਫਾਸ਼ੀਵਾਦੀ ਨਿਸ਼ਾਨਿਆਂ ਬਾਰੇ ਉਨ੍ਹਾਂ ਕਿਹਾ ਕਿ "ਸੱਤਾ ਨੇ ਕਾਨੂੰਨ ਤੋਂ ਉੱਪਰ ਇਕ ਵਿਵਸਥਾ ਬਣਾ ਰੱਖੀ ਹੈ। ਸੁਪਰੀਮ ਕੋਰਟ, ਹਾਈਕੋਰਟਾਂ ਤੱਕ ਖ਼ਾਮੋਸ਼ ਦਰਸ਼ਕ ਬਣ ਚੁੱਕੀਆਂ ਹਨ। ਇਸ ਵਿਵਸਥਾ ਵਿਚ ਕੁਝ ਲੋਕ ਕਾਨੂੰਨ ਤੋਂ ਉੱਪਰ ਹਨ, ਬਾਕੀਆਂ ਨੂੰ ਹਕੂਮਤ ਜਦੋਂ ਵੀ ਚਾਹੇ ਬਿਨਾ ਜੁਰਮ ਜੇਲ੍ਹਾਂ ਵਿਚ ਸਾੜ ਸਕਦੀ ਹੈ। ਮੌਜੂਦਾ ਸਰਕਾਰ ਬਾਰੇ ਕਮਜ਼ੋਰ ਹੋਣ ਦਾ ਭਰਮ ਨਹੀਂ ਪਾਲਣਾ ਚਾਹੀਦਾ। ਇਹ ਪਹਿਲਾਂ ਤੋਂ ਵੀ ਵੱਡਾ ਹਮਲਾ ਕਰੇਗੀ। ਯੂਏਪੀਏ ਤਹਿਤ ਕੇਸ ਨੂੰ ਮਨਜ਼ੂਰੀ ਦੇ ਕੇ ਹਕੂਮਤ ਸਾਫ਼ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਉਹ ਸਿਰਫ਼ ਸੰਘਰਸ਼ਾਂ ਉੱਪਰ ਹੀ ਜਬਰ ਨਹੀਂ ਕਰ ਸਕਦੇ, ਬਦਲੇ ਦੀ ਭਾਵਨਾ ਨਾਲ ਨੱਕੋਨੱਕ ਭਰੀ ਸੱਤਾ ਵਿਸ਼ਵ ਪ੍ਰਸਿੱਧ ਕਲਮਾਂ ਨੂੰ ਵੀ ਮਨਮਰਜ਼ੀ ਨਾਲ ਸਜ਼ਾ ਦੇ ਸਕਦੀ ਹੈ। ਉਹ ਟੈਸਟ ਕਰਨਾ ਚਾਹੁੰਦੇ ਹਨ ਕਿ ਜਬਰ ਵਿਰੁੱਧ ਲੋਕ ਬੋਲਦੇ ਵੀ ਹਨ ਜਾਂ ਕਿੰਨਾ ਕੁ ਬੋਲਦੇ ਹਨ। ਵਿਸ਼ਵ ਪ੍ਰਸਿੱਧ ਲੇਖਿਕਾ ਅਤੇ ਪ੍ਰੋਫੈਸਰ ਸ਼ੌਕਤ ਹੁਸੈਨ ਵਿਰੁੱਧ ਯੂਏਪੀਏ ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਅਰੁੰਧਤੀ ਰਾਏ ਇਸ ਦਾ ਪ੍ਰਤੀਕ ਹੈ ਕਿ ਮੁਸ਼ਕਲ ਹਾਲਾਤਾਂ ਵਿਚ ਵੀ ਲੜਨਾ ਕਿਵੇਂ ਹੈ, ਲਿਖਦੇ ਕਿਵੇਂ ਰਹਿਣਾ ਹੈ, ਬੋਲਦੇ ਕਿਵੇਂ ਰਹਿਣਾ ਹੈ ਤੇ ਮੁਸਕਰਾਉਂਦੇ ਕਿਵੇਂ ਰਹਿਣਾ ਹੈ। ਸੱਤਾ ਅਰੁੰਧਤੀ ਰਾਏ ਦੀ ਇਸੇ ਮੁਸਕਰਾਹਟ ਤੋਂ ਖ਼ੌਫ਼ ਖਾਂਦੀ ਹੈ। "ਪਾਰਲੀਮੈਂਟਰੀ ਵਿਰੋਧੀ ਧਿਰ ਦੀ ਖ਼ਸਲਤ ਬਾਰੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਵਿਰੋਧੀਧਿਰ ਨੂੰ ਸਾਫ਼ ਸਮਝ ਲੈਣਾ ਚਾਹੀਦਾ ਹੈ ਕਿ ਜੇ ਉਹ ਨਾਇਨਸਾਫ਼ੀ ਵਿਰੁੱਧ ਨਹੀਂ ਬੋਲਣਗੇ ਤਾਂ ਦੇਸ਼ ਦੇ ਲੋਕ ਵੀ ਉਨ੍ਹਾਂ ਦੀ ਗੱਲ ਨਹੀਂ ਸੁਣਨਗੇ।" ਲੋਕ ਸੰਘਰਸ਼ਾਂ ਦੇ ਮਹੱਤਵ ਬਾਰੇ ਉਨ੍ਹਾਂ ਕਿਹਾ ਕਿ "ਸੱਤਾ ਲੋਕ ਸੰਘਰਸ਼ਾਂ ਤੋਂ ਖ਼ੌਫ਼ ਖਾਂਦੀ ਹੈ। ਅਰੁੰਧਤੀ ਰਾਏ ਸੰਘਰਸ਼ਾਂ ਦੀ ਬੁਲੰਦ ਆਵਾਜ਼ ਹੋਣ ਕਾਰਨ ਸੱਤਾ ਉਸ ਦੀ ਕਲਮ ਤੋਂ ਹੋਰ ਵੀ ਖ਼ੌਫ਼ਜ਼ਦਾ ਹੈ। ਇਸੇ ਲਈ ਉਸ ਨੂੰ ਮੁਕੱਦਮੇ ਵਿਚ ਉਲਝਾਉਣਾ ਚਾਹੁੰਦੀ ਹੈ ਅਤੇ ਇਸ ਨੂੰ ਸੱਤਾ ਨੂੰ ਸਵਾਲ ਕਰਨ ਵਾਲੇ ਸਾਰੇ ਨਿਆਂਪਸੰਦ ਲੋਕਾਂ ਲਈ ਖੌਫ਼ਜ਼ਦਾ ਹੋ ਕੇ ਚੁੱਪ ਕਰ ਜਾਣ ਦਾ ਸੰਦੇਸ਼ ਬਣਾਉਣਾ ਚਾਹੁੰਦੀ ਹੈ। ਪਰ ਸੱਤਾ ਦੇ ਮਨਸੂਬੇ ਕਦੇ ਕਾਮਯਾਬ ਨਹੀਂ ਹੋਣਗੇ। ਜੇ ਸੱਤਾ ਕੋਲ ਯੂਏਪੀਏ ਹੈ ਤਾਂ ਸਾਡੇ ਕੋਲ ਇਸ ਦਾ ਜਵਾਬ ਪ੍ਰੋਟੈਸਟ ਹੈ।ਪੰਜਾਬ ਦੀ ਜੁਝਾਰੂ ਸੰਘਰਸ਼ਾਂ ਦੀ ਵਿਰਾਸਤ ਬਾਰੇ ਚਰਜਾ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਇਨਕਲਾਬ ਦਾ ਸੁਪਨਾ ਜ਼ਿੰਦਾ ਰੱਖਿਆ ਹੈ ਇਸੇ ਲਈ ਪੰਜਾਬ ਦੇ ਲੋਕ ਸੰਘਰਸ਼ ਇੰਨੇ ਸ਼ਕਤੀਸ਼ਾਲੀ ਹਨ ਜਿਨ੍ਹਾਂ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ ਫਾਸ਼ੀਵਾਦੀ ਸਰਕਾਰ ਨੂੰ ਮਜਬੂਰ ਕਰ ਦਿੱਤਾ। ਸੰਘਰਸ਼ਾਂ ਦੀ ਇਸੇ ਵਿਰਾਸਤ ਕਾਰਨ ਇੱਥੇ ਫਿਰਕੂ ਤਾਕਤਾਂ ਦੇ ਮਨਸੂਬੇ ਕਦੇ ਕਾਮਯਾਬ ਨਹੀਂ ਹੋਏ।

ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਸਤੀਵਾਦੀ ਕਾਨੂੰਨ ਪ੍ਰਣਾਲੀ ਨੂੰ ਖ਼ਤਮ ਕਰਨ ਦੇ ਨਾਂ ਹੇਠ ਦੇਸ਼ ਨੂੰ ਪੁਲਿਸ ਰਾਜ ਵਿਚ ਬਦਲਣ ਲਈ ਲਿਆਂਦੇ ਨਵੇਂ ਫ਼ੌਜਦਾਰੀ ਕਾਨੂੰਨ ਨਵੇਂ ਨਾਵਾਂ ਹੇਠ ਬਸਤੀਵਾਦੀ ਕਾਨੂੰਨਾਂ ਨੂੰ ਹੋਰ ਮਜ਼ਬੂਤ ਕਰਦੇ ਹਨ ਅਤੇ ਇਹ ਰੌਲਟ ਐਕਟ ਤੋਂ ਵੀ ਖ਼ਤਰਨਾਕ ਹਨ ਜਿਨ੍ਹਾਂ ਨੂੰ ਰੱਦ ਕਰਾਉਣ ਲਈ ਭਾਰਤ ਦੇ ਆਜ਼ਾਦੀ ਸੰਗਰਾਮੀਆਂ ਨੇ ਆਪਣਾ ਲਹੂ ਡੋਲਿ ?ਆ ਸੀ। ਉਨ੍ਹਾਂ ਕਿਹਾ ਕਿ ਅਰੁੰਧਤੀ ਰਾਏ, ਪ੍ਰੋਫੈਸਰ ਸ਼ੌਕਤ, ਮੇਧਾ ਪਾਟੇਕਰ ਵਰਗੇ ਰੋਸ਼ਨ-ਖਿਆਲ ਬੁੱਧੀਜੀਵੀਆਂ ਤੇ ਹੱਕਾਂ ਦੇ ਪਹਿਰੇਦਾਰਾਂ ਦੀ ਜ਼ੁਬਾਨਬੰਦੀ ਕਰਕੇ ਅਤੇ ਕਾਲੇ ਕਾਨੂੰਨਾਂ ਥੋਪਕੇ ਨਾਗਰਿਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਦਾ ਗਲਾ ਘੁੱਟਣ ਦੇ ਫਾਸ਼ੀਵਾਦੀ ਹਮਲੇ ਪਿੱਛੇ ਦੇਸ਼ ਦੇ ਕੀਮਤੀ ਮਾਲ-ਖ਼ਜ਼ਾਨਿਆਂ ਨੂੰ ਮੁਲਕ ਦੇ ਇਜਾਰੇਦਾਰ ਸਰਮਾਏਦਾਰਾਂ ਅਤੇ ਸਾਮਰਾਜੀਆਂ ਦੇ ਹਵਾਲੇ ਕਰ ਦੇਣ ਦੀ ਡੂੰਘੀ ਸਾਜ਼ਿਸ਼ ਕੰਮ ਕਰਦੀ ਹੈ। ਜਾਣੇ-ਪਛਾਣੇ ਵਕੀਲਾਂ ਐਡਵੋਕੇਟ ਦਲਜੀਤ ਸਿੰਘ ਅਤੇ ਐੱਨ.ਕੇ.ਜੀਤ ਨੇ ਨਵੇਂ ਫ਼ੌਜਦਾਰੀ ਕਾਨੂੰਨਾਂ ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਇਹ ਕਾਨੂੰਨ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਜਮਹੂਰੀ ਹੱਕਾਂ ਦੀ ਸਪੇਸ ਨੂੰ ਖੋਹਣ ਲਈ ਹਨ। ਇਹ ਕਾਨੂੰਨ ਕੌਮਾਂਤਰੀ ਅਹਿਦਨਾਮਿਆਂ ਦੀ ਵੀ ਉਲੰਘਣਾ ਹੈ ਜਿਨ੍ਹਾਂ ਉੱਪਰ ਭਾਰਤੀ ਹੁਕਮਰਾਨਾਂ ਨੇ ਦਸਖ਼ਤ ਕੀਤੇ ਹੋਏ ਹਨ। ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਮਾਸਟਰ ਰਾਜਿੰਦਰ ਭਦੌੜ ਨੇ ਕਿਹਾ ਕਿ ਅੱਜ ਦਾ ਇਕੱਠ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਕੇ ਅਤੇ ਕਾਲੇ ਕਾਨੂੰਨ ਥੋਪ ਕੇ ਪੁਲਿਸ ਰਾਜ ਵੱਲ ਵਧਣ ਦੀ ਬੇਹੱਦ ਖ਼ਤਰਨਾਕ ਸਾਜ਼ਿਸ਼ ਵਿਰੁੱਧ ਅਵਾਮ ਨੂੰ ਜਾਗਰੂਕ ਕਰਨ 'ਚ ਮੀਲ-ਪੱਥਰ ਸਾਬਤ ਹੋਵੇਗਾ ਅਤੇ ਤਿੰਨ ਖੇਤੀ ਕਾਨੂੰਨਾਂ ਵਾਂਗ ਹਕੂਮਤ ਦੇ ਤਾਜ਼ਾ ਫਾਸ਼ੀਵਾਦੀ ਹਮਲਿਆਂ ਨੂੰ ਵੀ ਲੋਕ ਤਾਕਤ ਨਾਲ ਠੱਲ੍ਹ ਪਾਈ ਜਾਵੇਗੀ।

ਜਮਹੂਰੀ ਅਧਿਕਾਰ ਸਭਾ ਦੇ ਸੂਬਾਈ ਆਗੂ ਡਾਕਟਰ ਪਰਮਿੰਦਰ ਨੇ ਕਿਹਾ ਕਿ ਪੰਜਾਬ ਵਿਚ ਉੱਭਰ ਰਹੀ ਜਮਹੂਰੀ ਹੱਕਾਂ ਦੀ ਚੇਤਨਾ ਅਤੇ ਰਾਖੀ ਦੀ ਲਹਿਰ ਲੋਕ ਸੰਘਰਸ਼ਾਂ ਦੇ ਇਤਿਹਾਸ 'ਚ ਨਵਾਂ ਅਧਿਆਏ ਜੋੜੇਗੀ ਅਤੇ ਇਹ ਫਾਸ਼ੀਵਾਦੀ ਹਕੂਮਤ ਨੂੰ ਚੇਤਾਵਨੀ ਵੀ ਹੋਵੇਗੀ ਕਿ ਮਹਾਨ ਗ਼ਦਰੀ ਬਾਬਿਆਂ, ਭਗਤ-ਸਰਾਭਿਆਂ ਦੀ ਜਾਬਰ ਸਾਮਰਾਜਵਾਦ ਵਿਰੁੱਧ ਲਾਸਾਨੀ ਜੱਦੋਜਹਿਦ ਨੂੰ ਪੰਜਾਬ ਦੇ ਲੋਕ ਭੁੱਲੇ ਨਹੀਂ ਹਨ ਅਤੇ ਸਟੇਟ ਦੇ ਫਾਸ਼ੀਵਾਦੀ ਕਦਮਾਂ ਦਾ ਜਵਾਬ ਪੰਜਾਬ ਦੇ ਜੁਝਾਰੂ ਲੋਕ ਵਿਸ਼ਾਲ ਜਨਤਕ ਲਾਮਬੰਦੀ ਨਾਲ ਦੇਣਗੇ। ਇਹ ਇਕੱਠ ਚੇਤਾਵਨੀ ਵੀ ਹੈ ਕਿ ਇਹ ਫਾਸ਼ੀਵਾਦੀ ਕਦਮ ਵਾਪਸ ਨਾ ਲਏ ਜਾਣ ਦੀ ਸੂਰਤ 'ਚ ਇਹ ਮੁਹਿੰਮ ਹੋਰ ਵਿਆਪਕ ਅਤੇ ਤੇਜ਼ ਹੋਵੇਗੀ।

ਕਨਵੈਨਸ਼ਨ ਵਿਚ ਨਰਭਿੰਦਰ ਨੇ ਸਮੂਹ ਜਥੇਬੰਦੀਆਂ ਦੇ ਵੱਲੋਂ ਮਤੇ ਪੇਸ਼ ਕੀਤੇ। ਕਨਵੈਨਸ਼ਨ ਵੱਲੋਂ ਇਨ੍ਹਾਂ ਮਤਿਆਂ ਨੂੰ ਪ੍ਰਵਾਨਗੀ ਦੇ ਕੇ ਮੰਗ ਕੀਤੀ ਗਈ ਕਿ ਅਰੁੰਧਤੀ ਰਾਏ ਤੇ ਪ੍ਰੋਫੈਸਰ ਸ਼ੌਕਤ ਹੁਸੈਨ ਵਿਰੁੱਧ ਮੁਕੱਦਮਾ ਪੂਰੀ ਤਰ੍ਹਾਂ ਵਾਪਸ ਲਿਆ ਜਾਵੇ; ਪਿਛਲੇ ਦਿਨੀਂ ਲਾਗੂ ਕੀਤੇ ਤਿੰਨ ਫ਼ੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਡਿਜ਼ੀਟਲ ਮੀਡੀਆ ਰੈਗੂਲੇਸ਼ਨ ਅਤੇ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, ਪਬਲਿਕ ਸਕਿਊਰਿਟੀ ਐਕਟ ਅਤੇ ਮਹਾਰਾਸ਼ਟਰਾ ਪਬਲਿਕ ਸਕਿਊਰਿਟੀ ਬਿੱਲ ਆਦਿ ਹਾਜ਼ਰ ਸਨ।

# ਨਾਟਕ 'ਰਾਤ ਚਾਨਣੀ' ਦੀ ਸਫਲਤਾ ਨੇ ਨਿਵੇਕਲਾ ਇਤਿਹਾਸ ਸਿਰਜਿਆ





ਸਰੀ : ਥੈਸਪਿਸ ਆਰਟ ਕਲੱਬ ਵਲੋਂ ਉਘੇ ਨਾਟਕਕਾਰ ਪਾਲੀ ਭੁਪਿੰਦਰ ਸਿੰਘ ਦਾ ਲਿਖਿਆ ਨਾਟਕ 'ਰਾਤ ਚਾਨਣੀ' ਤੇ ਡਾ ਜਸਕਰਨ ਦੀ ਨਿਰਦੇਸ਼ਨਾ ਹੇਠ ਕੈਨੇਡੀਅਨ ਕਲਾਕਾਰਾਂ ਦੀ ਟੀਮ ਵਲੋਂ ਬੈੱਲ ਪ੍ਰਫਾਰਮਿੰਗ ਆਰਟ ਸੈਂਟਰ ਸਰੀ ਦੇ ਵੱਡੇ ਹਾਲ ਵਿੱਚ ਦਰਸ਼ਕਾਂ ਦੀ ਭਰਵੀਂ ਹਾਜ਼ਰੀ ਵਿੱਚ ਕਾਮਯਾਬੀ ਨਾਲ ਖੇਡਿਆ ਗਿਆ। ਜਦੋਂ ਹੀ ਹਾਲ ਦੇ ਦਰਵਾਜ਼ੇ ਖੁੱਲ੍ਹੇ ਤਾਂ ਕਲੱਬ ਦੀ ਟੀਮ ਦੇ ਐਕਟਰਾਂ ਨੇ ਆਪਣੀ ਆਪਣੀ ਮੂਕ ਮੁਦਰਾ ਵਿੱਚ ਦਰਸ਼ਕਾਂ ਦਾ ਤਕਰੀਬਨ ਬਿਨਾਂ ਹਿੱਲੇ ਜੁੱਲੇ ਅੱਧੇ ਘੰਟੇ ਲਈ ਸਾਰੇ ਦਰਸ਼ਕਾਂ ਦੇ ਬੈਠਣ ਤੱਕ ਸਵਾਗਤ ਕੀਤਾ ਜੋ ਕਿ ਇੱਕ ਅਦਭੁੱਤ ਦ੍ਰਿਸ਼ ਸੀ। ਬਿਨਾਂ ਕਿਸੇ ਜਾਣ -ਪਛਾਣ ਦੇ ਨਾਟਕ ਸ਼ੁਰੂ ਹੋਇਆ। ਪਹਿਲੇ ਸੀਨ ਵਿੱਚ ਹੀ ਇੱਥੋਂ ਦੇ ਜੰਮਪਲ ਬੱਚਿਆਂ ਵਰਿਆਮ ਤੇ ਪਰਨੀਤ ਨੇ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਨਾਟਕ ਦੀ ਕਹਾਣੀ ਪਰਵਾਸ ਵਿੱਚ ਆਉਣ, ਵਸਣ, ਰਿਸ਼ਤਿਆਂ ਦੀਆਂ ਸੌਦੇਬਾਜ਼ੀਆਂ, ਟੁਟਦੇ ਬਣਦੇ ਰਿਸ਼ਤੇ, ਇੰਮੀਗ੍ਰੇਸ਼ਨਾਂ ਵਿੱਚ ਫਸੇ ਕੇਸਾਂ ਦਾ ਦੁਖਾਂਤ, ਕੈਨੇਡੀਅਨ ਜ਼ਿੰਦਗੀ ਦੇ ਉਤਰਾਵਾਂ ਚੜ੍ਹਾਵਾਂ ਵਿੱਚ ਲਟਕਦੇ ਲੋਕ, ਧਰਤੀਆਂ, ਪੀੜ੍ਹੀਆਂ ਦੇ ਵਖਰੇਵੇਂ ਦੀ ਟੁੱਟ ਭੱਜ ਵਿੱਚ ਵੀ ਪਿਆਰ ਦੀਆਂ ਤੰਦਾਂ, ਖ਼ੂਨ ਦੇ ਰਿਸ਼ਤੇ ਕੁਦਰਤ ਦੇ ਕਾਨੂੰਨ ਮੁਤਾਬਕ ਆਖਰ ਇੱਕ ਹੋ ਜਾਂਦੇ ਹਨ, ਨੂੰ ਪਾਤਰਾਂ ਨੇ ਆਪਣੇ ਕਿਰਦਾਰਾਂ ਰਾਹੀਂ ਬਾਖ਼ੂਬੀ ਨਿਭਾਇਆ। ਇਸ ਨਾਟਕ ਦੇ ਮੁੱਖ ਪਾਤਰ ਅੰਬਰ ਤੇ ਪਾਲ ਜਿਨ੍ਹਾਂ ਦੁਆਲੇ ਕਹਾਣੀ ਘੁੰਮਦੀ ਹੈ। ਉਸਦਾ ਰੋਲ ਕੇ. ਪੀ. ਸਿੰਘ ਤੇ ਜਸਪ੍ਰੀਤ ਨੇ ਨਿਭਾਇਆ। ਅੰਬਰ ਦੇ ਦੋਸਤਾਂ ਦੇ ਰੂਪ ਵਿੱਚ ਨਰਿੰਦਰ ਮੰਗੂਵਾਲ ਤੇ ਪ੍ਰਿੰਸ ਗੋਸਵਾਮੀ ਜੋ ਕਿ ਹੰਢੇ ਵਰਤੇ ਕਲਾਕਾਰ ਹਨ, ਨੇ ਨਾਟਕ ਨੂੰ ਨਾਲ ਦੀ ਨਾਲ ਅੱਗੇ ਤੋਰਿਆ। ਪਾਲ ਦੇ ਮਾਂ-ਬਾਪ ਦੇ ਰੋਲ ਵਿੱਚ ਸੰਤੋਖ ਢੇਸੀ ਤੇ ਕੁਲਦੀਪ ਟੋਨੀ ਨੇ ਆਪਣੇ ਰੋਲ ਦੀ ਲੋਕਾਂ ਦੇ ਦਿਲਾਂ ਵਿੱਚ ਛਾਪ ਛੱਡੀ। ਪਾਲ ਦੀ ਸੱਸ ਚੰਦ ਕੌਰ ਦਾ ਰੋਲ ਪਰਮਿੰਦਰ ਸਵੈਚ ਨੇ ਬਹੁਤ ਵਧੀਆ ਤੇ ਦਮਦਾਰ ਕਿਰਦਾਰ ਵਜੋਂ ਨਿਭਾਇਆ। ਪਰਮਿੰਦਰ ਸਵੈਚ ਵਲੋਂ ਬੋਲੇ ਗਏ ਸੰਵਾਦ ਅਤੇ ਨਾਟਕੀ ਅੰਦਾਜ਼ ਇਸ ਨਾਟਕ ਦੀ ਸਿਖਰ ਹੋ ਨਿਬੜੇ ਜਿਹਨਾਂ ਦਾ ਦਰਸ਼ਕਾਂ ਨੇ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕੀਤਾ। ਨੌਜਵਾਨ ਬੇਟੀ ਖ਼ੁਸ਼ਲੀਨ ਨੇ ਚੰਦ ਕੌਰ ਦੀ ਸੌਕਣ ਦਾ ਰੋਲ ਅਦਾ ਕੀਤਾ। ਸਾਰੇ ਹੀ ਕਲਾਕਾਰਾਂ ਨੇ ਨਾਟਕ ਨੂੰ ਰੂਹ ਨਾਲ ਮੰਚਨ ਕੀਤਾ। ਡਾ. ਜਸਕਰਨ ਨੇ ਜਿੱਥੇ ਪਾਲੀ ਭੁਪਿੰਦਰ ਦਾ ਨਾਟਕ ਚੁਣਿਆ ਉੱਥੇ ਗੁਰਤੇਜ ਕੁਹਾਰਵਾਲਾ ਦੀ ਬੇਹਤਰੀਨ ਸ਼ਾਇਰੀ ਨਾਲ ਸੋਹਣੇ ਰੰਗ ਭਰੇ, ਗੁਲਾਮ ਦੇ ਸੰਗੀਤ ਨਾਲ ਮੰਤਰ ਮੁਗਧ ਕੀਤਾ ਤੇ ਇੰਡੀਆ ਦੇ ਰਣਜੀਤ ਬਾਂਸਲ ਤੋਂ ਸ਼ੂਟ ਕਰਵਾ ਕੇ ਦਰਸ਼ਕਾਂ ਨੂੰ ਉਹਨਾਂ ਦੀ ਪਿੱਠ ਭੂਮੀ ਨਾਲ ਜੋੜਿਆ, ਕੇਵਲ ਧਾਲੀਵਾਲ ਦੀਆਂ ਨੇਕ ਸਲਾਹਾਂ ਨੇ ਰੰਗ ਮੰਚ ਦਾ ਸਿਖਰ ਛੋਹਣ ਵਿੱਚ ਕਸਰ ਨਹੀਂ ਰੱਖੀ। ਇਸ ਦੇ ਪ੍ਰੋਡਿਊਸਰ ਕੇ ਪੀ ਸਿੰਘ ਨੇ ਜਿੱਥੇ ਇਸ ਪ੍ਰੋਗਰਾਮ ਨੂੰ ਸੰਪਨ ਕਰਨ ਦੀ ਜ਼ਿੰਮੇਵਾਰੀ ਲਈ, ਬਹੁਤ ਸਾਰੇ ਸਪਾਂਸਰਾਂ ਦੀ ਮੱਦਦ ਵੀ ਹਾਸਲ ਕੀਤੀ ਤੇ ਵਿੱਚੋਂ ਟਾਈਮ ਕੱਢ ਕੇ ਐਕਟਿੰਗ ਵੀ ਕੀਤੀ ਤਾਂਕਿ ਇਸ ਵੱਡੇ ਹਾਲ ਦੇ ਖਰਚੇ ਪੂਰੇ ਹੋ ਸਕਣ। । ਰੰਗਮੰਚ ਨੂੰ ਪਿਆਰ ਕਰਨ ਵਾਲੇ ਸਾਰੇ ਦਰਸ਼ਕਾਂ ਨੇ 25 ਡਾਲਰ ਦੀ ਟਿਕਟ ਲੈ ਕੇ ਨਾਟਕ ਨੂੰ ਡੇਢ ਘੰਟਾ ਸੂਈ ਜਿੰਨੇ ਖੜਾਕ ਤੋਂ ਬਿਨਾਂ ਨਾਟਕ ਨੂੰ ਮਾਣਿਆ, ਰੰਗਮੰਚ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ ਤੇ ਬਾਅਦ ਵਿੱਚ ਕਲਾਕਾਰਾਂ ਨੂੰ ਦਾਦ ਵੀ ਦਿੱਤੀ। ਅੰਤ ਵਿੱਚ ਵਿਵੇਕਜੋਤ ਕੌਰ ਬਰਾੜ ਨੇ ਸਾਰੇ ਕਲਾਕਾਰਾਂ ਦੀ ਜਾਣ ਪਛਾਣ ਕਰਾਈ। ਇੱਕ ਚੰਗੀ ਤੇ ਨਿਵੇਕਲੀ ਪਿਰਤ ਪਾਉਂਦੇ ਹੋਏ ਕਲੱਬ ਵਲੋਂ ਪ੍ਰੋਗਰਾਮ ਨੂੰ ਸਪਾਂਸਰ ਕਰਨ ਵਾਲੇ ਕਾਰੋਬਾਰੀਆਂ ਨੂੰ 'ਮੇਰਾ ਦਾਗਿਸਤਾਨ', ਕਿੱਸਾ ਰੌਕੀ ਰੇਸ਼ਮਾ, ਬੀ ਜੀ ਮੁਸਕਰਾ ਪਏ ਤੇ ਜ਼ਿੰਦਗੀ ਜ਼ਿੰਦਾਬਾਦ ਵਰਗੀਆਂ ਕਿਤਾਬਾਂ ਭੇਂਟ ਕੀਤੀਆਂ ਗਈਆਂ ਅਤੇ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਵਿਸ਼ਵ-ਵਿਆਪੀ ਪਰਵਾਸ ਦਾ ਵਰਤਾਰਾ ਸਦੀਆਂ ਤੋਂ ਚਲ ਰਿਹਾ : ਡਾ. ਕੁਲਦੀਪ ਸਿੰਘ












ਬਰੈਂਪਟਨ : ਕੈਨੇਡੀਅਨ ਪੰਜਾਬੀ ਕਲਚਰਲ ਸੁਸਾਇਟੀ, ਓਂਟਾਰੀਓ ਵੱਲੋਂ 14 ਜੁਲਾਈ ਨੂੰ ਬਰੈਂਪਟਨ ਵਿਖੇ, ਵਿਸ਼ਵ-ਵਿਆਪੀ ਨੌਜਵਾਨ ਪਰਵਾਸ, ਕਾਰਣ ਅਤੇ ਚੁਣੌਤੀਆਂ ਬਾਰੇ ਭਾਸ਼ਣ ਅਤੇ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਰੋਤਿਆਂ ਦੀ ਹਾਜ਼ਰੀ ਭਰਵੀਂ ਤੇ ਪ੍ਰਵਾਭਸ਼ਾਲੀ ਸੀ । ਇਸ ਵਿਸ਼ੇ ਦੇ ਮੁੱਖ ਬੁਲਾਰੇ ਉੱਘੇ ਸਮਾਜਿਕ ਚਿੰਤਕ ਪ੍ਰੋ: ਡਾ: ਕੁਲਦੀਪ ਸਿੰਘ ਅਤੇ ਵਿਸ਼ੇਸ਼ ਮਹਿਮਾਨ ਪ੍ਰੋ: ਡਾ: ਜੋਗਾ ਸਿੰਘ, ਦੋਵੇਂ ਸਾਬਕਾ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਨ ਲੈਕਚਰ ਤੋਂ ਬਾਅਦ ਹਾਜ਼ਰ ਸਰੋਤਿਆਂ ਵੱਲੋਂ ਪਰਵਾਸ ਮਸਲੇ ਬਾਰੇ ਵਿਚਾਰ ਚਰਚਾ ਵੀ ਸਿੱਖਿਆਦਾਇਕ ਰਹੀ।

ਪ੍ਰੋ: ਡਾ: ਕੁਲਦੀਪ ਸਿੰਘ ਨੇ ਵਿਸ਼ੇ ਬਾਰੇ ਵਿਸਥਾਰ ਨਾਲ ਬੋਲਦਿਆਂ ਦੱਸਿਆ ਕਿ ਵਿਸ਼ਵ-ਵਿਆਪੀ ਪਰਵਾਸ ਦਾ ਵਰਤਾਰਾ ਸਦੀਆਂ ਤੋਂ ਚਲ ਰਿਹਾ ਹੈ, ਉਤਸਾਹੀ ਮਿਹਨਤਕਸ਼ ਨੌਜਵਾਨ ਮਰਜ਼ੀ ਨਾਲ ਸੁਨਿਹਰੇ ਭਵਿੱਖ ਦੀ ਤਾਂਘ ਨਾਲ, ਬਿਹਤਰ ਹਾਲਤਾਂ ਵਾਲੇ ਨਵੇਂ ਦੇਸ਼ ਲੱਭਦੇ ਰਹੇ ਹਨ। ਇਸ ਤੋਂ ਇਲਾਵਾ, ਬਹੁਤੇ ਮੁਲਕਾਂ ਵਿੱਚ ਜੰਗਾਂ ਅਤੇ ਅਫਰਾ-ਤਫਰੀਆਂ ਨੇ ਵੀ ਲੋਕਾਂ ਨੂੰ ਜਬਰੀ ਉਖਾੜਿਆ ਅਤੇ ਪਰਵਾਸ ਲਈ ਮਜ਼ਬੂਰ ਕੀਤਾ। ਕੈਨੇਡਾ, ਅਮਰੀਕਾ, ਆਸਟ੍ਰੇਲੀਆ ਵਰਗੇ ਮੁਲਕਾਂ ਨੇ ਬਹੁਤ ਸਾਰੇ ਪਰਵਾਸੀਆਂ ਦਾ ਸਵਾਗਤ ਕਰਕੇ ਨਵੇਂ ਰਾਹ ਖੋਲ੍ਹੇਕੇ ਨਵੇਂ ਮੋਕੇ ਦਿੱਤੇ ਹਨ। ਨਵੇਂ ਮੁਲਕਾਂ ਵਿੱਚ ਮੁੱਢ ਤੋਂ ਵਸੇਵੇਂ ਦੌਰਾਨ ਲੋਕਾਂ ਨੂੰ ਸਰੀਰਕ-ਮਾਨਸਿਕ ਚੁਣੌਤੀਆਂ ਨਾਲ ਸਾਹਮਣਾ ਕਰਨਾ ਪੈਂਦਾ ਹੈ। ਨਵੀਂ ਸਮਾਜਿਕ ਬਣਤਰ ਵਿੱਚ ਸਥਾਪਿਤ ਹੋਣ ਲਈ ਕਾਫੀ ਸੰਘਰਸ਼ ਕਰਨੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਭਾਰਤ ਦਾ ਸਭ ਤੋਂ ਵੱਧ ਉਨੱਤ ਸੂਬਾ ਹੋਣ ਦੇ ਬਾਵਜੂਦ ਵੀ ਨੌਜਵਾਨਾਂ ਲਈ ਕੰਮਕਾਰ ਦੇ ਮੌਕੇ ਪੈਦਾ ਨਹੀਂ ਕਰ ਰਿਹਾ। ਸਰਕਾਰੀ ਪ੍ਰਬੰਧਾਂ ਦੀ ਘਾਟ ਕਾਰਣ ਵਿਦਿਅਕ ਸੰਸਥਾਵਾਂ ਦਾ ਪੱਧਰ ਦਿਨੋਂ ਦਿਨ ਗਿਰਦਾ ਜਾ ਰਿਹਾ ਹੈ। ਭਾਰਤ ਦਾ ਰਾਜ ਪ੍ਰਬੰਧ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ ਕਰਣ ਵਿੱਚ ਨਾਕਾਮ ਹੋ ਰਿਹਾ ਹੈ, ਇਸ ਕਰਕੇ ਪੰਜਾਬੀ ਨੌਜਵਾਨ ਵਰਗ ਆਪਣੀ ਵਿੱਦਿਆ, ਰੋਜ਼ਗਾਰ ਅਤੇ ਜੀਵਨ ਸਹੂਲਤਾਂ ਲਈ ਵਿਦੇਸ਼ਾਂ ਵੱਲ ਪਰਵਾਸ ਲਈ ਮਜ਼ਬੂਰ ਹੈ। ਮੋੜਵੇਂ ਪਰਵਾਸ ਬਾਰੇ ਇੱਕ ਸਵਾਲ ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਜਦੋਂ ਭਾਰਤ ਦੇ ਸਮਾਜਿਕ-ਆਰਥਿਕ ਹਾਲਤ, ਕੈਨੇਡਾ ਤੋਂ ਵੀ ਬਿਹਤਰ ਹੋ ਜਾਣਗੇ ਤਾਂ ਲੋਕ ਮੁੜਣ ਬਾਰੇ ਸੋਚ ਵੀ ਸਕਦੇ ਹਨ ਪਰ ਅਜੇ ਤਾਂ ਇਹ ਕੋਰੀ ਕਲਪਨਾ ਅਤੇ ਯਥਾਰਥ ਤੋਂ ਕੋਹਾਂ ਦੂਰ ਹੈ ।

ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਪ੍ਰੋ: ਡਾ: ਜੋਗਾ ਸਿੰਘ ਨੇ ਵੀ ਪਰਵਾਸ ਦੀ ਗੰਭੀਰਤਾ ਬਾਰੇ ਬੋਲਦਿਆਂ ਕਿਹਾ ਕਿ ਪਿਛਲੀ ਪੰਜਾਬੀ ਪੀੜ੍ਹੀ ਜੋ ਕਦੇ ਖੁਦ ਦੇਸ਼ ਨੂੰ ਛੱਡਣ ਲਈ ਕਦੇ ਸਹਿਮਤ ਨਹੀਂ ਸੀ, ਹੁਣ ਆਪਣੇ ਨੌਜਵਾਨ ਬੱਚਿਆਂ ਨੂੰ ਚੰਗੇ ਭਵਿੱਖ ਲਈ ਵਿਦੇਸ਼ਾਂ ਵੱਲ ਸੈਟਲ ਹੋਣ ਲਈ ਪ੍ਰੇਰਿਤ ਕਰਕੇ ਭੇਜ ਰਹੀ ਹੈ ਹਲਾਂਕਿ ਵੱਡੀ ਉਮਰੇ ਇਹ ਪੀੜ੍ਹੀ ਪਰਿਵਾਰਾਂ ਦੇ ਵਿਛੋੜੇ ਦੀ ਮੁਸ਼ਕਿਲ ਹੰਢਾ ਰਹੀ ਹੈ। ਪ੍ਰਬੰਧਕ ਪੰਜਾਬੀ ਸੋਸਾਈਟੀ ਦੇ ਕਨਵੀਨਰ ਡਾ: ਹਰਦੀਪ ਸਿੰਘ ਅਟਵਾਲ ਨੇ ਸਮਾਪਤੀ ਭਾਸ਼ਨ ਵਿੱਚ ਪਰਵਾਸੀਆਂ ਵੱਲੋਂ ਕਰੜੇ ਸੰਘਰਸ਼ ਦੇ ਬਾਵਜੂਦ, ਕੈਨੇਡਾ ਦੀ ਤਰੱਕੀ ਵਿੱਚ ਪਾਏ ਅਹਿਮ ਯੋਗਦਾਨ ਅਤੇ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਇਸ ਸੋਸਾਇਟੀ ਦੇ ਸਰਪ੍ਰਸਤ ਸ਼੍ਰੀ ਨਛੱਤਰ ਸਿੰਘ ਬਦੇਸ਼ਾ ਦੀ ਅਗਵਾਈ ਵਿੱਚ ਹਰਜੀਤ ਸਿੰਘ ਬਰਾੜ, ਰਮਨਦੀਪ ਹੇਅਰ, ਮਨਦੀਪ ਸਿੰਘ ਬਦੇਸ਼ਾ, ਰਮਨਜੀਤ ਕਪੂਰ, ਅਮਨਪ੍ਰੀਤ ਕੌਰ ਸਿੱਧੂ, ਸਮਰੀਤ ਕੌਰ ਅਟਵਾਲ, ਸੁਖਪ੍ਰੀਤ ਕੌਰ, ਐਡਵੋਕੇਟ ਅਮਨਿੰਦਰ ਐਮੀ, ਵਰੁਣਪ੍ਰੀਤ ਕੌਰ ਆਦਿ ਮੈਂਬਰਾਂ ਨੇ ਮਹਿਮਾਨ ਪ੍ਰੋ: ਡਾ: ਕੁਲਦੀਪ ਸਿੰਘ ਅਤੇ ਪ੍ਰੋ: ਡਾ: ਜੋਗਾ ਸਿੰਘ ਨੂੰ ਸਨਮਾਨ ਚਿੰਨ ਭੇਂਟ ਕੀਤਾ। ਇਸ ਗੰਭੀਰ ਮੁੱਦੇ ਤੇ ਸਵਾਲ-ਜਵਾਬ ਸੈਸ਼ਨ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਉੱਘੇ ਪੱਤਰਕਾਰ ਗੁਰਦਿਆਲ ਬੱਲ, ਹਰਬੰਸ ਸਿੰਘ (ਸਰੋਕਾਰਾਂ ਦੀ ਅਵਾਜ), ਪੀਲ ਰੀਜ਼ਨਲ ਪੁਲਿਸ ਦੇ ਸਾਬਕਾ ਮੁਖੀ ਬੀ. ਐਸ. ਸੰਧੂ, ਪੰਜਾਬੀ ਦੁਨੀਆ ਟੀ.ਵੀ. ਐਂਕਰ ਸੀ.ਈ.ਓ. ਹਰਜੀਤ ਸਿੰਘ ਗਿੱਲ, ਉੱਘੇ ਟ੍ਰੇਡ ਯੂਨੀਅਨ ਆਗੂ ਜੋਗਾ ਸਿੰਘ ਜੌਹਲ, ਸਤਵੰਤ ਕੌਰ ਸਾਬਕਾ ਸੀ.ਡੀ.ਪੀ.ਓ, ਸੋਹਣ ਸਿੰਘ ਨ.ਫਰੀ, ਮਾਸਟਰ ਗੁਰਬਚਨ ਸਿੰਘ, ਵਰੁਣ ਪਾਠਕ, ਡਾ: ਚੰਦਰ ਸ਼ੇਖਰ ਭਾਟੀਆ (ਯੂ.ਐਸ.ਏ) ਆਦਿ ਮੁੱਖ ਸਨ। ਸੋਸਾਈਟੀ ਦੇ ਮੈਂਬਰ ਰਮਨਜੀਤ ਕਪੂਰ ਨੇ ਮੰਚ ਸੰਚਾਲਨ ਦੀ ਜੁੰਮੇਵਾਰੀ ਬਾਖੂਬੀ ਨਿਭਾਈ। ਕੈਨੇਡੀਅਨ ਪੰਜਾਬੀ ਕਲਚਰਲ ਸੁਸਾਇਟੀ, ਓਂਟਾਰੀਓ ਦੇ ਸੱਕਤਰ ਅਮਨਪ੍ਰੀਤ ਕੌਰ ਸਿੱਧੂ ਨੇ ਹਾਜ਼ਰ ਮਹਿਮਾਨ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਾਂ ਤੋਂ ਇਲਾਵਾ ਕੈਨੇਡਿਅਨ ਤਰਕਸ਼ੀਲ ਸੁਸਾਇਟੀ ਦੇ ਕੌਮੀ ਪ੍ਰਧਾਨ ਬਲਦੇਵ ਰਹਿਪਾ, ਉੱਘੇ ਸਮਾਜਿਕ ਕਾਰਕੁੰਨ ਕੁਲਦੀਪ ਬੋਪਾਰਾਏ, ਕਿਤਾਬ 'ਚੁੱਪ ਦਾ ਮਰਮ ਪਛਾਣੀਏ' ਦੇ ਲੇਖਕ ਮਾਲਵਿੰਦਰ ਸਿੰਘ, ਨਾਇਬ ਸਿੰਘ ਸੰਧੂ, ਜਗਦੀਸ਼ ਸਿੰਘ ਬਰਾੜ, ਡਾ:ਕੁਲਜੀਤ ਕੌਰ ਅਟਵਾਲ, ਇੰ: ਰਮੇਸ਼ ਜੇਤਲੀ, ਪ੍ਰਣਾਵ ਕਪੂਰ, ਲੇਖਕ ਗੁਰਦੇਵ ਚੌਹਾਨ, ਬਲਦੇਵ ਸਿੰਘ ਔਲਖ, ਗੌਰਵਦੀਪ ਅਟਵਾਲ, ਗੁਰਜੀਤ ਸਿੰਘ ਬਰਾੜ, ਬਲਕਰਨ ਸਿੰਘ, ਮਨਪ੍ਰੀਤ ਕੌਰ ਸੰਧੂ, ਸੰਤ ਰਾਮ, ਡਾ:ਬਲਜੀਤ ਸਿੰਘ ਸਿੱਧੂ, ਅਮਨਦੀਪ ਮਾਨਸਾ, ਰਵਿੰਦਰ ਕੌਰ ਬਦੇਸ਼ਾ, ਜਸ਼ਨਦੀਪ ਬਾਜਵਾ, ਮੱਖਣ ਸਿੰਘ ਜੌਹਲ, ਹਰਪਾਲ ਕੌਰ ਬਦੇਸ਼ਾ, ਹਜ਼ਾਰਾ ਸਿੰਘ ਆਦਿ ਹਾਜ਼ਰ ਸਨ।








Galaxy Kitchen Cabinets Ltd.
Residential & Commercial
• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058


Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4


THE HARP GREWAL
ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC., BROKERAGE
HIGHER STANDARDS


Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary


Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313


ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2


Hiring Drivers/Owners/Operators
GALAXY
Frightline inc.
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਵਿਚਾਰ ਆਪੋ-ਆਪਣੇ

# ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਸੰਦਰਭ 'ਚ ਸੋਚਣ ਦੀ ਲੋੜ



ਮਲਵਿੰਦਰ

ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਸ਼ੁਰੂਆਤ ਕਰਨ ਵਾਲੇ ਇੰਗਲੈਂਡ ਵਿੱਚ ਵੱਸਦੇ ਰਣਜੀਤ ਧੀਰ ਸਨ। ਸਤੰਬਰ 1980 ਵਿੱਚ ਹੋਈ ਇਸ ਕਾਨਫਰੰਸ ਵਿੱਚ ਪ੍ਰਿੰ. ਸ਼ੰਤ ਸਿੰਘ ਸੇਖੋਂ, ਨਾਵਲਕਾਰ ਗੁਰਦਿਆਲ ਸਿੰਘ, ਸ਼ਾਇਰ ਸ.ਸ. ਮੀਸ਼ਾ ਵਰਗੇ ਵੱਡੇ ਨਾਂ ਸ਼ਾਮਲ ਹੋਏ ਸਨ। ਵਿਸ਼ਵ ਪੱਧਰੀ ਇਸ ਕਾਨਫਰੰਸ ਕਰਵਾਉਣ ਵਾਲਿਆਂ ਦੇ ਸੁਪਨੇ ਭਾਵੇਂ ਵੱਡੇ ਰਹੇ ਹੋਣ, ਪਰ ਕਾਨਫਰੰਸ ਉਪਰੰਤ ਛਿੜੀ ਚਰਚਾ ਅਤੇ ਵੱਖ-ਵੱਖ ਲੇਖਕਾਂ, ਵਿਦਵਾਨਾ ਦੀਆਂ ਟਿੱਪਣੀਆਂ ਨੇ ਕਈ ਸਵਾਲ ਵੀ ਖੜੇ ਕੀਤੇ। ਇਸ ਕਾਨਫਰੰਸ ਦਾ ਹਿੱਸਾ ਰਹੇ ਡਾ. ਰਣਧੀਰ ਸਿੰਘ ਚੰਦ ਨੇ ਆਪਣੀ ਪੱਤਰਿਕਾ 'ਸੁਰਤਾਲ' ਵਿੱਚ ਇਸ ਕਾਨਫਰੰਸ ਨੂੰ ਪਖੰਡ ਦੱਸਿਆ। ਉਸ ਲਿਖਿਆ ਕਿ 40-50 ਲੋਕਾਂ ਦੀ ਹਾਜ਼ਰੀ ਵਾਲੀ ਇਸ ਕਾਨਫਰੰਸ ਦੀਆਂ ਪ੍ਰਾਪਤੀਆਂ ਸੈਰ-ਸਪਾਟਾ, ਮੌਜ-ਮੇਲਾ, ਪ੍ਰਬੰਧਕਾਂ ਦੀ ਪਬਲਿਸਿਟੀ ਓਤੇ ਆਰਥਕ ਲਾਭ ਰਹੀਆਂ। ਇਸ ਕਾਨਫਰੰਸ ਦੇ ਨਿੱਜੀ ਤੌਰ 'ਤੇ ਧੀਰ ਨੂੰ ਜੋ ਰਾਜਨੀਤਕ ਫਾਇਦੇ ਹੋਏ ਉਸ ਦਾ ਜ਼ਿਕਰ ਅਸੀਂ ਨਹੀਂ ਕਰਾਂਗੇ। ਪਰ ਇਸ ਗੀਤ ਦੀ ਲੀਹ 'ਤੇ ਤੁਰਦਿਆਂ ਜਦ 2002 ਵਿੱਚ ਇੰਗਲੈਂਡ ਅੰਦਰ ਹੀ ਅਮੀਨ ਮਲਿਕ ਨੇ ਅਜਿਹੀ ਕਾਨਫਰੰਸ ਕਰਵਾਈ ਤਾਂ ਕਾਨਫਰੰਸ ਦੇ ਦੂਜੇ ਦਿਨ ਦਾਰੂ ਪੀ ਕੇ ਜਸ਼ਨ ਮਨਾਉਂਦੇ ਪੰਜਾਬੀ ਭਾਸ਼ਾ ਦੇ ਮੁਦੱਈਆਂ ਵਿਚਕਾਰ ਲੜਾਈ ਹੋ ਗਈ ਜਿਸ ਵਿੱਚ ਅਮੀਨ ਨੂੰ ਕੁਟਾਪਾ ਚਾੜ੍ਹਨ ਦੀ ਗੱਲ ਵੀ ਹੁੰਦੀ ਹੈ। ਇਸ ਦੇ ਮੁਕਾਬਲੇ ਪਾਕਿਸਤਾਨ ਵਿੱਚ ਫਖ਼ਰ ਜ਼ਮਾਨ ਦੀ ਸਰਪਰੱਸਤੀ ਵਿੱਚ ਹੋਈਆਂ ਪੰਜਾਬੀ ਕਾਨਫਰੰਸਾਂ ਦੀਆਂ ਪ੍ਰਾਪਤੀਆਂ ਸਲਾਹੁਣਯੋਗ ਰਹੀਆਂ। ਅਮਰੀਕਾ ਵਿੱਚ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਵਿਚੋਂ 1997 ਵਿੱਚ ਮਿਲਵਾਕੀ ਦੀ ਯੂਨੀਵਰਸਿਟੀ ਆਫ਼ ਵਿਸਕੌਨਸਿਨ ਵਿੱਚ ਹੋਈ ਪੰਜਵੀਂ ਕਾਨਫਰੰਸ ਦਾ ਜ਼ਿਕਰ ਹੁੰਦਾ ਹੈ। ਇੰਝ ਹੀ ਪਰਵਾਸੀ ਸਾਹਿਤ ਚਿੰਤਨ ਲਈ ਜ਼ਿਕਰਯੋਗ ਕੰਮ ਕਰਨ ਵਾਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਚਾਂਸਲਰ ਰਹੇ ਡਾ. ਸ.ਪ. ਸਿੰਘ ਸੀ ਸਰਪਰੱਸਤੀ ਹੇਠ ਫਰਵਰੀ 2019 ਨੂੰ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਵਿਖੇ 'ਪਰਵਾਸੀ ਪੰਜਾਬੀ ਸਾਹਿਤ : ਗਲੋਬਲੀ ਪਰਿਪੇਖ' ਦੇ ਵਿਸ਼ੇ 'ਤੇ ਹੋਈ ਹੋਈ ਕਾਨਫਰੰਸ ਕੌਮਾਂਤਰੀ ਮਾਹਿਰਾਂ ਦੀ ਹਾਜ਼ਰੀ ਕਾਰਣ ਮਹੱਤਵਪੂਰਨ ਰਹੀ। ਉਂਝ ਜੇ ਬਾਅਦ ਵਿੱਚ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਨਿਰਪੱਖ ਵਿਸਲੇਸ਼ਣ ਕਰਨਾ ਹੋਵੇ ਤਾਂ ਆਮ ਵਰਤਾਰਾ ਬਣ ਜਾਣ ਤੋਂ ਬਾਅਦ ਇਹਨਾਂ ਕਾਂਨਫਰੰਸਾਂ ਵਿੱਚ ਨਿਘਾਰ ਵੇਖਣ ਨੂੰ ਮਿਲਦਾ ਹੈ। ਕੁਝ ਕੁ ਲੋਕਾਂ ਨੇ ਆਪਣੀ ਚੌਧਰ ਚਮਕਾਉਣ ਖਾਤਰ ਇਹਨਾਂ ਕਾਨਫਰੰਸਾਂ ਨੂੰ ਇੱਕ ਹਥਿਆਰ ਵਜੋਂ ਵਰਤਿਆ। ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਮਸਲੇ ਸ਼ੁਹਰਤੀ ਛਿਣਾਂ ਦੇ ਜਸ਼ਨਾਂ ਵਿੱਚ ਵਿਚ ਗੁੰਮ-ਗੁਆਚ ਗਏ।

ਸਾਲ 2022 ਵਿਚ ਕੈਨੇਡਾ ਦੇ ਸਹਿਰ ਬਰੈਂਪਟਨ ਵਿੱਚ ਅੱਗੜ-ਪਿੱਛੜ ਹੋਈਆਂ ਤਿੰਨ ਕਾਨਫਰੰਸਾਂ ਦਾ ਜ਼ਿਕਰ ਕਰਨ ਨਾਲ ਇਹਨਾਂ ਕਾਨਫਰੰਸਾਂ ਦੀ ਸਾਰਥਿਕਤਾ ਸਾਹਮਣੇ ਆ ਜਾਵੇਗੀ। ਕਰੋਨਾ ਕਾਲ ਦੇ ਤਣਾਅਪੂਰਨ ਸਮਿਆਂ ਦੀ ਖੜੋਤ ਤੋਂ ਬਾਅਦ ਘਰਾਂ ਅੰਦਰ ਤੜੀ ਬੈਠੀ ਕਵਿਤਾ ਨੇ ਬਾਹਰ ਕਦਮ ਧਰੇ ਹਨ। ਦੁਨੀਆਂ ਦੇ ਵੱਖ-ਵੱਖ ਖਿਤਿਆਂ 'ਚ ਵੱਸੇ ਲੋਕ ਆਨ-ਲਾਈਨ; ਕੱਠੇ ਹੋ ਕੇ ਮੁਸ਼ਾਰਿਆਂ ਦਾ ਹਿੱਸਾ ਬਣਦੇ ਰਹੇ ਹਨ, ਸੰਵਾਦ ਰਚਾਉਂਦੇ ਰਹੇ ਹਨ, ਨਵੀਆਂ ਛਪੀਆਂ ਪੁਸਤਕਾਂ ਉਪਰ ਚਰਚਾ ਕਰਦੇ ਰਹੇ ਹਨ। ਪਰ ਇੱਕ ਹੀ ਛੱਤ ਥੱਲੇ 'ਕੱਠੇ ਹੋ ਕੇ ਹੱਥ ਮਿਲਾਉਣਾ, ਗਲਵੱਕੜੀਆਂ ਪਾਉਣੀਆਂ, ਹਾਲ-ਚਾਲ ਪੁੱਛਣਾ, ਰੋਸੇ ਕਰਨੇ, ਠਹਾਕੇ ਮਾਰਨੇ, ਗੱਲਾਂ ਕਰਨੀਆਂ ਸੰਭਵ ਨਹੀਂ ਸਨ ਰਹੀਆਂ। ਹੁਣ ਸੰਭਵ ਹੋਇਆ ਹੈ। ਸਾਹਿਤਕ ਸੰਸਥਾਵਾਂ ਸਰਗਰਮ ਹੋਈਆਂ ਹਨ। ਸਾਹਿਤਕ ਮੀਟਿੰਗਾਂ ਹੋਣ ਲੱਗੀਆਂ ਹਨ। ਮੌਸਮ ਨੇ ਵੀ ਕਰਵਟ ਬਦਲੀ ਹੈ। ਸੁਹਾਵਣੇ ਸਮਿਆਂ 'ਚ ਸੋਹਣੇ ਚਿਹਰਿਆਂ ਦੇ ਦਰਸ਼ਨ ਦੀਦਾਰ ਹੋਣ ਲੱਗੇ ਹਨ। ਪੰਜਾਬ ਸਮੇਤ ਦੁਨੀਆਂ ਦੇ ਵੱਖ-ਵੱਖ ਭਾਗਾਂ ਤੋਂ ਲੋਕ ਕੈਨੇਡਾ ਦੇ ਸ਼ਹਿਰ ਟੋਰਾਂਟੋ ਪਹੁੰਚ ਰਹੇ ਹਨ। ਟੋਰਾਂਟੋ ਦੇ ਨਾਲ ਲੱਗਦੇ ਸ਼ਹਿਰ ਬਰੈਂਪਟਨ ਵਿੱਚ ਸਾਹਿਤਕ ਰੌਣਕਾਂ ਹਨ। ਤਿੰਨ ਦਿਨਾਂ ਵਰਡ ਪੰਜਾਬੀ ਕਾਨਫ਼ਰੰਸ ਹੋ ਕੇ ਹਟੀ ਹੈ। ਪੰਜਾਬ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਪੰਜਾਬੀ ਬਿਜ਼ਨਸ ਪ੍ਰੋਫ਼ੈਸ਼ਨਲ ਐਸੋਸੀਏਸ਼ਨ ਅਤੇ ਪੰਜਾਬੀ ਸਭਾ ਕੈਨੇਡਾ ਵਲੋਂ ਕਰਵਾਈ ਗਈ ਇਸ ਤਿੰਨ ਦਿਨਾਂ ਕਾਨਫ਼ਰੰਸ ਦੌਰਾਨ 'ਵਰਲਡ' ਦੀ ਸ਼ਮੂਲੀਅਤ ਘੱਟ ਰਹੀ, ਪ੍ਰਯੋਜਕਾਂ ਦੀ ਪ੍ਰਸੰਸਾ ਵਿੱਚ ਗਾਇਣ ਅਤੇ ਸਨਮਾਨ ਵੱਧ ਹੋਇਆ।ਚੇਅਰਮੈਨ ਦੀ ਉੱਸਤਤ ਵਿੱਚ ਕਵਿਤਾਵਾਂ ਪੜ੍ਹੀਆਂ ਗਈਆਂ, ਗੀਤ ਗਾਏ ਗਏ, ਡਾਕੂਮੈਂਟਰੀ ਫਿਲਮਾਂ ਦਿਖਾਈਆਂ ਗਈਆਂ। ਖਿਤੇ ਦੇ ਵੱਖ-ਵੱਖ ਸਕੂਲਾਂ 'ਚ ਬਤੌਰ ਟੀਚਰ ਸੇਵਾਵਾਂ ਨਿਭਾ ਰਹੇ ਪੰਜਾਬੀ ਬੱਚੇ-ਬੱਚੀਆਂ ਅਤੇ ਪੰਜਾਬ ਤੋਂ ਆਪਣੇ ਬੱਚਿਆਂ ਨੂੰ ਮਿਲਣ ਆਏ ਮਾਪਿਆਂ ਨੂੰ ਬੁਲਾਰਿਆਂ ਵਿੱਚ ਸ਼ਾਮਲ ਕਰਕੇ ਜੋ ਚਰਚਾ ਕੀਤੀ ਜਾਂ ਕਰਵਾਈ ਗਈ, ਉਹ ਸਮੁੱਚੀ ਦੁਨੀਆਂ ਦੀ ਨੁਮਾਇਦਗੀ ਵਾਲਾ ਪ੍ਰਭਾਵ ਸਿਰਜਣ ਵਿੱਚ ਸਫ਼ਲ ਰਹੀਂ ਹੋ ਸਕੀ। ਵਰਲਡ ਪੰਜਾਬੀ ਕਾਨਫਰੰਸ ਜਾਂ ਵਿਸ਼ਵ ਪੰਜਾਬੀ ਕਾਨਫਰੰਸ ਦਾ ਮਨੋਰਥ ਵੱਡਾ ਹੁੰਦਾ ਹੈ। ਵਿਸ਼ਵ ਕਾਨਫਰੰਸ ਤੋਂ ਭਾਵ ਦੁਨੀਆਂ ਦੇ ਉਹ ਦੇਸ਼ ਜਿੱਥੇ ਪੰਜਾਬੀ ਵੱਡੀ ਗਿਣਤੀ ਵਿੱਚ ਵੱਸਦੇ ਹਨ ਅਤੇ ਪੰਜਾਬੀ ਸਾਹਿਤ ਵੀ ਰਚਿਆ ਜਾ ਰਿਹਾ ਹੈ, ਦੀ ਸ਼ਮੂਲੀਅਤ। ਉਂਗਲਾਂ 'ਤੇ ਵੀ ਗਿਣੀਏ ਤਾਂ ਕੈਨੇਡਾ, ਅਮਰੀਕਾ, ਇੰਗਲੈਂਡ ਆਸਟਰੇਲੀਆ ਇਟਲੀ, ਭਾਰਤ, ਪਾਕਿਸਤਾਨ ਸਮੇਤ ਕੋਈ ਦਸਕੁ ਦੇਸ਼ਾਂ ਦੀ ਨੁਮਾਇੰਦਗੀ ਤਾਂ ਬਣਦੀ ਹੈ। ਭਾਰਤ, ਪਾਕਿਸਤਾਨ ਤੋਂ ਆਪਣੇ ਬੱਚਿਆਂ ਨੂੰ ਮਿਲਣ ਗਏ ਮਾਪਿਆਂ ਦੀ ਸਮੂਲੀਅਤ ਨਾਲ ਕੋਈ ਕਾਨਫਰੰਸ ਵਿਸ਼ਵੀ ਤਾਂ ਨਹੀਂ ਬਣ ਜਾਂਦੀ। ਇਹ ਅਤੇ ਹੋਰ ਪ੍ਰਬੰਧਕੀ ਕਮਜ਼ੋਰੀਆਂ ਵਾਲਾ ਇਹ ਉਤਸਵ ਪੰਜਾਬੀ ਭਾਸ਼ਾ ਅਤੇ ਪਰਵਾਸੀ ਲੇਖਕਾਂ ਦੁਆਰਾ ਰਚੇ ਜਾ ਰਹੇ ਪੰਜਾਬੀ ਸਾਹਿਤ ਦੀ ਅਤੇ ਪਰਵਾਸੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਗੰਭੀਰ ਸੰਵਾਦ ਰਚਾਉਣ ਨਾਲੋਂ ਰੌਣਕ ਮੇਲਾ ਵੱਧ ਲੱਗਿਆ। ਪ੍ਰਿੰਸੀਪਲ ਦਲਜੀਤ ਸਿੰਘ ਅਤੇ ਅਰਵਿੰਦਰ ਢਿਲੋਂ ਤੋਂ ਬਗੈਰ ਕਿਸੇ ਕੋਲ ਵੀ ਵਰਲਡ ਪੰਜਾਬੀ ਕਾਨਫ਼ਰੰਸ ਦੇ ਹਾਣ ਦੀ ਕਰਨ ਵਾਲੀ ਗੱਲ ਨਹੀਂ ਸੀ। ਅਰਵਿੰਦਰ ਢਿਲੋਂ ਨੇ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਇਤਿਹਾਸ ਉਪਰ ਕਿਤਾਬ ਵੀ ਲਿਖੀ ਹੈ ਜਿਸ ਦੀ ਰੂਹ-ਨੁਮਾਈ ਵੀ ਇਸ ਕਾਨਫਰੰਸ ਦੌਰਾਨ ਹੋਈ।

ਦੁਨੀਆਂ ਭਰ ਵਿੱਚ ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਚਰਚਾ ਹੈ। ਗਲੋਬਲ ਪੰਜਾਬੀ ਕਾਨਫਰੰਸ, ਆਲਮੀ ਪੰਜਾਬੀ ਕਾਨਫਰੰਸ, ਜਗਤ ਪੰਜਾਬੀ ਕਾਨਫਰੰਸ ਆਦਿ ਨਾਵਾਂ ਹੇਠ ਹੋਈਆਂ ਕਾਨਫਰੰਸਾਂ ਵਿੱਚ ਵੱਖੋ-ਵੱਖਰੇ ਧੜੇ ਆਪੋ-ਆਪਣੀ ਡਫ਼ਲੀ ਵਜਾ ਰਹੇ ਹਨ। ਮਸਲਾ ਚੌਧਰ ਦਾ ਹੈ ਜਾਂ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਵਿਕਾਸ ਦਾ, ਇਹ ਏਜੰਡੇ ਤੋਂ ਬਾਹਰ ਹੈ। ਭਾਸ਼ਾ ਨੂੰ, ਸਾਹਿਤ ਨੂੰ, ਸਭਿਆਚਾਰ ਨੂੰ ਕੁਝ ਸੰਕਟ ਦਰਪੇਸ਼ ਹਨ। ਉਨ੍ਹਾਂ ਦੀ ਗੱਲ ਕਰਨੀ ਬਣਦੀ ਹੈ। ਉਹਨਾਂ ਸੰਕਟਾਂ ਦੇ ਹੱਲ ਲਈ, ਭਾਸ਼ਾ ਦੇ ਵਿਕਾਸ ਲਈ, ਸਾਹਿਤ ਵਿੱਚ ਫੈਲ ਰਹੇ ਭ੍ਰਿਸ਼ਟਾਚਾਰ ਲਈ ਗੱਲ ਕਰਨ ਦਾ ਇਸ ਤੋਂ ਢੁੱਕਵਾਂ ਮੰਚ ਹੋਰ ਕਿਹੜਾ ਹੋ ਸਕਦਾ ਹੈ। ਭਾਸ਼ਾ ਵਿਭਾਗ ਪੰਜਾਬ ਅਤੇ ਸਾਹਿਤ ਅਕਾਦਮੀ ਦਿੱਲੀ ਦੇ ਸਨਮਾਨ ਹਰ ਵਾਰ ਵਿਵਾਦ ਦਾ ਵਿਸ਼ਾ ਬਣਦੇ ਹਨ। ਇਸ ਬਾਰੇ ਗੱਲ ਹੋਣੀ ਚਾਹੀਦੀ ਹੈ। ਕੁਝ ਕੁ ਨਾਵਾਂ ਨੂੰ ਇਨਾਮ, ਸਨਮਾਨ ਦੇਈ ਜਾਣੇ ਅਤੇ ਆਪਣੇ ਧੜੇ ਦੇ ਲੇਖਕ, ਸ਼ਾਇਰ ਨੂੰ ਹੀ ਪ੍ਰਮੋਟ ਕਰਨਾ ਵਰਗੀਆਂ ਅਲਾਮਤਾਂ ਦਾ ਜ਼ਿਕਰ ਕਰਨਾ ਅਤੇ ਕੋਈ ਸਰਬ ਪ੍ਰਵਾਨਤ ਹੱਲ ਲੱਭਣਾ ਇਹਨਾਂ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਏਜੰਡੇ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਪਰ ਏਜੰਡਾ ਤਾਂ ਕਹਿੰਦਾ ਹੈ ਕਿ ਕਾਨਫਰੰਸ ਕਰਵਾ ਰਹੀ ਸੰਸਥਾ ਦੇ ਸਰਪ੍ਰਸਤ ਨੂੰ, ਚੇਅਰਮੈਨ ਨੂੰ, ਪ੍ਰਧਾਨ ਨੂੰ ਕਿੰਝ, ਕਿਵੇਂ ਤੇ ਕਿਸ ਨੇ ਸਨਮਾਨਤ ਕਰਨਾ ਹੈ। ਸੰਸਥਾ ਵਿੱਚ ਹੋਰ ਨਵੇਂ ਅਹੁਦੇ, ਰੁਤਬੇ ਕਰੀਏਟ ਕਰਨੇ ਵੀ ਇਸ ਸੰਸਥਾ ਦੀ ਕਾਨਫਰੰਸ ਤੋਂ ਪਹਿਲਾਂ ਹੋਈ ਮੀਟਿੰਗ ਦੇ ਏਜੰਡੇ ਵਿੱਚ ਸ਼ਾਮਲ ਹੁੰਦਾ ਹੈ। ਇਸ ਮੀਟਿੰਗ ਵਿੱਚ ਤਾਂ ਇਹ ਵੀ ਸ਼ਾਮਲ ਹੁੰਦਾ ਹੈ ਕਿ ਕਿਸ ਕਿਸ ਵਿਅਕਤੀ ਨੂੰ ਨਜ਼ਰਅੰਦਾਜ਼ ਕਰਨਾ ਹੈ, ਕਿਸ ਕਿਸ ਦੀ ਅਣਦੇਖੀ ਕਰਨੀ ਹੈ। ਆਲਮੀ ਕਾਨਫਰੰਸ ਹੋਣੀ ਹੈ, ਕੋਈ ਐਵੇਂ ਨਾ ਆਪਣੀ ਬੱਲੇ ਬੱਲੇ ਕਰਵਾ ਜਾਵੇ।ਕਈ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਵਿਸ਼ਵ ਪੱਧਰੀ ਸਮਾਗਮ ਦੇ ਪ੍ਰਬੰਧਕਾਂ ਨੂੰ।

ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਉਨਟਾਰੀਓ ਇੱਕ ਸਰਗਰਮ ਸੰਸਥਾ ਹੈ।ਹਰ ਸਾਲ ਅੰਤਰਰਾਸ਼ਟਰੀ ਕਵੀ ਦਰਬਾਰ ਕਰਵਾਉਂਦੇ ਹਨ। ਮਹਾਰਾਜ ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਸ਼ਤਾਬਦੀ ਮਨਾਉਂਦੇ ਹਨ। ਇਹ ਦੋਵੇਂ ਸਮਾਗਮ ਇੱਕ ਵੱਡੇ ਹਾਲ ਵਿੱਚ ਆਯੋਜਤ ਕੀਤੇ ਜਾਂਦੇ ਹਨ। ਵਿਸ਼ਵ ਪੰਜਾਬੀ ਕਾਨਫਰੰਸਾਂ ਵਾਲਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।ਕਵੀ ਦਰਬਾਰ ਤਾਂ ਹੈ ਹੀ ਅਮਤਰਰਾਸ਼ਟਰੀ। ਬਾਹਰਲੇ ਕਵੀ ਵੀ ਸ਼ਾਮਲ ਹੁੰਦੇ ਹਨ। ਚਾਹ ਅਤੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। ਹਾਲ ਵਿੱਚ ਗੋਲ ਟੇਬਲਾਂ ਦੁਆਲੇ ਕੁਰਸੀਆਂ ਉਪਰ ਸੱਜੇ ਲੋਕ ਸੁਣਨ ਘੱਟ ਆਉਂਦੇ ਹਨ, ਗੱਲਾਂ ਕਰਨ ਤੇ ਖਾਣ-ਪੀਣ ਬਹੁਤਾ। ਇਸ ਵਾਰ ਦੇ ਅੰਤਰਰਾਸ਼ਟਰੀ ਕਵੀ ਦਰਬਾਰ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਬਾਬਾ ਨਜ਼ਮੀ ਦਾ ਕਹਿਣਾ ਸੀ ਕਿ ਹਾਲ ਵਿੱਚ ਹਾਜ਼ਰ ਜੀਅ ਘੱਟ ਹਨ। ਜੀਅ ਜਾਨੀ ਦਰਸ਼ਕਾਂ ਦੀ ਘਾਟ ਪੂਰਾ ਸਮਾਂ ਰੜਕਦੀ ਰਹੀ। ਹੋਰ ਦੂਜੇ ਵੱਡੇ ਸਮਾਗਮ ਵਿੱਚ ਜੱਸਾ ਸਿੰਘ ਰਾਮਗੜ੍ਹੀਆ ਬਾਰੇ ਵਿਸਥਾਰ ਵਿੱਚ ਗੱਲ ਕਰਨ ਵਾਲੇ ਬੁਲਾਰਿਆਂ ਦਾ ਅਗਾਊ ਕੋਈ ਪ੍ਰਬੰਧ ਨਹੀਂ ਸੀ। ਬਹੁਤਾ ਸਮਾਂ ਚੇਅਰਮੈਨ ਨਾਲ ਫੋਟੋਆਂ ਲੁਹਾਉਣ ਵਿੱਚ ਬੀਤਿਆ। ਪ੍ਰੋਗਰਾਮ ਦੇ ਸਿਖ਼ਰ 'ਤੇ ਗੀਤ ਗਾਏ ਗਏ, ਗਿੱਧਾ ਪਾਇਆ ਗਿਆ। ਉਹ ਕਿ ਜਿਸ ਦੀ ਜਨਮ ਸ਼ਤਾਬਦੀ ਮਨਾਈ ਜਾਂਦੀ ਹੈ, ਮੇਲੇ ਦੀ ਰੌਣਕ ਵਿੱਚ ਗੁਆਚ ਗਿਆ। ਜੱਸਾ ਸਿੰਘ ਰਾਮਗੜ੍ਹੀਆਂ ਦੀ ਜੀਵਨੀ ਨਾਲ ਸਬੰਧਤ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਜਾਣੀ ਚਾਹੀਦੀ ਸੀ। ਉਸ ਦੇ ਸੰਘਰਸ਼ਾਂ ਬਾਰੇ, ਲੜੀਆਂ ਜੰਗਾਂ ਬਾਰੇ ਅਤੇ ਹੋਰ ਪ੍ਰਾਪਤੀਆਂ ਬਾਰੇ ਇੱਕ ਕਿਤਾਬਚਾ ਛਪਵਾ ਕੇ ਵੰਡਣਾ ਚਾਹੀਦਾ ਸੀ। ਢਾਡੀਆਂ ਨੂੰ ਵਾਰਾਂ ਗਾਉਣੀਆਂ ਚਾਹੀਦੀਆਂ ਸਨ। ਪੰਜਾਬ 'ਚ ਲੱਗਦੇ ਮੇਲਿਆਂ ਦੌਰਾਨ ਸਿੱਖ ਇਤਿਹਾਸ ਇੰਝ ਹੀ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਦਾ ਰਿਹਾ ਹੈ। ਇਹ ਉਹ ਗੱਲਾਂ ਹਨ ਜਿਹੜੀਆਂ ਕੁਝ ਸੂਝਵਾਨ ਲੋਕਾਂ ਨੇ ਮੰਚ ਤੋਂ ਪਾਸੇ ਰਹਿ ਕੇ ਕੀਤੀਆਂ ਤੇ ਮੈਂ ਲਿਖ ਦਿੱਤੀਆਂ ਹਨ। ਕੁਲ ਮਿਲਾਕੇ ਅਜਿਹੇ ਸਮਾਗਮ ਕੁਝ ਸਰਮਾਏਦਾਰਾਂ ਵੱਲੋਂ ਆਪਣੀ ਬੱਲੇ-ਬੱਲੇ ਕਰਵਾਉਣ ਲਈ ਕਰਵਾਏ ਜਾਂਦੇ ਮੇਲੇ ਬਣਕੇ ਰਹਿ ਜਾਂਦੇ ਹਨ। ਪ੍ਰਬੰਧਕਾਂ ਦੀ ਸੁਹਿਰਦਤਾ ਤੋਂ ਸੱਖਣੇ ਅਜਿਹੇ ਉੱਦਮ ਬਹੁਤਾ ਕੁਝ ਪਿੱਛੇ ਛੱਡ ਕੇ ਨਹੀਂ ਜਾਂਦੇ।

ਕੁਲ ਮਿਲਾ ਕੇ ਕਹਿ ਸਕਦੇ ਹਾਂ ਕਿ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਨਾਂ 'ਤੇ ਹੁੰਦੇ ਇਹ ਸਮਾਗਮ ਆਡੰਬਰ ਬਣਕੇ ਰਹਿ ਜਾਂਦੇ ਹਨ। ਕਿਸੇ ਨੇ ਕਿਹਾ ਸੀ ਕਿ ਜਿਹੜੇ ਲੋਕਾਂ ਨੂੰ ਪੰਜਾਬੀ ਠੀਕ ਤਰ੍ਹਾਂ ਪੜ੍ਹਨੀ, ਲਿਖਣੀ ਨਹੀਂ ਆਉਂਦੀ, ਉਹ ਇਸ ਦੇ ਪ੍ਰਬੰਧਕ ਤੇ ਸੰਚਾਲਕ ਹੁੰਦੇ ਹਨ। ਸਰਮਾਏਦਾਰ ਲੋਕ ਆਪਣਾ ਨੈੱਟਵਰਕ ਵਿਸ਼ਾਲ ਕਰਨ ਲਈ ਅਜਿਹੇ ਆਡੰਬਰ ਰਚਦੇ ਹਨ। ਰਾਜਨੀਤਕ ਲਾਹਾ ਵੀ ਲੈ ਜਾਂਦੇ ਹਨ। ਹਲਕੇ ਦੇ ਕੌਂਸਲਰ, ਐਮ ਪੀ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਜਾਂਦਾ ਹੈ। ਪੂੰਜੀਵਾਦ ਦੇ ਇਸ ਸਿਸਟਮ ਅੰਦਰ ਸਰਮਾਏਦਾਰੀ ਦਾ ਰਾਜਨੀਤੀ ਨਾਲ ਰਿਸ਼ਤਾ ਕੋਈ ਲੁਕੀ-ਛਿਪੀ ਗੱਲ ਨਹੀਂ ਹੈ। ਪਰ ਇਸ ਪੂਰੇ ਵਰਤਾਰੇ ਅੰਦਰ ਪੰਜਾਬੀ ਭਾਸ਼ਾ, ਸਾਹਿਤ ਓਤੇ ਸਭਿਆਚਾਰ ਦਾ ਬਹੁਤ ਵੱਡਾ ਨੁਕਸਾਨ ਕਰ ਰਹੇ ਹਨ ਇਹ ਲੋਕ। ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ।




Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com



Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.







SAVANNA
Market Dental

Dr. Amerjot Kler | Dr. Kam Sahota | Dr. Aman Cheema

202/204 9036 St NE
Calgary, Alberta T3J 2E3
403-590-4888
www.savannamarketdental.com

# ਸ਼ਹੀਦ ਪ੍ਰਿਥੀਪਾਲ ਰੰਧਾਵਾ : ਪੌਣਾਂ ਦੇ ਪਰਾਂ ਤੇ ਵਸਦਾ ਸੀ ਪ੍ਰਿਥੀ



-ਅਮੋਲਕ ਸਿੰਘ
98778-68710

ਪੰਜਾਬ ਦੀ ਵਿਦਿਆਰਥੀ ਜੱਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਝਵਾਨ ਅਤੇ ਸਿਦਕਵਾਨ ਜਰਨੈਲ ਪ੍ਰਿਥੀਪਾਲ ਸਿੰਘ ਰੰਧਾਵਾ ਦਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਦਸੂਹਾ 'ਚ 5 ਮਾਰਚ 1952 ਨੂੰ ਜਨਮ ਹੋਇਆ। ਉਹ ਜਦੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਪੜ੍ਹ ਰਿਹਾ ਸੀ ਤਾਂ ਉਸ ਵੇਲੇ ਮੁਲਕ ਦੇ ਹੋਰਨਾਂ ਖਿੱਤਿਆਂ ਵਾਂਗ ਪੰਜਾਬ ਅੰਦਰ ਵੀ ਕਮਿਊਨਿਸਟ ਇਨਕਲਾਬੀਆਂ ਨੂੰ ਕੋਹ ਕੋਹ ਕੇ ਮਾਰਨ ਅਤੇ ਪੁਲਸ ਮੁਕਾਬਲੇ ਦਾ ਢਕਵੰਜ ਰਚਕੇ ਲੋਕਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਹਕੂਮਤ ਨੇ ਜਬਰ ਦੇ ਝੱਖੜ ਝੁਲਾ ਰੱਖੇ ਸਨ।

ਗ਼ਦਰ ਲਹਿਰ ਤੋਂ ਲੈ ਕੇ ਦੇਸ਼ ਭਗਤ ਯਾਦਗਾਰ ਹਾਲ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਵਿੱਚ ਸਰਗਰਮੀ ਨਾਲ ਕੰਮ ਕਰਨ ਵਾਲੇ 82 ਵਰ੍ਹਿਆਂ ਦੇ ਬਾਬਾ ਬੂਝਾ ਸਿੰਘ ਨੂੰ ਵੀ ਝੂਠੇ ਪੁਲਸ ਮੁਕਾਬਲੇ ਦੀ ਮਨਘੜਤ ਕਹਾਣੀ ਘੜਕੇ ਸ਼ਹੀਦ ਕਰ ਦਿੱਤਾ ਗਿਆ। ਚੜ੍ਹਦੇ ਸੂਰਜ ਅਜੇਹੀਆਂ ਹਿਰਦੇਵੇਦਕ ਖ਼ਬਰਾਂ ਆਉਣ ਲੱਗੀਆਂ। ਸ਼ਹੀਦ ਭਗਤ ਸਿੰਘ ਦੁਆਰਾ ਫਾਂਸੀ ਦੀ ਕਾਲ ਕੋਠੜੀ ਵਿੱਚ ਜ਼ਿੰਦਗੀ ਦੇ ਅੰਤਲੇ ਪਲ ਕਿਤਾਬ ਦੇ ਮੋੜੇ ਪੰਨੇ ਨੂੰ ਖੋਲ੍ਹਕੇ ਸਿੱਧਾ ਕਰਨ ਭਾਵ 'ਸਾਮਰਾਜਵਾਦ-ਮੁਰਦਾਬਾਦ' ਅਤੇ 'ਇਨਕਲਾਬ-ਜ਼ਿੰਦਾਬਾਦ' ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਉਣ ਤੁਰੀ ਚੜ੍ਹਦੀ ਜੁਆਨੀ ਨੂੰ ਮਾਰ ਮੁਕਾਉਣ ਦਾ ਫਾਸ਼ੀ ਹੱਲਾ ਬੋਲਿਆ ਗਿਆ। ਖ਼ੂਬਸੂਰਤ ਜ਼ਿੰਦਗੀ ਲਈ ਜੂਝਦੇ ਕਾਫ਼ਲਿਆਂ ਦਾ ਮਾਰਗ ਡੱਕਣ ਲਈ ਕੋਝੇ ਹੱਥਕੰਡੇ ਅਪਣਾਏ।

ਹੱਕ ਸੱਚ ਇਨਸਾਫ਼ ਦੇ ਕਾਫ਼ਲਿਆਂ ਸਾਹਵੇਂ ਸਭ ਤੋਂ ਗੰਭੀਰ ਚੁਣੌਤੀ ਇਹ ਬਣੀ ਕਿ ਹਕੂਮਤ ਵੱਲੋਂ ਦਹਿਸ਼ਤ ਦੇ ਝੱਖੜ ਝੁਲਾਏ ਜਾ ਰਹੇ ਸੀ ਦੂਜੇ ਬੰਨੇ ਜਨਤਕ ਜੱਥੇਬੰਦੀਆਂ ਦਾ ਭੋਗ ਪਾਉਣ ਅਤੇ ਵਿਅਕਤੀਗਤ ਨਾਇਕਪੁਣੇ ਨੂੰ ਸੱਤਵੇਂ ਅਸਮਾਨ ਚਾੜ੍ਹਕੇ ਇਨਕਲਾਬੀ ਲਹਿਰ ਅਤੇ ਲੋਕਾਂ ਦਰਮਿਆਨ ਮੱਛੀ ਅਤੇ ਪਾਣੀ ਦੇ ਨਿਹਾਇਤ ਜ਼ਰੂਰੀ ਅਤੇ ਗੂਹੜੇ ਰਿਸ਼ਤੇ ਨੂੰ ਸਮਝਣ ਵੱਲ ਕੰਨ ਨਹੀਂ ਸੀ ਕੀਤਾ ਜਾ ਰਿਹਾ। ਵੰਨ-ਸੁਵੰਨੀਆਂ ਹਕੂਮਤਾਂ ਵੱਲੋਂ ਇਨਕਲਾਬੀ ਜਮਹੂਰੀ ਲਹਿਰ ਮਲੀਆ ਮੇਟ ਕਰਨ ਲਈ ਗੋਲੀਆਂ ਦਾਗਣ, ਕੁਰਕੀਆਂ ਕਰਨ, ਫ਼ਸਲਾਂ ਤਬਾਹ ਕਰਨ, ਪਿੰਡਾਂ ਦੇ ਪਿੰਡ ਜਬਰ ਦਾ ਸ਼ਿਕਾਰ ਬਣਾਉਣ ਅਤੇ ਲੋਕ-ਮਨਾਂ 'ਤੇ ਦਹਿਲ ਬਿਠਾ ਕੇ ਮਲਕ ਭਾਗੋਆਂ ਦੇ ਰਾਜ ਭਾਗ ਨੂੰ ਸਲਾਮਤ ਰੱਖਣ ਲਈ ਹਰ ਹਰਬਾ ਵਰਤਿਆ ਗਿਆ।

ਜਦੋਂ ਚਾਰੇ ਪਾਸੇ ਕਹਿਰ ਦਾ ਛਨਾਟਾ ਸੀ। ਜਦੋਂ ਨੌਜਵਾਨਾਂ ਨੂੰ ਉਧਾਲ ਕੇ ਸੁੰਨੇ ਪੁਲਾਂ 'ਤੇ ਲਿਜਾਕੇ ਗੋਲੀਆਂ ਦਾਗੀਆਂ ਜਾ ਰਹੀਆਂ ਸਨ। ਜਦੋਂ ਲੋਕਾਂ ਨੂੰ ਵਕਤੀ ਤੌਰ ਤੇ ਗੁੰਮਰਾਹ ਜਾਂ ਦਹਿਸ਼ਤਜ਼ਦਾ ਕਰਨ ਵਿੱਚ ਸਥਾਪਤੀ ਦਾ ਹੱਥ ਉੱਪਰ ਸੀ। ਅਜੇਹੇ ਹੁੰਮਸ ਅਤੇ ਦਮ-ਘੁੱਟਵੇਂ ਵਾਤਾਵਰਣ ਵਿੱਚ ਪਿਰਥੀਪਾਲ ਸਿੰਘ ਰੰਧਾਵਾ ਅਤੇ ਉਹਦੇ ਸੰਗੀ ਸਾਥੀਆਂ ਨੂੰ ਇਹ ਵਿਗਿਆਨਕ ਇਨਕਲਾਬੀ ਸੂਝ-ਬੂਝ ਸੀ ਕਿ ਇਸ ਖ਼ਾਮੋਸ਼ੀ ਦੇ ਡੂੰਘੇ ਪਤਾਲ ਅੰਦਰ ਹਲਚਲ ਹੈ। ਉੱਪਰੋਂ ਜੰਮੇਂ ਦਿਖਾਈ ਦਿੰਦੇ ਗਲੇਸ਼ੀਅਰਾਂ ਹੇਠਾਂ ਜਵਾਲਾਮੁਖੀ ਹੈ। ਨਾਬਰੀ ਦੀਆਂ ਤਰੰਗਾਂ ਨੇ। ਲੋਕਾਂ ਅੰਦਰ ਗੁੱਸੇ, ਰੋਹ ਭਰੀ ਆਵਾਜ਼ ਬੁਲੰਦ ਕਰਨ ਦੀਆਂ ਅੰਗੜਾਈਆਂ ਨੇ।

ਪ੍ਰਿਥੀ ਅਤੇ ਉਸਦੇ ਸਾਥੀਆਂ ਨੇ ਇਸ ਨੁਕਤੇ ਨੂੰ ਫੜਦੇ ਹੋਏ ਵਿਦਿਆਰਥੀਆਂ ਵਿੱਚ ਚੇਤਨਾ ਦੇ ਚਾਨਣ ਦਾ ਛੱਟਾ ਦਿੱਤਾ। ਵਿਦਿਆਰਥੀ ਜੱਥੇਬੰਦੀ ਨੇ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਆਪਣੇ ਕਲਾਵੇ ਵਿੱਚ ਲਿਆ। "ਲੋਕ ਇਤਿਹਾਸ ਦੇ ਸਿਰਜਣਹਾਰੇ ਹੁੰਦੇ ਨੇ" ਇਸ ਧਾਰਨਾ ਉਪਰ ਅਮਲ ਕਰਦਿਆਂ ਸ਼ਾਨਾਮੱਤੀ ਵਿਦਿਆਰਥੀ ਤਾਕਤ ਜੱਥੇਬੰਦ ਕੀਤੀ। ਲੋਕਾਂ ਨਾਲ ਨਹੁੰ ਮਾਸ ਦਾ ਰਿਸ਼ਤਾ ਸਿਰਜਣ ਅਤੇ ਵਿਦਿਆਰਥੀ ਲਹਿਰ ਦਾ ਕਿਲ੍ਹਾ ਉਸਾਰਨ ਲਈ ਅਥਾਹ ਮਿਹਨਤ ਕੀਤੀ।

ਇਸ ਵਿਦਿਆਰਥੀ ਲਹਿਰ ਨੂੰ ਲਹੂ 'ਚ ਡਬੋਣ ਲਈ ਮੋਗਾ ਵਿਖੇ 1972 ਵਿੱਚ ਵਿਦਿਆਰਥੀਆਂ ਉਪਰ ਸਮੇਂ ਦੇ ਹੁਕਮਰਾਨਾਂ ਦੀ ਥਾਪੀ ਨਾਲ ਗੋਲੀਆਂ ਦੀ ਵਾਛੜ ਕੀਤੀ ਗਈ। ਪੰਜਾਬ ਅੰਦਰ ਲੋਕਾਂ, ਵਿਦਿਆਰਥੀਆਂ, ਨੌਜਵਾਨਾਂ ਦੇ ਤੂਫ਼ਾਨੀ ਵੇਗ ਸਾਹਮਣੇ ਆਏ। ਵਿਦਿਆਰਥੀਆਂ ਨੇ ਪਿੰਡਾਂ ਵੱਲ ਵਹੀਰਾਂ ਘੱਤੀਆਂ। ਪਿੰਡਾਂ ਅੰਦਰ ਨੌਜਵਾਨ ਭਾਰਤ ਸਭਾਵਾਂ ਬਣਨ ਲੱਗੀਆਂ। ਵਿਦਿਆਰਥੀਆਂ ਦੇ ਨਾਲ ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ, ਭਾਣਜੇ ਪ੍ਰੋ. ਜਗਮੋਹਣ ਸਿੰਘ ਅਤੇ ਰੰਗ ਮੰਚ ਦੇ ਸਿਰਮੌਰ ਨਾਟਕਕਾਰ ਗੁਰਸ਼ਰਨ ਭਾਅ ਜੀ ਅਤੇ ਹੋਰ ਰੰਗ ਮੰਚ ਨਾਲ ਜੁੜੀਆਂ ਟੀਮਾਂ ਜਦੋਂ ਪਿੰਡ ਪਿੰਡ ਰੰਗ ਮੰਚ ਲਿਜਾਣ ਅਤੇ ਵਿਚਾਰ-ਚਰਚਾਵਾਂ ਕਰਨ ਲੱਗੇ ਤਾਂ ਪੰਜਾਬ ਅੰਦਰ ਨਵੇਂ ਪ੍ਰਭਾਵਸ਼ਾਲੀ ਵਰਤਾਰੇ ਨੇ ਕੱਢ



ਕੱਢਿਆ। ਰਾਜ ਭਾਗ ਕਚੀਚੀਆਂ ਲੈਣ ਲੱਗਾ।

ਇਸ ਲਹਿਰ ਨੂੰ ਲੀਹੋਂ ਲਾਹੁਣ ਲਈ ਪ੍ਰਬੰਧ ਨੇ ਜਬਰ ਦੇ ਨਾਲ ਨਾਲ ਨਵੀਆਂ ਯੁਗਤਾਂ ਅਪਣਾਈਆਂ। ਪੰਜਾਬ ਅੰਦਰ ਗੁਰੂ ਗੋਬਿੰਦ ਸਿੰਘ ਮਾਰਗ ਬਣਾਉਣ ਇਸ ਮਾਰਗ ਉਪਰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਾਸ਼ਤਰਾਂ ਅਤੇ 'ਨੀਲੇ ਘੋੜੇ' ਦੀਆਂ ਝਾਕੀਆਂ ਅਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤੱਕ ਲਿਜਾਣ ਦਾ ਪ੍ਰੋਗਰਾਮ ਢੋਲ-ਢਮੱਕੇ ਨਾਲ ਲਾਗੂ ਕੀਤਾ। ਪਿੰਡਾਂ ਦੇ ਪਿੰਡ ਜਿਹੜੇ ਮੋਗਾ ਗੋਲੀ ਕਾਂਡ ਕਾਰਨ ਭਰੇ ਪੀਤੇ ਸਨ ਉਹਨਾਂ ਦੇ ਮਨਾਂ ਉਪਰੋਂ ਵਿਸ਼ਾ ਬਦਲੀ ਕਰਨ ਅਤੇ ਧਾਰਮਕ ਜਜਬਾਤਾਂ ਨਾਲ ਖੇਡਣ ਦਾ ਕੰਮ ਕੀਤਾ ਗਿਆ।

ਸ਼ਹੀਦ ਭਗਤ ਸਿੰਘ ਦੀ ਮਾਂ ਨੂੰ 'ਪੰਜਾਬ ਮਾਤਾ' ਦਾ ਰੁਤਬਾ ਦਿੱਤਾ ਤਾਂ ਜੋ ਭਗਤ ਸਿੰਘ ਦੇ ਵਾਰਸ ਬਣ ਕੇ ਕਾਲਖ਼ ਲੱਦੇ ਚਿਹਰੇ ਧੋਣ ਦਾ ਨਾਕਾਮ ਯਤਨ ਕੀਤਾ ਜਾ ਸਕੇ। ਸ਼ਹੀਦ ਊਧਮ ਸਿੰਘ ਦੀਆਂ ਲੰਡਨ ਤੋਂ ਅਸਥੀਆਂ ਲਿਆਉਣ ਦਾ ਪ੍ਰਪੰਚ ਰਚਿਆ ਗਿਆ ਤਾਂ ਜੋ ਪੰਜਾਬ ਦੀ ਮਚਲਦੀ ਜੁਆਨੀ ਨੂੰ ਸ਼ਾਂਤ ਕਰਨ ਅਤੇ ਕੀਲ ਕੇ ਪਟਾਰੀ ਪਾਉਣ ਦਾ ਕੰਮ ਕੀਤਾ ਜਾ ਸਕੇ।

ਇਸਦੇ ਬਦਲ 'ਚ ਪ੍ਰਿਥੀਪਾਲ ਰੰਧਾਵਾ ਅਤੇ ਸੰਗੀ ਸਾਥੀ ਵਿਦਿਅਕ ਅਦਾਰਿਆਂ, ਪਿੰਡਾਂ ਦੇ ਅਖਾੜਿਆਂ ਵਿੱਚ "ਸ਼ਹੀਦੋਂ ਥੋਡਾ ਕਾਜ਼ ਅਧੂਰਾ-ਲਾ ਕੇ ਜ਼ਿੰਦੜੀਆਂ ਕਰਾਂਗੇ ਪੂਰਾ" ਦਾ ਪੈਗ਼ਾਮ ਦੇ ਰਹੇ ਸਨ।

ਇਸ ਉੱਠਦੀ, ਜੁਆਨ ਅਤੇ ਤਾਕਤਵਾਰ ਹੋ ਰਹੀ ਵਿਦਿਆਰਥੀ, ਨੌਜਵਾਨ ਅਤੇ ਲੋਕ ਲਹਿਰ ਦੇ ਗਲ ਗੂਠਾ ਦੇਣ ਲਈ 'ਸੰਪੂਰਨ ਕਰਾਂਤੀ' ਵਰਗੀਆਂ ਜੈ ਪ੍ਰਕਾਸ਼ ਨਰਾਇਣ ਦੀਆਂ ਪਿਛਾਖੜੀ ਲਹਿਰਾਂ ਨੂੰ ਬੜਾਵਾ ਦਿੱਤਾ ਗਿਆ। ਗਲੇ-ਸੜੇ ਪ੍ਰਬੰਧ ਦੇ ਹਕੀਕੀ ਬਦਲ ਦੀ ਬਜਾਏ 'ਉੱਤਰ ਕਾਟੋ ਮੈਂ ਚੜ੍ਹਾ' ਦੇ ਗਧੀ-ਗੇੜ ਵਿੱਚ ਲੋਕਾਂ ਨੂੰ ਫਸਾਈ ਰੱਖਣ ਲਈ ਨਵੇਂ 'ਨਾਇਕ' ਉਭਾਰੇ ਗਏ। ਕਾਂਗਰਸ ਵਿਰੋਧੀ ਸਭਨਾਂ ਤਾਕਤਾਂ ਨਾਲ ਫਰੰਟ ਬਣਾਉਣ ਦੇ ਫਾਰਮੂਲੇ ਸਾਹਮਣੇ ਆਏ।

ਅਜੇਹੀ ਬਹੁ- ਰੰਗੀ ਹਨੇਰੀ ਵਿੱਚ ਪੈਰ ਟਿਕਾਕੇ ਖੜ੍ਹਨ, ਲੋਕ-ਤਾਕਤ, ਲੋਕ-ਸੰਘਰਸ਼ ਅਤੇ ਲੋਕ-ਮੁਕਤੀ ਦੇ ਮਾਰਗ ਉਪਰ ਡਟ ਕੇ ਅੱਗੇ ਵਧਣ ਲਈ 'ਮੋਗਾ ਸੰਗਰਾਮ ਰੈਲੀ' ਦਾ ਆਯੋਜਨ ਕੀਤਾ ਗਿਆ। ਲੋਕਾਂ ਦੇ ਕਲਿਆਣ ਦਾ ਮਾਰਗ ਪੇਸ਼ ਕਰਦੀ ਇਸ ਰੈਲੀ ਨੇ ਵਿਦਿਆਰਥੀ ਤਾਕਤ ਨੂੰ ਲੋਕ ਤਾਕਤ ਵੱਲ ਅਗੇਰੇ ਪੈਰ ਧਰਨ ਦਾ ਰਾਹ ਰੁਸ਼ਨਾਇਆ। ਲੋਕਾਂ ਵਿੱਚ ਹਕੀਕੀ ਇਨਕਲਾਬੀ ਬਦਲ ਅਤੇ ਨਵੇਂ ਸਮਾਜ ਦੀ ਸਿਰਜਣਾ ਦਾ ਮਾਰਗ ਰੌਸ਼ਨ ਕੀਤਾ।

ਨਵੇਂ ਪੰਧ ਤਹਿ ਕਰਦੀ ਨਵੀਆਂ ਪੁਲਾਂਘਾ ਪੁੱਟਦੀ ਇਸ ਲਹਿਰ ਦੀ ਪਹਿਲੀ ਕਤਾਰ ਦੇ ਸ਼ਰੋਮਣੀ ਆਗੂ ਦੀ ਭੂਮਿਕਾ ਅਦਾ ਕਰਨ ਵਾਲਾ ਪਿਰਥੀਪਾਲ ਸਿੰਘ ਰੰਧਾਵਾ ਇਸ ਕਾਣੇ ਪ੍ਰਬੰਧ ਦੀਆਂ ਅੱਖਾਂ 'ਚ ਰੋੜ ਬਣਕੇ ਰੜਕਣ ਲੱਗਾ। ਕਾਲਜਾਂ ਯੂਨੀਵਰਸਿਟੀਆਂ ਵਿੱਚ ਗੁੰਡਾਗਰਦੀ ਨੂੰ ਪਾਲਣ, ਛਤਰੀ ਦੇਣ ਅਤੇ ਵਿਦਿਆਰਥੀ ਜੱਥੇਬੰਦੀਆਂ ਦਾ ਗਲ ਘੁੱਟਣ ਲਈ ਵਰਤਣ ਦਾ ਸਿਲਸਲਾ ਤੇਜ਼ ਹੋਇਆ।

ਇਸ ਗੁੰਡਾ ਕਾਤਲੀ ਢਾਣੀ ਨੇ 18 ਜੁਲਾਈ 1979 ਵਾਲੇ ਦਿਨ ਲੁਧਿਆਣਾ ਵਿੱਚੋਂ ਪ੍ਰਿਥੀਪਾਲ ਰੰਧਾਵਾ ਨੂੰ ਅਗਵਾ ਕਰ ਲਿਆ। ਬੇਤਹਾਸ਼ਾ ਤਸ਼ੱਦਦ ਢਾਹਿਆ। ਵਹਿਸ਼ੀਆਨਾ ਕੁੱਟ ਮਾਰ ਉਪਰੰਤ ਕਤਲ ਕਰਕੇ ਪ੍ਰਿਥੀਪਾਲ ਦਾ ਮ੍ਰਿਤਕ ਸਰੀਰ ਲੁਧਿਆਣਾ ਲਾਗੇ ਪਿੰਡ ਝਾਂਡੇ ਵਿਖੇ ਸੁੰਨ-ਮ-ਸਾਨ ਥਾਂ 'ਤੇ ਸੁੱਟ ਦਿੱਤਾ। ਇਸ ਦਾ ਪਤਾ 20 ਜੁਲਾਈ ਸਵੇਰ ਵੇਲੇ ਲੱਗਾ।

ਵਿਦਿਆਰਥੀਆਂ ਦੇ ਸੀਨੇ ਬਲ ਉੱਠੇ। ਕਾਲਜਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਹੋਣ ਦੇ ਬਾਵਜੂਦ ਹਜ਼ਾਰਾਂ ਵਿਦਿਆਰਥੀਆਂ ਅਤੇ ਲੋਕਾਂ ਦੇ ਕਾਫ਼ਲੇ ਨੇ ਆਪਣੇ ਮਹਿਬੂਬ ਸ਼ਹੀਦ ਨੂੰ ਸੇਜ਼ਲ ਅੱਖਾਂ ਨਾਲ ਰੋਹਲੀ ਵਿਦਾਇਗੀ ਦਿੱਤੀ। ਝੂਠੇ ਪੁਲਸ ਮੁਕਾਬਲਿਆਂ ਵਿੱਚ ਚੁੱਪ-ਚੁਪੀਤੇ ਕਮਿਊਨਿਸਟ ਇਨਕਲਾਬੀਆਂ ਨੂੰ ਮਾਰ ਮੁਕਾਉਣ ਦੇ ਵਰਤਾਰਿਆਂ ਮਗਰੋਂ ਮੋਗਾ ਗੋਲੀ ਕਾਂਡ ਅਤੇ ਪ੍ਰਿਥੀਪਾਲ ਰੰਧਾਵਾ ਦੀ ਸ਼ਹਾਦਤ ਮੌਕੇ ਹਾਕਮਾਂ ਨੂੰ ਤਿੱਖੇ ਜਨਤਕ ਰੋਹ ਦਾ ਸਾਹਮਣਾ ਕਰਨਾ ਪਿਆ।

ਪੰਜਾਬ ਦੇ ਇਨਕਲਾਬੀ ਸ਼ਾਇਰ ਅਵਤਾਰ ਪਾਸ਼ ਨੇ ਸ਼ਹੀਦ ਪਿਰਥੀਪਾਲ ਰੰਧਾਵਾ ਨੂੰ ਜਿਨ੍ਹਾਂ ਕਾਵਿਕ ਬੋਲਾਂ ਨਾਲ ਉਸ ਵੇਲੇ ਸਿਜਦਾ ਕੀਤਾ ਉਹ ਬੋਲ ਅਜਾਈਂ ਨਹੀਂ ਗਏ। ਉਹ ਬੋਲ ਧਰਤੀ ਦੀ ਕੁੱਖ 'ਚ ਸਮੋਅ ਗਏ। ਧੁੱਪ, ਹਵਾ ਅਤੇ ਪਾਣੀ ਮਿਲਣ 'ਤੇ ਉਹ ਪੁੰਗਰੇ। ਉਹਨਾਂ ਅੱਖ ਉਘਾੜੀ। ਅੰਗੜਾਈ ਲਈ ਅਤੇ ਭਰ ਜੁਆਨੀ ਦੇ ਰੂਪ 'ਚ ਨਿਸਰਨ ਲੱਗੇ।

ਬਿਨਾਂ ਸ਼ੱਕ ਅਜੋਕੀ ਵਿਦਿਆਰਥੀ, ਨੌਜਵਾਨ, ਮਜ਼ਦੂਰ, ਕਿਸਾਨ, ਸਾਹਿਤਕ ਸਭਿਆਚਾਰਕ, ਰੰਗ ਮੰਚੀ, ਤਰਕਸ਼ੀਲ ਜਮਹੂਰੀ ਅਤੇ ਇਨਕਲਾਬੀ ਲਹਿਰ ਨੂੰ ਅਨੇਕਾਂ ਦੁਸ਼ਵਾਰੀਆਂ ਦਰਪੇਸ਼ ਹਨ ਪਰ ਇਹ ਸਮਿਆਂ ਦਾ ਸੱਚ ਹੈ ਕਿ ਲਹੂ ਸੰਗ ਲਿਖੀਆਂ ਅਤੇ ਪਾਲੀਆਂ ਤਵਾਰੀਖ਼ਾਂ ਅਜਾਈਂ ਨਹੀਂ ਜਾਂਦੀਆਂ। ਇਹਨਾਂ ਲਹਿਰਾਂ ਦੀ ਕੁੱਖ ਸਦਾ ਸੁਲੱਖਣੀ ਰਹਿੰਦੀ ਹੈ। 'ਲੋਕ ਘੋਲ ਨਾ ਥੰਮਣਗੇ : ਘਰ ਘਰ ਪ੍ਰਿਥੀ ਜੰਮਣਗੇਂ ਦੇ ਬੋਲ ਧਰਤੀ ਅਤੇ ਹਵਾ 'ਚ ਸਮੋਅ ਗਏ। ਪੌਣਾਂ ਦੇ ਪਰਾਂ ਤੇ ਲਿਖੇ ਇਹ ਗੀਤ, ਇਹ ਸਮੇਂ ਦੇ ਹਾਣੀ ਅਤੇ ਆਉਣ ਵਾਲੇ ਕੱਲ੍ਹ ਦੇ ਗੀਤ ਅਮਰ ਰਹਿਣਗੇ। ਵਿਸ਼ੇਸ਼ ਕਰਕੇ ਜਦੋਂ ਅਰੁੰਧਤੀ ਰਾਏ ਵਰਗੇ ਵਿਸ਼ਵ ਪ੍ਰਸਿੱਧ ਵਿਦਵਾਨਾਂ ਨੂੰ ਸੀਖਾਂ ਪਿੱਛੇ ਡੱਕਣ ਲਈ ਰੱਸੇ ਪੈੜੇ ਵੱਟੇ ਜਾ ਰਹੇ ਹਨ ਜਦੋਂ ਫ਼ੌਜਦਾਰੀ ਕਾਨੂੰਨਾਂ ਦਾ ਸ਼ਿਕੰਜਾ ਕਸਿਆ ਜਾ ਰਿਹਾ ਅਜੇਹੇ ਵੇਲੇ ਪ੍ਰਿਥੀ ਦੇ ਬੋਲ ਹੋਰ ਵੀ ਯਾਦ ਆ ਰਹੇ ਹਨ, 'ਲੋਕੋ! ਸਾਡੀਆਂ ਬਾਹਵਾਂ ਨੂੰ ਤੁਹਾਡੇ ਸਾਥ ਦੀ ਲੋੜ ਹੈ' ਪਰਵਾਸ ਅਤੇ ਨਸ਼ਿਆਂ ਦੀ ਦਲਦਲ ਵਿਚ ਡੁੱਬ ਰਹੀ ਜੁਆਨੀ ਨੂੰ ਜਗਾਉਣ ਲਈ 18 ਜੁਲਾਈ ਸ਼ਹੀਦੀ ਦਿਹਾੜੇ ਦਿਹਾੜੇ ਮੌਕੇ ਇਨਕਲਾਬੀ ਕਵੀ ਪਾਸ਼ ਦੀ ਕਲਮ- ਜਾਏ ਇਨ੍ਹਾਂ ਬੋਲਾਂ ਨੂੰ ਉਚਿਆਉਣਾ ਸਮੇਂ ਦੀ ਲੋੜ ਹੈ :

"ਜਿੱਦਣ ਤੂੰ ਪ੍ਰਿਥੀ ਨੂੰ ਜੰਮਿਆਂ
ਕਿਹੜਾ ਦਿਨ ਸੀ ਮਾਂ
ਰੱਬ ਬਣ ਕੇ ਮੈਂ ਕੁੱਲ ਕਲੰਡਰ
ਓਹੀਓ ਦਿਨ ਕਰ-ਦਾਂ
ਜੇਸ ਰਾਤ ਤੇਰਾ ਲੈ ਗਏ ਪ੍ਰਿਥੀ
ਕੋਹਿਆ ਜਿਹੜੀ ਥਾਂ
ਉਦਣ ਧਰਤ ਸੁਹਾਗਣ ਹੋਈ
ਟਹਿਕੀ ਸੁੰਨ ਸਰਾਂ
ਪ੍ਰਿਥੀ ਕਰ ਗਿਆ ਧਰਤੀ ਅੰਬਰ
ਸਾਰੇ ਤੇਰੇ ਨਾਂ
ਲੱਭਦੇ ਫਿਰਨ 'ਬੇਅੰਤੇ' ਵਰਗੇ
ਪੈਰ ਧਰਨ ਨੂੰ ਥਾਂ
ਤੇਰਾ ਕੋਈ ਕੀ ਕਰ ਲਊ
ਤੂੰ ਸ਼ੇਰ ਪੁੱਤਾਂ ਦੀ ਮਾਂ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਸਿੱਖਿਆ ਵਿਚ ਭ੍ਰਿਸਟਾਚਾਰ ਦਾ ਕਰੂਪ ਚਿਹਰਾ

ਡਾ. ਅਜੀਤਪਾਲ ਸਿੰਘ
ਬਠਿੰਡਾ
98156-29301




*ਨੀਟ ਤੇ ਜੇਈਈ ਮੇਨ ਦੀ ਮੈਡੀਕਲ ਤੇ ਇੰਜੀਨੀਅਰਿੰਗ ਡਿਗਰੀ ਦੇਸ਼ ਵਿੱਚ ਸੁਰੱਖਿਤ ਆਰਥਿਕ ਭਵਿੱਖ ਦੀ ਚਾਬੀ ਮੰਨੀ ਜਾਂਦੀ ਹੈ । ਇੰਜਨੀਰਿੰਗ ਦੀ ਡਿਗਰੀ ਦੇ ਮੁਕਾਬਲੇ ਐਮਬੀਬੀਐਸ ਦੀ ਸੀਟ ਵੱਧ ਲਭਾਉਣੀ ਹੈ ਕਿਉਂਕਿ ਨੌਕਰੀ ਨਾ ਮਿਲੀ ਤਾਂ ਵੀ ਡਾਕਟਰ ਆਪਣੀ ਪ੍ਰੈਕਟਿਸ ਨਾਲ ਕਮਾਈ ਕਰ ਸਕਦੇ ਹਨ, ਹਾਲਾਂਕਿ ਦੇਸ਼ ਵਿੱਚ ਮੈਡੀਕਲ ਸੀਟਾਂ ਦੀ ਗਿਣਤੀ ਸੀਮਤ ਹੈ । – ਸੰਪਾਦਕ*

ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਣ ਦੇ ਮਾਮਲੇ ਇੰਨੀ ਵਿਆਪਕ ਪੱਧਰ ਤੇ ਆ ਗਏ ਹਨ ਕਿ ਲੱਗਦਾ ਹੈ ਇਹ ਜਿਵੇਂ ਛੂਤਛਾਤ ਦੀ ਬਿਮਾਰੀ ਦੀ ਮਹਾਂਮਾਰੀ ਬਣ ਗਈ ਹੋਵੇ। ਨੌਜਵਾਨ ਉਮੀਦਵਾਰਾਂ ਦੀ ਨਿਰਾਸ਼ਾ/ਹਦਾਸ਼ਾ ਵਿੱਚ ਖੁਦਕੁਸ਼ੀ ਅਤੇ ਗੁੱਸਾ ਵੀ ਰਹਿ ਰਹਿ ਕੇ ਫੁੱਟਦਾ ਰਿਹਾ ਹੈ ਅਤੇ ਹਾਲ ਵਿੱਚ ਕਈ ਲੋਕ ਮਤਾਂ ਵਿੱਚ ਇਸ ਦਾ ਅਸਰ ਵੀ ਦਿਸਿਆ ਹੈ। ਫਿਰ ਵੀ ਵਾਅਦਿਆਂ ਤੋਂ ਇਲਾਵਾ ਹੋਰ ਕੁਝ ਹਾਸਲ ਨਹੀਂ ਹੋ ਰਿਹਾ। ਨੀਟ ਮਾਮਲੇ ਵਿੱਚ ਧਾਂਦਲੀ ਸਾਹਮਣੇ ਆਉਣ ਦਾ ਵਕਤ ਤਾਂ ਲੋਕ ਸਭਾ ਚੋਣਾ ਨਾਲ ਵੀ ਜੁੜ ਗਿਆ। ਨੀਟ ਯੂਜੀ ਦੇ ਨਤੀਜੇ ਤਹਿ ਸਮੇਂ ਤੋਂ 10 ਦਿਨ ਪਹਿਲਾਂ ਉਸੇ 4 ਜੂਨ ਨੂੰ ਜਾਰੀ ਕਰ ਦਿੱਤੇ ਗਏ ਜਦ ਲੋਕ ਸਭਾ ਦੀਆਂ ਵੋਟਾਂ ਦੀ ਗਿਣਤੀ ਪਿੱਛੋਂ ਨਤੀਜੇ ਆ ਰਹੇ ਸਨ ਇਸੇ ਕਰਕੇ ਸੜਕ ਤੋਂ ਲੈ ਕੇ ਸੰਸਦ ਤੱਕ ਹੰਗਾਮਾ ਵੀ ਬਹੁਤ ਵੱਡਾ ਹੋਇਆ। 18ਵੀਂ ਸੰਸਦ ਤੇ ਪਹਿਲੇ ਹੀ ਸੈਸ਼ਨ ਵਿੱਚ ਵਿਰੋਧੀ ਧਿਰ ਹਮਲਾਵਰ ਸੀ ਅਤੇ ਆਪਣੀ ਮਜਬੂਤੀ ਦੇ ਆਧਾਰ ਤੇ ਰਾਸ਼ਟਰਪਤੀ ਦੇ ਭਾਸ਼ਣ ਤੇ ਧੰਨਵਾਦ ਦੇ ਪ੍ਰਸਤਾਵ ਤੇ ਬਹਿਸ ਦੌਰਾਨ ਹੀ ਪ੍ਰੀਖਿਆ ਘਪਲਿਆਂ ਉਪਰ ਚਰਚਾ ਦੇ ਲਈ ਕੰਮ ਰੋਕੋ ਪ੍ਰਸਤਾਵ ਲੈ ਆਂਦਾ ਗਿਆ। ਸਰਕਾਰ ਨੇ ਭਾਵੇਂ ਹਾਲ ਹੀ ਵਿੱਚ ਲਿਆਂਦੇ ਕਾਨੂੰਨ ਦੀ ਦੁਹਾਈ ਦਿੱਤੀ ਜਿਸ ਵਿੱਚ ਪਰਚਾ ਲੀਕ ਅਤੇ ਧਾਂਦਲੀ ਦੇ ਲਈ ਉਮਰ ਕੈਦ ਤੱਕ ਦੀ ਸਜ਼ਾ ਦੀ ਵਿਵਸਥਾ ਹੈ ਪਰ ਵਿਰੋਧੀ ਧਿਰ ਸੰਤੁਸ਼ਟ ਨਹੀਂ ਹੋਈ।

ਉਹ ਤਾਂ ਵਿਵਸਥਾ ਪਰਿਵਰਤਨ ਦੀ ਮੰਗ ਕਰ ਰਹੀ ਸੀ। ਜਵਾਬਦੇਹੀ ਮੰਗਣੀ ਵਾਜਬ ਲੱਗ ਸਕਦੀ ਹੈ ਕਿਉਂਕਿ ਪਿਛਲੇ ਸੱਤ ਸਾਲਾਂ ਵਿੱਚ ਕਰੀਬ 70 ਵਾਰ ਪ੍ਰੀਖਿਆਵਾਂ ਵਿੱਚ ਧਾਂਦਲੀ ਸੁਰਖੀਆਂ ਬਣ ਚੁੱਕੀ ਹੈ। ਇਸ ਨਾਲ ਕਰੀਬ ਦੋ ਕਰੋੜ ਨੌਜਵਾਨਾਂ ਦਾ ਭਵਿੱਖ ਅਸਰਅੰਦਾਜ਼ ਹੋਇਆ ਹੈ। ਵੈਸੇ ਇਹ ਸਿਲਸਿਲਾ ਤਾਂ ਉਸ ਤੋਂ ਪਹਿਲਾਂ ਵੀ ਚੱਲ ਰਿਹਾ ਸੀ। ਯਾਦ ਕਰੋ ਕਿ ਸਿਰ ਚਕਰਾ ਦੇਣ ਵਾਲੇ ਮੱਧ ਪ੍ਰਦੇਸ਼ ਦਾ ਵਿਆਪਮ ਘਪਲਾ ਅਤੇ ਉਸ ਪਿੱਛੇ ਬਿਹਾਰ ਵਿੱਚ ਚਰਚਿਤ ਰੰਜਿਤ ਡਾਣ ਦਾ ਮਾਮਲਾ ਜਿਸ ਦੇ ਉੱਪਰ ਚਰਚਿਤ ਫਿਲਮ 'ਮੁੰਨਾਬਾਈ ਐਮਬੀਬੀਐਸ' ਬਣੀ। ਹਾਲ ਹੀ ਦੇ ਦੌਰ ਵਿੱਚ 2022 ਅਤੇ 2023 ਵਿੱਚ ਵੀ ਆਈਆਈਟੀ ਅਤੇ ਮੈਡੀਕਲ ਵਿੱਚ ਭਰਤੀ ਦੇ ਧਾਂਦਲੀਆਂ ਦੇ ਇਸ ਰੋਗ ਪ੍ਰਤੀ ਦਿੱਤੀ ਚੇਤਾਵਨੀ ਪਹਿਲਾਂ ਚੁਕੰਨੇ ਰਹਿਣ ਲਈ ਕਹਿ ਰਹੀ ਸੀ। ਹਰ ਵਾਰੀ ਜਾਂਚ ਪੜਤਾਲ ਦੇ ਕੁਝ ਹੁਕਮ ਅਤੇ ਕਦੀ ਕਦੀ ਤਬਾਦਲਿਆਂ ਵਗੈਰਾ ਤੋਂ ਗੱਲ ਅੱਗੇ ਨਹੀਂ ਵਧਦੀ,ਬੇਸ਼ਕ ਇਸਦਾ ਅਹਿਸਾਸ ਵਿਵਸਥਾ ਵਿੱਚ ਮੁੱਢੋਂ ਬਦਲਾ ਵਰਗਾ ਹੋਣਾ ਲਾਜ਼ਮੀ ਹੈ। ਜਵਾਬ ਦੇਹੀ ਦੀ ਮੰਗ ਇਸ ਵਾਰ ਕਈ ਸੰਕਿਆਂ ਕਰਕੇ ਵੀ ਜੋਰ ਫੜਦੀ ਹੈ। ਦਰਅਸਲ ਚਾਰ ਜੂਨ ਨੂੰ ਜਾਰੀ ਹੋਏ ਨਤੀਜਿਆਂ ਵਿੱਚ ਰਾਸ਼ਟਰੀ ਪਾਤਰਤਾ ਅਤੇ ਪ੍ਰਵੇਸ਼ ਪ੍ਰੀਖਿਆ–ਸਨਾਤਕ (ਨੀਟ–ਯੂਜੀ) ਵਿੱਚ ਟੋਪਰਾਂ ਦੀ ਗਿਣਤੀ ਅਚਾਨਕ ਛਾਲ ਮਾਰ ਕੇ 69 ਤੇ ਪਹੁੰਚ ਗਈ, ਜੋ ਅਕਸਰ ਦੋ–ਤਿੰਨ ਹੀ ਹੋਇਆ ਕਰਦੀ ਸੀ। ਫਿਰ ਪ੍ਰਸ਼ਨ ਪੱਤਰ ਲੀਕ ਹੋਣ ਦੇ ਦੋਸ਼ ਲੱਗਣ ਲੱਗੇ। ਸਿਰਫ ਨੀਟ ਸਵਾਲਾਂ ਤੇ ਨਹੀਂ ਘਿਰਿਆ ਬਲਕਿ ਇਸ ਦੇ ਬਾਅਦ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਰਾਸ਼ਟਰੀ ਪਾਤਰਤਾ ਪ੍ਰੀਖਿਆ (ਯੂਜੀਸੀ–ਨੈੱਟ ਤੇ ਵੀ ਕਾਲੇ ਬੱਦਲ ਮੰਡਰਾਏ, ਜੋ ਕਾਲਜ ਅਤੇ ਯੂਨੀਵਰਸਿਟੀ ਪੱਧਰ ਦੀ ਅਸਿਸਟੈਂਟ ਪ੍ਰੋਫੈਸਰਸ਼ਿਪ ਦੀ ਉਮੀਦਵਾਰੀ ਤੈਅ ਕਰਦੀ ਹੈ ਅਤੇ ਪਾਸ ਕਰਨ ਵਾਲਿਆਂ ਨੂੰ ਜੂਨੀਅਰ ਰਿਸਰਚ ਫੈਲੋਸ਼ਿਪ (ਜੇਆਰਐਫ) ਮੁਹਈਆ ਕਰਦੀ ਹੈ। ਇਸ ਵਿੱਚ ਤਕਰੀਬਨ 10 ਲੱਖ ਉਮੀਦਵਾਰ ਬੈਠੇ ਸਨ ਅਤੇ 8 ਜੂਨ ਦੀ ਪ੍ਰੀਖਿਆ ਹੋਣੀ ਸੀ ਪਰ 24 ਘੰਟੇ ਪਹਿਲਾ ਰੱਦ ਕਰ ਦਿੱਤੀ ਗਈ ਕਿਉਂਕਿ ਸ਼ੱਕ ਸੀ ਕਿ ਉਸਦਾ ਪ੍ਰਸ਼ਨ ਪੱਤਰ ਸ਼ਾਇਦ ਡਾਕ ਵੇਪ ਤੇ ਲੀਕ ਹੋ ਗਿਆ ਅਤੇ ਟੈਲੀਗਰਾਮ ਤੇ ਵੇਚਿਆ ਗਿਆ। ਇਹ ਹੀ ਰੋਗ ਇੱਕ ਹੋਰ ਪ੍ਰੀਖਿਆ ਵਿਗਿਆਨਕ ਅਤੇ ਉਯੋਗਿਕ ਖੋਜ ਪਰਿਸ਼ਦ ਰਾਸ਼ਟਰੀ ਪਾਤਰਤਾ ਪ੍ਰੀਖਿਆ (ਸੀਐਸਆਈਆਰ) ਨੂੰ ਵੀ ਲੱਗਿਆ। ਵਿਗਿਆਨ ਅਤੇ ਟੈਕਨੋਲੋਜੀ ਵਿੱਚ ਲੈਕਚਰਾਰਸ਼ਿਪ ਅਤੇ ਜੇਆਰਐਫ ਦੇ ਲਈ ਹੁੰਦੀ ਹੈ। ਇਹ ਪ੍ਰੀਖਿਆ 25 ਅਤੇ 27 ਜੂਨ ਦੇ ਵਿੱਚ ਹੋਣੀ ਸੀ ਅਤੇ ਇਸ ਵਿੱਚ ਕੋਈ 1,75,355 ਉਮੀਦਵਾਰ ਬੈਠਨੇ ਸਨ। ਹੁਣ ਉਹ ਪ੍ਰੀਖਿਆ ਦੀ ਅਗਲੀ ਤਰੀਕ ਦਾ ਇੰਤਜ਼ਾਰ ਕਰ ਰਹੇ ਹਨ। ਇਸ ਸਭ ਕਾਸੇ ਦੇ ਕੇਂਦਰ ਵਿੱਚ ਰਾਸ਼ਟਰੀ ਪ੍ਰੀਖਿਆ ਏਜੰਸੀ (ਐਨਟੀਏ) ਹੈ ਇਸ ਦੀ ਸਥਾਪਨਾ 2017 ਵਿੱਚ ਕੇਂਦਰੀ ਸਿੱਖਿਆ ਮੰਤਰਾਲੇ ਨੇ ਭਾਰੀ ਮੰਗ ਵਾਲੀ ਸਾਂਝੀ ਪ੍ਰੀਖਿਆ ਦੇ ਆਯੋਜਨ ਲਈ ਕੀਤੀ ਸੀ ਤਾਂ ਕਿ ਸਾਰੇ ਉਮੀਦਵਾਰਾਂ ਦਾ ਇੱਕ ਪੈਮਾਨਾ ਤੈਅ ਕੀਤਾ ਜਾਏ। ਇਸ ਦਾ ਗਠਨ ਅਮਰੀਕਾ ਦੀ ਐਜੂਕੇਸ਼ਨਲ ਟੈਸਟਿੰਗ ਸਰਵੇਸ (ਈਟੀਐਸ) ਦੀ ਦਰਜ ਤੇ ਕੀਤਾ ਗਿਆ ਸੀ ਜਿਸ ਦੇ ਤਹਿਤ ਸਕੋਲਿਸਟਕ (ਐਸਏਟੀ), ਅਮਰੀਕਨ ਕਾਲਜ ਟੈਸਟ (ਐਸਸੀਟੀ) ਅਤੇ ਗ੍ਰੈਜੂਏਟ ਰਿਕਾਰਡ ਐਗਜਾਮੀਨੇਸ਼ਨ (ਜੇਆਰਈ) ਵਰਗੀਆਂ ਪ੍ਰੀਖਿਆਵਾਂ ਆਯੋਜਿਤ ਹੁੰਦੀਆਂ ਹਨ। ਈਟੀਏਸ ਵਿੱਚ 200 ਤੋਂ ਵੱਧ ਸਥਾਈ ਕਰਮਚਾਰੀ ਹਨ ਪਰ ਐਨਟੀਏ ਦਾ ਦਿੱਲੀ ਦਫਤਰ ਕਰੀਬ ਦੋ ਦਰਜਨ ਸਥਾਈ ਕਰਮਚਾਰੀਆਂ ਤੇ ਹੀ ਨਿਰਭਰ ਹੈ। ਇਸ ਵਿੱਚ ਜ਼ਿਆਦਾ ਕਰਮਚਾਰੀ ਸਰਕਾਰੀ ਵਿਭਾਗਾਂ ਤੋਂ ਡੈਪੂਟੇਸ਼ਨ ਤੇ ਆਏ ਹਨ ⇩ ਅਧਿਕਾਰੀ ਅਤੇ ਠੇਕੇ ਤੇ ਅਸਥਾਈ ਕਰਮਚਾਰੀ ਹਨ। ਕਰਮਚਾਰੀਆਂ ਦੀ ਕਮੀ ਦੇ ਕਾਰਨ ਪਰਚਾ ਬਣਾਉ, ਵੰਡ ਅਤੇ ਡੇਟਾ ਸੁਰੱਖਿਆ ਵਰਗੇ ਅਹਿਮ ਕੰਮ ਨਿੱਜੀ ਟੈਕਨੋਲੋਜੀ ਏਜੰਸੀਆਂ ਅਤੇ ਹੋਰ ਬਾਹਰੀ ਮਾਹਰਾਂ ਨੂੰ ਸੌਂਪੇ ਜਾਂਦੇ ਹਨ। 2023 ਵਿੱਚ ਐਨਟੀਏ ਨੇ ਮੈਨ ਪਾਵਰ ਆਊਟਸੋਰਸ ਕਰਨ ਲਈ ਅਰਜ਼ੀਆਂ ਮੰਗੀਆਂ ਸਨ। ਐਨਟੀਏ ਦੇ ਤਹਿਤ ਐਮਬੀਬੀਐਸ ਬੀਡੀਐਸ ਤੇ ਆਯੂਸ਼ (ਬੀਐਮਐਸ, ਬੀਯੂਐਮਐਸ, ਬੀਐਚਐਮਐਸ) ਦਾਖਲਿਆਂ ਲਈ ਕੁੱਲ ਹਿੰਦ ਭਾਰਤੀ ਦਾਖਲਾ ਪ੍ਰੀਖਿਆ (ਨੀਟ–ਯੂਜੀ) ਸਾਂਝੀ ਦਾਖਲਾ ਪ੍ਰੀਖਿਆ (ਜੇਈਈ), ਮੁੱਖ ਸਾਂਝੀ ਯੂਨੀਵਰਸਟੀ ਦਾਖਲਾ ਪ੍ਰੀਖਿਆ (ਸੀਯੂਟੀ), ਆਮ ਪ੍ਰਬੰਧਕੀ ਦਾਖਲਾ ਪ੍ਰੀਖਿਆ (ਸੀਐਮਟੀ) ਵਗੈਰਾ ਹਨ। ਐਂਨਟੀਏ ਸਾਲ ਵਿੱਚ 15 ਦਾਖਲਾ ਅਤੇ ਫੈਲੋਸ਼ਿਪ ਪ੍ਰੀਖਿਆਵਾਂ ਆਯੋਜਿਤ ਕਰਦੀ ਹੈ। ਇਹ ਚੀਨ ਦੇਗਾਓਕਾਓ ਤੋਂ ਬਾਅਦ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਪ੍ਰੀਖਿਆ ਆਯੋਜਕ ਸਮੂਹ ਹੈ। 2023 ਵਿੱਚ ਐਨਟੀਏ ਦੇ ਤਹਿਤ ਆਯੋਜਿਤ ਸਾਰੀਆਂ ਪ੍ਰੀਖਿਆਵਾਂ ਲਈ 1.23 ਕਰੋੜ ਤੇ ਜ਼ਿਆਦਾ ਉਮੀਦਵਾਰ ਸਨ। ਜਾਹਿਰ ਹੈ ਕਿ ਉਸ ਦੇ ਅਧਿਕਾਰ ਤੇ ਕੰਮ ਕਾਜ ਦਾ ਪੈਮਾਨਾ ਵਿਸ਼ਾਲ ਹੈ। ਹਾਲ ਹੀ ਵਿੱਚ ਵਿਵਾਦਾਂ ਵਿੱਚ ਘਿਰੀ ਇਹ ਏਜੰਸੀ ਦੀ ਕਾਬਲੀਅਤ ਨੂੰ ਲੈ ਕੇ ਗਹਿਰੇ ਸ਼ੱਕੇ ਪੈਦਾ ਹੋ ਗਏ ਹਨ। ਇਸ ਦਾ ਵਿਆਪਕ ਤੇ ਦੂਰਗਾਮੀ ਅਸਰ ਵੀ ਹੋ ਸਕਦਾ ਹਨ, ਕਿਉਂਕਿ ਕੇਂਦਰੀ ਸਿਹਤ ਮੰਤਰਾਲਿਆਂ ਨੇ ਦੇਸ਼ ਵਿੱਚ ਪੋਸਟ ਗ੍ਰੈਜੂਏਟਸ ਦਾਖਲਾ ਪ੍ਰੀਖਿਆ ਤੇ ਪ੍ਰੀਖਿਆ ਨੂੰ ਮਾਣਕ੍ਰਿਤ ਕਰਨ ਲਈ 1975 ਵਿੱਚ ਗਠਿਤ ਰਾਸ਼ਟਰੀ ਪ੍ਰੀਖਿਆ ਬੋਰਡ ਦੇ ਤਹਿਤ ਅਯੋਜਿਤ ਹੁੰਦੀ ਨੀਟ–ਯੂਜੀ ਦੀ ਪ੍ਰੀਖਿਆ ਵੀ ਮੁਲਤਵੀ ਕਰ ਦਿੱਤੀ ਹੈ।

ਦਰਅਸਲ ਐਨਟੀਏ ਸ਼ੁਰੂ ਤੋਂ ਹੀ ਸਵਾਲਾਂ ਦੇ ਵਿੱਚ ਘਿਰਣ ਲੱਗੀ ਹੈ। ਬਿਲਕੁਲ ਪਹਿਲੇ ਹੀ ਸਾਲ ਪ੍ਰਸ਼ਨ ਪੱਤਰ ਲੀਕ ਹੋਣ ਦੇ ਦੋਸ਼ਾਂ ਨੂੰ ਲੈ ਕੇ ਕਰਨਾਟਕਾ ਵਿੱਚ ਨੀਟ–ਯੂਜੀ ਦਾ ਪ੍ਰੋਗਰਾਮ ਬਦਲਣਾ ਪਿਆ ਸੀ। ਤਕਰੀਬਨ ਹਰ ਸਾਲ ਮੈਡੀਕਲ ਅਤੇ ਇੰਜੀਨੀਅਰਿੰਗ ਦੋਨਾਂ ਦੀ ਦਾਖਲਾ ਪ੍ਰੀਖਿਆ ਵਿੱਚ ਕੋਈ ਨਾ ਕੋਈ ਗੜਬੜੀ ਹੁੰਦੀ ਰਹਿੰਦੀ ਹੈ। ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਨਵੀਂ ਸਰਕਾਰ ਦੇ ਲਈ ਤਾਂ ਇਹ 'ਸਿਰ ਮਨਾਉਂਦੇ ਹੀ ਗੜੇ ਪੈਣ' ਵਾਲੀ ਗੱਲ ਹੋਈ ਪਈ ਹੈ। ਕਥਿਤ ਨੀਟ ਧਾਂਧਲੀ ਅਤੇ ਐਨਟੀਏ ਦੇ ਖਿਲਾਫ ਸੜਕਾਂ ਤੇ ਮੁਜਾਹਰੇ ਅਤੇ ਸੋਸ਼ਲ ਮੀਡੀਆ ਗੁੱਸੇ ਨਾਲ ਭਰਿਆ ਪਿਆ ਹੈ। ਨਰਾਜ਼ ਨੌਜਵਾਨਾਂ ਨੇ ਦਿੱਲੀ ਵਿੱਚ ਐਨਟੀਏ ਦੇ ਦਫਤਰ ਤੇ ਤਾਲਾ ਜੜ ਦਿੱਤਾ ਹੈ। ਸਿੱਖਿਆ ਮੰਤਰਾਲੇ ਤੇ ਵੀ ਮੁਜਾਹਰਿਆਂ ਦਾ ਸਿਲਸਿਲਾ ਚੱਲੀ ਜਾ ਰਿਹਾ ਹੈ। ਜੰਤਰ ਮੰਤਰ ਤਾਂ ਗੁਲਜਾਰ ਹੈ ਹੀ। ਨੀਟ ਰਦ ਕਰਨ ਦੇ ਲਈ ਸੁਪਰੀਮ ਕੋਰਟ ਵਿੱਚ ਕਈ ਪਟੀਸ਼ਨਾਂ ਪਹੁੰਚ ਗਈਆਂ ਹਨ। ਐਨਟੀਏ ਦੀ ਬਦ ਇੰਤਜ਼ਾਮੀ ਤੇ ਸਵਾਲ ਉਠਾਏ ਗਏ ਹਨ। ਸਰਕਾਰ ਭਾਵੇਂ ਸ਼ੁਰੂ ਵਿੱਚ ਨੀਟ ਵਿੱਚ ਪ੍ਰਸ਼ਨ ਪੱਤਰ ਲੀਕ ਹੋਣ ਦੇ ਦੋਸ਼ਾਂ ਨੂੰ ਮੰਨਣ ਲਈ ਤਿਆਰ ਨਹੀਂ ਸੀ ਪਰ ਸਿੱਖਿਆ ਮੰਤਰੀ ਨੇ ਪਹਿਲਾਂ ਹੀ ਇਸ ਅਨਿਯਮਤਾਂਵਾਂ ਤੋਂ ਇਨਕਾਰ ਕਰ ਦਿੱਤਾ ਸੀ ਪਰ ਜਦ ਬਿਹਾਰ ਪੁਲਿਸ ਦੀ ਆਰਥਿਕ ਅਪਰਾਧ ਦੀ ਰਿਪੋਰਟ ਵਿੱਚ ਪ੍ਰਸ਼ਨ ਪੱਤਰ ਲੀਕ ਹੋਣ ਦੀ ਗੱਲ ਸਾਹਮਣੇ ਆ ਗਈ ਤਾਂ ਕੇਂਦਰ ਨੇ ਸੀਬੀਆਈ ਜਾਂਚ ਦਾ ਹੁਕਮ ਦੇ ਦਿੱਤਾ ਅਤੇ ਨਾਲ ਹੀ ਉਹਨਾਂ ਨੇ ਐਂਟੀਏ ਦੀ ਵਿਵਾਦ ਗ੍ਰਸਤ ਨਿਕਾਮੀ ਨੂੰ ਮੰਨਿਆ ਅਤੇ ਏਜੰਸੀ ਦੇ ਕੰਮ ਕਾਜ ਤੇ ਪ੍ਰੀਖਿਆ ਦੇ ਸੁਧਾਰ ਲਈ ਸਿਫਾਰਿਸ਼ਾਂ ਲਈ ਭਾਰਤੀ ਖੋਜ ਸੰਗਠਨ ਦੇ ਸਾਬਕਾ ਚੇਅਰਮੈਨ ਕੇ. ਰਾਧਾਕ੍ਰਿਸ਼ਨ ਦੀ ਅਗਵਾਈ ਵਿੱਚ ਉਚਪੱਧਰੀ ਸੰਮਤੀ ਦਾ ਐਲਾਨ ਕਰ ਦਿੱਤਾ, ਜਿਸ ਨੇ ਦੋ ਮਹੀਨੇ ਚ ਰਿਪੋਰਟ ਦੇਣੀ ਹੈ ਅਤੇ ਉਸ ਦੀ ਥਾਂ ਦੂਜੇ ਅਫਸਰ ਪ੍ਰਦੀਪ ਸਿੰਘ ਕਰੋਲਾ ਨੂੰ ਲਾਇਆ ਗਿਆ ਹੈ। ਨੀਟ ਅਤੇ ਯੂਜੀਸੀ–ਨੈਟ ਤੇ ਸਾਰੇ ਦੋਸ਼ਾਂ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨੇ ਵੀ ਸੰਸਦ ਵਿੱਚ ਵੀ ਕਿਹਾ ਹੈ ਕਿ ਕਿਸੇ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਕੇਂਦਰ ਸਰਕਾਰ ਨੇ ਹਾਲ ਹੀ ਵਿੱਚ ਜਨਤਕ ਪ੍ਰੀਖਿਆ (ਅਨੁਚਿਤ ਸਾਧਨਾਂ ਦੀ ਰੋਕਥਾਮ) ਅਤੇ ਨਿਯਮ 2024 ਪਾਸ ਕਰ ਦਿੱਤਾ ਹੈ ਜਿਸ ਵਿੱਚ ਪ੍ਰਸ਼ਨ ਪੱਤਰ ਜਾਂ ਉੱਤਰ ਲੀਕ ਕਰਨ ਸਮੇਤ 15 ਕੰਮਾਂ ਨੂੰ ਗੈਰ ਕਾਨੂੰਨੀ ਦੱਸਿਆ ਗਿਆ ਹੈ। ਅਪਰਾਧੀਆਂ ਨੂੰ 10 ਸਾਲ ਤੱਕ ਦੀ ਜੇਲ ਅਤੇ ਇੱਕ ਕਰੋੜ ਰੁਪਏ ਦਾ ਜੁਰਮਾਨਾ ਹੋ ਸਕਦਾ ਹੈ ਨਵੇਂ ਕਾਨੂੰਨ ਦੇ ਨਿਯਮ 21 ਜੂਨ ਨੂੰ ਨੋਟੀਫਾਈ ਕੀਤੇ ਗਏ। ਇਸ ਪ੍ਰੀਖਿਆ ਵਿੱਚ ਅਨੇਕਾਂ ਅਨਿਯਮਤਾਵਾਂ ਪਾਈਆਂ ਗਈਆਂ। ਨੀਟ–2024 ਵਿੱਚ ਸਭ ਤੋਂ ਪਹਿਲਾਂ ਤਾਂ ਰਜਿਸਟਰੇਸ਼ਨ ਵਿੰਡੋ ਨੂੰ ਵਧਾਇਆ ਗਿਆ। ਇੱਕ ਮਹੀਨੇ ਤੱਕ ਚੱਲੀ ਪ੍ਰਕਿਰਿਆ ਬੰਦ ਹੋਣ ਤੋਂ ਪਿੱਛੋਂ ਵੀ ਇਸ ਨੂੰ ਦੋ ਵਾਰ ਵਧਾਇਆ ਗਿਆ। ਇਸ ਨਾਲ ਕੁਝ ਉਮੀਦਵਾਰਾਂ ਨੂੰ ਵੀ ਫਾਇਦਾ ਹੋਣ ਦਾ ਸ਼ਕ ਜਤਾਇਆ ਗਿਆ। ਦਰਅਸਲ ਟਾਪਰਾਂ ਨੇ ਇਸੇ ਵਧੇ ਹੋਏ ਅਰਸੇ ਦੇ ਦੌਰਾਨ ਆਪਣੀ ਰਜਿਸਟਰੇਸ਼ਨ ਕਰਵਾਈ ਸੀ ਫਿਰ ਅਚਾਨਕ 14 ਜੂਨ ਦੀ ਬਜਾਏ 4 ਜੂਨ ਨੂੰ ਹੀ ਨਤੀਜੇ ਐਲਾਨ ਦਿੱਤੇ ਗਏ ਉਸੇ ਦਿਨ ਆਮ ਚੋਣਾਂ ਦੇ ਨਤੀਜੇ ਆਏ ਸਨ। ਇਸ ਕਰਕੇ ਹਲਕਿਆਂ ਵਿੱਚ ਸ਼ੱਕ ਪੈਦਾ ਹੋ ਗਿਆ ਕਿ ਆਮ ਚੋਣਾਂ ਦੇ ਐਲਾਨ ਦੀ ਤਰੀਕ ਹੀ ਪ੍ਰੀਖਿਆ ਦੇ ਨਤੀਜੇ ਐਲਾਨਣ ਦੀ ਤਰੀਕ ਹੋਈ ਗੜਬੜ ਨੂੰ ਢੱਕਣ ਲਈ ਚੁਣੀ ਗਈ। ਟਾਪਰਾਂ ਦੀ ਗਿਣਤੀ ਵੀ ਕਾਫੀ ਜਿਆਦਾ ਹੋ ਗਈ, ਜਿਸ ਵਿੱਚ ਛੇ ਦੀ ਸੀਟ ਸੰਖਿਆ ਇਕ ਹੀ ਕਰਮ ਵਿੱਚ ਸੀ ਅਤੇ ਉਹਨਾਂ ਨੇ ਹਰਿਆਣੇ ਦੇ ਬਹਾਦਰਗੜ੍ਹ ਸਥਿਤ ਇੱਕ ਪ੍ਰੀਖਿਆ ਕੇਂਦਰ ਵਿੱਚ ਇਮਤਿਹਾਨ ਦਿੱਤਾ ਸੀ। ਫਿਰ ਇੱਕ ਸਥਾਨਕ ਭਾਜਪਾ ਯੁਵਾ ਇਕਾਈ ਪ੍ਰਧਾਨ ਦੀ ਪਤਨੀ ਉਸੇ ਕੇਂਦਰ ਦੀ ਸੰਚਾਲਕ ਨਿਕਲੀ। ਉਥੇ ਪ੍ਰੀਖਿਆ ਦੇ ਦਿਨ ਕਾਫੀ ਸ਼ੋਰ–ਸ਼ਰਾਬਾ ਹੋਇਆ ਅਤੇ ਗਲਤ ਪ੍ਰੀਖਿਆ ਪੱਤਰ ਵੰਡਣ ਕਾਰਨ ਪ੍ਰੀਖਿਆ ਸ਼ੁਰੂ ਹੋਣ ਵਿੱਚ ਕਾਫੀ ਦੇਰ ਹੋਈ। ਉਜਾਗਰ ਹੋਇਆ ਕਿ ਪ੍ਰੀਖਿਆ ਵਿੱਚ ਟੌਪ ਕਰਨ ਵਾਲੇ ਕੁਝ ਵਿਦਿਆਰਥੀਆਂ ਨੇ ਬੋਰਡ ਪ੍ਰੀਖਿਆ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਸੀ, ਇਸ ਨਾਲ ਨੀਟ ਵਿੱਚ ਉਹਨਾਂ ਦੇ ਅੱਛੇ ਨੰਬਰ ਆਉਣ ਤੇ ਸ਼ੱਕ ਪੈਦਾ ਹੋ ਗਿਆ। ਇਹ ਹੀ ਨਹੀਂ ਐਨਟੀਏ ਨੇ ਕੁਝ ਵਿਦਿਆਰਥੀਆਂ ਨੂੰ ਮਨਮਾਨੇ ਢੰਗ ਨਾਲ ਗਰੇਸ ਮਾਰਕਸ ਦਿੱਤੇ ਤਾਂ ਸਵਾਲ ਹੋਰ ਵੀ ਗੰਭੀਰ ਹੋ ਗਏ। ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਈ ਗਈ ਤਾਂ 1563 ਵਿਦਿਆਰਥੀਆਂ ਦੀ ਦੁਬਾਰਾ ਪ੍ਰੀਖਿਆ ਆਯੋਜਿਤ ਕੀਤੀ ਗਈ ਪਰ ਦੁਬਾਰਾ ਪ੍ਰੀਖਿਆ ਦੇ ਲਈ ਇਸ ਵਿੱਚੋਂ ਸਿਰਫ 52 ਫੀਸਦੀ ਵਿਦਿਆਰਥੀ ਹੀ ਪਹੁੰਚੇ। ਹੁਣ ਉਹਨਾਂ ਦੀ ਨਤੀਜੇ ਆਏ ਤਾਂ ਉਹਨਾਂ ਦੇ ਰੈਂਕ ਕੁਝ ਘੱਟ ਗਏ ਹਨ।

ਇਨ੍ਹਾਂ ਨਤੀਜਿਆਂ ਦਾ ਕੋਚਿੰਗ ਕੁਨੈਕਸ਼ਨ ਵੀ ਹੈ। ਕਈ ਰਾਜਾਂ ਗੁਜਰਾਤ ਰਾਜਸਥਾਨ ਬਿਹਾਰ ਵਿੱਚ ਧਾਂਦਲੀ ਦੀਆਂ ਖਬਰਾਂ ਆਈਆਂ ਹਨ ਗੁਜਰਾਤ ਬਿਹਾਰ ਅਤੇ ਮਹਾਰਾਸ਼ਟਰ ਵਿੱਚ ਪਰਚੇ ਲੀਕ ਤੇ ਹੋਰ ਧਾਂਦਲੀਆਂ ਦੇ ਦੋਸ਼ਾਂ ਵਿੱਚ ਕਰੀਬ ਦੋ ਦਰਜਨ ਲੋਕਾਂ ਨੂੰ ਫੜਿਆ ਗਿਆ ਹੈ। ਇਸ ਪੂਰੇ ਘਟਨਾਕਰਮ ਨੇ ਪ੍ਰੀਖਿਆਵਾਂ ਵਿੱਚ ਧਾਂਦਲੀ ਕਰਨ ਦੇ ਦੇਸ਼ ਭਰ ਵਿੱਚ 58 ਹਜ਼ਾਰ ਕਰੋੜ ਰੁਪਏ ਦੇ ਕੋਚਿੰਗ ਉਦਯੋਗ ਦੀ ਸ਼ੱਕੀ ਭੂਮਿਕਾ ਤੇ ਵੀ ਸੁਆਲ ਖੜਾ ਹੋ ਗਿਆ ਹੈ। ਕੁਝ ਅੰਕੜਿਆਂ ਮੁਤਾਬਕ 2018 ਵਿੱਚ ਐਨਟੀਏ ਦੇ ਕੰਮਕਾਜ ਸੰਭਾਲਣ ਦੇ ਪਿੱਛੋਂ ਤਕਰੀਬਨ 6000 ਕੋਚਿੰਗ ਸੈਂਟਰ ਉੱਘ ਆਏ ਹਨ। ਹਰਿਆਣਾ ਬਿਹਾਰ ਮਹਾਰਾਸ਼ਟਰ ਝਾਰਖੰਡ ਤੇ ਕਰਨਾਟਕਾ ਦੇ ਕਈ ਵਿਦਿਆਰਥੀ ਨੀਟ ਪ੍ਰੀਖਿਆ ਦੇਣ ਲਈ ਦੂਰ ਦੁਰਾਡੇ ਗੋਧਰਾ ਦੇ ਕਈ ਅਣਜਾਣੇ ਕੇਂਦਰਾਂ ਵਿੱਚ ਪਹੁੰਚੇ ਸਨ, ਜੋ ਮੀਲਾਂ ਦੂਰ ਸਨ। ਇਸ ਮਾਮਲੇ ਵਿੱਚ ਸ਼ੱਕ ਦੇ ਘੇਰੇ ਵਿੱਚ ਬੜੋਦਰਾ ਵਿੱਚ ਪਰਸ਼ੂ ਰਾਮ ਰਾਏ ਦਾ ਕੋਚਿੰਗ ਸੈਂਟਰ,ਰਾਏ ਓਵਰਸੀਜ਼ ਪ੍ਰੀਖਿਆ ਦਾ ਕੇਂਦਰ, ਗੋਧਰਾ ਸਥਿਤ ਜੈ ਜਲਾ ਰਾਮ ਸਕੂਲ ਦੇ ਪ੍ਰਿੰਸੀਪਲ ਪਰਸ਼ੋਤਮ ਸ਼ਰਮਾ ਅਤੇ ਸਕੂਲ ਵਿੱਚ ਪ੍ਰੀਖਿਆ ਕੇਂਦਰ ਦੇ ਲਈ ਤਹਿ ਪ੍ਰਭਾਰੀ ਅਧਿਆਪਕ ਤੁਸ਼ਾਰ ਭੱਟ ਹਨ। ਧਾਂਧਲੀ ਦਾ ਤਰੀਕਾ ਇਹ ਸੀ ਕਿ ਸੰਬੰਧਿਤ ਵਿਦਿਆਰਥੀ ਓਐਮਆਰ ਸੀਟ ਤੇ ਉਹੀ ਜਵਾਬ ਲਿਖਣ ਜੋ ਉਨ੍ਹਾਂ ਨੂੰ ਆਉਂਦੇ ਸਨ, ਬਾਕੀ ਸਵਾਲਾਂ ਦੇ ਜਵਾਬ ਸਿੱਖਿਅਕ ਖੁਦ ਭਰ ਲੈਂਦੇ ਸਨ। ਗੁਜਰਾਤ ਪੁਲਿਸ ਨੇ ਪਾਇਆ ਕਿ ਦੇਸ਼ ਭਰ ਵਿੱਚ ਘੱਟੋ ਘੱਟ 26 ਵਿਦਿਆਰਥੀਆਂ ਨੇ ਨੀਟ ਪਾਸ ਕਰਨ ਦੇ ਲਈ 10 ਲੱਖ ਰੁਪਏ ਤੋਂ ਲੈ ਕੇ 66 ਲੱਖ ਰੁਪਏ ਤੱਕ ਦਿੱਤੇ ਸਨ। ਇਹ ਪ੍ਰੀਖਿਆਵਾਂ ਕਮਾਈ ਦਾ ਸਾਧਨ ਬਣੀਆਂ ਹੋਈਆਂ ਹਨ। ਨੀਟ ਤੇ ਜੇਈਈ ਮੇਨ ਦੀ ਮੈਡੀਕਲ ਤੇ ਇੰਜੀਨੀਅਰਿੰਗ ਡਿਗਰੀ ਦੇਸ਼ ਵਿੱਚ ਸੁਰੱਖਿਤ ਆਰਥਿਕ ਭਵਿੱਖ ਦੀ ਚਾਬੀ ਮੰਨੀ ਜਾਂਦੀ ਹੈ। ਇੰਜਨੀਰਿੰਗ ਦੀ ਡਿਗਰੀ ਦੇ ਮੁਕਾਬਲੇ ਐਮਬੀਬੀਐਸ ਦੀ ਸੀਟ ਵੱਧ ਲਭਾਉਣੀ ਹੈ ਕਿਉਂਕਿ ਨੌਕਰੀ ਨਾ ਮਿਲੀ ਤਾਂ ਵੀ ਡਾਕਟਰ ਆਪਣੀ ਪ੍ਰੈਕਟਿਸ ਨਾਲ ਕਮਾਈ ਕਰ ਸਕਦੇ ਹਨ, ਹਾਲਾਂਕਿ ਦੇਸ਼ ਵਿੱਚ ਮੈਡੀਕਲ ਸੀਟਾਂ ਦੀ ਗਿਣਤੀ ਸੀਮਤ ਹੈ। ਇਸ ਸਾਲ ਵੀ 1 ਲੱਖ ਦੇ ਕਰੀਬ ਮੈਡੀਕਲ ਸੀਟਾਂ ਹਨ,ਜਿਨਾਂ ਵਿੱਚੋਂ ਸਿਰਫ ਅੱਧੀਆਂ ਸਰਕਾਰੀ ਮੈਡੀਕਲ ਖੋਜਾਂ ਵਿੱਚ ਹਨ। ਇਹਨਾਂ ਦੇ ਲਈ 23 ਲੱਖ ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ। ਇਸ ਦੇ ਉਲਟ ਦੇਸ਼ ਵਿੱਚ ਇੰਜਨੀਰਿੰਗ ਸੀਟਾਂ ਦੀ ਗਿਣਤੀ 10 ਲੱਖ ਤੋਂ ਜਿਆਦਾ ਹੈ ਜੋ ਮੈਡੀਕਲ ਸੀਟਾਂ ਦੀ ਤੁਲਣਾ ਵਿੱਚ ਕਰੀਬ 10 ਗੁਣਾ ਵੱਧ ਹੈ। ਨੀਟ ਵਿੱਚ ਟੌਪ ਰੈਂਕ ਦੇ ਅਧਾਰ ਤੇ ਹੀ ਵਿਦਿਆਰਥੀ ਸਰਕਾਰੀ ਮੈਡੀਕਲ ਕਾਲਜਾਂ ਚ ਦਾਖਲਾ ਪਾਉਂਦੇ ਹਨ ਜਿੱਥੇ ਨਿਜੀ ਕਾਲਜਾਂ ਨਾਲੋਂ ਬੇਹਦ ਘੱਟ ਫੀਸ ਹੁੰਦੀ ਹੈ। ਸਰਕਾਰੀ ਕਾਲਜਾਂ ਵਿੱਚ ਸਲਾਨਾ ਫੀਸ 1500 ਤੇ ਵੱਧ ਤੋਂ ਵੱਧ 25–30 ਹਜਰ ਰੁਪਏ ਹੁੰਦੀ ਹੈ। ਜਦਕਿ ਨਿੱਜੀ ਕਾਲਜਾਂ ਵਿੱਚ ਇਹ 2 ਤੋਂ 10 ਲੱਖ ਰੁਪਏ ਤੱਕ ਹੁੰਦੀ ਹੈ। ਕੁਝ ਲੋਕਾ ਦਾ ਕਹਿਣਾ ਹੈ ਕਿ ਨੀਟ ਵਿੱਚ ਧਾਂਦਲੀ ਦਾ ਸ਼ੱਕ ਇਸ ਲਈ ਦੀ ਇਸ ਲਈ ਵੀ ਜ਼ਿਆਦਾ ਹੈ ਕਿਉਂਕਿ ਇਹ ਪ੍ਰੀਖਿਆ ਕਾਗਜ ਕਲਮ ਨਾਲ ਹੁੰਦੀ ਹੈ ਜਦ ਕਿ ਜੇਈਈ ਮੇਨ ਕੰਪਿਊਟਰ ਅਧਾਰਤ ਪ੍ਰੀਖਿਆ ਹੈ ਹਾਲਾਂ ਕਿ ਉਸ ਵਿੱਚ ਵੀ ਕਈ ਵਾਰ ਤਕਨੀਕੀ ਗੜਬੜਾਂ ਅਤੇ ਨਕਲ ਦੀ ਸੰਭਾਵਨਾ ਰਹਿੰਦੀ ਹੈ। ਐਨਟੀਏ ਨੇ 2018 ਵਿੱਚ ਹੀ ਨੀਟ ਨੂੰ ਕੰਪਿਊਟਰ ਮੋਡ ਨਾਲ ਕਰਵਾਉਣ ਦਾ ਪ੍ਰਸਤਾਵ ਦਿੱਤਾ ਸੀ ਪਰ ਸਿਹਤ ਮੰਤਰਾਲਿਆ ਨੇ ਇਤਰਾਜ਼ ਲਾਇਆ ਕਿ ਇਹ ਵਿਹਾਰਿਕ ਨਹੀਂ ਹੈ। ਮੰਤਰਾਲਿਆ ਦੀ ਚਿੰਤਾ ਇਹ ਸੀ ਕਿ ਇਸ ਨਾਲ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਲਈ ਪ੍ਰੀਖਿਆ ਦੇਣੀ ਮੁਸ਼ਕਿਲ ਹੋ ਜਾਵੇਗੀ। ਜਿਨ੍ਹਾਂ ਪਾਸ ਕੰਪਿਊਟਰ ਤੇ ਇੰਟਰਨੈਟ ਤੱਕ ਦੀ ਪਹੁੰਚ

ਨਹੀਂ ਹੈ। ਜੇਈਈ ਵਿੱਚ 14 ਲੱਖ ਵਿਦਿਆਰਥੀ ਬੈਠਦੇ ਹਨ ਅਤੇ ਉਸ ਦਾ ਆਯੋਜਨ ਸਾਲ ਵਿੱਚ ਦੋ ਵਾਰ ਹੁੰਦਾ ਹੈ। ਇੱਕ ਪੱਧਰ ਤੇ ਪੰਜ ਛੇ ਦਿਨ ਤੱਕ ਪ੍ਰੀਖਿਆ ਚਲਦੀ ਹੈ। ਨੀਟ ਦੀ ਪੰਜ ਮਈ ਨੂੰ ਹੋਈ ਪ੍ਰੀਖਿਆ ਤੋਂ ਕੁਝ ਦਿਨ ਪਹਿਲਾਂ ਇੱਕ ਵੀਡੀਓ ਵਿੱਚ ਇੱਕ ਨਿਕਾਬਪੋਸ਼ ਵਿਅਕਤੀ ਨੇ ਦਾਅਵਾ ਕੀਤਾ ਸੀ ਕਿ ਪ੍ਰਸ਼ਨ ਪੱਤਰ ਪ੍ਰਿੰਟਿੰਗ ਪ੍ਰੈਸ ਤੋਂ ਲੀਕ ਹੋਏ ਹਨ, ਪਰ ਜ਼ਿਆਦਾਤਰ ਦੀ ਰਾਇ ਹੈ ਕਿ ਪ੍ਰਸ਼ਨ ਲੀਕ ਵੱਖ ਵੱਖ ਕੇਂਦਰਾਂ ਤੱਕ ਉਹਨਾਂ ਦੇ ਪਹੁੰਚਣ ਅਤੇ ਉੱਤਰ ਸ਼ੀਟ ਵਾਪਸ ਐਨਟੀਏ ਤੱਕ ਪਹੁੰਚਣ ਦੇ ਵਿਚਕਾਰ ਹੋਏ ਹਨ। 2024 ਵਿੱਚ ਪਰਚਾ 4750 ਕੇਂਦਰਾਂ ਤੱਕ ਪਹੁੰਚਾਇਆ ਜਾਣਾ ਸੀ। ਪਰਚਾ ਲੀਕ ਹੋਣ ਦੀ ਦੂਸਰੀ ਵਜਹ ਪ੍ਰੀਖਿਆ ਕੇਂਦਰ ਹੋ ਸਕਦੇ ਹਨ। ਇਸ ਵਾਰ ਨੀਂਟ ਦੀ ਪ੍ਰੀਖਿਆ ਦੇ ਦਿਨ ਥਰਡ ਪਾਰਟੀ ਦੀ ਨਿਗਰਾਨੀ ਵਿੱਚ ਕਈ ਕੇਂਦਰਾਂ ਤੇ ਕਈ ਤਰ੍ਹਾਂ ਦੀਆਂ ਖਾਮੀਆਂ ਪਾਈਆਂ ਗਈਆਂ। 399 ਪ੍ਰੀਖਿਆ ਕੇਂਦਰਾਂ ਵਿੱਚ 186 ਤੇ ਹਰ ਪ੍ਰੀਖਿਆ ਕੇਂਦਰ ਵਿੱਚ ਦੋ ਸੀਸੀਟੀਵੀ ਕੈਮਰੇ ਨਹੀਂ ਲੱਗੇ ਸਨ ਜੋ ਕਿ ਲਾਜ਼ਮੀ ਸਨ। ਇਹਨਾਂ ਕੇਂਦਰਾਂ ਤੋਂ ਲਾਈਵ ਫੀਡ ਦਿੱਲੀ ਦੇ ਐਨਟੀਏ ਮੁੱਖ ਦਫਤਰ ਦੇ ਕੇਂਦਰੀ ਕੰਟਰੋਲ ਸੈਲ ਵਿੱਚ ਪਹੁੰਚਾਉਣੀ ਚਾਹੀਦੀ ਸੀ ਜਿਸ ਦੀ ਨਿਗਰਾਨੀ ਮਾਹਰਾਂ ਦੀ ਇੱਕ ਟੀਮ ਕਰਦੀ ਹੈ। 68 ਪ੍ਰੀਖਿਆ ਕੇਂਦਰਾਂ ਤੇ ਸਟਰਾਂਗ ਰੂਮ ਬਿਨਾਂ ਕਿਸੇ ਕਿਸੇ ਗਾਰਡ ਦੇ ਸੀ।

83 ਕੇਂਦਰਾਂ ਤੇ ਸਟਾਫ ਜਾਂ ਬਾਓਮੈਟਰਿਕ ਡਾਟਾ ਸੰਬੰਧਿਤ ਕੇਂਦਰ ਦੇ ਲਈ ਤੈਅ ਕਰਨ ਦੀਆਂ ਤਿਆਰੀਆਂ ਤੋਂ ਨਾਲ ਮੇਲ ਨਹੀਂ ਖਾਂਦਾ ਸੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਏਜੰਸੀ ਦੇ ਸੁਰੱਖਿਆ ਪ੍ਰੋਟੋਕੋਲ ਤੇ ਸੰਗਠਿਤ ਸਾਈਬਰ ਹਮਲੇ ਦਾ ਸ਼ੱਕ ਹੈ ਅਤੇ ਇੱਕ ਤਰ੍ਹਾਂ ਦੀ ਪਹੁੰਚ 'ਬਲੈਕ ਬਾਕਸ' ਤੱਕ ਹੋ ਸਕਦੀ ਹੈ ਜਿੱਥੇ ਪ੍ਰਸ਼ਨ ਪੱਤਰ ਰੱਖੇ ਜਾਂਦੇ ਹਨ।

ਨੀਟ ਪ੍ਰੀਖਿਆ ਸੰਘੀ ਵਿਵਸਥਾ ਤੇ ਵੀ ਖਿਲਾਫ ਹੈ।

ਐਨਟੀਏ ਤੋਂ ਪਹਿਲਾਂ ਦੇਸ਼ ਵਿੱਚ ਮੈਡੀਕਲ ਤੇ ਇੰਜੀਨੀਅਰਿੰਗ ਪ੍ਰੀਖਿਆਵਾਂ ਕੇਂਦਰੀ ਮਾਧਵਿਕ ਬੋਰਡ (ਸੀਬੀਐਸਈ) ਆਯੋਜਿਤ ਕਰਦਾ ਸੀ ਕੌਮੀ ਪੱਧਰ ਦੀ ਦਾਖਲਾ ਪ੍ਰੀਖਿਆ ਦੇ ਨਾਲ ਨਾਲ ਰਾਜਾਂ ਦੀਆਂ ਮੈਡੀਕਲ ਦਾਖਲਾ ਪ੍ਰੀਖਿਆਵਾਂ ਹੋਇਆ ਕਰਦੀਆਂ ਸਨ। ਏਆਈਪੀਐਮਟੀ ਪਾਸ ਕਰਨ ਵਾਲਾ ਵਿਦਿਆਰਥੀ ਕੇਂਦਰ ਸਰਕਾਰ ਦੇ ਤਹਿਤ ਮੈਡੀਕਲ ਕਾਲਜਾਂ 'ਚ ਸਿੱਧੇ ਦਾਖਲਾ ਲੈ ਸਕਦਾ ਸੀ ਅਤੇ ਹਰ ਰਾਜ ਦੇ ਮੈਡੀਕਲ ਕਾਲਜ ਵਿੱਚ ਗੈਰ ਨਿਵਾਸੀ ਵਿਦਿਆਰਥੀਆਂ ਲਈ 15 ਫੀਸਦੀ ਦਾ ਕੋਟਾ ਹੋਇਆ ਕਰਦਾ ਸੀ। ਸਮੇਂ ਦੇ ਨਾਲ ਇਸ ਪ੍ਰਣਾਲੀ ਵਿੱਚ ਕਈ ਵਿਗਾੜ ਸਾਹਮਣੇ ਆਏ, ਜਿਨ੍ਹਾਂ ਨੂੰ ਦੂਰ ਕਰਨ ਦੇ ਲਈ ਨੀਟ ਦੇ ਬਾਰੇ ਸੋਚਿਆ ਗਿਆ। ਕਈ ਇਲਾਕਿਆਂ ਵਿੱਚ ਇਸ ਨੂੰ ਦੇਸ਼ ਦੇ ਸੰਘੀ ਢਾਂਚੇ ਤੇ ਉਹਨੂੰ ਕਮਜ਼ੋਰ ਕਰਨ ਵਾਲਾ ਮੰਨਿਆ। ਤਮਿਲਨਾਡੂ ਨੇ ਲਗਾਤਾਰ ਨੀਟ ਦਾ ਵਿਰੋਧ ਕੀਤਾ ਅਤੇ ਹਾਈ ਸਕੂਲ ਦੇ ਅੰਕਾਂ ਦੇ ਅਧਾਰ ਤੇ ਮੈਡੀਕਲ ਕਾਲਜਾਂ ਵਿੱਚ ਦਾਖਲੇ ਦੀ ਨੀਤੀ ਦੀ ਹਮਾਇਤ ਕੀਤੀ। ਨਿਆਮੂਰਤੀ ਏਕੇ ਰਾਜਨ ਦੀ ਅਗਵਾਈ ਵਾਲੀ ਇੱਕ ਵਿਸ਼ੇਸ਼ ਮਾਹਰ ਸੰਮਤੀ ਨੇ ਦੇਖਿਆ ਕਿ ਪੇਂਡੂ ਵਿਦਿਆਰਥੀਆਂ ਅਤੇ ਤਾਮਿਲ ਮੀਡੀਅਮ ਸਕੂਲਾਂ ਦੇ ਵਿਦਿਆਰਥੀਆਂ ਨੂੰ ਨੀਡ਼ ਦੇ ਤਹਿਤ ਭਾਰੀ ਨੁਕਸਾਨ ਉਠਾਉਣਾ ਪਿਆ। 2017 ਤੋਂ 2021 ਤੱਕ ਮੈਡੀਕਲ ਕਾਲਜਾਂ ਵਿੱਚ ਤਮਿਲ ਮਾਧਿਅਮ ਦੇ ਵਿਦਿਆਰਥੀਆਂ ਦਾ ਦਾਖਲਾ 15 ਫੀਸਦੀ ਤੋਂ ਘੱਟ ਕੇ ਸਿਰਫ 1.6 ਫੀਸ ਹੀ ਰਹਿ ਗਿਆ ਜਦ ਕਿ ਪੇਂਡੂ ਵਿਦਿਆਰਥੀਆਂ ਦਾ ਦਾਖਲਾ 62 ਵੀਸਦੀ ਤੋਂ ਘੱਟ ਕੇ 50 ਫੀਸਦੀ ਹੋ ਗਿਆ। ਤਮਿਲਨਾਡੂ ਨੇ ਪਾਇਆ ਕਿ ਇਸ ਨਾਲ ਉਹਨਾਂ ਦੀ ਜਨਤਕ ਸਿਹਤ ਵਿਵਸਥਾ ਤੇ ਕਾਫੀ ਬੁਰਾ ਅਸਰ ਪਿਆ ਹਾਲਾਂ ਇਹਨਾਂ ਸਵਾਲਾਂ ਤੋਂ ਜ਼ਿਆਦਾ ਅਹਿਮ ਇਹ ਹੈ ਕਿ ਪ੍ਰੀਖਿਆਵਾਂ ਦੀ ਪਵਿੱਤਰਤਾ ਜੇ ਬਹਾਲ ਨਹੀਂ ਹੋਈ ਤਾਂ ਗਰੀਬ ਅਤੇ ਨਿਮਨ ਮੱਧ ਵਰਗ ਦੇ ਵਿਦਿਆਰਥੀਆਂ ਲਈ ਆਰਥਿਕ ਸਥਿਤੀ ਬਿਹਤਰ ਕਰਨ ਦੇ ਲਈ ਬਣੇ ਰਾਹ ਬੰਦ ਹੋ ਜਾਣਗੇ। ਸਮਾਜਿਕ ਨਿਆਂ ਦੀ ਧਾਰਨਾ ਨੂੰ ਇਹ ਅਜਿਹੇ ਦੌਰ ਵਿੱਚ ਬੇਮਤਲਬ ਬਣਾ ਸਕਦਾ ਹੈ ਅਤੇ ਜਦ ਅਮੀਰ ਗਰੀਬ ਦੀ ਖਾਈ ਚੌੜੀ ਹੁੰਦੀ ਜਾ ਰਹੀ ਹੈ।

# ਜਮਹੂਰੀ ਹੱਕਾਂ ਦੇ ਘਾਣ ਲਈ ਜ਼ਿੰਮੇਵਾਰ ਤਾਕਤਾਂ ਬਾਰੇ ਸੋਚਣ ਦਾ ਸਵਾਲ

ਜਸਵੰਤ ਜੀਰਖ
98151-69825

***ਬਲਾਤਕਾਰ ਦਾ ਕੇਸ ਜੋ ਬਿਲਕਸ ਬਾਨੋ ਦੇ ਨਾਂ ਨਾਲ ਦੇਸ਼ ਭਰ ਵਿਚ ਚਰਚਿਤ ਹੈ, ਜਿਸ ਸਮੇਂ ਉਸ ਦੀ ਬੱਚੀ ਨੂੰ ਵੀ ਕਤਲ ਕੀਤਾ ਗਿਆ, ਕੀ ਇਸ ਦੇ ਦੋਸ਼ੀਆਂ ਨੂੰ ਸਰਕਾਰ ਵੱਲੋਂ ਸੰਸਕਾਰੀ ਬ੍ਰਾਹਮਣ ਅਤੇ ਚੰਗੇ ਵਿਵਹਾਰ ਦੇ ਸਰਟੀਫਿਕੇਟ ਦੇ ਕੇ ਜੇਲ੍ਹ 'ਚੋਂ ਰਿਹਾਈ ਕਰਵਾ ਕੇ ਉਹਨਾਂ ਦੇ ਸੁਆਗਤ ਲਈ ਮਠਿਆਈਆਂ ਵੰਡਕੇ ਅਤੇ ਗਲਾਂ ਵਿੱਚ ਹਾਰ ਪਾ ਕੇ ਸਨਮਾਨਤ ਕਰਨਾ ਦੇਸ਼ ਧਰੋਹੀ ਤੋਂ ਘੱਟ ਹੈ?– ਸੰਪਾਦਕ***

ਪਿਛਲੇ 10 ਸਾਲਾਂ ਤੋਂ ਲਗਾਤਾਰ ਵਧ ਰਹੇ ਦੇਸ਼ ਧਰੋਹੀ ਦੇ ਕੇਸਾਂ ਅਧੀਨ ਯੂ ਏ ਪੀ ਏ ਤੇ ਹੋਰ ਖ਼ਤਰਨਾਕ ਧਾਰਾਵਾਂ ਹੇਠ ਕਿੰਨੇ ਹੀ ਬੁੱਧੀਜੀਵੀ, ਰੰਗ ਕਰਮੀ, ਵਕੀਲ, ਡਾਕਟਰ , ਪੱਤਰਕਾਰ ਆਦਿ ਜੇਲ੍ਹਾਂ ਵਿੱਚ ਬੰਦ ਕੀਤੇ ਗਏ ਅਤੇ ਅੱਜ ਤੱਕ ਵੀ ਕੀਤੇ ਜਾ ਰਹੇ ਹਨ। ਬਿਨਾ ਕੋਈ ਮੁਕੱਦਮਾਂ ਚਲਾਏ ਸਾਲਾਂ ਬੱਧੀ ਜੇਲ੍ਹੀਂ ਬੰਦ ਰਹਿਣ ਕਾਰਣ ਕਈਆਂ ਦੀ ਸਿਹਤ ਬਹੁਤ ਹੀ ਨਾਜ਼ਕ ਦੌਰ ਵਿੱਚੋਂ ਲੰਘ ਰਹੀ ਹੈ। ਫਾਦਰ ਸਟੈਨ ਸਵਾਮੀ ਵਰਗੇ ਜੇਲ੍ਹ ਵਿੱਚ ਹੀ ਦਮ ਤੋੜ ਚੁੱਕੇ ਹਨ। ਇਹ ਉਹ ਲੋਕ ਹਨ ਜਿਹਨਾਂ ਨੇ ਭਾਰਤੀ ਲੋਕਾਂ ਉੱਪਰ ਹੋ ਰਹੇ ਸਰਕਾਰੀ ਤੇ ਗੈਰ ਸਰਕਾਰੀ ਦਮਨ ਦੇ ਅਸਲ ਕਾਰਣਾ ਨੂੰ ਸਮਝਕੇ, ਉਹਨਾਂ ਪ੍ਰਤੀ ਲੋਕਾਂ ਵਿੱਚ ਜਾਗ੍ਰਿਤੀ ਫੈਲਾ ਕੇ ਜੁੰਮੇਵਾਰਾਂ ਦੇ ਚੇਹਰੇ ਸਮਾਜ ਸਾਹਮਣੇ ਲਿਆਉਣ ਵਿੱਚ ਆਪਣੀ ਤੀਖਣ ਬੁੱਧੀ ਦੀ ਵਰਤੋਂ ਕਰਦਿਆਂ ਅਹਿਮ ਜੁੰਮੇਵਾਰੀ ਨਿਭਾਈ ਹੈ। ਮਾਮਲਾ ਭਾਵੇਂ ਭੀਮਾਕੋਰੇ ਗਾਓਂ ਦਾ ਹੋਵੇ, ਦਿੱਲੀ ਦੇ ਸ਼ਹੀਨ ਬਾਗ਼ ਜਾਂ ਦਿੱਲੀ ਯੂਨੀਵਰਸਿਟੀ ਦਾ, ਜਾਂ ਦੇਸ਼ ਦੇ ਕਿਸੇ ਵੀ ਹੋਰ ਮਨੀਪੁਰ ਵਰਗੇ ਖੇਤਰ ਦਾ ਹੋਵੇ। ਇਹਨਾਂ ਵਿੱਚ ਅਕਸਰ ਹੀ ਸਾਹਮਣੇ ਆਉਂਦਾ ਰਿਹਾ ਹੈ ਕਿ ਪੀੜਤ ਧਿਰ ਦੀ ਹੱਕੀ ਆਵਾਜ਼ ਦਬਾਉਣ ਲਈ ਹਮੇਸ਼ਾ ਧਰਮ ਅਧਾਰਤ ਫਿਰਕੂ ਰੰਗਤ ਰਾਹੀਂ ਛਲ ਕਪਟ ਤੇ ਸੱਤਾ ਦੇ ਬਲ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ, ਜੋ ਕਿਸੇ ਵੀ ਤਰ੍ਹਾਂ ਦੇਸ਼ ਧ੍ਰੋਹ ਤੋਂ ਘੱਟ ਨਹੀਂ । ਮਨੀਪੁਰ ਵਿੱਚ ਪੁਲਿਸ ਦੀ ਹਾਜ਼ਰੀ ਵਿੱਚ ਹੁਲੜਬਾਜਾਂ ਵੱਲੋਂ ਔਰਤਾਂ ਨੂੰ ਨਿਰਵਸਤਰ ਕਰਕੇ ਸੜਕਾਂ ਤੇ ਘੁਮਾਉਣਾ ਕੀ ਦਰਸਾਉਂਦਾ ਹੈ ? ਸਹੀਨ ਬਾਗ ਵਿੱਚ ਮਹਿਲਾਵਾਂ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਵਿੱਢੇ ਸੰਘਰਸ਼ ਮੌਕੇ ਕਈ ਹੋਰ ਇਨਸਾਫ਼ ਪਸੰਦ ਜੱਥੇਬੰਦੀਆਂ ਵੱਲੋਂ ਵੀ ਹਮਾਇਤ ਕੀਤੀ ਗਈ। ਇਸ ਦੌਰਾਨ ਸਰਕਾਰੀ ਬਲ ਦੀ ਵਰਤੋਂ ਕਰਦਿਆਂ ਜਿੱਥੇ ਸਰਗਰਮ ਕਾਰਕੁਨਾ ਖਿਲਾਫ ਤਾਂ ਕਈ ਸੰਗੀਨ ਕੇਸ ਦਰਜ ਕੀਤੇ ਗਏ, ਪਰ ਜਿਹੜੇ ਸ਼ਰੇਆਮ ਡਰਾਉਣ ਧਮਕਾਉਣ ਦੀ ਦਹਿਸ਼ਤ ਪਾ ਕੇ ਦੇਸ਼ ਦੇ ਗਦਾਰੋਂ ਕੋ—ਗੋਲੀ ਮਾਰੋ, ਵਰਗੇ ਨਾਹਰੇ ਲਗਾ ਰਹੇ ਸਨ, ਉਹਨਾਂ ਨੂੰ ਦਹਿਸ਼ਤ ਪਾਉਣ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ, ਜੋ ਕਿ ਦੇਸ਼ ਧਰੋਹ ਵਰਗੇ ਕੇਸ ਦਰਜ ਕਰਨ ਲਈ ਅਸਲ ਹੱਕਦਾਰ ਸਨ। ਪਰ ਅਫਸੋਸ ਕਿ ਸਰਕਾਰੀ ਸਰਪ੍ਰਸਤੀ ਹੇਠ ਅਜਿਹੀ ਗੁੰਡਾ ਗਰਦੀ ਸ਼ਰੇਆਮ ਹੁੰਦੀ ਵੇਖੀ ਗਈ।

ਇਸੇ ਤਰ੍ਹਾਂ ਭੀਮਾ ਕੋਰੇ ਗਾਓਂ ਘਟਨਾ ਵਿੱਚ ਮੁੱਖ ਦੋਸ਼ੀਆਂ ਦੀ ਬਜਾਏ ਉਹਨਾਂ ਲੋਕਾਂ ਖਿਲਾਫ ਦੇਸ਼ ਧਰੋਹੀ ਵਰਗੇ ਕੇਸ ਸਰਕਾਰੀ ਸ਼ਹਿ ਹੇਠ ਦਰਜ ਕਰ ਲਏ ਗਏ ਜਿਹੜੇ ਉਸ ਵੇਲੇ ਉੱਥੇ ਹਾਜ਼ਰ ਵੀ ਨਹੀਂ ਸਨ। ਭਾਵੇਂ ਜਸਟਿਸ (ਰਟਾ:) ਕੋਲਸੇ ਪਾਟਿਲ ਵਰਗੇ ਸਮਾਜ ਚਿੰਤਕ ਬੁੱਧੀਜੀਵੀ ਸਭ ਕੁੱਝ ਸਪਸਟ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਵੀ ਹਕੂਮਤੀ ਜਬਰ ਬਰਕਰਾਰ ਹੈ। ਅਮਰੀਕਾ ਦੀ ਇੱਕ ਏਜੰਸੀ ਵੀ ਜੋ ਇਹ ਸਿੱਧ ਕਰ ਚੁੱਕੀ ਹੈ ਕਿ ਇਸ ਕੇਸ ਬਾਰੇ ਝੂਠਾ ਬਿਰਤਾਂਤ ਸਿਰਜਣ ਲਈ , ਇੱਕ ਸਮਾਜਿਕ ਕਾਰਕੁਨ ਦੇ ਕੰਪਿਊਟਰ ਵਿੱਚ ਬਾਹਰੋਂ ਦਸਤਾਵੇਜ਼ ਫਿੱਟ ਕੀਤੇ ਗਏ ਜਿਸ ਨੂੰ ਅਧਾਰ ਬਣਾਕੇ ਦੇਸ਼ ਧਰੋਹੀ ਦਾ ਕੇਸ ਬਣਾਇਆ ਗਿਆ। ਪਰ ਇਸ ਮਾਮਲੇ ਦੀ ਵਿਗਿਆਨਿਕ ਅਧਾਰ ਤੇ ਹੋਰ ਛਾਣ ਬਾਣ ਕਰਨ ਤੋਂ ਕਿਨਾਰਾ ਕੀਤਾ ਗਿਆ । ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਸਾਈ ਬਾਬਾ ਵਰਗੇ 90% ਸਰੀਰਕ ਅਪਾਹਜ ਬੁੱਧੀਜੀਵੀ ਕਾਰਕੁਨਾ ਨੂੰ ਵੀ ਦੇਸ਼ ਧਰੋਹੀ ਕਰਾਰ ਦੇ ਕੇ ਜੇਲ੍ਹ 'ਚ ਬੰਦ ਕੀਤਾ ਗਿਆ ਜੋ ਮਨੁੱਖ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਖਿਲਾਫ ਆਵਾਜ਼ ਉਠਾਉਣ ਲਈ ਬੜੇ ਸਤਿਕਾਰ ਨਾਲ ਜਾਣੇ ਜਾਂਦੇ ਹਨ। ਦਿੱਲੀ ਯੂਨੀਵਰਸਿਟੀ ਵਿੱਚ ਕਿੰਨੇ ਹੀ ਵਿਦਿਆਰਥੀਆਂ/ਵਿਦਿਆਰਥਣਾ ਦੀ ਫਿਰਕੂ ਟੋਲਿਆਂ ਅਤੇ ਪੁਲਿਸ ਵੱਲੋਂ ਬੜੀ ਬੇ ਰਹਿਮੀ ਨਾਲ ਕੁੱਟ ਮਾਰ ਕੀਤੀ ਗਈ ਜਿਹਨਾਂ ਨੂੰ ਗੰਭੀਰ ਸੱਟਾਂ ਵੀ ਲੱਗੀਆਂ, ਪਰ ਕੇਸ ਵੀ ਉਹਨਾਂ ਖਿਲਾਫ ਹੀ ਦਰਜ ਕੀਤੇ ਗਏ। ਦੂਜੇ ਪਾਸੇ ਯੂਨੀਵਰਸਿਟੀ ਵਿੱਚ ਧਰਮ ਅਧਾਰਤ ਫਿਰਕਾਪ੍ਰਸਤ ਟੋਲਿਆਂ ਅਤੇ ਪੁਲਿਸ ਬਲ ਦੇ ਜ਼ੋਰ ਵਿਦਿਆਰਥੀਆਂ ਉੱਪਰ ਤਸੱਦਦ ਕਰਕੇ ਦਨਦਨਾਉਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਾ ਕਰਨਾ ਕੀ ਸਿੱਧ ਕਰਦਾ ਹੈ ? ਇਕ ਪਾਸੇ 2022 ਤੱਕ ਦੇਸ਼ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਫੁਰਮਾਨ ਜਾਰੀ ਕੀਤੇ ਗਏ, ਪਰ ਦੂਜੇ ਪਾਸੇ ਕਿਸਾਨਾ ਦੀ ਬਜਾਏ ਕਾਰਪੋਰੇਟਾਂ ਦੀ ਆਮਦਨ ਦੁੱਗਣੀ ਹੀ ਨਹੀਂ ਕਈ ਗੁਣਾ ਵਧਾਉਣ ਲਈ, ਤਿੰਨ ਖੇਤੀ ਕਾਨੂੰਨ ਲਿਆਉਣੇ ਕੀ ਦੇਸ਼/ਲੋਕਾਂ ਨਾਲ ਧੋਖਾ ਕਰਨਾ ਨਹੀਂ ? ਕੀ ਅਜਿਹਾ ਧੋਖਾ ਕਰਨ ਵਾਲਿਆਂ ਖਿਲਾਫ ਦੇਸ਼ ਧਰੋ ਨਹੀਂ ਬਣਦਾ ? ਇਸ ਧੋਖੇ ਖਿਲਾਫ, ਦਿੱਲੀ ਦੀਆਂ ਬਰੂਹਾਂ ਤੇ ਚਾਰੇ ਪਾਸੇ ਲੱਗੇ ਕਿਸਾਨ ਮੋਰਚੇ ਨੇ ਸਰਕਾਰੀ ਮਨਸੂਬਿਆਂ ਬਾਰੇ ਲੋਕਾਂ ਦੀ ਸੋਝੀ ਨੂੰ ਵਿਕਸਿਤ ਕਰਨ ਲਈ ਜੋ ਹਿੱਸਾ ਪਾਇਆ, ਉਹ ਇਤਿਹਾਸਿਕ ਹੋ ਨਿੱਬੜਿਆ ਹੈ। ਇੱਕ ਸਾਲ ਤੋਂ ਵੀ ਵੱਧ ਸਮਾਂ ਚੱਲੇ ਇਸ ਸੰਘਰਸ਼ ਨੇ ਸਰਕਾਰੀ ਨੀਤੀਆਂ ਬਣਾਉਣ ਅਤੇ ਉਹਨਾਂ ਨੂੰ ਲਾਗੂ ਕਰਨ ਲਈ ਕੀਤੀ ਜਾਂਦੀ ਤਿਕੜਮ ਬਾਜੀ ਜਿਸ ਢੰਗ ਨਾਲ ਸਾਹਮਣੇ ਲਿਆਂਦੀ, ਉਸ ਨੇ ਦੇਸ਼ ਨੂੰ ਬਚਾਉਣ ਵਾਲਿਆਂ ਅਤੇ ਦੇਸ਼ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇ ਕੇ ਅੰਨ੍ਹਾ ਮੁਨਾਫਾ ਕਮਾਉਣ ਦੀਆਂ ਖੁਲ੍ਹਾਂ ਦੇਣ ਵਾਲੀਆਂ ਨੀਤੀਆਂ ਨੂੰ ਸਮਝਣ ਵਿੱਚ ਅਹਿਮ ਰੋਲ ਨਿਭਾਇਆ। ਇਸ ਦੋਰਾਨ ਵੀ ਘੋਲ ਨੂੰ ਲੀਹੋਂ ਲਾਹੁਣ ਲਈ ਜੋ ਸਰਕਾਰੀ ਸਾਜਸ਼ਾਂ ਸਾਹਮਣੇ ਆਈਆਂ ਉਹ ਸਾਰੀਆਂ ਦੇਸ਼ ਵਿਰੋਧੀ ਕਾਰਵਾਈਆਂ ਸਨ, ਜੋ ਸਰਕਾਰੀ ਸਰਪ੍ਰਸਤੀ ਹੇਠ ਦੇਸ਼ ਵਿਰੋਧੀ ਅਨਸਰਾਂ ਰਾਹੀਂ ਬਾਰ ਬਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਪਰ ਅਜਿਹੀਆਂ ਸਾਜਸ਼ਾਂ ਘੜਨ ਵਾਲਿਆਂ ਖਿਲਾਫ ਦੇਸ਼ ਧਰੋਹੀ ਤਾਂ ਕੀ, ਕੋਈ ਆਮ ਕੇਸ ਵੀ ਦਰਜ ਨਹੀਂ ਹੋਇਆ। ਕਿੰਨੇ ਹੀ ਕਿਸਾਨ ਇਸ ਘੋਲ ਦੌਰਾਨ ਗਲਤ ਸਰਕਾਰੀ ਨੀਤੀਆਂ ਦਾ ਸ਼ਿਕਾਰ ਹੋ, ਆਪਣੀਆਂ ਕੁਰਬਾਨੀਆਂ ਵੀ ਦੇ ਗਏ, ਪਰ ਸਰਕਾਰ ਜਿਸ ਨੇ ਇਹਨਾਂ ਦੀਆਂ ਵੋਟਾਂ ਲੈ ਕੇ ਗੱਦੀਆਂ ਪ੍ਰਾਪਤ ਕੀਤੀਆਂ , ਵੱਲੋਂ ਕੁਰਬਾਨ ਹੋ ਗਿਆਂ ਦੀ ਗਿਣਤੀ ਰੱਖਣ ਦੀ ਵੀ ਲੋੜ ਨਹੀਂ ਸਮਝੀ। ਕੀ ਆਪਣੇ ਹੀ ਦੇਸ਼ ਵਾਸੀਆਂ ਨਾਲ ਅਜਿਹਾ ਵਰਤਾਓ ਦੇਸ਼ ਧਰੋਹੀ ਨਹੀਂ ?

ਬਲਾਤਕਾਰ ਦਾ ਕੇਸ ਜੋ ਬਿਲਕਸ ਬਾਨੋ ਦੇ ਨਾਂ ਨਾਲ ਦੇਸ਼ ਭਰ ਵਿਚ ਚਰਚਿਤ ਹੈ, ਜਿਸ ਸਮੇਂ ਉਸ ਦੀ ਬੱਚੀ ਨੂੰ ਵੀ ਕਤਲ ਕੀਤਾ ਗਿਆ, ਕੀ ਇਸ ਦੇ ਦੋਸ਼ੀਆਂ ਨੂੰ ਸਰਕਾਰ ਵੱਲੋਂ ਸੰਸਕਾਰੀ ਬ੍ਰਾਹਮਣ ਅਤੇ ਚੰਗੇ ਵਿਵਹਾਰ ਦੇ ਸਰਟੀਫਿਕੇਟ ਦੇ ਕੇ ਜੇਲ੍ਹ 'ਚੋਂ ਰਿਹਾਈ ਕਰਵਾ ਕੇ ਉਹਨਾਂ ਦੇ ਸੁਆਗਤ ਲਈ ਮਠਿਆਈਆਂ ਵੰਡਕੇ ਅਤੇ ਗਲਾਂ ਵਿੱਚ ਹਾਰ ਪਾ ਕੇ ਸਨਮਾਨਤ ਕਰਨਾ ਦੇਸ਼ ਧਰੋਹੀ ਤੋਂ ਘੱਟ ਹੈ ? ਜਦੋਂ ਇਨਸਾਫ ਪਸੰਦ ਲੋਕਾਂ ਨੇ ਇਸ ਬੇਨਿਯਮੀ ਖਿਲਾਫ ਆਵਾਜ ਉਠਾਈ, ਤਾਂ ਭਾਵੇਂ ਦੁਬਾਰਾ ਅਦਾਲਤੀ ਪ੍ਰਕਿਰਿਆ ਰਾਹੀਂ ਉਹਨਾਂ ਨੂੰ ਮੁੜ ਜੇਲ੍ਹ ਭੇਜਿਆ ਗਿਆ, ਪਰ ਕੀ ਉਹਨਾਂ ਨੂੰ ਬਰੀ ਕਰਵਾਉਣ ਅਤੇ ਮਠਿਆਈਆਂ ਵੰਡ ਕੇ ਹਾਰ ਪਾ ਕੇ ਸਨਮਾਨਿਤ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਹੋਈ ? ਸੋ ਸਪਸਟ ਹੈ ਕਿ ਇਸ ਦੇਸ਼ ਵਿੱਚ ਸੱਤਾ ਦੇ ਜ਼ੋਰ ਕਾਨੂੰਨ ਦੀਆਂ ਧੱਜੀਆਂ ਉਡਾਕੇ ਦੋਸ਼ੀਆਂ ਨੂੰ ਬਰੀ ਕਰਨ ਅਤੇ ਨਿਰਦੋਸ਼ਾਂ ਦੀਆਂ ਜਮਾਨਤਾਂ ਵੀ ਨਾ ਹੋਣ ਦੇਣ ਲਈ ਝੂਠੇ ਵਿਰਤਾਂਤ ਸਿਰਜੇ ਜਾਣ ਲਈ ਸਰਕਾਰੀ ਹੱਥ ਕਿਵੇਂ ਵਰਤੇ ਜਾ ਰਹੇ ਹਨ , ਜਿਸ ਨੂੰ ਕਿਸੇ ਵੀ ਤਰ੍ਹਾਂ ਦੇਸ਼ ਦੇ ਹਿਤ ਵਿੱਚ ਨਹੀਂ ਕਿਹਾ ਜਾ ਸਕਦਾ।

ਇਸ ਤੋਂ ਬਿਨਾ ਦੇਸ਼ ਦੇ ਕਮਾਊ ਪਬਲਿਕ ਅਦਾਰੇ ਜੋ ਲੋਕਾਂ ਦੀ ਕਿਰਤ ਕਮਾਈ ਅਤੇ ਉਹਨਾਂ ਵੱਲੋਂ ਦਿੱਤੇ ਟੈਕਸਾਂ ਦੇ ਸਰਮਾਏ ਨਾਲ ਉਸਾਰੇ ਗਏ ਸਨ, ਨੂੰ ਬਿਨਾਂ ਲੋਕਾਂ ਦੀ ਰਾਏ ਲਿਆਂ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਗਿਆ, ਜਿਨ੍ਹਾਂ ਵਿੱਚ ਸਿਹਤ, ਸਿੱਖਿਆ, ਹਵਾਈ ਅੱਡੇ, ਟੈਲੀਫੋਨ, ਰੇਲ, ਬਿੱਜਲੀ, ਟਰਾਂਸਪੋਰਟ ਆਦਿ ਅਦਾਰੇ ਗਿਣਨ ਯੋਗ ਹਨ। ਇੱਥੋਂ ਤੱਕ ਕਿ ਸਿੱਖਿਆ ਤੇ ਸਿਹਤ ਜੋ ਦੇਸ਼ ਦੇ ਲੋਕਾਂ ਲਈ ਬਹੁਤ ਹੀ ਮਹੱਤਵ ਪੂਰਣ ਅਦਾਰੇ ਹਨ, ਨੂੰ ਵੀ ਵੱਡੀ ਪੱਧਰ ਤੇ ਨਿੱਜੀ-ਕਰਨ ਰਾਹੀਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰਕੇ, ਨਿੱਜੀ ਮੁਨਾਫੇ ਕਮਾਉਣ ਦੇ ਸਾਧਨਾ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਜੋ ਸਪਸਟ ਤੌਰ ਤੇ ਦੇਸ਼/ਲੋਕ ਵਿਰੋਧੀ ਕਾਰਵਾਈਆਂ ਹਨ। ਦੇਸ਼ ਦੀ ਤਰੱਕੀ ਵਿੱਚ ਆਮ ਮਨੁੱਖ ਲਈ ਚੰਗੀ ਸਿੱਖਿਆ ਅਤੇ ਚੰਗੀ ਸਿਹਤ ਦਾ ਹੋਣਾ ਬੇਹੱਦ ਜ਼ਰੂਰੀ ਹੈ ਜਿਸ ਦਾ ਮੁੱਖ ਪ੍ਰਬੰਧ ਕਰਨਾ ਸਰਕਾਰ ਦੀ ਮੁੱਢਲੀ ਜੁੰਮੇਵਾਰੀ ਹੈ, ਪਰ ਅਫਸੋਸ ਕਿ ਸਰਕਾਰ ਇਹ ਜੁੰਮੇਵਾਰੀ ਨਿਭਾਉਣ ਤੋਂ ਭੱਜ ਗਈ ਹੈ।

ਹੁਣੇ ਹੀ 2024 ਦੀਆਂ ਲੋਕ ਸਭਾ ਚੋਣਾ ਸਮੇਂ ਸਾਹਮਣੇ ਆਇਆ ਕਿ ਕਿਵੇਂ ਵੱਡੀਆਂ ਕੰਪਨੀਆਂ ਪਾਸੋਂ ਇਲੈਕਟੋਰਲ ਬਾਂਡਾਂ ਰਾਹੀਂ ਹਜਾਰਾਂ ਕਰੋੜ ਦੇ ਫੰਡ ਲੈ ਕੇ, ਬਦਲ ਵਿੱਚ ਉਹਨਾਂ ਨੂੰ ਵੱਡੇ ਵੱਡੇ ਕਾਰੋਬਾਰੀ ਠੇਕੇ ਦਿੱਤੇ ਗਏ। ਕੀ ਇਹ ਦੇਸ਼ ਧਰੋਹੀ ਨਹੀਂ ? ਕੀ ਦੇਸ਼ ਦੀ ਤਰੱਕੀ ਇਸ ਤਰ੍ਹਾਂ ਹੋਵੇਗੀ ? ਕੀ ਲੋਕਾਂ ਵੱਲੋਂ ਦੇਸ਼ ਦੀ ਸਰਕਾਰ ਨੂੰ, ਦੇਸ਼ ਚਲਾਉਣ ਲਈ ਚੁਣਿਆ ਜਾਂਦਾ ਹੈ ਜਾਂ ਕਿ ਇਸ ਨੂੰ ਵੇਚਣ ਲਈ ? ਕੀ ਇਹਨਾਂ ਸਵਾਲਾਂ ਦੇ ਜਵਾਬ ਮੰਗਣਾ ਦੇਸ਼ ਧਰੋਹੀ ਹੈ ? ਇਹ ਸਵਾਲ ਉਠਾਉਣੇ ਹਰ ਦੇਸ਼ ਹਿਤਾਇਸੀ ਦੀ ਅਹਿਮ ਜ਼ੁੰਮੇਵਾਰੀ ਬਣਦੀ ਹੈ, ਕਿ ਉਹ ਸਰਕਾਰ ਸਾਹਮਣੇ ਅਜਿਹੇ ਸਵਾਲ ਖੜ੍ਹੇ ਕਰਕੇ ਦੇਸ਼ ਦੇ ਹਿੱਤ ਵਿੱਚ ਆਵਾਜ਼ ਉਠਾਏ ਅਤੇ ਸਰਕਾਰ ਇਹਨਾਂ ਦਾ ਜਵਾਬ ਦੇ ਕੇ ਸਪਸਟ ਕਰਨ ਲਈ ਪਾਬੰਦ ਹੋਵੇ। ਹੁਣ ਜਦੋਂ ਲੋਕ ਅਜਿਹੇ ਸਵਾਲ ਉਠਾ ਰਹੇ ਹਨ ਤਾਂ ਉਹਨਾਂ ਦੀ ਜੁਬਾਨ ਬੰਦੀ ਲਈ ਅੰਗਰੇਜ਼ ਵੇਲੇ ਦੇ ਕਾਨੂੰਨ ਖਤਮ ਕਰਨ ਦੇ ਬਹਾਨੇ, ਤਿੰਨ ਕਾਨੂੰਨ ਅਜਿਹੇ ਲਿਆਂਦੇ ਗਏ ਜੋ ਦੇਸ਼ ਵਿੱਚ ਮਨੁੱਖ ਦੇ ਬਚਦੇ-ਖੁੱਸਦੇ ਜਮਹੂਰੀ ਹੱਕਾਂ ਨੂੰ ਵੀ ਖਤਮ ਕਰਨ ਦੀ ਵਕਾਲਤ ਕਰਦੇ ਹਨ ਅਤੇ ਦੇਸ਼ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਨ ਦਾ ਰਾਹ ਖੋਲਦੇ ਹਨ। ਇਹਨਾਂ ਖਿਲਾਫ ਪੰਜਾਬ ਅਤੇ ਕਈ ਹੋਰ ਸੂਬਿਆਂ ਵਿੱਚ ਲੋਕ ਆਵਾਜ਼ ਉੱਠ ਰਹੀ ਹੈ ਜੋ ਦੇਸ਼ ਵਿੱਚ ਜਮਹੂਰੀ ਹੱਕਾਂ ਦੀ ਰਾਖੀ ਲਈ ਬੇਹੱਦ ਜ਼ਰੂਰੀ ਹੈ। ਕਿਰਤੀ ਲੋਕਾਂ ਦੀ ਕਮਾਈ ਰਾਹੀਂ ਕੀਤੀ ਦੇਸ਼ ਉਸਾਰੀ ਨੂੰ ਕੁੱਝ ਕੁ ਘਰਾਣਿਆਂ ਦੇ ਮੁਨਾਫੇ ਵਧਾਉਣ ਲਈ, ਦੇਸ਼ ਨੂੰ ਉਹਨਾਂ ਦੇ ਹਵਾਲੇ ਕਰਨ ਤੋਂ ਸਿਰਫ ਲੋਕ ਸੰਘਰਸ਼ ਹੀ ਰੋਕ ਸਕਦੇ ਹਨ। ਅਜਿਹੇ ਸੰਘਰਸ਼ਾਂ ਨੂੰ ਰੋਕਣ ਲਈ ਹੀ ਇਹ ਕਾਨੂੰਨ ਲਿਆਂਦੇ ਗਏ ਹਨ ਜੋ ਕਿ ਅੰਗਰੇਜਾਂ ਦੇ ਰੌਲਟ ਐਕਟ ਨੂੰ ਵੀ ਮਾਤ ਪਾ ਰਹੇ ਹਨ। ਕੀ ਦੇਸ਼ ਨੂੰ ਕਾਰਪੋਰੇਟਾਂ ਦੀ ਲੁੱਟ ਤੋਂ ਬਚਾਉਣ ਵਾਲਿਆਂ ਖਿਲਾਫ ਅਜਿਹੇ ਕਾਨੂੰਨ ਲਾਗੂ ਕਰਨਾ ਦੇਸ਼ ਧਰੋਹੀ ਨਹੀਂ ? ਇਸ ਲਈ ਅੱਜ ਦੇਸ਼ ਨੂੰ ਕਾਰਪੋਰੇਟ ਪੱਖੀ ਨੀਤੀਆਂ ਦੇ ਪੰਜੇ 'ਚੋਂ ਕੱਢਣ ਲਈ ਉਹਨਾਂ ਦੇ ਵਿਰੋਧ ਵਿੱਚ ਵੱਡੇ ਸੰਘਰਸ਼ਾਂ ਲਈ ਖੜੇ ਹੋਣਾ ਹੀ ਦੇਸ਼ ਭਗਤੀ ਹੈ, ਜਿਸ ਨੂੰ ਹਾਕਮ ਧਿਰ ਦੇਸ਼ ਧਰੋ ਕਹਿ ਭੰਡਦੀ ਹੈ, ਨੂੰ ਸਮਝਕੇ ਯੂ ਏ ਪੀ ਏ ਦੇ ਅਸਲ ਹੱਕਦਾਰਾਂ ਨੂੰ ਪਹਿਚਾਨਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।





ਫੋਟੋ : ਬਿਲਕਸ ਬਾਨੋ ਬਲਾਤਕਾਰ ਨਾਲ ਸਬੰਧਤ ਦੋਸ਼ੀਆਂ ਦੀਆਂ ਹਨ, ਜਿਹਨਾਂ ਦੀ ਰਿਹਾਈ ਸਮੇਂ ਮਠਿਆਈ ਅਤੇ ਫੁੱਲਾਂ ਦੇ ਹਾਰਾਂ ਨਾਲ ਸੁਆਗਤ ਕੀਤਾ ਗਿਆ ਸੀ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਬੇਰੁਜ਼ਗਾਰੀ ਅਤੇ ਪ੍ਰਵਾਸ, ਪੱਛਮੀ ਸਾਮਰਾਜਵਾਦ ਦੀ ਲੋੜ !

## ਅਰੁੰਧਤੀ ਰਾਏ ਅਤੇ ਪ੍ਰੋ: ਸ਼ੌਕਤ ਹੁਸੈਨ 'ਤੇ ਭਾਰਤ ਸਰਕਾਰ ਵਲੋਂ ਯੂਏਪੀਏ ਤਹਿਤ ਦਰਜ ਕੇਸ ਰੱਦ ਕਰਨ ਦੀ ਮੰਗ !










ਕੈਲਗਰੀ (ਹਰਚਰਨ ਪ੍ਰਹਾਰ): 'ਪੰਜਾਬੀ ਨੌਜਵਾਨਾਂ ਦੇ ਵਿਸ਼ਵ ਪੱਧਰੀ ਪ੍ਰਵਾਸ ਦੇ ਕਾਰਨ ਅਤੇ ਚੁਣੌਤੀਆਂ' ਵਿਸ਼ੇ 'ਤੇ ਬੋਲਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੇ ਐਜੂਕੇਸ਼ਨ ਅਤੇ ਕਮਿਉਨਿਟੀ ਸਰਵਿਸਿਜ਼ ਦੇ ਸਾਬਕਾ ਪ੍ਰੋਫੈਸਰ ਡਾ. ਕੁਲਦੀਪ ਸਿੰਘ ਨੇ ਕਿਹਾ, 'ਦੁਨੀਆਂ ਭਰ ਦੇ ਵੱਖ-ਵੱਖ ਖੇਤਰਾਂ ਦੇ ਪੜ੍ਹੇ-ਲਿਖੇ ਅਤੇ ਬੁੱਧੀਮਾਨ ਲੋਕਾਂ ਦਾ ਪ੍ਰਵਾਸ ਕਰਾ ਕੇ ਉਨ੍ਹਾਂ ਨੂੰ ਪੱਛਮੀ ਦੇਸ਼ਾਂ ਵਿੱਚ ਸੈਟ ਕਰਨਾ ਸਰਮਾਏਦਾਰੀ ਅਤੇ ਸਾਮਰਾਜਵਾਦ ਦੀ ਸਦੀਆਂ ਤੋਂ ਲੋੜ ਰਹੀ ਹੈ।ਇਸੇ ਲੜੀ ਵਿੱਚ ਆਪਣੇ ਵਿਦਿਅਕ ਅਦਾਰਿਆਂ ਦੇ ਨਿੱਜੀਕਰਨ ਕਰਨ ਤੋਂ ਬਾਅਦ ਕਨੇਡਾ, ਇੰਗਲੈਂਡ, ਆਸਟਰੇਲੀਆ ਵਰਗੇ ਦੇਸ਼ਾਂ ਨੇ ਦੁਨੀਆਂ ਭਰ ਦੇ ਨੌਜਵਾਨਾਂ ਨੂੰ ਵਿਦਿਆ ਦੇ ਨਾਮ 'ਤੇ ਮੁਨਾਫਾ ਕਮਾਉਣ ਅਤੇ ਲੰਬੇ ਸਮੇਂ ਲਈ ਸਸਤੀ ਲੇਬਰ ਦੀ ਨੀਤੀ ਪ੍ਰਵਾਸ ਕਰਾਇਆ ਜਾ ਰਿਹਾ ਹੈ। ਪ੍ਰਵਾਸ ਦੀ ਇਸ ਦੌੜ ਵਿੱਚ ਸਾਡੀ ਨੌਜਵਾਨ ਪੀੜ੍ਹੀ ਵਿਦਿਆਹੀਣ ਹੋ ਕੇ ਸਰਮਾਏਦਾਰੀ ਦੀ ਮੰਡੀ ਵਿੱਚ ਸਸਤੀ ਲੇਬਰ ਬਣ ਰਹੀ ਹੈ।' ਇਹ ਸੈਮੀਨਾਰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ, ਅਦਾਰਾ ਸਰੋਕਾਰਾਂ ਦੀ ਆਵਾਜ਼ ਵਲੋਂ ਲੰਘੇ ਵੀਕੈਂਡ 21 ਜੁਲਾਈ ਐਤਵਾਰ ਨੂੰ ਕੈਲਗਰੀ ਦੇ ਇੰਡੀਅਨ ਐਕਸ ਸਰਵਿਸਮੈਨ ਐਸੋਸੀਏਸ਼ਨ ਦੇ ਹਾਲ ਵਿੱਚ ਕਰਵਾਇਆ ਗਿਆ। ਸੈਮੀਨਾਰ ਦੀ ਸ਼ੁਰੂਆਤ ਮਾਸਟਰ ਭਜਨ ਸਿੰਘ ਵਲੋਂ ਸੈਮੀਨਾਰ ਦੇ ਪ੍ਰਮੁੱਖ ਬੁਲਾਰਿਆਂ ਡਾ. ਕੁਲਦੀਪ ਸਿੰਘ ਅਤੇ ਡਾ. ਪਰਮਜੀਤ ਸਿੰਘ ਬਾਰੇ ਦਰਸ਼ਕਾਂ ਨੂੰ ਜਾਣਕਾਰੀ ਦੇਣ ਨਾਲ਼ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਡਾ. ਕੁਲਦੀਪ ਸਿੰਘ, ਡਾ. ਪਰਮਜੀਤ ਸਿੰਘ, ਜਸਵਿੰਦਰ ਮਾਨ, ਗੁਰਦੀਪ ਕੌਰ ਪ੍ਰਹਾਰ, ਐਡਵੋਕੇਟ ਬਲਕਾਰ ਸਿੰਘ ਸੰਧੂ ਨੂੰ ਬੈਠਣ ਦਾ ਸੱਦਾ ਦਿੱਤਾ।ਇਸ ਤੋਂ ਬਾਅਦ ਸਿੱਖ ਵਿਰਸਾ ਮੈਗਜ਼ੀਨ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪ੍ਰਹਾਰ ਵਲੋਂ ਦੋਨੋਂ ਬੁਲਾਰਿਆਂ, ਮੀਡੀਆ, ਪਤਵੰਤੇ ਸੱਜਣਾਂ ਅਤੇ ਦਰਸ਼ਕਾਂ ਦਾ ਸਵਾਗਤ ਤੇ ਧੰਨਵਾਦ ਕੀਤਾ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਕਨਾਮਿਕਸ ਦੇ ਪ੍ਰੋਫੈਸਰ ਅਤੇ ਅੱਜਕਲ ਯੌਰਕ ਯੂਨੀਵਰਸਿਟੀ ਟਰਾਂਟੋ ਵਿੱਚ ਫੈਲੋਸ਼ਿਪ ਕਰ ਰਹੇ ਸੈਮੀਨਾਰ ਦੇ ਦੂਜੇ ਬੁਲਾਰੇ ਡਾ. ਪਰਮਜੀਤ ਸਿੰਘ ਨੇ ਆਪਣੇ ਲੈਕਚਰ ਵਿੱਚ



ਨੌਜਵਾਨਾਂ ਦੇ ਪ੍ਰਵਾਸ 'ਤੇ ਬੋਲਦਿਆਂ ਦੱਸਿਆ, 'ਪ੍ਰਵਾਸ ਕਰਾਉਣਾ ਅਤੇ ਬੇਰੁਜ਼ਗਾਰੀ ਪੈਦਾ ਕਰਨਾ ਸਾਮਰਾਜਵਾਦ ਦੀ ਹਮੇਸ਼ਾਂ ਵੱਡੀ ਲੋੜ ਰਹੀ ਹੈ। ਉਨ੍ਹਾਂ ਅੱਗੇ ਇਸਦਾ ਵਿਸਥਾਰ ਦੱਸਦਿਆਂ ਕਿਹਾ ਕਿ ਇੱਕ ਪਾਸੇ ਸਰਮਾਏਦਾਰ ਦੇਸ਼ਾਂ ਵਲੋਂ ਬੇਰੁਜ਼ਗਾਰੀ ਵਧਾਈ ਜਾਂਦੀ ਅਤੇ ਦੂਜੇ ਪਾਸੇ ਬਾਹਰੋਂ ਪ੍ਰਵਾਸ ਕਰਾਇਆ ਜਾਦਾ ਹੈ ਤਾਂ ਕਿ ਵਰਕਰਾਂ ਵਲੋਂ ਤਨਖਾਹਾਂ ਵਧਾਉਣ ਲਈ ਦਬਾਅ ਨਾ ਬਣਾਇਆ ਜਾ ਸਕੇ ਅਤੇ ਕਾਰਪੋਰੇਸ਼ਨਾਂ ਦਾ ਮੁਨਾਫਾ ਨਾ ਘਟੇ। ਇਸ ਨਾਲ਼ ਨਵੇਂ ਤੇ ਪੁਰਾਣੇ ਵਰਕਰਾਂ ਵਿੱਚ ਸਾਂਝ ਤੋੜਨ ਦਾ ਕੰਮ ਵੀ ਕੀਤਾ ਜਾਂਦਾ ਹੈ।' ਇਸ ਮੌਕੇ 'ਤੇ ਰੇਡੀਉ ਰੈਡ ਐਫ ਐਮ ਦੇ ਨਿਊਜ਼ ਐਡੀਟਰ ਰਿਸ਼ੀ ਨਾਗਰ ਵਲੋਂ ਸੈਮੀਨਾਰ ਦਾ ਤੱਤਸਾਰ ਕੁਝ ਸ਼ਬਦਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ਼ ਪੇਸ਼ ਕੀਤਾ। ਮਾਸਟਰ ਬਚਿੱਤਰ ਗਿੱਲ ਵਲੋਂ ਆਪਣੀ ਕਵੀਸ਼ਰੀ 'ਦੇਸ਼ ਮੇਰੇ ਦੀ ਹਾਲਤ ਵੇਖੋ, ਕੀ ਕਰਤੀ ਸਰਕਾਰਾਂ ਨੇ..' ਸੁਣਾਈ। ਇੰਡੀਅਨ ਐਕਸ ਸਰਵਿਸਮੈਨ ਐਸੋਸੀਏਸ਼ਨ ਕੈਲਗਰੀ ਦੇ ਪ੍ਰਧਾਨ ਬਲਕਾਰ ਸਿੰਘ ਸੰਧੂ ਵਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ।

ਇਸ ਮੌਕੇ 'ਤੇ ਮਾਸਟਰ ਭਜਨ ਸਿੰਘ ਵਲੋਂ ਭਾਰਤ ਵਿੱਚ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਅਤੇ ਪ੍ਰੋ: ਸ਼ੌਕਤ ਹੁਸੈਨ 'ਤੇ ਭਾਰਤ ਸਰਕਾਰ ਵਲੋਂ ਯੂ. ਏ. ਪੀ. ਏ. ਤਹਿਤ ਦਰਜ ਕੀਤੇ ਕੇਸ ਅਤੇ ਤਿੰਨ ਨਵੇਂ ਫੌਜਦਾਰੀ ਕਨੂੰਨਾਂ ਨੂੰ ਰੱਦ ਕਰਾਉਣ ਦਾ ਮਤਾ ਪੜ੍ਹਿਆ ਗਿਆ, ਜਿਸਨੂੰ ਦਰਸ਼ਕਾਂ ਵਲੋਂ ਹੱਥ ਖੜੇ ਕਰਕੇ ਸਰਬ ਸੰਮਤੀ ਨਾਲ਼ ਪਾਸ ਕੀਤਾ ਗਿਆ।ਸੈਮੀਨਾਰ ਦੇ ਅਖੀਰ ਵਿੱਚ ਡਾ. ਅਮਜਦ ਖਾਨ ਵਲੋਂ ਡਾ. ਕੁਲਦੀਪ ਸਿੰਘ, ਐਡਵੋਕੇਟ ਬਾਲੀਦ ਬਾਬਰ ਵਲੋਂ ਡਾ. ਪਰਮਜੀਤ ਸਿੰਘ ਅਤੇ ਡਾ. ਜਗਰੂਪ ਸੇਖੋਂ ਵਲੋਂ ਐਡਵੋਕੇਟ ਬਲਕਾਰ ਸਿੰਘ ਸੰਧੂ ਨੂੰ ਕਿਤਾਬਾਂ ਦੇ ਸੈਟ ਭੇਟ ਕਰਕੇ ਸਨਮਾਨਤ ਕੀਤਾ ਗਿਆ।ਦੋਨਾਂ ਵਿਦਵਾਨਾਂ ਨੇ ਸ੍ਰੋਤਿਆਂ ਵਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ।

# ਅਰੁੰਧਤੀ ਰਾਏ ਅਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ 'ਤੇ ਕੇਸ ਮੜ੍ਹਨ ਤੇ ਤਿੰਨ ਫੌਜਦਾਰੀ ਕਾਨੂੰਨਾਂ ਖਿਲਾਫ ਆਵਾਜ਼

ਕੈਨੇਡਾ : ਭਾਰਤ ਅੰਦਰ ਮੋਦੀ ਹਕੂਮਤ ਨੇ ਅਣਐਲਾਨੀ ਐਮਰਜੈਂਸੀ ਲਗਾ ਦਿੱਤੀ ਹੈ। ਕੈਨੇਡਾ ਦੀਆਂ ਜਨਤਕ ਜਮਹੂਰੀ ਸੰਸਥਾਵਾਂ ਵੱਲੋਂ 'ਅਰੁੰਧਤੀ ਰਾਏ ਅਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ' ਉਤੇ ਪਾਏ ਨਿਰਅਧਾਰ ਕੇਸਾਂ ਦਾ ਡਟਵਾਂ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ। ਸਰਕਾਰ ਵੱਲੋ ਜਿੱਥੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ, ਉੱਥੇ ਭਾਜਪਾ ਹਕੂਮਤ ਲੋਕਾਂ ਉੱਪਰ ਆਰਥਿਕ ਅਤੇ ਫਿਰਕੂ ਫਾਸ਼ੀ ਹੱਲਾ ਬੋਲਣ ਲਈ ਆਪਣਾ ਰਾਹ ਮੋਕਲਾ ਕਰਨ ਵਾਸਤੇ ਲੇਖਕਾਂ, ਬੁੱਧੀਜੀਵੀਆਂ, ਸਾਹਿਤਕਾਰਾਂ, ਕਵੀਆਂ, ਰੰਗ ਕਰਮੀਆਂ, ਤਰਕਸ਼ੀਲਾਂ ਅਤੇ ਜਮਹੂਰੀ ਖ਼ੇਤਰ ਦੇ ਵਿਦਵਾਨਾਂ ਨੂੰ ਆਪਣੇ ਚੋਣਵੇਂ ਹੱਲੇ ਦੀ ਮਾਰ ਹੇਠ ਲਿਆ ਕੇ ਲੋਕਾਂ ਦੀ ਆਵਾਜ਼ ਬਣਨ ਵਾਲੇ ਸੰਵੇਦਨਸ਼ੀਲ ਹਿੱਸਿਆਂ ਨੂੰ ਲੋਕ ਕਾਫ਼ਲੇ ਤੋਂ ਅਲੱਗ ਕਰ ਕੇ ਸੀਖਾਂ ਪਿੱਛੇ ਡੱਕ ਕੇ ਜ਼ੁਬਾਨਬੰਦੀ ਕਰਨ ਲਈ ਰੱਸੇ ਪੈੜੇ ਵੱਟ ਰਹੀ ਹੈ।

ਫੈਸਲਾ ਕੀਤਾ ਗਿਆ ਕਿ ਸਮੂਹ ਲੋਕ ਤੁਰੰਤ ਇਹਨਾਂ ਬੁੱਧੀਜੀਵੀਆਂ ਦੀ ਪਿੱਠ 'ਤੇ ਖੜ੍ਹਨ, ਨਵੇਂ ਫ਼ੌਜਦਾਰੀ ਕਾਲੇ ਕਾਨੂੰਨ (BNS 2023, BNSS 2023, BSA 2023) ਮੋੜ ਕੇ ਜੇਬ ਵਿਚ ਪਵਾਉਣ ਲਈ ਵਿਸ਼ਾਲ ਜਨਤਕ ਲਾਮਬੰਦੀ ਕਰਨ; ਨਹੀਂ ਤਾਂ ਭਾਜਪਾ ਹਕੂਮਤ ਵਾਰੋ ਵਾਰੀ ਸਭ ਨੂੰ ਆਪਣੀ ਮਾਰ ਹੇਠ ਲਿਆਏਗੀ।





ਕੈਨੇਡਾ ਭਰ ਦੀਆਂ ਜਨਤਕ, ਜਮਹੂਰੀ, ਸਾਹਿਤਕ, ਸੱਭਿਆਚਾਰਕ ਅਤੇ ਪ੍ਰਗਤੀਸ਼ੀਲ ਸੰਸਥਾਵਾਂ ਵੱਲੋ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ 21 ਜੁਲਾਈ 2024 ਨੂੰ ਹੋ ਰਹੀ ਸਾਂਝੀ ਕਨਵੈਨਸ਼ਨ ਅਤੇ ਮੁਜ਼ਾਹਰੇ ਵਿਚ ਆਪਣੀ ਡਟਵੀਂ ਹਿਮਾਇਤ ਦੀ ਸਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।

ਇਨ੍ਹਾਂ ਫੈਸਲਿਆਂ ਨਾਲ, ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ, ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ ਕੈਨੇਡਾ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਐਸੋਸੀਏਸ਼ਨ ਵਿਨੀਪੈਗ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ, ਸ਼ਹੀਦ ਕਰਤਾਰ ਸਿੰਘ ਸਰਾਭਾ ਤਰਕਸ਼ੀਲ ਲਾਇਬ੍ਰੇਰੀ ਕੈਲਗਰੀ, ਫਰੇਜ਼ਰ ਵੈਲੀ ਪੰਜਾਬੀ ਲਿਟਰੇਰੀ ਅਤੇ ਕਲਚਰਲ ਫੋਰਮ ਸੁਸਾਇਟੀ ਸਰੀ, ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ, ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਐਡਮਿੰਟਨ, ਦਸਤੂਰ ਪੰਜਾਬੀ ਫਾਊਂਡੇਸ਼ਨ ਸਰੀ, ਈਸਟ ਇੰਡੀਅਨ ਡੀਫੈਂਸ ਕਮੇਟੀ ਵੈਨਕੂਵਰ, ਪੰਜਾਬੀ ਕਲਮਾਂ ਦਾ ਕਾਫਲਾ ਬਰੈਂਪਟਨ, ਕਨੇਡੀਅਨ ਪੰਜਾਬੀ ਸਾਹਿਤ ਸਭਾ ਟੋਰੰਟੋ, ਵੈਨਕੂਵਰ ਸੱਥ, ਪੰਜਾਬੀ ਲੇਖਕ ਮੰਚ ਵੈਨਕੂਵਰ, ਸਰੋਕਾਰਾਂ ਦੀ ਅਵਾਜ਼ ਟੋਰੰਟੋ. ਅਤੇ ਪ੍ਰੋ-ਪੀਪਲ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ ਟੋਰੰਟੋ ਵੱਲੋ ਜਥੇਬੰਦਕ ਸਹਿਮਤੀ ਭੇਜੀ ਗਈ।

**ਅਸੀਂ ਸਾਂਝੀ ਆਵਾਜ਼ ਬੁਲੰਦ ਕਰਦੇ ਹਾਂ ?**

**- ਅਰੁੰਧਤੀ ਰਾਏ, ਪ੍ਰੋ. ਸ਼ੇਖ ਸ਼ੌਕਤ ਹੁਸੈਨ ਅਤੇ ਹੋਰ ਬੁੱਧੀਜੀਵੀਆਂ ਤੇ ਪਾਏ ਪਰਚੇ ਰੱਦ ਕਰੋ !**

**- ਤਿੰਨ ਨਵੇਂ ਫ਼ੌਜਦਾਰੀ ਕਾਨੂੰਨ ਰੱਦ ਕਰੋ !**

**- ਅਣ-ਐਲਾਣੀ ਐਮਰਜੈਂਸੀ: ਮੁਰਦਾਬਾਦ !**

– ਲੋਕ-ਏਕਤਾ: ਜ਼ਿੰਦਾਬਾਦ!!

**ਜਾਰੀ ਕਰਤਾ : ਡਾ. ਸੁਰਿੰਦਰ ਧੰਜਲ (ਕਨਵੀਨਰ)**
**ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ**








Thinking of Buying or Selling
Your Home?
ਕਿਸੇ ਤਰ੍ਹਾਂ ਦਾ ਵੀ ਘਰ ਖਰੀਦਣਾ ਜਾਂ
ਵੇਚਣਾ ਹੋਵੇ ਤਾਂ ਅੱਜ ਹੀ ਸੰਪਰਕ ਕਰੋ
GS MANN
587-777-7000
www.myfirsthomeincalgary.ca
RE/MAX
IREALTY INNOVATIONS




Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6




We are Hiring New & Experienced Realtors.
We can also help you to get Realtor License.
We provide following Services:
• Residential • Commercial • Business
• Land Investment • Property • Management Services
Ramandeep Gill
REALTOR®
403-852-2852
yograman9@yahoo.com
Amandeep Gill
REALTOR®
403-919-6962
amangill@instarlt.com
Insta Realty
BUY SELL INSTANTLY
Amarjit Pangly
REALTOR®
403-891-2424
amarpangly@instarlt.com
Harcharan Parhar
REAL ESTATE BROKER
www.instarlt.com
403.681.8689
400, 3115-12th St NE Calgary AB T2E 7J2
Email: info@instarlt.com
Mousam Mann
REALTOR®
403-923-3620
mousammann@instarlt.com
Harsimran Bawa
REALTOR®
403-689-4506
simrkakra@gmail.com
Amandeep Gill
REALTOR®
825-733-7551
gillhomes18@gmail.com
Karan Nanda
REALTOR®
778-681-0480
karannanda@instarlt.com
Manpreet Kaur
REALTOR®
587-438-4091
Realtor.manpreetk@gmail.com
Navi Tiwana
REALTOR®
403-383-9496
navutiwana@instarlt.com
Aman Batth
REALTOR®
403-918-7254
realtoramanbatth@gmail.com
Sahil Lamba
REALTOR®
613-854-3762
sahillamba273@gmail.com
Gurpreet Kaur
REALTOR®
403-613-2459
realestatebygurpreet@gmail.com
Book Your New Dream Home with our team in Savanna, City Scape, Red Stone, Corner Stone, Home Stead, Cochrane.